

ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

WorldWide Travel, Inc

ਅੱਜ ਹੀ ਕਾਲ ਕਰੋ

24 ਘੰਟੇ ਐਮਰਜੈਂਸੀ ਸੇਵਾ

ਦਿੱਲੀ $895
ਟੈਕਸ ਸਮੇਤ

734 838 9998

Fare shown above is for departure from Jan 15th, 2020 and subject to availability, other conditions apply. Please call for more details

Income Tax & Accounting Services



Business/Personal Taxes
Corporate Accounts Welcome
ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ

Karuna Sharma
CPA

IRS e-file

Insurance Services
*Home *Auto *Business

Ph: 718-301-9083

114-11 101 Ave., Richmond Hill, NY 11419



Twenty First Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 27, July 4, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਮੋਦੀ ਰਣਨੀਤੀ ਨੇ ਬੇਵੱਸ ਕੀਤੀਆਂ ਪੰਜਾਬ ਦੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਇਕ ਪਾਸੇ ਕਰੋਨਾ ਸੰਕਟ ਅਤੇ ਦੂਜੇ ਪਾਸੇ ਕੇਂਦਰ ਵਿਚਲੀ ਭਾਜਪਾ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਦੀ ਸਿਆਸਤ ਵਿਚ ਵੱਡੀ ਹਿਲਜੁਲ ਪੈਦਾ ਕਰ ਦਿੱਤੀ ਹੈ; ਖਾਸ ਕਰ, ਪੰਜਾਬ ਦੀਆਂ ਦੋ ਰਵਾਇਤੀ ਧਿਰਾਂ- ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕੋਈ ਰਾਹ ਨਹੀਂ ਲੱਭ ਰਿਹਾ ਕਿ ਉਹ ਕਿਹੜੇ ਪਾਸੇ ਖੜ੍ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਖੇਤੀ ਮੰਡੀ ਅਤੇ ਕਿਸਾਨੀ ਨਾਲ ਸਬੰਧਤ ਤਿੰਨ ਕੇਂਦਰੀ ਆਰਡੀਨੈਂਸਾਂ ਉਤੇ ਵਿਚਾਰ ਕਰਨ ਲਈ ਬੁਲਾਈ ਸਰਬ ਪਾਰਟੀ ਮੀਟਿੰਗ ਵਿਚ ਦੋਵਾਂ ਧਿਰਾਂ ਦੀ ਬੇਚੈਨੀ ਦੇ ਸਪਸ਼ਟ ਸੰਕੇਤ ਮਿਲੇ। ਅਕਾਲੀ ਦਲ ਅਤੇ ਭਾਜਪਾ ਤੋਂ ਇਲਾਵਾ ਬਾਕੀ ਸਾਰੀਆਂ ਪਾਰਟੀਆਂ ਨੇ ਇਨ੍ਹਾਂ ਆਰਡੀਨੈਂਸਾਂ ਨੂੰ ਫੈਡਰਲਿਜ਼ਮ ਲਈ ਖਤਰਾ ਅਤੇ ਕਣਕ-ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਤੋਂ ਹੱਥ ਖਿੱਚਣ ਦਾ ਰਾਹ ਤਿਆਰ ਕਰਨ ਵਾਲੇ ਕਰਾਰ ਦਿੱਤਾ। ਅਕਾਲੀ ਦਲ ਦੀ ਇਸ ਨਾਂਹ-ਨੁੱਕਰ ਕਾਰਨ ਕੈਪਟਨ ਸਰਕਾਰ, ਲੋਕ ਰੋਹ ਦਾ ਕੁਝ ਭਾਰ ਆਪਣੇ ਸਿਰੋਂ ਲਾਹ ਕੇ ਬਾਦਲਾਂ ਸਿਰ ਧਰਨ ਵਿਚ ਸਫਲ ਰਹੀ।

ਅਸਲ ਵਿਚ, ਕੈਪਟਨ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਮੋਦੀ ਸਰਕਾਰ ਨੇ ਇਨ੍ਹਾਂ ਆਰਡੀਨੈਂਸਾਂ ਉਤੇ ਸਹੀ ਪਵਾਉਣ ਲਈ ਜਿਸ ਤਰ੍ਹਾਂ ਸੂਬਾ ਸਰਕਾਰਾਂ ਨੂੰ ਧੌਣ ਤੋਂ ਹੱਥ ਪਾਇਆ ਹੈ, ਉਨ੍ਹਾਂ (ਕੈਪਟਨ ਸਰਕਾਰ) ਕੋਲ ਮੋਦੀ ਸਰਕਾਰ ਦੀ 'ਹਾਂ ਵਿਚ ਹਾਂ' ਮਿਲਾਉਣ ਦੇ ਸਿਵਾਏ ਹੋਰ ਕੋਈ ਚਾਰਾ ਨਹੀਂ। ਤਕਰੀਬਨ ਮਹੀਨਾ ਪਹਿਲਾਂ ਪੰਜਾਬ ਕੈਬਨਿਟ ਮੀਟਿੰਗ ਵਿਚ ਇਸ ਬਾਰੇ ਸਹਿਮਤੀ ਵੀ ਬਣ ਗਈ ਸੀ ਪਰ ਬਾਅਦ ਵਿਚ ਲੋਕ ਰੋਹ ਦੇਖ ਕੇ ਕੈਪਟਨ ਸਰਕਾਰ ਨੇ ਨਾਟਕੀ ਢੰਗ ਨਾਲ ਮੋਦੀ ਸਰਕਾਰ ਵਿਰੁਧ ਸੰਘਰਸ਼ ਦਾ ਝੰਡਾ ਚੁੱਕ ਲਿਆ। ਕੈਪਟਨ ਸਰਕਾਰ ਦੀ ਸਰਬ ਪਾਰਟੀ ਮੀਟਿੰਗ ਵੀ ਅਕਾਲੀ ਦਲ ਦਾ ਮੋਦੀ ਸਰਕਾਰ ਨਾਲ ਪੇਚਾ ਪਵਾਉਣ ਵਾਲੀ ਰਣਨੀਤੀ ਤਹਿਤ ਰੱਖੀ ਗਈ ਸੀ।

ਅਸਲ ਵਿਚ, ਮੋਦੀ ਸਰਕਾਰ ਦੀਆਂ ਰਣਨੀਤੀਆਂ ਨੇ ਪੰਜਾਬ ਵਿਚ ਸਿਆਸੀ ਹਾਲਾਤ ਅਜਿਹੇ ਬਣਾ ਦਿੱਤੇ ਹਨ ਕਿ ਅਕਾਲੀ ਦਲ ਸੋਚਾਂ ਵਿਚ ਹੈ ਕਿ ਉਹ ਫੈਡਰਲ ਢਾਂਚੇ ਅਤੇ ਸੂਬੇ ਦੇ ਲੋਕਾਂ ਦੇ ਹੱਕਾਂ ਦੀ ਗੱਲ ਕਰੇ ਜਾਂ ਕੇਂਦਰ ਵਿਚ ਆਪਣੇ ਭਾਈਵਾਲਾਂ ਦਾ ਸਾਥ ਕੇ ਬੀਬੀ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਵੇ। ਬਾਦਲਾਂ ਦੀਆਂ ਮੌਜੂਦਾ ਰਣਨੀਤੀਆਂ ਤੋਂ ਸਾਫ ਹੈ ਕਿ ਫਿਲਹਾਲ ਉਹ ਕੇਂਦਰੀ ਕੁਰਸੀ ਨੂੰ ਹੀ ਤਰਜੀਹ ਦੇਣ ਦੇ ਰਾਹ ਹੈ। ਇਸੇ ਰਣਨੀਤੀ ਤਹਿਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੂਬੇ ਅਤੇ ਕਿਸਾਨਾਂ ਦੇ ਹੱਕਾਂ ਦੀ ਗੱਲ ਛੱਡ ਕੇ ਮੋਦੀ ਨੂੰ ਤੇਲ ਕੀਮਤਾਂ ਘਟਾਉਣ ਲਈ ਚਿੱਠੀਆਂ ਪਾ ਰਿਹਾ ਹੈ ਤੇ ਤਰਕ ਦੇ ਰਿਹਾ ਹੈ ਕਿ ਅਰਡੀਨੈਂਸਾਂ ਨਾਲ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਉਤੇ ਕੋਈ ਅਸਰ ਨਹੀਂ ਪਵੇਗਾ। ਹਾਲਾਂਕਿ ਖੇਤੀ ਮਾਹਿਰ ਇਹ ਦਾਅਵਾ ਖੁੱਲ੍ਹ ਕੇ ਕਰ ਰਹੇ ਹਨ ਕਿ ਕੇਂਦਰ ਸਰਕਾਰ ਵਲੋਂ ਜਾਰੀ ਕੀਤੇ ਗਏ ਤਾਜ਼ਾ ਆਰਡੀਨੈਂਸਾਂ ਦਾ ਮੰਤਵ ਫਸਲਾਂ ਦੇ ਸਰਕਾਰੀ ਖਰੀਦ ਮੁੱਲ ਅਤੇ ਸਰਕਾਰੀ ਖਰੀਦ ਦੀ ਪ੍ਰਣਾਲੀ ਨੂੰ ਪੜਾਅਵਾਰ ਖਤਮ ਕਰਨਾ ਹੈ। ਇਸ ਦੇ ਬਾਵਜੂਦ ਸੁਖਬੀਰ ਬਾਦਲ ਪੰਜਾਬ ਦੇ ਕਿਸਾਨਾਂ ਨੂੰ ਸਰਕਾਰੀ ਖਰੀਦ ਜਾਰੀ ਰਹਿਣ ਸਬੰਧੀ ਗਰੰਟੀ ਦੇ ਰਹੇ ਹਨ।



ਖੇਤੀ ਮਾਹਰਾਂ ਦਾ ਤਰਕ ਹੈ ਕਿ ਦੇਸ਼ ਦੇ ਵੱਖ-ਵੱਖ ਰਾਜ ਵਿਕਾਸ ਦੇ ਵੱਖਰੇ-ਵੱਖਰੇ ਪੜਾਵਾਂ 'ਤੇ ਹਨ ਅਤੇ ਉਨ੍ਹਾਂ ਦੀਆਂ ਭੂਗੋਲਿਕ ਤੇ ਵਾਤਾਵਰਨਕ ਵਖਰੇਵੇਂ ਵੀ ਹਨ, ਜਿਸ ਕਰ ਕੇ ਸਾਰਿਆਂ ਲਈ ਇਕੋ ਜਿਹੀਆਂ ਨੀਤੀਆਂ ਬਣਾ ਕੇ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ। ਜਿਥੋਂ ਤੱਕ ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਂਸਾਂ ਦੀ ਗੱਲ ਹੈ, ਬਹੁਤੀਆਂ ਕਿਸਾਨ ਜਥੇਬੰਦੀਆਂ ਦਾ ਇਸ ਸਬੰਧੀ ਪੱਖ ਇਹ ਹੈ ਕਿ ਜੇ ਇਹ ਐਕਟ ਲਾਗੂ ਹੁੰਦੇ ਹਨ ਤਾਂ ਕਣਕ, ਝੋਨੇ ਅਤੇ ਕੁਝ ਹੋਰ ਫਸਲਾਂ ਦੀ ਕੇਂਦਰ ਸਰਕਾਰ ਵਲੋਂ ਸਰਕਾਰੀ ਮੰਡੀਆਂ ਰਾਹੀਂ ਕੀਤੀ ਜਾ ਰਹੀ ਸਰਕਾਰੀ ਖਰੀਦ ਬੰਦ ਹੋ ਜਾਏਗੀ ਅਤੇ ਸਰਕਾਰ ਕੁਝ ਹੀ ਸਾਲਾਂ ਵਿਚ ਕਿਸਾਨਾਂ ਨੂੰ ਨਿੱਜੀ ਮੰਡੀਆਂ ਦੇ ਰਹਿਮੋ-ਕਰਮ ਉਤੇ ਛੱਡ ਦੇਵੇਗੀ ਅਤੇ ਹੌਲੀ-ਹੌਲੀ ਸਰਕਾਰ ਕਣਕ, ਝੋਨਾ ਅਤੇ ਹੋਰ ਫਸਲਾਂ ਦੇ ਸਮਰਥਨ ਮੁੱਲ ਐਲਾਨਣ ਦਾ ਸਿਲਸਿਲਾ ਵੀ ਬੰਦ ਕਰ ਦੇਵੇਗੀ।

ਕਿਸਾਨ ਜਥੇਬੰਦੀਆਂ ਵਿਚ ਇਹ ਸ਼ੰਕੇ ਸਿਰਫ ਹੁਣ ਜਾਰੀ ਕੀਤੇ ਗਏ ਤਿੰਨ ਆਰਡੀਨੈਂਸਾਂ ਕਰ ਕੇ ਹੀ ਨਹੀਂ ਵਧੇ, ਸਗੋਂ ਇਸ ਤੋਂ ਪਹਿਲਾਂ ਇਸ ਸਬੰਧੀ ਸ਼ਾਂਤਾ ਕੁਮਾਰ ਕਮੇਟੀ ਦੀ ਆਈ ਰਿਪੋਰਟ ਅਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਵਲੋਂ ਸਮਰਥਨ ਮੁੱਲ ਐਲਾਨਣ ਵਿਰੁਧ ਦਿੱਤਾ ਗਿਆ ਤਾਜ਼ਾ ਬਿਆਨ ਵੀ ਕਿਸਾਨਾਂ ਦੇ ਸ਼ੰਕਿਆਂ ਨੂੰ ਹੋਰ ਵਧਾਉਣ ਵਿਚ ਸਹਾਈ ਹੋਇਆ ਹੈ। ਪੰਜਾਬ ਵਿਚ ਭਾਵੇਂ ਭਾਜਪਾ ਵਲੋਂ ਕੀਤੀ ਗਈ ਵਰਚੂਅਲ ਰੈਲੀ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਨੇ ਕਿਸਾਨਾਂ ਨੂੰ ਇਹ ਭਰੋਸਾ ਦਿਵਾਇਆ ਹੈ ਕਿ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਜਾਰੀ ਰਹੇਗੀ ਅਤੇ ਸਮਰਥਨ ਮੁੱਲ ਐਲਾਨਣ ਦਾ ਸਿਲਸਿਲਾ ਵੀ ਬੰਦ ਨਹੀਂ ਕੀਤਾ ਜਾਏਗਾ ਪਰ ਖੇਤੀਬਾੜੀ ਨਾਲ ਸਬੰਧਤ ਜਾਰੀ ਕੀਤੇ ਗਏ ਤਿੰਨ ਆਰਡੀਨੈਂਸਾਂ ਵਿਚ ਜੋ ਵਿਵਸਥਾਵਾਂ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਮੁੱਖ ਰੱਖਦਿਆਂ ਖੇਤੀਬਾੜੀ ਮੰਤਰੀ ਵਲੋਂ ਦਿੱਤੇ ਗਏ ਭਰੋਸੇ ਨਾਲ ਕਿਸਾਨਾਂ ਦੇ ਸ਼ੰਕੇ ਦੂਰ ਨਹੀਂ ਹੋਣਗੇ, ਕਿਉਂਕਿ ਇਨ੍ਹਾਂ ਆਰਡੀਨੈਂਸਾਂ ਮੁਤਾਬਕ ਵਪਾਰੀਆਂ ਨੂੰ ਨਿੱਜੀ


*(ਬਾਕੀ ਸਫਾ 6 ਉਤੇ)*


## ਮੋਦੀ ਸਰਕਾਰ ਕਰੋਨਾ ਦਾ ਲਾਹਾ ਲੈਣ ਦੇ ਰਾਹ

ਮੋਦੀ ਸਰਕਾਰ ਇਹ ਧੱਕੇਸ਼ਾਹੀ ਉਸ ਸਮੇਂ ਕਰ ਰਹੀ ਹੈ ਕਿ ਜਦੋਂ ਕਰੋਨਾ ਮਹਾਮਾਰੀ ਨੇ ਸੂਬਿਆਂ ਦੇ ਵਿੱਤੀ ਸਰੋਤ ਲਗਭਗ ਖਤਮ ਕਰ ਦਿੱਤੇ ਹਨ। ਸਮਾਂ ਅਜਿਹਾ ਆ ਗਿਆ ਹੈ ਕਿ ਸੂਬਿਆਂ ਲਈ ਕੇਂਦਰ ਕੋਲ ਮਦਦ ਲਈ ਹੱਥ ਫੈਲਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਦੇਸ਼ ਦੇ ਹੋਰ ਵੱਖ-ਵੱਖ ਰਾਜਾਂ ਵਿਚ ਵੀ ਜਦੋਂ ਅਜਿਹੀ ਹੀ ਚੁਣੌਤੀ ਵਧਦੀ ਨਜ਼ਰ ਆ ਰਹੀ ਹੈ ਤਾਂ ਉਸੇ ਸਮੇਂ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਨਾਲ ਸਬੰਧਤ ਤਿੰਨ ਜਾਰੀ ਕੀਤੇ ਆਰਡੀਨੈਂਸਾਂ ਅਤੇ ਬਿਜਲੀ ਦੇ ਉਤਪਾਦਨ ਅਤੇ ਵੰਡ ਸਬੰਧੀ ਲਿਆਂਦੇ ਜਾ ਰਹੇ ਸੋਧ ਬਿੱਲ-2020 ਨਾਲ ਵੱਖ-ਵੱਖ ਰਾਜਾਂ ਦੇ ਕਿਸਾਨਾਂ ਨੂੰ ਸੋਚੀਂ ਪਾ ਦਿੱਤਾ ਹੈ। ਕੇਂਦਰੀ ਸਰਕਾਰ ਦੇ ਇਨ੍ਹਾਂ ਕਦਮਾਂ ਨਾਲ ਸੰਘੀ ਢਾਂਚੇ ਦੇ ਕਮਜ਼ੋਰ ਹੋ ਜਾਣ 'ਤੇ ਛਿੜੀ ਚਰਚਾ ਨੇ ਵੀ ਲੋਕਾਂ ਦੀ ਚਿੰਤਾ ਵਿਚ ਹੋਰ ਵੱਡਾ ਵਾਧਾ ਕੀਤਾ ਹੈ। ਅਸਲ ਵਿਚ ਪੂਰੇ ਮੁਲਕ ਨੂੰ ਦਿੱਲੀ ਵਿਚ ਬੈਠ ਕੇ ਚਲਾਉਣ ਦੇ ਸੁਪਨੇ ਬੁਣ ਰਹੇ ਹੈ।

ਦੇਸ਼ ਦੇ ਫੈਡਰਲ ਢਾਂਚੇ ਮੁਤਾਬਕ ਸਿਹਤ, ਸਿੱਖਿਆ, ਖੇਤੀਬਾੜੀ, ਬਿਜਲੀ, ਪਾਣੀ ਆਦਿ ਰਾਜਾਂ ਦੇ ਵਿਸ਼ੇ ਮੰਨੇ ਜਾਂਦੇ ਹਨ ਪਰ ਇਨ੍ਹਾਂ ਸਾਰਿਆਂ ਵਿਸ਼ਿਆਂ 'ਤੇ ਵੱਖ-ਵੱਖ ਢੰਗਾਂ ਨਾਲ ਕੇਂਦਰ ਸਰਕਾਰ ਆਪਣੇ ਕਾਨੂੰਨ ਬਣਾ ਕੇ ਰਾਜਾਂ ਉਤੇ ਠੋਸਣ ਦੇ ਰਾਹ ਪਈ ਹੋਈ ਹੈ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਕੇਂਦਰ ਅਤੇ ਰਾਜਾਂ ਦੇ ਦਰਮਿਆਨ ਕਈ ਤਰ੍ਹਾਂ ਦੇ ਟਕਰਾਅ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੈ।


ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ
ਫੋਨ: 210-573-3017

ਯੋਗਤਾਵਾਂ

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।
*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।
*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।
*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

ਡਿਊਟੀ ਵਿਚ ਸ਼ਾਮਿਲ ਹਨ

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ

ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

# ਭਾਰਤ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਪੇਸ਼ਕਸ਼ ਠੁਕਰਾਈ

**ਨਵੀਂ ਦਿੱਲੀ:** ਭਾਰਤ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਪਾਕਿਸਤਾਨ ਦੀ ਪੇਸ਼ਕਸ਼ ਨੂੰ ਸਿਹਤ ਅਤੇ ਤਕਨੀਕੀ ਅਧਾਰ ਉਤੇ ਠੁਕਰਾ ਦਿੱਤਾ ਹੈ। ਪਾਕਿਸਤਾਨ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ 29 ਜੂਨ ਨੂੰ ਗਲਿਆਰਾ ਮੁੜ ਖੋਲ੍ਹਣ ਦੀ ਪੇਸ਼ਕਸ਼ ਕੀਤੀ ਸੀ। ਇਸ ਦੇ ਨਾਲ ਹੀ ਭਾਰਤ ਨੇ ਪਾਕਿਸਤਾਨ 'ਤੇ ਇਸ ਮਾਮਲੇ ਵਿਚ ਘੱਟ ਸੁਹਿਰਦ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਸਲਾਮਾਬਾਦ ਨੇ ਇਹ ਪੇਸ਼ਕਸ਼ ਸਿਰਫ ਦੋ ਦਿਨ ਪਹਿਲਾਂ ਦਿੱਤੀ ਹੈ, ਦੂਜੇ ਪਾਸੇ, ਦੁਵੱਲੇ ਸਮਝੌਤੇ ਵਿਚ ਅਜਿਹੀ ਸੂਚਨਾ ਯਾਤਰਾ ਦੀ ਮਿਤੀ ਤੋਂ ਘੱਟੋ ਘੱਟ ਸੱਤ ਦਿਨ ਪਹਿਲਾਂ ਦੇਣੀ ਹੁੰਦੀ ਹੈ।

ਦੱਸ ਦਈਏ ਕਿ ਪਾਕਿਸਤਾਨ ਨੇ ਕਿਹਾ ਸੀ ਕਿ ਕੋਵਿਡ-19 ਕਾਰਨ ਤਕਰੀਬਨ ਤਿੰਨ ਮਹੀਨੇ ਪਹਿਲਾਂ ਆਰਜ਼ੀ ਤੌਰ 'ਤੇ ਬੰਦ ਕੀਤੇ ਕਰਤਾਰਪੁਰ ਸਾਹਿਬ ਲਾਂਘੇ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਮੁੜ ਖੋਲ੍ਹਣ ਲਈ ਤਿਆਰ ਹੈ। ਕਰੋਨਾ ਵਾਇਰਸ ਮਹਾਮਾਰੀ ਕਾਰਨ ਭਾਰਤ ਨੇ 16 ਮਾਰਚ ਨੂੰ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਯਾਤਰਾ ਅਤੇ ਰਜਿਸਟ੍ਰੇਸ਼ਨ ਆਰਜ਼ੀ ਤੌਰ ਉਤੇ ਮੁਲਤਵੀ ਕਰ ਦਿੱਤੀ ਸੀ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਦੋਵਾਂ ਮੁਲਕਾਂ ਵੱਲੋਂ ਖੋਲ੍ਹਿਆ ਗਿਆ ਇਹ ਲਾਂਘਾ ਭਾਰਤ ਦੇ ਗੁਰਦਾਸਪੁਰ ਵਿਚਲੇ ਡੇਰਾ ਬਾਬਾ ਨਾਨਕ ਅਤੇ ਪਾਕਿਸਤਾਨ ਵਿਚਾਲੇ ਕਰਤਾਰਪੁਰ ਸਾਹਿਬ ਨੂੰ ਜੋੜਦਾ ਹੈ। ਸਾਰੇ ਧਰਮਾਂ ਦੇ ਭਾਰਤੀ ਸ਼ਰਧਾਲੂਆਂ ਲਈ ਇਤਿਹਾਸਿਕ ਗੁਰਦੁਆਰੇ ਤੱਕ ਜਾਂਦਾ ਇਹ ਲਾਂਘਾ ਪੂਰਾ ਸਾਲ ਬਿਨਾਂ ਵੀਜ਼ਾ ਯਾਤਰਾ ਲਈ ਖੁੱਲ੍ਹਾ ਰਹਿੰਦਾ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧ 5 ਅਗਸਤ, 2019 ਨੂੰ ਭਾਰਤ ਵਲੋਂ ਜੰਮੂ ਕਸ਼ਮੀਰ 'ਚੋਂ ਧਾਰਾ 307 ਮਨਸੂਖ ਕੀਤੇ ਜਾਣ ਅਤੇ ਸੂਬੇ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡੇ ਜਾਣ ਮਗਰੋਂ ਨਿਵਾਣ ਵੱਲ ਚਲੇ ਗਏ ਸਨ। ਪਾਕਿਸਤਾਨ ਨੇ ਭਾਰਤ ਨਾਲ ਕੂਟਨੀਤਕ ਸਬੰਧ ਘਟਾਉਂਦਿਆਂ ਭਾਰਤੀ ਹਾਈ ਕਮਿਸ਼ਨਰ ਨੂੰ ਕੱਢ ਦਿੱਤਾ ਸੀ।

ਹੁਣ ਭਾਰਤ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਪਾਕਿਸਤਾਨ ਦੀ ਪੇਸ਼ਕਸ਼ ਨੂੰ ਸਿਹਤ ਅਤੇ ਤਕਨੀਕੀ ਆਧਾਰ 'ਤੇ ਰੱਦ ਕਰ ਦਿੱਤਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਸਬੰਧੀ ਫੈਸਲਾ ਸਿਹਤ ਅਥਾਰਿਟੀ ਅਤੇ ਹੋਰਨਾਂ ਸਬੰਧਤ ਧਿਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਲਿਆ ਜਾਵੇਗਾ ਕਿਉਂਕਿ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਸਰਹੱਦ ਪਾਰੋਂ ਯਾਤਰਾ ਮੁਅੱਤਲ ਹੈ।

# ਅਨਲੌਕ-2.0 ਸਬੰਧੀ ਨਵੀਆਂ ਹਦਾਇਤਾਂ, ਤਾਲਾਬੰਦੀ 31 ਜੁਲਾਈ ਤੱਕ ਵਧਾਈ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਅਨਲੌਕ-2.0 ਸਬੰਧੀ ਨਵੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਅਨਲੌਕ-2.0 ਇਕ ਜੁਲਾਈ ਤੋਂ ਸ਼ੁਰੂ ਹੋਵੇਗਾ, ਜਿਸ 'ਚ ਸਰਕਾਰ ਨੇ ਪਹਿਲਾਂ ਤੋਂ ਪਾਬੰਦੀਸ਼ੁਦਾ ਸਰਗਰਮੀਆਂ ਅਤੇ ਕੰਟੇਨਮੈਂਟ ਜ਼ੋਨ 'ਚ ਜਾਰੀ ਪਾਬੰਦੀਆਂ ਨੂੰ ਛੱਡ ਕੇ ਹਰ ਤਰ੍ਹਾਂ ਦੀ ਮਨਜ਼ੂਰੀ ਦੇ ਦਿੱਤੀ ਹੈ। ਹਾਲਾਂਕਿ ਅਨਲੌਕ ਦੇ ਦੂਜੇ ਪੜਾਅ ਤੋਂ ਬਾਅਦ ਵੀ ਮਾਸਕ ਪਹਿਨਣਾ, ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ। ਅਨਲੌਕ ਦੇ ਦੂਜੇ ਪੜਾਅ 'ਚ ਰਾਤ 'ਚ ਲੱਗਣ ਵਾਲੇ ਦੇਸ਼ ਵਿਆਪੀ ਕਰਫਿਊ ਦਾ ਸਮਾਂ ਵੀ ਬਦਲ ਗਿਆ ਹੈ।

ਇਕ ਜੁਲਾਈ ਤੋਂ ਕਰਫਿਊ ਰਾਤ 10 ਵਜੇ ਤੋਂ ਸ਼ੁਰੂ ਹੋਵੇਗਾ ਅਤੇ ਸਵੇਰੇ 5 ਵਜੇ ਖਤਮ ਹੋਵੇਗਾ। ਸਰਕਾਰ ਦੁਆਰਾ ਜਾਰੀ ਆਦੇਸ਼ ਅਨੁਸਾਰ ਦੇਸ਼ ਭਰ 'ਚ 31 ਜੁਲਾਈ ਤੱਕ ਸਕੂਲ, ਕਾਲਜ, ਸਿੱਖਿਆ ਸੰਸਥਾਵਾਂ ਬੰਦ ਰਹਿਣਗੀਆਂ, ਜਦਕਿ ਆਨਲਾਈਨ ਅਤੇ ਡਿਸਟੈਂਸ ਲਰਨਿੰਗ ਜਾਰੀ ਰਹੇਗੀ ਅਤੇ ਇਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਹਰ ਤਰ੍ਹਾਂ ਦੀ ਅੰਤਰਰਾਸ਼ਟਰੀ ਹਵਾਈ ਯਾਤਰਾ ਉਤੇ ਪਾਬੰਦੀ ਜਾਰੀ ਰਹੇਗੀ। ਮੈਟਰੋ ਸੇਵਾਵਾਂ ਬੰਦ ਰਹਿਣਗੀਆਂ। ਸਿਨੇਮਾ ਹਾਲ, ਜਿੰਮ, ਸਵਿਮਿੰਗ ਪੂਲ, ਇੰਟਰਟੇਨਮੈਂਟ ਪਾਰਕ, ਬਾਰ, ਆਡੀਟੋਰੀਅਮ, ਅਸੈਂਬਲੀ ਹਾਲ ਅਤੇ ਅਜਿਹੀਆਂ ਹੋਰ ਥਾਵਾਂ ਬੰਦ ਰਹਿਣਗੀਆਂ। ਹਰ ਤਰ੍ਹਾਂ ਦੇ ਸਮਾਜਿਕ, ਰਾਜਨੀਤਿਕ, ਖੇਡ, ਮਨੋਰੰਜਨ, ਅਕਾਦਮਿਕ, ਸੰਸਕ੍ਰਿਤਕ, ਧਾਰਮਿਕ ਸਮਾਗਮਾਂ ਉਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ। ਇਨ੍ਹਾਂ ਸਾਰੀਆਂ ਸਰਗਰਮੀਆਂ ਨੂੰ ਸ਼ੁਰੂ ਕਰਨ ਸਬੰਧੀ ਵੱਖਰੇ ਤੌਰ ਉਤੇ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਅਤੇ ਜ਼ਰੂਰਤ ਪੈਣ 'ਤੇ ਮਿਆਰੀ ਪ੍ਰਬੰਧਨ ਪ੍ਰਕਿਰਿਆ ਵੀ ਜਾਰੀ ਕੀਤੀ ਜਾਵੇਗੀ, ਜਿਸ ਨਾਲ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਦੇ ਲਈ ਸਮਾਜਿਕ ਦੂਰੀ ਨੂੰ ਯਕੀਨੀ ਬਣਾਇਆ ਜਾ ਸਕੇਗਾ। ਘਰੇਲੂ ਉਡਾਨਾਂ ਅਤੇ ਯਾਤਰੀ ਰੇਲਾਂ ਨੂੰ ਸੀਮਤ ਮਾਤਰਾ 'ਚ ਮਨਜ਼ੂਰੀ ਦਿੱਤੀ ਗਈ ਹੈ ਅਤੇ ਉਨ੍ਹਾਂ ਦੀ ਗਿਣਤੀ ਵੀ ਜਾਂਚ ਪਰਖ ਤੋਂ ਬਾਅਦ ਵਧਾਈ ਜਾਵੇਗੀ। ਸਰਕਾਰ ਨੇ ਅਨਲੌਕ 2.0 'ਚ ਰਾਤ ਦੇ ਕਰਫਿਊ ਦਾ ਸਮਾਂ ਵੀ ਬਦਲ ਦਿੱਤਾ ਹੈ, ਹੁਣ ਰਾਤ 'ਚ 10 ਵਜੇ ਤੋਂ ਸਵੇਰੇ 5 ਵਜੇ ਤੱਕ ਕਰਫਿਊ ਰਹੇਗਾ।

ਇਸ ਕਰਫਿਊ ਦੌਰਾਨ ਐਮਰਜੈਂਸੀ ਸੇਵਾਵਾਂ ਨਾਲ ਜੁੜੇ ਲੋਕਾਂ, ਜ਼ਰੂਰੀ ਕੰਮਾਂ ਨਾਲ ਜੁੜੇ ਲੋਕਾਂ, ਸ਼ਿਫਟਾਂ 'ਚ ਕੰਮ ਕਰਨ ਵਾਲਿਆਂ, ਰਾਸ਼ਟਰੀ ਰਾਜ ਮਾਰਗ ਦੁਆਰਾ ਸਾਮਾਨ ਲਿਆਉਣ/ ਲਿਜਾਣ ਵਾਲਿਆਂ, ਖਾਲੀ ਅਤੇ ਭਰੇ ਹੋਏ ਕਾਰਗੋ, ਬੱਸ, ਰੇਲ ਜਾਂ ਹਵਾਈ ਜਹਾਜ਼ ਨਾਲ ਯਾਤਰਾ ਕਰ ਆਪਣੇ ਪਿੰਡਾਂ ਨੂੰ ਜਾਣ ਵਾਲਿਆਂ ਨੂੰ ਛੱਡ ਕੇ ਸਾਰਿਆਂ ਦੀ ਆਵਾਜਾਈ ਉਤੇ ਪਾਬੰਦੀ ਰਹੇਗੀ। ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਚ ਕਿਹਾ ਗਿਆ ਹੈ ਕਿ ਕੰਟੇਨਮੈਂਟ ਜ਼ੋਨ ਵਿਚ 31 ਜੁਲਾਈ ਤੱਕ ਤਾਲਾਬੰਦੀ ਜਾਰੀ ਰਹੇਗੀ।

### *ਮਹਾਰਾਸ਼ਟਰ 'ਚ ਤਾਲਾਬੰਦੀ 31 ਜੁਲਾਈ ਤੱਕ ਵਧੀ*

**ਮੁੰਬਈ:** ਮਹਾਰਾਸ਼ਟਰ 'ਚ ਕਰੋਨਾ ਲਾਗ ਦੇ ਕੇਸਾਂ 'ਚ ਨਿਰੰਤਰ ਵਾਧੇ ਦੇ ਚੱਲਦਿਆਂ ਸਰਕਾਰ ਨੇ ਸੂਬੇ ਅੰਦਰ ਤਾਲਾਬੰਦੀ 31 ਜੁਲਾਈ ਤੱਕ ਵਧਾਉਣ ਦਾ ਐਲਾਨ ਕੀਤਾ ਹੈ। ਮਹਾਰਾਸ਼ਟਰ ਸਰਕਾਰ ਮੁਤਾਬਕ ਸੂਬੇ 'ਚ ਮੌਜੂਦਾ ਤਾਲਾਬੰਦੀ ਦੇ ਨਿਯਮ ਜਾਰੀ ਰਹਿਣਗੇ ਅਤੇ ਅਗਲੇ ਮਹੀਨੇ ਪਾਬੰਦੀਆਂ ਵਿਚ ਢਿੱਲ ਦਿੱਤੀ ਜਾਵੇਗੀ। ਇਸ ਸਮੇਂ ਦੌਰਾਨ ਬਾਹਰੋਂ ਆਉਣ ਵਾਲੇ, ਜ਼ਰੂਰੀ ਵਸਤਾਂ ਅਤੇ ਖਾਸ ਰੁਜ਼ਗਾਰ ਸਬੰਧੀ ਮੰਤਵ ਨੂੰ ਛੱਡ ਕੇ, ਸਾਰੇ ਲੋਕਾਂ ਦੇ ਸੂਬੇ 'ਚ ਦਾਖਲੇ 'ਤੇ ਪਾਬੰਦੀ ਰਹੇਗੀ। ਇਸੇ ਦੌਰਾਨ ਨਾਗਾਲੈਂਡ ਸਰਕਾਰ ਨੇ ਕਰੋਨਾ ਲਾਗ ਤੋਂ ਬਚਾਅ ਦੇ ਉਪਾਵਾਂ ਤਹਿਤ ਸੂਬੇ 'ਚ 15 ਜੁਲਾਈ ਤੱਕ ਤਾਲਾਬੰਦੀ ਵਧਾ ਦਿੱਤੀ ਹੈ।

ਕੰਟੇਨਮੈਂਟ ਜ਼ੋਨ ਨੂੰ ਜ਼ਿਲ੍ਹਾ ਪ੍ਰਸ਼ਾਸਨ ਤੈਅ ਕਰੇਗਾ ਅਤੇ ਇਥੇ ਸਿਹਤ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਵੇਗਾ। ਕੰਟੇਨਮੈਂਟ ਜ਼ੋਨ 'ਚ ਸਿਰਫ ਜ਼ਰੂਰੀ ਕੰਮਾਂ ਨੂੰ ਮਨਜ਼ੂਰੀ ਹੋਵੇਗੀ। ਲੋਕਾਂ ਦੀ ਆਵਾਜਾਈ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾਣਗੇ।

# ਭਾਰਤ 'ਚ ਸਿੱਖਿਆ ਸੁਧਾਰ ਲਈ ਵਿਸ਼ਵ ਬੈਂਕ ਵਲੋਂ 50 ਕਰੋੜ ਡਾਲਰ ਮਨਜ਼ੂਰ


**ਨਵੀਂ ਦਿੱਲੀ:** ਵਿਸ਼ਵ ਬੈਂਕ ਨੇ ਕਿਹਾ ਕਿ ਇਸ ਦੇ ਕਾਰਜਕਾਰੀ ਡਾਇਰੈਕਟਰਾਂ ਦੇ ਬੋਰਡ ਵੱਲੋਂ ਭਾਰਤ ਦੇ ਛੇ ਰਾਜਾਂ ਵਿਚ ਸਕੂਲ ਸਿੱਖਿਆ ਦੇ ਮਿਆਰ ਤੇ ਸ਼ਾਸਨ ਵਿਚ ਸੁਧਾਰ ਲਈ 50 ਕਰੋੜ ਅਮਰੀਕੀ ਡਾਲਰ (ਤਕਰੀਬਨ 3,700 ਕਰੋੜ ਰੁਪਏ) ਦੇ ਕਰਜ਼ੇ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਵਿਸ਼ਵ ਬੈਂਕ ਨੇ ਇਕ ਬਿਆਨ ਵਿਚ ਕਿਹਾ ਕਿ ਬੋਰਡ ਵੱਲੋਂ ਅਧਿਆਪਨ ਸਿਖਲਾਈ ਅਤੇ ਰਾਜਾਂ ਦੇ ਪ੍ਰੋਗਰਾਮ ਲਈ ਨਤੀਜਿਆਂ (ਸਟਾਰਜ਼) ਵਾਸਤੇ ਕਰਜ਼ੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਬਿਆਨ ਵਿਚ ਕਿਹਾ ਗਿਆ, "ਇਸ ਪ੍ਰੋਗਰਾਮ ਨਾਲ 6 ਤੋਂ 17 ਸਾਲ ਉਮਰ ਵਰਗ ਤੱਕ ਦੇ ਕਰੀਬ 25 ਕਰੋੜ ਵਿਦਿਆਰਥੀਆਂ ਅਤੇ ਇਕ ਕਰੋੜ ਅਧਿਆਪਕਾਂ ਨੂੰ ਲਾਭ ਹੋਵੇਗਾ। ਸਟਾਰਜ਼ ਪ੍ਰੋਗਰਾਮ 1994 ਤੋਂ ਭਾਰਤ ਤੇ ਵਿਸ਼ਵ ਵਿਚਾਲੇ ਚੱਲੀ ਆ ਰਹੀ ਲੰਬੀ ਭਾਈਵਾਲੀ ਤਹਿਤ ਸਰਕਾਰ ਸਕੂਲ ਸਿੱਖਿਆ ਦੀ ਮਜ਼ਬੂਤੀ ਅਤੇ ਦੇਸ਼ 'ਚ ਸਭ ਨੂੰ ਸਿੱਖਿਆ ਮੁਹੱਈਆ ਕਰਨ ਦੇ ਟੀਚੇ ਦੀ ਪੂਰਤੀ ਵਿਚ ਸਹਿਯੋਗ ਕਰਨ ਲਈ ਚਲਾਇਆ ਗਿਆ ਹੈ।"

# ਫਰਾਂਸ 'ਚ ਸਿੱਖੀ ਸਰੂਪ ਵਾਲਾ ਬਣਿਆ ਡਿਪਟੀ ਮੇਅਰ

**ਸ਼ਿਕਾਗੋ (ਬਿਊਰੋ):** ਫਰਾਂਸ ਦੇ ਸ਼ਹਿਰ ਬੋਬਿਨੀ ਵਿਚ ਪਿਛਲੇ ਦਿਨੀਂ ਹੋਈਆਂ ਚੋਣਾਂ ਵਿਚ ਉਥੋਂ ਦੇ ਸਿੱਖ, ਮੁਸਲਿਮ ਤੇ ਹਿੰਦੂ ਭਾਈਚਾਰੇ ਵਲੋਂ ਰਣਜੀਤ ਸਿੰਘ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ ਅਤੇ ਉਹ ਡਿਪਟੀ ਮੇਅਰ ਚੁਣੇ ਗਏ। ਰਣਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਯੂਰਪ ਇਕਾਈ ਦੇ ਕਨਵੀਨਰ ਚੈਨ ਸਿੰਘ ਫਰਾਂਸ ਦੇ ਸਪੁੱਤਰ ਹਨ।

ਜ਼ਿਕਰਯੋਗ ਹੈ ਕਿ ਰਣਜੀਤ ਸਿੰਘ ਦੇ ਜਿੱਤਣ 'ਤੇ ਵਿਸ਼ੇਸ਼ ਤੌਰ 'ਤੇ ਇਸ



ਲਈ ਖੁਸ਼ੀ ਮਨਾਈ ਗਈ, ਕਿਉਂਕਿ ਫਰਾਂਸ ਵਿਚ ਸਿੱਖਾਂ ਉਤੇ ਦਸਤਾਰ ਬੰਨਣ 'ਤੇ ਪਾਬੰਦੀ ਲਾਈ ਗਈ ਸੀ ਤੇ ਰਣਜੀਤ ਸਿੰਘ ਵੀ ਉਸ ਪਾਬੰਦੀ ਦਾ ਸ਼ਿਕਾਰ ਹੋਏ ਸਨ। ਰਣਜੀਤ ਸਿੰਘ ਉਸ ਸਮੇਂ ਸਕੂਲ ਵਿਚ ਪੜ੍ਹਦੇ ਸਨ। ਉਨ੍ਹਾਂ ਨੂੰ ਆਪਣੀ ਪੜ੍ਹਾਈ ਅੱਗੇ ਚਲਦੀ ਰੱਖਣ ਵਿਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਨਤੀਜਨ ਪ੍ਰਾਈਵੇਟ ਪੜ੍ਹਾਈ ਕਰਕੇ ਉਚ ਡਿਗਰੀਆਂ ਪ੍ਰਾਪਤ ਕੀਤੀਆਂ। ਹੁਣੇ ਉਸੇ ਦਸਤਾਰ ਦਾ ਮਾਣ ਵਧਾਉਂਦਿਆਂ ਰਣਜੀਤ ਸਿੰਘ ਡਿਪਟੀ ਮੇਅਰ ਬਣ ਗਏ।


## ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

*'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ*

*ਚੰਗੀ ਤਨਖਾਹ ਤੇ ਹੋਰ ਸਹੂਲਤਾਂ*

**ਸੰਪਰਕ ਕਰੋ: 317-888-2040**


# ਨਿਊ ਜਰਸੀ ਸੈਨੇਟ ਤੇ ਅਸੈਂਬਲੀ ਵਲੋਂ ਸਿੱਖ ਕੌਮ ਬਾਰੇ ਅਹਿਮ ਬਿਲ ਪਾਸ

**ਨਿਊ ਯਾਰਕ (ਬਿਊਰੋ):** ਨਿਊ ਜਰਸੀ ਸਟੇਟ ਦੀ ਸੈਨੇਟ ਅਤੇ ਅਸੈਂਬਲੀ ਨੇ 29 ਜੂਨ, ਸੋਮਵਾਰ ਨੂੰ ਇੱਕ ਸਾਂਝਾ ਬਿਲ ਪਾਸ ਕੀਤਾ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਧਾਰਮਿਕ, ਸਭਿਆਚਾਰਕ ਅਤੇ ਬਾਕੀ ਧਰਮਾਂ ਨਾਲ ਸਾਂਝ ਬਣਾਈ ਰੱਖਣ ਦਾ ਦਰਜਾ ਦਿੱਤਾ ਹੈ। ਨਾਲ ਹੀ ਗੁਰੂ ਗ੍ਰੰਥ ਸਾਹਿਬ ਨੂੰ 'ਜਾਗਤ ਜੋਤ ਗੁਰੂ' ਦੇ ਤੌਰ 'ਤੇ ਪ੍ਰਵਾਨ ਕੀਤਾ ਹੈ। ਇਸ ਬਿਲ ਵਿਚ ਸਿੱਖ ਕੌਮ ਨੂੰ ਵੱਖਰਾ ਧਰਮ ਅਤੇ ਘੱਟ ਗਿਣਤੀ ਧਰਮ ਦੇ ਤੌਰ 'ਤੇ ਐਲਾਨਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ ਨੇ ਦੱਸਿਆ ਕਿ ਇਸ ਬਿਲ ਨੂੰ ਸੈਨੇਟ ਅਤੇ ਅਸੈਂਬਲੀ ਵਿਚ ਕ੍ਰਮਵਾਰ ਪਿਛਲੇ ਦਸੰਬਰ ਅਤੇ ਇਸ ਸਾਲ ਫਰਵਰੀ ਵਿਚ ਪੇਸ਼ ਕੀਤਾ ਗਿਆ ਸੀ, ਪਰ ਇਸ ਸਾਲ 15 ਮਾਰਚ ਦਲ ਦੀ ਅਮਰੀਕਾ ਇਕਾਈ ਦੇ ਨੁਮਾਇੰਦਿਆਂ ਵਲੋਂ ਮਿਜ਼ਊਰਿਟੀ ਸੈਨੇਟ ਆਫਿਸ ਨਾਲ ਮੀਟਿੰਗ ਕਰਕੇ ਬਿਲ ਵਿਚ ਕੁਝ ਸੋਧਾਂ ਕਰਕੇ ਦਰੁਸਤ ਕੀਤਾ ਗਿਆ ਸੀ ਤੇ ਦਲ ਦੀ ਸਹਿਮਤੀ ਪਿਛੋਂ ਮੁੜ ਸੈਨੇਟ 'ਚ 22 ਜੂਨ ਨੂੰ ਪੇਸ਼ ਕੀਤਾ ਗਿਆ ਸੀ।

ਇਸ ਬਿਲ ਦੇ ਸਪਾਂਸਰ ਸਟੀਫਨ ਸਵੀਨੀ, ਜੋ ਨਿਊ ਜਰਸੀ ਸਟੇਟ ਦੀ ਸੈਨੇਟ ਦੇ ਪ੍ਰਧਾਨ ਹਨ ਅਤੇ ਕੋ-ਸਪਾਂਸਰ ਪੈਟਰਿਕ ਡਿਗਨੈਨ ਹਨ। ਪੈਟਰਿਕ ਡਿਗਨੈਨ ਦੀਆਂ ਕੋਸ਼ਿਸ਼ਾਂ ਸਦਕਾ ਇਹ ਪ੍ਰਸਤਾਵ ਸੈਨੇਟ ਵਿਚ ਲੰਘੇ ਸੋਮਵਾਰ ਨੂੰ 37-0 ਦੀ ਬਹੁਗਿਣਤੀ ਨਾਲ ਪਾਸ ਕਰ ਦਿੱਤਾ ਗਿਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਨੁਮਾਇੰਦਿਆਂ ਨੇ ਨਿਊ ਜਰਸੀ ਸੈਨੇਟ ਤੇ ਅਸੈਂਬਲੀ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਅਮਰੀਕਾ ਵਿਚ ਨਿਊ ਜਰਸੀ ਇਕ ਅਜਿਹੀ ਸਟੇਟ ਹੈ, ਜਿਥੇ ਸਿੱਖਾਂ ਦਾ ਭਾਰੀ ਬੋਲਬਾਲਾ ਹੈ। ਇਸ ਸਟੇਟ ਦੇ ਅਟਾਰਨੀ ਜਨਰਲ ਵੀ ਸਿੱਖ ਭਾਈਚਾਰੇ ਵਿਚੋਂ ਸ. ਗੁਰਬੀਰ ਸਿੰਘ ਗਰੇਵਾਲ ਹਨ। ਦਲ ਨੇ ਨਿਊ ਜਰਸੀ ਦੇ ਸਾਰੇ ਨਾਨਕ ਨਾਮ ਲੇਵਾ ਸਿੱਖਾਂ ਅਤੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਦੀ ਸਖਤ ਮਿਹਨਤ ਦਾ ਪ੍ਰਭਾਵ ਨਿਊ ਜਰਸੀ ਦੇ ਰਾਜਨੀਤਕ ਲੀਡਰਸ਼ਿਪ ਵਿਚ ਹੈ।


## ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

**ਯੰਗਸਟਾਊਨ, ਓਹਾਇਓ (Youngstown, Ohio) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।**

**ਤਨਖਾਹ $3,000 ਪ੍ਰਤੀ ਮਹੀਨਾ ਸ਼ੁਰੂਆਤ**
**ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।**

**ਸੰਪਰਕ ਕਰੋ: ਈਮੇਲ: biji1924@gmail.com**
**ਜਾਂ ਫੋਨ: 330-967-0878**

26-


### *ਏਸ਼ੀਆ 'ਚ ਫੌਜ ਤਾਇਨਾਤ ਕਰੇਗਾ ਅਮਰੀਕਾ*

**ਸਿਆਟਲ:** ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਅਮਰੀਕਾ ਭਾਰਤ ਤੇ ਚੀਨ ਦੇ ਸਰਹੱਦੀ ਵਿਵਾਦ 'ਤੇ ਪੂਰੀ ਨਿਗ੍ਹਾ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਿਰਦੇਸ਼ਾਂ 'ਤੇ ਆਪਣੀ ਫੌਜ ਯੂਰਪ ਤੋਂ ਘਟਾ ਕੇ ਦੱਖਣੀ-ਪੂਰਬੀ ਏਸ਼ੀਆ ਭੇਜ ਰਿਹਾ ਹੈ। ਅਮਰੀਕਾ ਜਰਮਨੀ ਵਿਚ ਤਾਇਨਾਤ ਆਪਣੇ 34,500 ਸਿਪਾਹੀਆਂ 'ਚੋਂ 9500 ਜਵਾਨ ਏਸ਼ੀਆ 'ਚ ਤਾਇਨਾਤ ਕਰੇਗਾ।


## ਵੇਟਰ, ਹੈਲਪਰ ਤੇ ਤੰਦੂਰੀਏ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।**

*ਸੰਪਰਕ ਕਰੋ, ਦਵਿੰਦਰ ਸਿੰਘ*

**ਫੋਨ: 262-391-7666**

26-


# 73 ਸਾਲਾ ਬਰਤਾਨਵੀ 'ਸਕਿਪਿੰਗ ਸਿੱਖ' ਦਾ ਸਨਮਾਨ

**ਲੰਡਨ:** ਕਰੋਨਾ ਵਾਇਰਸ ਕਾਰਨ ਹੋਈ ਤਾਲਾਬੰਦੀ ਦੌਰਾਨ ਰੱਸੀ ਟੱਪਣ ਵਾਲੇ ਆਪਣੇ ਵੀਡੀਓ ਦੀ ਮਦਦ ਨਾਲ ਬਰਤਾਨੀਆ ਦੀ ਕੌਮੀ ਸਿਹਤ ਸੇਵਾ (ਐਨ.ਐਚ.ਐਸ.) ਲਈ ਫੰਡ ਜੁਟਾ ਕੇ ਸੋਸ਼ਲ ਮੀਡੀਆ ਉਤੇ ਛਾਏ 73 ਸਾਲਾਂ 'ਸਕਿਪਿੰਗ ਸਿੱਖ' (ਰੱਸੀ ਟੱਪਣਾ ਸਿੱਖ) ਰਾਜਿੰਦਰ ਸਿੰਘ ਨੂੰ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ 'ਪੁਆਇੰਟਸ ਆਫ ਲਾਈਟ ਆਨਰ' ਨਾਲ ਨਿਵਾਜਿਆ ਹੈ।

ਪੱਛਮੀ ਲੰਡਨ ਦੇ ਹਰਲਿੰਗਟਨ ਦੇ ਰਜਿੰਦਰ ਸਿੰਘ ਨੇ ਇਸ ਵਰ੍ਹੇ ਦੀ ਸ਼ੁਰੂਆਤ 'ਚ ਆਪਣੇ ਕੁਝ ਵੀਡੀਓ ਸੋਸ਼ਲ ਮੀਡੀਆ ਉਤੇ ਪਾਏ ਸਨ, ਜਿਨ੍ਹਾਂ ਵਿਚ ਉਹ ਕਸਰਤ ਕਰਦੇ ਵਿਖਾਈ ਦਿੰਦੇ ਹਨ। ਉਨ੍ਹਾਂ ਦੀ ਵੀਡੀਓ ਨੂੰ ਯੂ-ਟਿਊਬ ਉਤੇ 2,5,000 ਤੋਂ ਵੱਧ ਲੋਕਾਂ ਨੇ ਵੇਖਿਆ ਸੀ, ਜਿਸ ਰਾਹੀਂ ਲੋਕਾਂ ਨੂੰ ਤਾਲਾਬੰਦੀ 'ਚ ਚੁਸਤ-ਦਰੁਸਤ ਰਹਿਣ ਲਈ ਪ੍ਰੇਰਿਤ ਕੀਤਾ ਤੇ ਐਨ.ਐਚ.ਐਸ. ਨੂੰ ਦਾਨ ਦੇਣ ਲਈ 12,000 ਪਾਊਂਡ ਤੋਂ ਵੱਧ ਪੈਸੇ ਇਕੱਠੇ ਕੀਤੇ। ਪ੍ਰਧਾਨ ਮੰਤਰੀ ਜੌਨਸਨ ਨੇ ਇਸ ਹਫਤੇ ਰਜਿੰਦਰ ਸਿੰਘ ਨੂੰ ਭੇਜੇ ਇਕ ਨਿੱਜੀ ਪੱਤਰ 'ਚ ਲਿਖਿਆ,'ਤੁਹਾਡੇ 'ਸਕਿਪਿੰਗ ਸਿੱਖ' ਫਿਟਨੈੱਸ ਵੀਡੀਓ ਨੇ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਪ੍ਰੇਰਿਤ ਕੀਤਾ, ਜਿਨ੍ਹਾਂ ਇਹ ਵੀਡੀਓ ਆਨਲਾਈਨ ਵੇਖੇ ਤੇ ਤੁਹਾਡੇ ਨਾਲ ਰੋਜ਼ ਕਸਰਤ ਕੀਤੀ। ਤੁਸੀਂ ਗੁਰਦੁਆਰੇ ਬੰਦ ਹੋਣ ਦੌਰਾਨ ਵੀ ਸਿੱਖ ਸਮਾਜ ਨੂੰ ਇਕੱਠਾ ਕਰਨ ਤੇ ਉਨ੍ਹਾਂ ਵਿਚ ਊਰਜਾ ਸੰਚਾਰ ਕਰਨ ਲਈ ਬਿਹਤਰੀਨ ਤਰੀਕਾ ਲੱਭਿਆ। ਉਨ੍ਹਾਂ ਕਿਹਾ,'ਸਾਡੇ ਅਸਧਾਰਨ ਐਨ.ਐਚ.ਐਸ. ਨੂੰ ਤੁਸੀਂ ਜੋ ਸਹਿਯੋਗ ਦੇ ਰਹੇ ਹੋ ਤੇ ਤਾਲਾਬੰਦੀ ਵਿਚ ਰੱਸੀ ਕੁੱਦਣ ਦੀ ਚੁਣੌਤੀ ਰਾਹੀਂ ਤੁਸੀਂ ਦੇਸ਼ ਦੇ ਲੋਕਾਂ ਨੂੰ ਰੱਸੀ ਟੱਪਣ ਤੇ ਆਪਣਾ ਮਨੋਬਲ ਉੱਚਾ ਰੱਖਣ ਲਈ ਜਿਸ ਢੰਗ ਨਾਲ ਉਤਸ਼ਾਹਿਤ ਕਰ ਰਹੇ ਹੋ, ਉਸ ਲਈ ਮੈਂ ਨਿੱਜੀ ਤੌਰ 'ਤੇ ਤੁਹਾਡਾ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ।' ਪ੍ਰਧਾਨ ਮੰਤਰੀ 'ਪੁਆਇੰਟ ਆਫ ਲਾਈਟ ਪੁਰਸਕਾਰ' ਹਰ ਹਫਤੇ ਦੇ ਅਖੀਰ 'ਚ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ ਆਪਣੇ ਸਮਾਜ ਵਿਚ ਤਬਦੀਲੀ ਲਿਆ ਰਹੇ ਹਨ ਤੇ ਲੋਕਾਂ ਨੂੰ ਪ੍ਰੇਰਿਤ ਕਰ ਰਹੇ ਹਨ।

# ਲੇਖਕ ਜਸਵੀਰ ਸਿੰਘ ਉਭੀ ਦਾ ਸਨਮਾਨ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਦੇ ਸੀਨੀਅਰ ਮੈਂਬਰ ਪ੍ਰੋ. ਜਸਵੀਰ ਸਿੰਘ ਉਭੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਡੀਸ਼ਨਲ ਸੈਕਟਰੀ ਪਰਮਜੀਤ ਸਿੰਘ ਸਰੋਆ ਨੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਜਾਰੀ ਕੀਤੀ ਪੁਸਤਕ ਨਾਲ ਸਨਮਾਨ ਕੀਤਾ।



ਪ੍ਰੋ. ਉਭੀ ਕੋਵਿਡ-19 ਮਹਾਮਾਰੀ ਦੌਰਾਨ ਫਲਾਈਟਾਂ ਬੰਦ ਹੋਣ ਕਾਰਨ ਪੰਜਾਬ ਵਿਚ ਹਨ ਤੇ ਉਨ੍ਹਾਂ ਨੇ ਆਮ ਲੋਕਾਂ ਦੀ ਜ਼ਿੰਦਗੀ ਵਿਚ ਆਈ ਉਥਲ-ਪਥਲ ਨੂੰ ਨੇੜਿਉਂ ਦੇਖਿਆ। ਸ਼੍ਰੋਮਣੀ ਕਮੇਟੀ ਅਤੇ ਅਣਗਿਣਤ ਜਥੇਬੰਦੀਆਂ ਨੇ ਲੰਗਰ ਤੇ ਸੁੱਕੀ ਰਸਦ ਵਰਤਾ ਕੇ ਗਰੀਬਾਂ ਦੀ ਬਾਂਹ ਫੜੀ। ਪ੍ਰੋ. ਉਭੀ ਦੀ ਪਲੇਠੀ ਕਿਤਾਬ ਵੀ ਭਾਈ ਸਰੋਆ ਨੂੰ ਭੇਟ ਕੀਤੀ ਗਈ। ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ ਨੇ ਭਾਈ ਸਰੋਆ ਦਾ ਧੰਨਵਾਦ ਕਰਦਿਆਂ ਪ੍ਰੋ. ਉਭੀ ਨੂੰ ਵਧਾਈ ਦਿੱਤੀ ਹੈ।

## ਪੰਜਾਬ ਤੇ ਹਰਿਆਣਾ ਦੇ 106 ਜਣੇ ਡਿਪੋਰਟ

**ਜਲੰਧਰ:** ਗੈਰਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਣ ਦੀ ਮੁਹਿੰਮ ਤਹਿਤ ਪੰਜਾਬ ਤੇ ਹਰਿਆਣਾ ਨਾਲ ਸਬੰਧਤ 106 ਜਣਿਆਂ ਨੂੰ ਡਿਪੋਰਟ ਕਰ ਦਿੱਤਾ ਗਿਆ ਹੈ। ਇਹ ਕਈ ਸਾਲਾਂ ਤੋਂ ਗੈਰਕਾਨੂੰਨੀ ਢੰਗ ਨਾਲ ਉਥੇ ਰਹਿ ਰਹੇ ਸਨ। ਡਿਪੋਰਟ ਕੀਤੇ ਗਏ 106 ਭਾਰਤੀਆਂ ਵਿਚ 59 ਜਣੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਰਹਿਣ ਵਾਲੇ ਹਨ। ਦੋਆਬੇ ਨਾਲ ਸਬੰਧਤ 43 ਜਣੇ ਡਿਪੋਰਟ ਕੀਤੇ ਗਏ ਹਨ। ਇਨ੍ਹਾਂ ਨੂੰ ਲੈ ਕੇ ਇਕ ਉਡਾਣ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰੀ ਹੈ। ਡਿਪੋਰਟ ਹੋ ਕੇ ਆਉਣ ਵਾਲਿਆਂ ਵਿਚ 8 ਜਲੰਧਰ ਦੇ, 15 ਹੁਸ਼ਿਆਰਪੁਰ ਦੇ ਅਤੇ 11 ਜਣੇ ਕਪੂਰਥਲਾ ਦੇ ਹਨ। ਪਿਛਲੇ ਕਈ ਸਾਲਾਂ ਤੋਂ ਇਹ ਉਥੇ ਰਹਿ ਰਹੇ ਸਨ ਪਰ ਪੱਕੇ ਨਹੀਂ ਸਨ ਹੋ ਸਕੇ। ਜ਼ਿਕਰਯੋਗ ਹੈ ਕਿ ਅਮਰੀਕੀ ਸਦਰ ਡੋਨਲਡ ਟਰੰਪ ਨੇ ਗੈਰਕਾਨੂੰਨੀ ਪਰਵਾਸੀਆਂ ਨੂੰ ਪਰਤਾਉਣ ਦੀ ਮੁਹਿੰਮ ਚਲਾਈ ਹੋਈ ਹੈ।

# Matrimonials

## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24

## ਲੜਕੀ ਦੀ ਲੋੜ ਹੈ

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or billsinghtech@gmail.com 21-24

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

## ਲੜਕੀ ਦੀ ਲੋੜ ਹੈ

Wanted Suitable girl for US Citizen, Khatri Gursikh boy, 35 yrs, 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 27-30

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28

Gursikh (Sardar/Prajapat), 34 yrs, American born and raised boy, looking for life partner. Graduate from UC Berkeley, currently working in tech seeking educated, western raised family girl. Caste not important. Please contact, Ph: 925-360-0609 24-27

ਪੰਜਾਬ ਟਾਈਮਜ਼


Midway Business Broker







For All Your Commercial Real Estate Needs

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM
Ajeet Singh: 847-529-9778
Nick Verma: 630-664-1435



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਖੇਤੀ ਆਰਡੀਨੈਂਸ: ਬਾਦਲਾਂ ਵਲੋਂ ਮੋਦੀ ਸਰਕਾਰ ਖਿਲਾਫ ਖੜ੍ਹਨ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਬੁਲਾਈ ਸਰਬ ਪਾਰਟੀ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਧਿਰਾਂ ਨੇ ਖੇਤੀ ਜਿਣਸਾਂ ਦੇ ਮੁੱਦੇ 'ਤੇ ਜਾਰੀ ਕੇਂਦਰੀ ਆਰਡੀਨੈਂਸਾਂ ਖਿਲਾਫ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਮੀਟਿੰਗ ਦੌਰਾਨ ਇਸ



ਮਾਮਲੇ 'ਤੇ ਕਸੂਤਾ ਫਸਿਆ ਨਜ਼ਰ ਆਇਆ, ਜਿਸ ਨੇ ਸਿੱਧੇ ਤੌਰ ਉਤੇ ਕੇਂਦਰੀ ਆਰਡੀਨੈਂਸਾਂ ਦੀ ਸੁਰ 'ਚ ਸੁਰ ਮਿਲਾਈ। ਵੀਡੀਓ ਕਾਨਫਰੰਸ ਜ਼ਰੀਏ ਹੋਈ ਸਰਬ ਪਾਰਟੀ ਮੀਟਿੰਗ ਦੀ ਪ੍ਰਧਾਨਗੀ ਕੈਪਟਨ ਅਮਰਿੰਦਰ ਸਿੰਘ ਨੇ ਕੀਤੀ ਅਤੇ ਮੀਟਿੰਗ ਕਰੀਬ ਸਾਢੇ ਚਾਰ ਘੰਟੇ ਚੱਲੀ। ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਇਕ ਬੰਨ੍ਹੇ ਸੰਘੀ ਢਾਂਚੇ ਅਤੇ ਕਿਸਾਨਾਂ ਦੇ ਹਿੱਤਾਂ ਦੀ ਵਕਾਲਤ ਕਰ ਰਿਹਾ ਸੀ, ਦੂਸਰੇ ਪਾਸੇ ਕੇਂਦਰ ਵਲ ਵੀ ਮੱਠੀ ਸੁਰ ਰੱਖ ਰਿਹਾ ਸੀ। ਸੂਤਰਾਂ ਅਨੁਸਾਰ ਮੀਟਿੰਗ ਵਿਚ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦਰਮਿਆਨ ਨੋਕ-ਝੋਕ ਵੀ ਹੋਈ। ਇਸੇ ਦੌਰਾਨ 'ਆਪ' ਦੇ ਕਨਵੀਨਰ ਭਗਵੰਤ ਮਾਨ ਅਤੇ ਸੁਖਬੀਰ ਬਾਦਲ ਵੀ ਭਿੜੇ। ਅਖੀਰ ਲੰਮੀ ਚਰਚਾ ਮਗਰੋਂ ਕੇਂਦਰੀ ਆਰਡੀਨੈਂਸਾਂ ਨੂੰ ਕਿਸਾਨ ਵਿਰੋਧੀ ਦੱਸਦੇ ਹੋਏ ਮਤਾ ਪਾਸ ਕੀਤਾ ਗਿਆ ਜਿਸ 'ਤੇ ਅਕਾਲੀ ਤੇ ਭਾਜਪਾ ਤੋਂ ਬਿਨਾਂ ਸਭਨਾਂ ਧਿਰਾਂ ਨੇ ਮੋਹਰ ਲਗਾ ਦਿੱਤੀ।

ਮੁੱਖ ਮੰਤਰੀ ਨੇ ਮੀਟਿੰਗ ਮਗਰੋਂ ਜਾਰੀ ਬਿਆਨ ਵਿਚ ਕਿਹਾ ਕਿ ਕਿਸਾਨ ਵਿਰੋਧੀ ਆਰਡੀਨੈਂਸਾਂ ਬਾਰੇ ਭਾਜਪਾ ਨੂੰ ਛੱਡ ਕੇ ਪੰਜਾਬ ਦੀਆਂ ਪ੍ਰਮੁੱਖ ਰਾਜਸੀ ਧਿਰਾਂ ਨੇ ਮਤਾ ਪਾਸ ਕੀਤਾ ਹੈ ਕਿ ਲੋਕ ਹਿੱਤ ਵਿਚ ਕੇਂਦਰ ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਵਾਪਸ ਲਵੇ ਅਤੇ ਘੱਟੋ-ਘੱਟ ਸਮਰਥਨ ਮੁੱਲ ਨਾਲ ਛੇੜਛਾੜ ਨਾ ਕੀਤੀ ਜਾਵੇ। ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰੀ ਆਰਡੀਨੈਂਸਾਂ ਨੂੰ ਕਿਸਾਨਾਂ ਹਿਤਾਂ ਦੇ ਮੱਦੇਨਜ਼ਰ ਵਾਪਸ ਲੈਣ ਦੀ ਮੰਗ ਕੀਤੀ ਜਾਵੇਗੀ ਅਤੇ ਸਰਬ ਪਾਰਟੀ ਦਲ ਜਲਦੀ ਹੀ ਪ੍ਰਧਾਨ ਮੰਤਰੀ ਅਤੇ ਕੇਂਦਰੀ ਖੇਤੀ ਮੰਤਰੀ ਨੂੰ ਮਿਲੇਗਾ। ਮੀਟਿੰਗ ਦੌਰਾਨ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਪੱਸ਼ਟ ਕੀਤਾ ਕਿ ਇਹ ਆਰਡੀਨੈਂਸ ਕਿਸਾਨ ਵਿਰੋਧੀ ਨਹੀਂ ਹਨ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਦੇ ਹਨ। ਉਨ੍ਹਾਂ ਮਤੇ ਨੂੰ ਹਮਾਇਤ ਨਹੀਂ ਦਿੱਤੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਮੀਟਿੰਗ ਮਗਰੋਂ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਨੂੰ ਛੱਡ ਕੇ ਸਭਨਾਂ ਧਿਰਾਂ ਦਾ ਇਕ ਵਫਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇਗਾ ਅਤੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਉਠਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੁਬਿਧਾ ਵਿਚ ਫਸਿਆ ਹੋਇਆ ਸੀ ਕਿਉਂਕਿ ਇਕ ਪਾਸੇ ਕੁਰਸੀ ਸੀ ਅਤੇ ਦੂਜੇ ਪਾਸੇ ਕਿਸਾਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੋਵੇਂ ਬੇੜੀਆਂ ਵਿਚ ਪੈਰ ਰੱਖਣਾ ਚਾਹੁੰਦਾ ਸੀ ਅਤੇ ਇਸੇ ਕਸ਼ੀਦਗੀ ਵਿੱਚ ਮੀਟਿੰਗ ਲੰਮੀ ਚੱਲੀ।

ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਾਫ ਕਰ ਦਿੱਤਾ ਹੈ ਕਿ ਆਰਡੀਨੈਂਸ ਕਿਸਾਨ ਵਿਰੋਧੀ ਹਨ ਅਤੇ ਸੰਘੀ ਢਾਂਚੇ ਦਾ ਗਲਾ ਘੁੱਟਣ ਵਾਲੇ ਹਨ। ਸੂਬਿਆਂ ਦੇ ਅਧਿਕਾਰਾਂ ਵਿਚ ਦਖਲ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਲੋਕਾਂ ਦਾ ਵੀ ਡਰ ਹੈ ਅਤੇ ਕੁਰਸੀ ਨਾਲ ਵੀ ਪਿਆਰ ਹੈ। ਉਨ੍ਹਾਂ ਮੀਟਿੰਗ ਵਿਚ ਵੀਡੀਓ ਵੀ ਦਿਖਾਈ ਜਿਸ ਵਿਚ ਗਡਕਰੀ ਦਾ ਬਿਆਨ ਅਤੇ ਹੁਸ਼ਿਆਰਪੁਰ ਮੰਡੀ ਵਿਚ ਮਿੱਟੀ ਦੇ ਭਾਅ ਮੱਕੀ ਵੇਚਣ ਵਾਲੇ ਕਿਸਾਨ ਦੀ ਜ਼ਬਾਨੀ ਕਹਾਣੀ ਸੀ। ਜਾਖੜ ਨੇ ਕਿਹਾ ਕਿ ਮੀਟਿੰਗ ਵਿਚ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ ਵੀ ਉਠਾਈ ਗਈ ਅਤੇ ਕਾਨੂੰਨੀ ਮਸ਼ਵਰਾ ਲਏ ਜਾਣ ਦੀ ਗੱਲ ਵੀ ਚੱਲੀ। ਉਨ੍ਹਾਂ ਤੇਲ ਕੀਮਤਾਂ ਵਿਚ 12 ਫੀਸਦੀ ਵਾਧੇ ਦਾ ਮਾਮਲਾ ਵੀ ਉਠਾਇਆ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਸੁਖਬੀਰ ਬਾਦਲ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਕਈ ਵਾਰੀ ਮੌਕੇ ਆਉਂਦੇ ਹਨ ਕਿ ਪਾਰਟੀ ਦੀ ਥਾਂ ਲੋਕਾਂ ਨਾਲ ਖੜਨਾ ਪੈਂਦਾ ਹੈ। ਮੁੱਖ ਮੰਤਰੀ ਨੇ ਇਸ ਮੌਕੇ ਪਾਣੀਆਂ ਦੇ ਸਮਝੌਤੇ ਰੱਦ ਕਰਨ ਵਾਲੇ ਫੈਸਲੇ ਦਾ ਹਵਾਲਾ ਦਿੱਤਾ। ਮੁੱਖ ਮੰਤਰੀ ਨੇ ਅਕਾਲੀ ਦਲ ਨੂੰ ਕਿਹਾ ਕਿ ਇਸ ਪੜਾਅ ਉਤੇ ਜੋ ਲੋਕਾਂ ਨਾਲ ਖੜੂ, ਉਹੀ ਬਚੇਗਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਪੂਰੇ ਦਸਤਾਵੇਜ਼ਾਂ ਅਤੇ ਪਾਰਟੀ ਟੀਮ ਨਾਲ ਆਏ ਹੋਏ ਸਨ। ਸੁਖਬੀਰ ਨੇ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਕੇਂਦਰ ਤੋਂ ਸਾਰੇ ਨੁਕਤਿਆਂ ਬਾਰੇ ਲਿਖਤੀ ਸਪੱਸ਼ਟੀਕਰਨ ਮੰਗਿਆ ਜਾ ਸਕਦਾ ਹੈ। ਸਾਂਝਾ ਪੱਤਰ ਲਿਖ ਕੇ ਸਰਕਾਰੀ ਭਾਅ ਦੇ ਖਾਤਮੇ ਬਾਰੇ ਅਖੌਤੀ ਪ੍ਰਾਪੇਗੰਡੇ ਦੀ ਸਚਾਈ ਬਾਰੇ ਪੁੱਛਿਆ ਜਾ ਸਕਦਾ ਹੈ। ਅਜਿਹੇ ਸੁਆਲ ਪੁੱਛਣ ਵਾਲੇ ਕਿਸੇ ਵੀ ਦਸਤਾਵੇਜ਼ ਉਤੇ ਅਕਾਲੀ ਦਲ ਹਸਤਾਖਰ ਕਰਨ ਨੂੰ ਤਿਆਰ ਹੈ। ਸੰਸਦ ਵਿਚ ਵੀ ਇਨ੍ਹਾਂ ਆਰਡੀਨੈਂਸਾਂ ਤੇ ਚਰਚਾ ਕਰਨ ਲਈ ਤਿਆਰ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਪੰਜਾਬ ਵਿਚਲੇ ਸ਼ਰਾਬ, ਬੀਜ ਤੇ ਰਾਸ਼ਨ ਘੁਟਾਲੇ ਤੇ ਚਰਚਾ ਲਈ ਵੀ ਸਰਬ ਪਾਰਟੀ ਮੀਟਿੰਗ ਸੱਦਣ।

## ਆਰਡੀਨੈਂਸ ਵਿਰੋਧੀ ਵਫਦ ਦਾ ਹਿੱਸਾ ਨਹੀਂ ਬਣਾਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਾਫ ਆਖ ਦਿੱਤਾ ਹੈ ਕਿ ਅਕਾਲੀ ਦਲ ਸਿਰਫ ਆਰਡੀਨੈਂਸਾਂ ਦਾ ਵਿਰੋਧ ਕਰਨ ਲਈ ਕੇਂਦਰ ਸਰਕਾਰ ਨੂੰ ਮਿਲਣ ਵਾਲੇ ਵਫਦ ਦਾ ਹਿੱਸਾ ਨਹੀਂ ਬਣੇਗਾ। ਉਨ੍ਹਾਂ ਸਰਬ ਪਾਰਟੀ ਮੀਟਿੰਗ ਵਿਚ ਵੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਜੇ ਖੇਤੀ ਮੰਤਰੀ ਤੋਂ ਆਰਡੀਨੈਂਸਾਂ ਸਬੰਧੀ ਕੋਈ ਸਪਸ਼ਟੀਕਰਨ ਲੈਣਾ ਹੈ ਤਾਂ ਅਕਾਲੀ ਦਲ ਨਾਲ ਜਾਣ ਲਈ ਤਿਆਰ ਹੈ ਪਰ ਉਹ ਵਿਰੋਧ ਕਰਨ ਵਾਲੇ ਵਫਦ ਵਿਚ ਸ਼ਾਮਲ ਨਹੀਂ ਹੋਵੇਗਾ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸਰਬ ਪਾਰਟੀ ਮੀਟਿੰਗ ਦਾ ਝੂਠਾ ਤੇ ਗੁਮਰਾਹਕੁਨ ਬਿਆਨ ਜਾਰੀ ਕਰ ਕੇ ਕਿਸਾਨਾਂ ਨਾਲ ਧੋਖਾ ਕਰਨ ਦੇ ਦੋਸ਼ ਲਾਏ।

## ਸੁਖਬੀਰ ਨੇ ਅਪਨਾਈ ਦੋਗਲੀ ਨੀਤੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਬ ਪਾਰਟੀ ਮੀਟਿੰਗ ਵਿਚ ਖੇਤੀ ਆਰਡੀਨੈਂਸਾਂ 'ਤੇ ਪਾਸ ਕੀਤੇ ਮਤੇ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਸਥਿਤੀ ਸਪਸ਼ਟ ਕਰਨ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਦੋਗਲੀ ਨੀਤੀ ਅਪਣਾ ਰਿਹਾ ਹੈ। ਮੁੱਖ ਮੰਤਰੀ ਨੇ ਸੁਆਲ ਕੀਤਾ ਕਿ ਕੀ ਅਕਾਲੀ ਦਲ ਇਸ ਤੱਥ ਨਾਲ ਸਹਿਮਤ ਹੈ ਕਿ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ ਅਤੇ ਕੇਂਦਰ ਨੂੰ ਇਸ ਵਿਚ ਦਖਲ ਨਹੀਂ ਦੇਣਾ ਚਾਹੀਦਾ। ਸੁਖਬੀਰ ਬਾਦਲ ਨੇ ਮੀਟਿੰਗ ਦੇ ਚੋਣਵੇਂ ਵੀਡੀਓ ਕਲਿੱਪ ਜਾਰੀ ਕੀਤੇ ਸਨ, ਜਿਸ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ।

## ਬਾਦਲਾਂ ਨੂੰ ਕਿਸਾਨੀ ਨਾਲੋਂ ਕੁਰਸੀ ਪਿਆਰੀ: ਭਗਵੰਤ ਮਾਨ

**ਬਠਿੰਡਾ:** ਆਮ ਆਦਮੀ ਪਾਰਟੀ ਪੰਜਾਬ (ਆਪ) ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਬਾਦਲ ਪਰਿਵਾਰ ਨੂੰ ਤਿੱਖੇ ਸ਼ਬਦਾਂ ਨਾਲ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਕਿਸੇ ਸਮੇਂ ਸੰਘੀ ਢਾਂਚੇ ਦੇ ਮੁੱਦਈ ਰਹਿਣ ਵਾਲੇ ਅਕਾਲੀ ਦਲ ਨੂੰ ਬਾਦਲਾਂ ਨੇ ਹੁਣ ਕੇਂਦਰੀ ਵਜ਼ਾਰਤ ਵਿਚਲੀ ਇਕ ਕੁਰਸੀ ਤੱਕ ਸੀਮਤ ਕਰ ਦਿੱਤਾ ਹੈ। ਉਨ੍ਹਾਂ ਵਿਅੰਗ ਕੀਤਾ, 'ਹਰਸਿਮਰਤ ਦੀ ਕੁਰਸੀ ਬਚਾਉਣ ਲਈ, ਬਾਦਲ ਪਰਿਵਾਰ ਹਰ ਕੁਰਬਾਨੀ ਲਈ ਤਿਆਰ ਹੈ ਅਤੇ ਇਹ ਕੁਰਸੀ ਹੁਣ ਕਿਸਾਨੀ ਦੀ ਹਿੱਕ 'ਤੇ ਡਾਹੀ ਜਾਵੇਗੀ।'

## ਸੁਖਬੀਰ ਨੇ ਪਤਨੀ ਦੀ ਕੁਰਸੀ ਬਚਾਈ: ਢੀਂਡਸਾ

**ਸੰਗਰੂਰ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲਾਇਆ ਕਿ ਸੰਘੀ ਢਾਂਚੇ ਦਾ ਗਲਾ ਘੁੱਟਣ ਤੇ ਖੇਤੀ ਮੰਡੀਕਰਨ ਨੂੰ ਤਬਾਹ ਕਰਨ ਵਾਲੇ ਆਰਡੀਨੈਂਸਾਂ ਦੇ ਹੱਕ 'ਚ ਸਹਿਮਤੀ ਦੇ ਕੇ ਸੁਖਬੀਰ ਨੇ ਜਿਥੇ ਆਪਣੀ ਪਤਨੀ ਦੀ ਕੁਰਸੀ ਬਚਾਅ ਲਈ ਹੈ, ਉਥੇ ਸੰਘੀ ਢਾਂਚੇ ਅਤੇ ਕਿਸਾਨਾਂ ਦੇ ਹੱਕਾਂ ਦੀ ਕੁਰਬਾਨੀ ਦੇ ਦਿੱਤੀ ਹੈ।

# ਮੋਦੀ ਸਰਕਾਰ ਦੀਆਂ ਨੀਤੀਆਂ ਖਿਲਾਫ ਰੋਹ ਭਖਿਆ, ਪੁਤਲੇ ਸਾੜੇ

**ਚੰਡੀਗੜ੍ਹ:** ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਗੰਭੀਰ ਨੋਟਿਸ ਲੈਂਦਿਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਕੇਂਦਰ ਦੀ ਭਾਜਪਾ ਸਰਕਾਰ 'ਚ ਭਾਈਵਾਲ ਅਕਾਲੀ ਨੇਤਾਵਾਂ ਦੇ ਘਰਾਂ ਤੇ ਦਫਤਰਾਂ ਅੱਗੇ ਮੋਦੀ ਸਰਕਾਰ ਦੇ ਪੁਤਲੇ ਤੇ ਕਿਸਾਨ ਵਿਰੋਧੀ ਆਰਡੀਨੈਂਸਾਂ ਦੀਆਂ ਕਾਪੀਆਂ ਸਾੜੀਆਂ।

ਇਸੇ ਤਰ੍ਹਾਂ ਪੈਟਰੋਲ ਤੇ ਡੀਜ਼ਲ ਦੀਆਂ ਨਿੱਤ ਵਧ ਰਹੀਆਂ ਕੀਮਤਾਂ ਦੇ ਰੋਸ ਵਜੋਂ ਕਾਂਗਰਸ ਵਲੋਂ ਵੱਖ-ਵੱਖ ਥਾਵਾਂ ਉਤੇ ਕੇਂਦਰ ਸਰਕਾਰ ਖਿਲਾਫ ਰੋਸ ਦਿਖਾਵੇ ਕੀਤੇ ਗਏ। ਕਈ ਥਾਵਾਂ 'ਤੇ ਪੁਤਲੇ ਸਾੜੇ ਗਏ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਵੀ ਦਿੱਤੇ ਗਏ। ਕਾਂਗਰਸੀ ਆਗੂਆਂ ਨੇ ਕਰੋਨਾ ਵਾਇਰਸ ਸੰਕਟ ਕਾਰਨ ਪਹਿਲਾਂ ਹੀ ਵਿੱਤੀ ਤੌਰ 'ਤੇ ਤੰਗ ਲੋਕਾਂ ਦਾ ਬੋਝ ਘਟਾਉਣ ਲਈ ਟੈਕਸਾਂ 'ਤੇ ਕੱਟ ਲਾਉਣ ਲਈ ਆਖਿਆ। ਆਗੂਆਂ ਨੇ ਕਿਹਾ ਕਿ ਸਰਕਾਰ ਨੇ 2014 ਤੋਂ ਹੁਣ ਤੱਕ 18 ਲੱਖ ਕਰੋੜ ਰੁਪਏ ਵਾਧੂ ਕਮਾਏ ਹਨ ਜਦਕਿ ਦੁਨੀਆਂ ਭਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਹੇਠਾਂ ਆਈਆਂ ਹਨ। ਕੌਮੀ ਰਾਜਧਾਨੀ ਅਤੇ ਹੋਰ ਵੱਡੇ ਸ਼ਹਿਰਾਂ ਵਿਚ ਤੇਲ ਕੀਮਤਾਂ 80 ਰੁਪਏ ਪ੍ਰਤੀ ਲਿਟਰ ਪਾਰ ਕਰ ਗਈਆਂ ਹਨ।

ਕਾਂਗਰਸ ਵਰਕਰਾਂ ਨੇ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਵਿਚ ਬੈਲ-ਗੱਡੀਆਂ, ਸਾਈਕਲਾਂ ਅਤੇ ਹੋਰ ਸਾਧਨਾਂ ਰਾਹੀਂ ਸਰਕਾਰ ਖਿਲਾਫ ਮੁਜ਼ਾਹਰੇ ਕੀਤੇ।

ਮੈਡੀਕਲ ਸਿੱਖਿਆ ਮੰਤਰੀ ਓਪੀ ਸੋਨੀ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਤੇ ਹੋਰ ਆਗੂਆਂ ਦੀ ਅਗਵਾਈ ਹੇਠ ਡੀ.ਸੀ. ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਰੋਸ ਧਰਨਿਆਂ ਵਿਚ ਕਾਂਗਰਸੀ ਵਿਧਾਇਕ ਵੀ ਸ਼ਾਮਲ ਹੋਏ। ਇਸ ਦੌਰਾਨ ਮੰਤਰੀ ਓਪੀ ਸੋਨੀ ਨੇ ਆਖਿਆ ਕਿ ਮੋਦੀ ਸਰਕਾਰ ਨੇ ਚੰਗੇ ਦਿਨਾਂ ਦੇ ਲਾਰੇ ਲਾਏ ਸਨ ਪਰ ਅੱਜ ਤੇਲ ਕੀਮਤਾਂ ਵਿਚ ਵਾਧੇ ਕਾਰਨ ਹਰ ਵਰਗ ਉਤੇ ਵਾਧੂ ਬੋਝ ਪਿਆ ਹੈ। ਕੌਮਾਂਤਰੀ ਮੰਡੀ ਵਿਚ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਦੇਸ਼ ਵਿਚ ਤੇਲ ਕੀਮਤਾਂ ਪਿਛਲੇ 20 ਦਿਨਾਂ ਤੋਂ ਲਗਾਤਾਰ ਵਧ ਰਹੀਆਂ ਹਨ। ਕਾਂਗਰਸ ਦਿਹਾਤੀ ਦੇ ਦਫਤਰ ਵਿਚ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਤੇਲ ਕੀਮਤਾਂ ਵਿਚ ਨਿਰੰਤਰ ਵਾਧੇ ਨਾਲ ਮਹਿੰਗਾਈ ਵਿਚ ਵਾਧਾ ਹੋਵੇਗਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਨਵਾਂਸ਼ਹਿਰ ਵਿਚ ਆਖਿਆ ਕਿ 'ਜੈ ਜਵਾਨ ਤੇ ਜੈ ਕਿਸਾਨ' ਨੂੰ ਨੁੱਕਰੇ ਲਾ ਕੇ ਮੋਦੀ ਸਰਕਾਰ-ਸ਼ਾਹੂਕਾਰਾਂ ਦੀ, ਸ਼ਾਹੂਕਾਰਾਂ ਲਈ ਅਤੇ ਸ਼ਾਹੂਕਾਰਾਂ ਦੁਆਰਾ ਬਣੀ ਸਰਕਾਰ ਸਾਬਿਤ ਹੋਈ ਹੈ। ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦੇ ਵਿਰੋਧ 'ਚ ਵਿਧਾਇਕ ਅੰਗਦ ਸਿੰਘ ਤੇ ਚੌਧਰੀ ਦਰਸ਼ਨ ਲਾਲ ਮੰਗੂਪੁਰ, ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਬੀਰ ਸਿੰਘ ਪੱਲੀ ਝਿੱਕੀ ਤੇ ਹੋਰ ਰੱਸੇ ਨਾਲ ਟਰੈਕਟਰ ਖਿੱਚ ਕੇ ਲਿਆਏ। ਇਸ ਮੌਕੇ ਸ੍ਰੀ ਜਾਖੜ ਨੇ ਕਿਹਾ ਕਿ ਭਾਜਪਾ ਨੇ ਸ਼ਾਹੂਕਾਰਾਂ ਦੇ ਢਿੱਡ ਭਰਨ ਲਈ ਕਿਸਾਨੀ ਤੇ ਆਮ ਲੋਕ ਦਾਅ 'ਤੇ ਲਾ ਦਿੱਤੇ ਹਨ। ਉਨ੍ਹਾਂ ਨੇ ਡੀ.ਸੀ. ਡਾ. ਸ਼ੇਨਾ ਅਗਰਵਾਲ ਨੂੰ ਸਰਕਾਰ ਦੇ ਨਾਂ ਮੰਗ ਪੱਤਰ ਸੌਂਪ ਕੇ ਬਿੱਲ ਤੇ ਤੇਲ ਭਾਅ ਘੱਟ ਕਰਨ ਦੀ ਮੰਗੀ ਕੀਤੀ।

ਕਾਂਗਰਸ ਵੱਲੋਂ ਰੋਸ ਪ੍ਰਦਰਸ਼ਨਾਂ ਦੇ ਦੇਸ਼ ਵਿਆਪੀ ਸੱਦੇ ਦੇ ਮੱਦੇਨਜ਼ਰ ਜਲੰਧਰ ਵਿਚ ਵੀ ਕਾਂਗਰਸੀਆਂ ਨੇ ਪ੍ਰਦਰਸ਼ਨ ਕੀਤਾ। ਕਾਂਗਰਸੀ ਆਗੂਆਂ ਨੇ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਆਗੂਆਂ ਨੇ ਕੋਈ ਭਾਸ਼ਣਬਾਜ਼ੀ ਨਹੀਂ ਕੀਤੀ ਸਗੋਂ ਮਾਸਕ ਬੰਨ੍ਹ ਕੇ ਦੋ ਘੰਟੇ ਰੋਸ ਪ੍ਰਗਟਾਉਂਦੇ ਰਹੇ। ਕਾਂਗਰਸੀ ਆਗੂਆਂ ਨੇ ਟੀਵੀ ਚੈਨਲਾਂ ਅੱਗੇ ਹੀ ਆਪਣੀ ਗੱਲ ਕੀਤੀ।

ਤੇਲ ਕੀਮਤਾਂ ਅਤੇ ਖੇਤੀ ਆਰਡੀਨੈਂਸਾਂ ਖਿਲਾਫ ਮੁਜ਼ਾਹਰੇ



## ਅਕਾਲੀ ਦਲ ਵਲੋਂ ਵੀ ਭਾਈਵਾਲਾਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਦਲ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਹੋ ਰਹੇ ਲਗਾਤਾਰ ਵਾਧੇ ਖਿਲਾਫ ਤੇ ਪੰਜਾਬ ਸਰਕਾਰ ਵੱਲੋਂ ਗਰੀਬਾਂ ਦੇ ਨੀਲੇ ਕਾਰਡ ਕੱਟਣ ਖਿਲਾਫ ਪੰਜਾਬ ਭਰ ਵਿਚ 7 ਜੁਲਾਈ ਨੂੰ ਸਵੇਰੇ 10 ਵਜੇ ਤੋਂ 11 ਵਜੇ ਤੱਕ ਮੁਜ਼ਾਹਰੇ ਕੀਤੇ ਜਾਣਗੇ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਮੁਜ਼ਾਹਰਿਆਂ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਤੇਲ ਕੀਮਤਾਂ ਉੱਪਰ ਟੈਕਸ ਵਾਪਸ ਲੈਣ ਲਈ ਕਿਹਾ ਜਾਵੇਗਾ।

## ਮੁਨਾਫਾ ਕਮਾਉਣਾ ਬੰਦ ਕਰੋ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸਰਕਾਰ ਨੂੰ ਤੇਲ ਕੀਮਤਾਂ ਵਿਚ ਕੀਤੇ ਵਾਧੇ ਤੋਂ ਮੁਨਾਫਾ ਕਮਾਉਣਾ ਬੰਦ ਕਰਨ ਲਈ ਆਖਦਿਆਂ ਇਹ ਵਾਧਾ ਵਾਪਸ ਲਏ ਜਾਣ ਦੀ ਮੰਗ ਕੀਤੀ। ਰਾਹੁਲ ਨੇ ਕਿਹਾ, ''ਡੀਜ਼ਲ ਅਤੇ ਪੈਟਰੋਲ ਕੀਮਤਾਂ ਵਿਚ ਵਾਧੇ ਦਾ ਦੂਹਰਾ ਅਸਰ ਹੁੰਦਾ ਹੈ। ਪਹਿਲਾਂ, ਇਸ ਦੀ ਸਿੱਧੀ ਅਦਾਇਗੀ ਹੁੰਦੀ ਹੈ ਅਤੇ ਦੂਜਾ ਇਸ ਨਾਲ ਜ਼ਰੂਰੀ ਵਸਤਾਂ ਸਣੇ ਖਪਤਕਾਰਾਂ ਦੀ ਵਰਤੋਂ ਵਾਲੇ ਉਤਪਾਦਾਂ ਦੇ ਭਾਅ ਵਧਦੇ ਹਨ।'' ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਨੇ ਵੱਡੇ ਲੋਕਾਂ ਦੇ ਕਰਜ਼ੇ ਮੁਆਫ ਕਰ ਦਿੱਤੇ ਹਨ ਅਤੇ ਦੂਜੇ ਪਾਸੇ ਇਹ ਗਰੀਬਾਂ ਅਤੇ ਕਿਸਾਨਾਂ 'ਤੇ ਵਾਧੂ ਬੋਝ ਪਾ ਕੇ ਤੇਲ ਕੀਮਤਾਂ ਤੋਂ ਮੁਨਾਫਾ ਕਮਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਅਸਲਾ ਰੱਖਣ ਦੇ ਸ਼ੌਕੀਨਾਂ ਨੂੰ ਝਟਕਾ

**ਚੰਡੀਗੜ੍ਹ**: ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਹਥਿਆਰਾਂ ਬਾਰੇ ਜਾਰੀ ਨਵੀਆਂ ਹਦਾਇਤਾਂ ਅਤੇ ਸੋਧ ਦੇ ਤਹਿਤ ਕਈ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਨਵੇਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਣ ਲਾਇਸੈਂਸ ਧਾਰਕ ਨੂੰ 3 ਦੀ ਬਜਾਏ ਹੁਣ 2 ਹਥਿਆਰ ਰੱਖਣ ਦੀ ਆਗਿਆ ਹੋਵੇਗੀ।

ਸਰਕਾਰ ਦੀਆਂ ਹਦਾਇਤਾਂ ਮਗਰੋਂ ਸੋਧੇ ਗਏ ਐਕਟ ਦੇ ਅਨੁਸਾਰ ਜਿਹੜੇ ਲਾਇਸੈਂਸ ਧਾਰਕ ਕੋਲ 2 ਤੋਂ ਜ਼ਿਆਦਾ ਹਥਿਆਰ ਹਨ, ਉਸ ਨੂੰ 31 ਦਸੰਬਰ 2020 ਤੱਕ ਦੋ ਤੋਂ ਵੱਧ ਬਾਕੀ ਹਥਿਆਰ ਜਮ੍ਹਾਂ ਕਰਾਉਣੇ ਪੈਣਗੇ। ਇਸ ਸਬੰਧੀ ਪੰਜਾਬ ਪੁਲਿਸ ਹੈੱਡਕੁਆਟਰ ਤੋਂ ਜਾਰੀ ਸਰਕੂਲਰ ਅਨੁਸਾਰ ਆਰਮਜ਼ ਐਕਟ 2019 ਦੀ ਨੋਟੀਫਿਕੇਸ਼ਨ 13 ਦਸੰਬਰ 2019 ਨੂੰ ਲਾਗੂ ਕੀਤੀ ਗਈ ਅਤੇ ਸੋਧ 14-12-2019 ਤੋਂ ਲਾਗੂ ਹੋ ਗਈਆਂ ਹਨ।

ਸਰਕੂਲਰ ਅਨੁਸਾਰ ਆਰਮਜ਼ ਐਕਟ 1959 ਦੇ ਸੈਕਸ਼ਨ 3(2) ਅਨੁਸਾਰ ਇਕ ਵਿਅਕਤੀ ਵੱਧ ਤੋਂ ਵੱਧ 3 ਹਥਿਆਰ ਰੱਖ ਸਕਦਾ ਸੀ। ਸੈਕਸ਼ਨ 3 ਦੇ ਅਧੀਨ ਜਾਰੀ ਕੀਤੇ ਅਸਲਾ ਲਾਇਸੈਂਸ ਦੀ ਮਿਆਦ ਜੋ ਕਿ ਮੌਜੂਦਾ ਸਮੇਂ 3 ਸਾਲ ਦੀ ਸੀ, ਉਸ ਨੂੰ ਵਧਾ ਕੇ 5 ਸਾਲ ਕਰ ਦਿੱਤੀ ਗਈ ਹੈ। ਨਵੇਂ ਲਾਇਸੈਂਸ ਅਤੇ ਨਵੀਨੀਕਰਨ ਦੀ ਮਿਆਦ ਹੁਣ 5 ਸਾਲ ਹੋਵੇਗੀ ਅਤੇ ਲਾਇਸੈਂਸੀ ਨੂੰ ਆਪਣਾ ਲਾਇਸੈਂਸ ਅਤੇ ਉਸ ਉਪਰ ਦਰਜ ਹਥਿਆਰ ਅਤੇ ਕਾਰਤੂਸ, ਲਾਇਸੰਸਿੰਗ ਅਥਾਰਿਟੀ ਦੇ ਸਨਮੁਖ ਤਸਦੀਕ ਕਰਨ ਲਈ ਪੇਸ਼ ਕਰਨੇ ਹੋਣਗੇ। ਜਾਰੀ ਸਰਕੁਲਰ ਅਨੁਸਾਰ ਨਵੀਆਂ ਸਜ਼ਾਵਾਂ ਵਿਚ ਸੈਕਸ਼ਨ 25 (1ਏ,ਬੀ) ਤਹਿਤ ਜੇਕਰ ਕੋਈ ਵਿਅਕਤੀ ਕਿਸੇ ਪੁਲਿਸ ਜਾਂ ਫੌਜ ਦੇ ਮੁਲਾਜ਼ਮ ਤੋਂ ਹਥਿਆਰ ਖੋਂਹਦਾ ਹੈ ਤਾਂ ਉਸ ਨੂੰ 10 ਸਾਲ ਦੀ ਸਜ਼ਾ ਹੋ ਸਕਦੀ ਹੈ ਜੋ ਉਮਰ ਕੈਦ ਤੱਕ ਵਧਾਈ ਜਾ ਸਕਦੀ ਹੈ।

# ਬਠਿੰਡਾ ਥਰਮਲ ਪਲਾਂਟ ਦੀ ਜ਼ਮੀਨ ਵੇਚਣ ਖਿਲਾਫ ਰੋਹ ਅਤੇ ਰੋਸ ਭਖਿਆ



**ਬਠਿੰਡਾ:** ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀ ਜ਼ਮੀਨ ਵੇਚਣ ਦੇ ਮੁੱਦੇ 'ਤੇ ਪੰਜਾਬ ਵਿਚ ਰੋਹ ਭਖ ਗਿਆ ਹੈ। ਵਿਰੋਧੀ ਧਿਰਾਂ ਤੋਂ ਇਲਾਵਾ ਮੁਲਾਜ਼ਮ ਜਥੇਬੰਦੀਆਂ ਵੀ ਸਰਕਾਰ ਖਿਲਾਫ ਸੰਘਰਸ਼ ਲਈ ਨਿੱਤਰ ਆਈਆਂ ਹਨ। ਇਸ ਮੁੱਦੇ ਉਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਵਿੱਤ ਮੰਤਰੀ ਮਨਪ੍ਰੀਤ ਬਾਦਲ ਦਾ ਦਫਤਰ ਘੇਰਨ ਦੀ ਕੋਸ਼ਿਸ਼ ਦੌਰਾਨ ਪੁਲਿਸ ਨਾਲ ਝੜਪ ਵੀ ਹੋ ਗਈ।

ਸਾਬਕਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਤੇ ਰੁਪਿੰਦਰ ਕੌਰ ਰੂਬੀ ਨੇ ਆਖਿਆ ਕਿ ਬਠਿੰਡਾ ਥਰਮਲ ਨੂੰ ਬੰਦ ਕਰਨ ਦੀ ਤਜਵੀਜ਼ ਅਕਾਲੀ-ਭਾਜਪਾ ਹਕੂਮਤ ਨੇ ਉਦੋਂ ਹੀ ਤਿਆਰ ਕਰ ਲਈ ਸੀ, ਜਦੋਂ ਉਸ ਨੇ ਪ੍ਰਾਈਵੇਟ ਥਰਮਲ ਕੰਪਨੀਆਂ ਅਤੇ ਭੂ-ਮਾਫ਼ੀਆ ਨਾਲ 'ਸਾਂਝ' ਪਾ ਕੇ ਨਿੱਜੀ ਥਰਮਲਾਂ ਦੀ ਉਸਾਰੀ ਦੇ ਫੈਸਲੇ ਕੀਤੇ ਸਨ। ਬੁਲਾਰਿਆਂ ਆਖਿਆ ਕਿ ਬਾਦਲ ਸਰਕਾਰ ਨੇ ਬਠਿੰਡੇ ਦੀ ਜੇਲ੍ਹ ਤੇ ਹਸਪਤਾਲ ਵਾਲੀ ਜਗ੍ਹਾ ਵੇਚੀ ਸੀ, ਹੁਣ ਕੈਪਟਨ ਸਰਕਾਰ ਨੇ ਥਰਮਲ ਦੀ ਜਗ੍ਹਾ ਵੇਚਣ ਲਈ ਹਰੀ ਝੰਡੀ ਦਿੱਤੀ ਹੈ।

ਉਨ੍ਹਾਂ ਆਖਿਆ ਕਿ ਥਰਮਲ ਚਾਲੂ ਰੱਖਣ ਦੇ ਵਾਅਦੇ ਨਾਲ ਬਠਿੰਡਾ ਤੋਂ ਜਿੱਤ ਕੇ ਵਿੱਤ ਮੰਤਰੀ ਬਣੇ ਮਨਪ੍ਰੀਤ ਸਿੰਘ ਬਾਦਲ ਹੁਣ ਸ਼ਹਿਰ ਦੀ ਵਿਰਾਸਤ ਨੂੰ ਖਤਮ ਕਰਨ ਦੇ ਕਸੂਰਵਾਰ ਬਣਨਗੇ। ਉਨ੍ਹਾਂ ਕਿਹਾ ਕਿ ਥਰਮਲ ਨਾਲ ਹਜ਼ਾਰਾਂ ਲੋਕਾਂ ਦਾ ਰੁਜ਼ਗਾਰ ਅਤੇ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਦੋਸ਼ ਲਾਏ ਕਿ ਤਰ੍ਹਾਂ-ਤਰ੍ਹਾਂ ਦਾ ਮਾਫੀਆ ਜੋ ਅਕਾਲੀ-ਭਾਜਪਾ ਸਰਕਾਰ ਸਮੇਂ ਸਰਗਰਮ ਸੀ, ਉਸ ਦੀ ਪੁਸ਼ਤਪਨਾਹੀ ਮੌਜੂਦਾ ਸਰਕਾਰ ਕਰ ਰਹੀ ਹੈ। ਨਵੀਨੀਕਰਨ ਦੇ ਨਾਂ 'ਤੇ ਚੰਦ ਸਾਲ ਪਹਿਲਾਂ ਕਰੋੜਾਂ ਰੁਪਏ ਖਰਚ ਕੇ 25 ਸਾਲ ਥਰਮਲ ਦੀ ਉਮਰ ਵਧਣ ਦਾ ਜੋ ਪ੍ਰਚਾਰ ਕੀਤਾ ਗਿਆ, ਦਰਅਸਲ ਉਹ 'ਦਲਾਲੀ' ਖਾਣ ਦਾ ਬਹਾਨਾ ਸੀ। ਆਗੂਆਂ ਨੇ 1969 'ਚ ਥਰਮਲ ਲਈ ਜ਼ਮੀਨ ਦੇਣ ਵਾਲੇ ਕਿਸਾਨਾਂ ਅਤੇ ਬਿਜਲੀ ਕਾਮਿਆਂ ਨੂੰ ਪੰਜਾਬ ਸਰਕਾਰ ਖਿਲਾਫ ਸੰਘਰਸ਼ ਮਘਾਉਣ ਦਾ ਸੱਦਾ ਦਿੱਤਾ।

ਆਗੂਆਂ ਨੇ ਕਿਹਾ ਕਿ ਆਗਾਮੀ ਚੋਣਾਂ 'ਚ ਪੰਜਾਬ ਅੰਦਰ 'ਆਪ' ਦੀ ਸਰਕਾਰ ਬਣਨ ਉਤੇ ਅਜਿਹੇ ਸਾਰੇ ਮਾਮਲਿਆਂ ਦੀ ਜਾਂਚ ਲਈ ਸਪੈਸ਼ਲ ਜੁਡੀਸ਼ਲ ਜਾਂਚ ਕਮਿਸ਼ਨ ਦਾ ਗਠਨ ਕਰ ਕੇ, ਕਸੂਰਵਾਰਾਂ ਨੂੰ ਕਾਨੂੰਨੀ ਕਟਹਿਰੇ 'ਚ ਖੜ੍ਹਾ ਕੀਤਾ ਜਾਵੇਗਾ।

## ਬਿਜਲੀ ਕਾਮਿਆਂ ਵਲੋਂ ਅਰਥੀ ਫੂਕ ਮੁਜਾਹਰੇ

**ਪਟਿਆਲਾ:** ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਐਂਪਲਾਈਜ਼ ਫੈਡਰੇਸ਼ਨ ਏਟਕ, ਐਂਪਲਾਈਜ਼ ਫੈਡਰੇਸ਼ਨ ਚਾਹਲ, ਆਈ.ਟੀ.ਆਈ. ਐਸੋਸੀਏਟ ਤੇ ਐਂਪਲਾਈਜ਼ ਫੈਡਰੇਸ਼ਨ ਪਾਵਰਕੌਮ ਤੇ ਟਰਾਂਸਕੋ ਦੇ ਸਾਂਝੇ ਸੱਦੇ 'ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਵੱਲੋਂ ਬਠਿੰਡਾ ਥਰਮਲ ਨੂੰ ਕੌਡੀਆਂ ਦੇ ਭਾਅ ਵੇਚਣ, ਬਿਜਲੀ ਮੁਲਾਜ਼ਮਾਂ ਦੀ ਸੁਰੱਖਿਆ ਯਕੀਨੀ ਬਣਾਉਣ, ਤੇਲ ਕੀਮਤਾਂ ਵਿਚ ਵਾਧਾ ਅਤੇ ਮੰਨੀਆਂ ਮੰਗਾਂ ਲਾਗੂ ਕਰਾਉਣ ਲਈ ਬਿਜਲੀ ਨਿਗਮ ਦੀਆਂ ਸਾਰੀਆਂ ਸਬ ਡਿਵੀਜ਼ਨਾਂ/ ਡਿਵੀਜ਼ਨਾਂ ਉਤੇ ਸਰਕਾਰ ਖਿਲਾਫ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਮੁਲਾਜ਼ਮਾਂ ਨੇ ਕੇਂਦਰੀ ਬਿਜਲੀ ਸੋਧ ਬਿੱਲ ਦਾ ਵਿਰੋਧ ਕਰਨ ਦਾ ਵੀ ਫੈਸਲਾ ਕੀਤਾ ਹੈ।

## ਥਰਮਲ ਪਲਾਂਟ ਨਹੀਂ ਤੋੜਨ ਦੇਵਾਂਗੇ: ਅਕਾਲੀ ਦਲ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਸਰਕਾਰ ਵੱਲੋਂ ਬਠਿੰਡਾ ਦੇ ਗੁਰੂ ਨਾਨਕ ਦੇਵ ਥਰਮਲ ਪਲਾਂਟ ਨੂੰ ਤੋੜ ਕੇ ਉਸ ਦੀ ਜਗ੍ਹਾ ਪੁੱਡਾ ਰਾਹੀਂ ਨਿਲਾਮ ਕੀਤੇ ਜਾਣ ਸਬੰਧੀ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨੂੰ ਕਿਸੇ ਵੀ ਕੀਮਤ 'ਤੇ ਬੰਦ ਨਹੀਂ ਹੋਣ ਦਿੱਤਾ ਜਾਵੇਗਾ। ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ, ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ, ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਨਕਈ ਆਦਿ ਨੇ ਕਿਹਾ ਕਿ ਕਾਂਗਰਸ ਪਾਰਟੀ ਚੋਣ ਮੈਨੀਫੈਸਟੋ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਠਿੰਡਾ ਥਰਮਲ ਪਲਾਂਟ ਨੂੰ ਚਾਲੂ ਰੱਖਣ ਦੇ ਵਾਅਦੇ ਤੋਂ ਮੁੱਕਰ ਰਹੇ ਹਨ।

# ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘਟਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘੱਟ ਹੋਣ ਦਾ ਦੋਸ਼ ਲਾਉਂਦਿਆਂ ਸੰਸਥਾ ਦੀ ਕਾਰਗੁਜ਼ਾਰੀ ਉਤੇ ਸਵਾਲੀਆ ਚਿੰਨ੍ਹ ਲਾਇਆ ਹੈ। ਇਸ ਸਬੰਧੀ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਇਸ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਸੰਗਠਨ ਦੇ ਮੁਖੀ ਜਸਟਿਸ ਅਜੀਤ ਸਿੰਘ ਬੈਂਸ (ਸੇਵਾਮੁਕਤ) ਦੇ ਹਵਾਲੇ ਨਾਲ ਪੰਜਾਬ ਸਰਕਾਰ ਨੂੰ ਭੇਜੇ ਇਸ ਪੱਤਰ ਵਿਚ ਸੰਗਠਨ ਦੇ ਮੁੱਖ ਜਾਂਚ ਕਰਤਾ ਸਰਬਜੀਤ ਸਿੰਘ ਵੇਰਕਾ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘੱਟ ਹਨ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਇਨ੍ਹਾਂ ਵਿਚੋਂ ਕਈ ਸਰੂਪ 18-19 ਮਈ 2016 ਦੀ ਦਰਮਿਆਨੀ ਰਾਤ ਨੂੰ ਗੁਰਦੁਆਰਾ ਸ੍ਰੀ ਰਾਮਸਰ ਵਿਖੇ ਬਣੇ ਭਵਨ ਵਿਚ ਅੱਗ ਲੱਗਣ ਨਾਲ ਅਗਨ ਭੇਟ ਹੋ ਗਏ ਸਨ। ਇਸ ਮਾਮਲੇ ਨੂੰ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਕਾਰਨ ਦਬਾ ਲਿਆ ਗਿਆ ਅਤੇ ਇਹ ਮਾਮਲਾ ਹੁਣ ਸਾਹਮਣੇ ਆਇਆ, ਜਦੋਂ ਸਬੰਧਤ ਵਿਭਾਗ ਦਾ ਇਕ ਕਰਮਚਾਰੀ ਸੇਵਾ ਮੁਕਤ ਹੋਇਆ ਤੇ ਉਸ ਨੇ ਕਾਰਜਭਾਰ ਹੋਰ ਕਰਮਚਾਰੀ ਨੂੰ ਸੌਂਪਿਆ।ਉਨ੍ਹਾਂ ਦੱਸਿਆ ਕਿ ਸੰਗਠਨ ਨੇ ਇਸ ਮਾਮਲੇ ਦੀ ਪੜਤਾਲ ਕੀਤੀ ਅਤੇ ਇਹ ਸਾਹਮਣੇ ਆਇਆ ਹੈ ਕਿ ਅੱਗ ਨਾਲ ਪਾਵਨ ਸਰੂਪ ਅਗਨ ਭੇਟ ਹੋਏ ਸਨ। ਇਸੇ ਤਰ੍ਹਾਂ ਕਈ ਸਰੂਪ ਪਾਣੀ ਦੀ ਵਾਛੜ ਨਾਲ ਵੀ ਨੁਕਸਾਨੇ ਗਏ ਸਨ ਜਿਨ੍ਹਾਂ ਦਾ ਬਾਅਦ ਵਿਚ ਗੋਇੰਦਵਾਲ ਵਿਖੇ ਸਸਕਾਰ ਕਰ ਦਿੱਤਾ ਗਿਆ ਪਰ ਕੋਈ ਰਿਕਾਰਡ ਨਹੀਂ ਰੱਖਿਆ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਸਿਆਸੀ ਮੁਫਾਦਾਂ ਕਾਰਨ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਦੀ ਕਾਰਵਾਈ ਨੂੰ ਦਬਾਉਣਾ ਘੋਰ ਪਾਪ ਹੈ। ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਮਹਿਤਾ ਨੇ ਆਖਿਆ ਕਿ ਅੱਗ ਤੇ ਪਾਣੀ ਨਾਲ ਨੁਕਸਾਨੇ ਪਾਵਨ ਸਰੂਪਾਂ ਬਾਰੇ ਗਲਤ ਅੰਕੜੇ ਦਿੱਤੇ ਜਾ ਰਹੇ ਹਨ। ਉਸ ਵੇਲੇ ਇਸ ਘਟਨਾ ਦੀ ਜਾਂਚ ਕਰਵਾਈ ਗਈ ਸੀ ਅਤੇ ਭਵਿੱਖ ਲਈ ਵੀ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪੱਤਰ ਭੇਜਣ ਤੋਂ ਪਹਿਲਾਂ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਧਿਆਨ ਵਿਚ ਲਿਆਉਣਾ ਚਾਹੀਦਾ ਸੀ। ਸਿੱਖ ਸੰਸਥਾ ਦੇ ਬੁਲਾਰੇ ਤੇ ਮੀਤ ਸਕੱਤਰ ਕੁਲਵਿੰਦਰ ਸਿੰਘ ਨੇ ਆਖਿਆ ਕਿ ਸ਼ਿਕਾਇਤਕਰਤਾ ਨੂੰ ਮੀਡੀਆ ਵਿਚ ਜਾਣ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕਰਨਾ ਚਾਹੀਦਾ ਸੀ।

# ਸਿੱਧੂ ਵਲੋਂ ਹੁਣ ਪਰਵਾਸੀ ਪੰਜਾਬੀਆਂ 'ਤੇ ਡੋਰੇ

**ਚੰਡੀਗੜ੍ਹ:** ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰੋਗਰਾਮ 'ਸਪੀਕਅੱਪ ਇੰਡੀਆ ਐਨ.ਆਰ.ਆਈ. ਸੀਰੀਜ਼' ਤਹਿਤ ਪਰਵਾਸੀਆਂ ਨੂੰ ਸੰਬੋਧਨ ਕੀਤਾ। ਨਵਜੋਤ ਸਿੱਧੂ ਨੇ ਇਸ ਪ੍ਰੋਗਰਾਮ ਜ਼ਰੀਏ ਆਪਣਾ ਸਿਆਸੀ ਵਜ਼ਨ ਵੀ ਤੋਲਿਆ।

ਨਵਜੋਤ ਸਿੱਧੂ ਦੀ ਇਸ ਵਾਰਤਾਲਾਪ ਨੇ ਸਿਆਸੀ ਹਲਕਿਆਂ 'ਚ ਨਵੇਂ ਚਰਚੇ ਛੇੜ ਦਿੱਤੇ ਹਨ, ਕਿਉਂਕਿ ਕਾਂਗਰਸ ਹਾਈਕਮਾਨ ਦੇ ਨੇੜਲੇ ਸੈਮ ਪਤਰੋਦਾ ਵਲੋਂ ਇਸ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ। ਦੂਜੇ ਪਾਸੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਵਜੋਤ ਸਿੱਧੂ ਦੇ ਇਸ ਪ੍ਰੋਗਰਾਮ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ। ਸਾਬਕਾ ਮੰਤਰੀ ਨਵਜੋਤ ਸਿੱਧੂ ਕੁਝ ਅਰਸੇ ਦੇ ਅਗਿਆਤਵਾਸ ਮਗਰੋਂ ਪਰਵਾਸੀ ਭਾਰਤੀਆਂ ਨਾਲ ਵੀਡੀਓ ਕਾਨਫਰੰਸ ਜ਼ਰੀਏ ਰੂਬਰੂ ਹੋਏ ਜਿਸ ਤਹਿਤ ਉਨ੍ਹਾਂ ਖਾਸ ਕਰਕੇ ਬਹਿਰੀਨ, ਕੈਨੇਡਾ ਅਤੇ ਅਮਰੀਕਾ ਵੱਸਦੇ ਪੰਜਾਬੀਆਂ ਨਾਲ ਗੱਲਬਾਤ ਕੀਤੀ। ਇਹ ਵੀ ਦੱਸਣਾ ਬਣਦਾ ਹੈ ਕਿ ਪਰਵਾਸੀ ਪੰਜਾਬੀ ਪਿਛਲੇ ਅਰਸੇ ਤੋਂ ਹਮੇਸ਼ਾ ਹੀ ਪੰਜਾਬ ਦੇ ਭਲੇ ਦਿਨਾਂ ਦੀ ਆਸ ਵਿਚ ਕਿਸੇ ਨਾ ਕਿਸੇ ਨਵੇਂ ਆਗੂ 'ਤੇ ਟੇਕ ਲਾਉਂਦੇ ਰਹੇ ਹਨ।



ਪਰਵਾਸੀ, ਮਨਪ੍ਰੀਤ ਬਾਦਲ ਤੋਂ ਮਗਰੋਂ 'ਆਪ' ਦੀ ਪੰਜਾਬ ਵਿਚ ਸਰਕਾਰ ਦੇਖਣ ਦੇ ਇੱਛਕ ਰਹੇ। ਹੁਣ ਉਹ ਨਵਜੋਤ ਸਿੱਧੂ ਤੋਂ ਉਮੀਦਾਂ ਲਾਈ ਬੈਠੇ ਹਨ ਪਰ ਪਰਵਾਸੀ ਇਸ ਗੱਲੋਂ ਵੀ ਨਾਰਾਜ਼ ਹਨ ਕਿ ਨਵਜੋਤ ਸਿੱਧੂ ਪੰਜਾਬ ਵਿਚ ਜਨਤਕ ਆਗੂ ਵਾਂਗ ਨਹੀਂ ਵਿਚਰਦੇ, ਉਹ ਸਟਾਰ ਦੀ ਤਰ੍ਹਾਂ ਹੀ ਵਿਚਰਦੇ ਹਨ। ਨਵਜੋਤ ਸਿੱਧੂ ਨੇ ਪਰਵਾਸੀਆਂ ਨੂੰ ਪੰਜਾਬ ਦੇ ਪੁਨਰਨਿਰਮਾਣ ਦਾ ਸੁਫਨਾ ਦਿਖਾਇਆ। ਉਨ੍ਹਾਂ ਪਿਛਲੇ 25 ਵਰ੍ਹਿਆਂ ਦੇ ਰਾਜ ਭਾਗ 'ਤੇ ਤਵੇ ਵੀ ਲਾਏ। ਉਨ੍ਹਾਂ ਮੌਜੂਦਾ ਕਾਂਗਰਸ ਸਰਕਾਰ ਉਤੇ ਸਿੱਧਾ ਹਮਲਾ ਤਾਂ ਨਹੀਂ ਕੀਤਾ ਪਰ ਉਨ੍ਹਾਂ ਦੀ ਸ਼ਬਦਾਵਲੀ ਵਿਚ ਸਿਆਸੀ ਕਾਹਲ ਜ਼ਰੂਰ ਨਜ਼ਰ ਆ ਰਹੀ ਸੀ। ਨਵਜੋਤ ਸਿੱਧੂ ਨੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੀ ਤਰੱਕੀ ਵਿਚ ਯੋਗਦਾਨ ਪਾਉਣ ਲਈ ਕਿਹਾ ਅਤੇ ਪੰਜਾਬ ਵਿਚ ਨਿਵੇਸ਼ ਦਾ ਸੱਦਾ ਦਿੱਤਾ। ਇਸ ਮੌਕੇ ਸਿੱਧੂ ਨੇ ਪਰਵਾਸੀ ਪੰਜਾਬੀਆਂ ਦੇ ਸੁਆਲਾਂ ਦੇ ਜੁਆਬ ਦਿੱਤੇ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਨੂੰ ਵੱਖ ਵੱਖ ਵਸੀਲਿਆਂ ਤੋਂ ਆਮਦਨ ਤਾਂ ਹੁੰਦੀ ਰਹੀ ਹੈ ਪਰ ਇਹ ਆਮਦਨ ਸਰਕਾਰੀ ਖ਼ਜ਼ਾਨੇ ਵਿਚ ਜਾਣ ਦੀ ਬਜਾਏ ਕੁੱਝ ਲੋਕਾਂ ਦੇ ਹੱਥਾਂ ਵਿਚ ਚਲੀ ਗਈ ਹੈ। ਯਾਦ ਰਹੇ ਕਿ ਨਵਜੋਤ ਸਿੱਧੂ ਪਿਛਲੇ ਕੁਝ ਸਮੇਂ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਤਿੜਿੰਗ ਹਨ। ਸਿਆਸੀ ਹਲਕਿਆਂ ਵਿਚ ਚਰਚਾ ਸੀ ਕਿ ਉਹ ਕਿਸੇ ਦੇ ਅਧੀਨ ਕੰਮ ਕਰਨ ਦੇ ਆਦੀ ਨਹੀਂ ਅਤੇ ਉਹ ਪੰਜਾਬ ਸਰਕਾਰ ਦੀ ਕਮਾਨ ਸੰਭਾਲਣ ਲਈ ਪਰ ਤੋਲ ਰਹੇ ਹਨ।

## ਐਨ.ਆਰ.ਆਈ. ਜੱਗੀ ਜੌਹਲ ਦੀ ਜ਼ਮਾਨਤ ਅਰਜ਼ੀ ਖਾਰਜ

**ਮੋਹਾਲੀ:** ਲੁਧਿਆਣਾ ਵਿਚ ਸ਼ਿਵ ਸੈਨਾ ਆਗੂ ਅਮਿਤ ਅਰੋੜਾ 'ਤੇ ਗੋਲੀ ਚਲਾਉਣ (ਹੱਤਿਆ ਦੀ ਕੋਸ਼ਿਸ਼ ਕਰਨ) ਦੇ ਮਾਮਲੇ 'ਚ ਨਾਮਜ਼ਦ ਐਨ.ਆਰ.ਆਈ. ਜਗਤਾਰ ਸਿੰਘ ਜੱਗੀ ਜੌਹਲ ਵਲੋਂ ਆਪਣੇ ਵਕੀਲ ਜਸਪਾਲ ਸਿੰਘ ਮੰਝਪੁਰ ਰਾਹੀਂ ਐਨ.ਆਈ.ਏ. ਦੇ ਵਿਸ਼ੇਸ਼ ਜੱਜ ਕਰੁਨੇਸ਼ ਕੁਮਾਰ ਦੀ ਅਦਾਲਤ 'ਚ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ, ਜਿਸ ਦਾ ਕੌਮੀ ਜਾਂਚ ਏਜੰਸੀ ਐਨ.ਆਈ.ਏ. ਵੱਲੋਂ ਵਿਰੋਧ ਕੀਤਾ ਗਿਆ। ਇਸੇ ਦੌਰਾਨ ਅਦਾਲਤ ਵੱਲੋਂ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜਗਤਾਰ ਸਿੰਘ ਜੱਗੀ ਜੌਹਲ ਦੀ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਗਈ।

# ਪੰਜਾਬ ਵਿਚ ਨਸ਼ਿਆਂ ਦਾ ਲੱਕ ਤੋੜਨ ਬਾਰੇ ਦਾਅਵਿਆਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਕਰੋਨਾ ਵਾਇਰਸ ਤੇ ਲੌਕਡਾਊਨ ਕਾਰਨ ਇਕ ਪਾਸੇ ਪੰਜਾਬ ਦੀਆਂ ਸਰਹੱਦਾਂ ਸੀਲ ਹਨ ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਖਤੀ ਨੇ ਨਸ਼ਿਆਂ ਦੇ ਸਪਲਾਈ ਦਾ ਲੱਕ ਤੋੜਿਆ ਹੈ ਪਰ ਇਸ ਦੇ ਬਾਵਜੂਦ ਪੰਜਾਬ ਵਿਚ ਨਸ਼ਿਆਂ ਦਾ ਕਹਿਰ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਸਖ਼ਤੀ ਵਾਲੇ ਮਾਹੌਲ ਵਿਚ ਨਿੱਤ ਦਿਨ ਪੰਜਾਬੀ ਨੌਜਵਾਨਾਂ ਦੀਆਂ ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਪੁਲਿਸ ਤੇ ਤਸਕਰਾਂ ਦੀ ਮਿਲੀਭੁਗਤ ਵੱਲ ਇਸ਼ਾਰਾ ਕਰਦਿਆਂ ਹਨ।

ਬਰਨਾਲਾ ਦੇ ਕਸਬਾ ਮਹਿਲ ਕਲਾਂ ਦੇ ਇਕ ਉਭਰਦੇ ਨੌਜਵਾਨ ਪੰਜਾਬੀ ਗਾਇਕ ਗਗਨਦੀਪ ਸਿੰਘ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਨੇ ਪੂਰੇ ਸੂਬੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਮ੍ਰਿਤਕ ਨੌਜਵਾਨ ਦੇ ਪਿਤਾ ਸੁਖਦੇਵ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਮਹਿਲ ਕਲਾਂ ਵਿਚ ਨਿੱਤ ਦਿਨ ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਹੋ ਰਹੀਆਂ ਹਨ ਤੇ ਇਥੇ ਅੱਜ ਵੀ ਸ਼ਰੇਆਮ ਨਸ਼ਾ ਵਿਕ ਰਿਹਾ ਹੈ। ਪਿਤਾ ਦਾ ਇਹ ਵੀ ਕਹਿਣਾ ਹੈ ਕਿ ਗਗਨਦੀਪ ਹੁਣ ਤੱਕ ਇਕ ਕਰੋੜ ਦਾ ਚਿੱਟਾ ਪੀ ਗਿਆ। ਇਨ੍ਹਾਂ ਖੁਲਾਸਿਆਂ ਨੇ ਸਰਕਾਰ ਦੇ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜਨ ਵਾਲੇ ਦਾਅਵਿਆਂ ਉਤੇ ਸਵਾਲ ਚੁੱਕੇ ਹਨ। ਦਰਅਸਲ, ਕੈਪਟਨ ਸਰਕਾਰ ਦੀ ਸਖਤੀ ਛੋਟੇ-ਮੋਟੇ ਨਸ਼ੇ ਦੇ ਆਦੀਆਂ ਤੱਕ ਹੀ ਸੀਮਤ ਰਹੀ ਹੈ। ਇਨ੍ਹਾਂ ਅਮਲੀਆਂ ਨੂੰ ਨਸ਼ਾ ਛਡਾਊ ਕੇਂਦਰਾਂ ਵਿਚ ਭਰਤੀ ਕਰਕੇ ਸਰਕਾਰ ਆਪਣੀ ਪਿੱਠ ਥਾਪੜ ਰਹੀ ਹੈ।



ਹਾਲਾਂਕਿ ਇਹ ਅੰਕੜੇ ਵੀ ਸਾਹਮਣੇ ਆਏ ਹਨ ਕਿ ਪੰਜਾਬ ਸਰਕਾਰ ਵੱਲੋਂ ਓਟ ਕਲੀਨਿਕਾਂ ਰਾਹੀਂ ਬੁਪਰੇਨੋਰਫਿਨ ਨੈਲੋਕਸ਼ਨ ਦੀ ਗੋਲੀ ਦੇ ਕੇ ਨਸ਼ਾ ਛੁਡਾਉਣ ਦਾ ਕੀਤਾ ਜਾ ਰਿਹਾ ਤਜਰਬਾ ਉਲਟਾ ਪੈਂਦਾ ਦਿਖਾਈ ਦੇ ਰਿਹਾ ਹੈ। ਜਿਹੜੀ ਦਵਾਈ ਨਸ਼ਾ ਛੁਡਾਉਣ ਲਈ ਵਰਤੀ ਜਾ ਰਹੀ ਹੈ, ਨਸ਼ਾ ਕਰਨ ਵਾਲੇ ਮਰੀਜ਼ ਉਸੇ ਦੇ ਆਦੀ ਹੋ ਗਏ ਹਨ। ਤਾਲਾਬੰਦੀ ਦੌਰਾਨ ਭੁੱਕੀ, ਅਫੀਮ ਅਤੇ ਹੋਰ ਨਸ਼ਾ ਕਰਨ ਵਾਲੇ ਤੇ ਨਸ਼ਾ ਨਾ ਕਰਨ ਵਾਲੇ ਗੋਲੀ ਲੈਣ ਲਈ ਆਧਾਰ ਕਾਰਡਾਂ ਜ਼ਰੀਏ ਰਜਿਸਟਰਡ ਹੋਏ ਪਰ ਸਰਕਾਰੀ ਓਟ ਕੇਂਦਰਾਂ ਵਿਚ ਦਵਾਈ ਦੀ ਘਾਟ ਅਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਅਤੇ ਮੁੜ ਵਸੇਬਾ ਕੇਂਦਰ ਮਰੀਜ਼ਾਂ ਨੂੰ ਮਹਿੰਗੇ ਭਾਅ ਗੋਲੀਆਂ ਵੇਚ ਕੇ ਸ਼ੋਸ਼ਣ ਕਰ ਰਹੇ ਹਨ।

ਪੰਜਾਬ ਪੁਲਿਸ ਭਾਵੇਂ ਵੱਡੇ ਪੱਧਰ ਉਤੇ ਹੈਰੋਇਨ ਫੜਨ ਨੂੰ ਸਫਲਤਾ ਵਜੋਂ ਪੇਸ਼ ਕਰ ਰਹੀ ਹੈ ਪਰ ਨਸ਼ੇ ਦੇ ਮਾਮਲਾ ਸਿਰਫ ਪੁਲਿਸ ਤੱਕ ਸੀਮਤ ਨਹੀਂ ਹਨ। ਇਸ ਵਾਸਤੇ ਸਰਕਾਰ ਨੇ ਅਕਤੂਬਰ 2017 ਵਿਚ ਅਮਰੀਕੀ ਨਸ਼ਾ ਛੁਡਾਊ ਪ੍ਰੋਗਰਾਮ ਦੇ ਆਧਾਰ ਉਤੇ ਓਟ ਕਲੀਨਿਕ ਪ੍ਰਣਾਲੀ ਲਾਗੂ ਕੀਤੀ ਸੀ। ਪੰਜਾਬ ਵਿਚ 192 ਸਰਕਾਰੀ ਓਟ ਕੇਂਦਰ ਖੋਲ੍ਹ ਕੇ ਨਸ਼ੇ ਦੇ ਆਦੀ ਮਰੀਜ਼ਾਂ ਨੂੰ ਰਜਿਸਟਰਡ ਕਰਕੇ ਕਲੀਨਿਕ ਉਤੇ ਹੀ ਗੋਲੀ ਉਨ੍ਹਾਂ ਦੇ ਮੂੰਹ ਵਿਚ ਪਾਈ ਜਾਂਦੀ ਹੈ। ਡਾਕਟਰ ਦੀ ਸਲਾਹ ਨਾਲ ਕਿਸੇ ਨੂੰ ਇਕ, ਦੋ ਜਾਂ ਤਿੰਨ ਗੋਲੀਆਂ ਦਿੱਤੀਆਂ ਜਾਂਦੀਆਂ ਹਨ। ਪੰਜਾਬ ਵਿਚ ਔਸਤਨ 2.05 ਐਮ ਜੀ ਦੀ ਬੁਪਰੇਨੋਰਫਿਨ ਦੀਆਂ 2.5 ਗੋਲੀਆਂ ਪ੍ਰਤੀ ਮਰੀਜ਼ ਦਿੱਤੀਆਂ ਜਾਂਦੀਆਂ ਹਨ। ਇਸ ਦਾ ਮਕਸਦ ਇਹ ਸੀ ਕੁਝ ਸਮੇਂ ਤੱਕ ਇਹ ਗੋਲੀ ਦੇ ਕੇ ਹੌਲੀ ਹੌਲੀ ਉਸ ਦੀ ਡੋਜ਼ ਘਟਾਉਂਦਿਆਂ ਨਸ਼ਾ ਮੁਕਤੀ ਹੋ ਜਾਵੇਗੀ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਇਹ ਗੋਲੀ ਵਰਤਣ ਨਾਲ ਮੌਤਾਂ ਦੀ ਗਿਣਤੀ ਵਿਚ ਤਾਂ ਕਮੀ ਆਈ ਹੈ ਪਰ ਨਸ਼ੇ ਦੀ ਮੰਗ ਵਿਚ ਇਕ ਫੀਸਦ ਵੀ ਫਰਕ ਨਹੀਂ ਪਿਆ। ਜੋ ਮਰੀਜ਼ 2017 ਵਿਚ ਤਿੰਨ ਗੋਲੀਆਂ ਖਾ ਰਿਹਾ ਸੀ, ਉਹ ਅੱਜ ਵੀ ਤਿੰਨ ਗੋਲੀਆਂ ਖਾ ਰਿਹਾ ਹੈ।

ਕਰੋਨਾ ਕਾਰਨ 19 ਮਾਰਚ ਤੋਂ ਪੰਜਾਬ ਵਿਚ ਤਾਲਾਬੰਦੀ ਸ਼ੁਰੂ ਹੋਈ ਤਾਂ ਇਸ ਕਾਰਨ ਨਸ਼ੇ ਦੀ ਸਪਲਾਈ ਲੇਨ ਟੁੱਟਣ ਕਰਕੇ 20 ਦਿਨਾਂ ਤੱਕ ਮਰੀਜ਼ਾਂ ਨੂੰ ਵਿਦਡਰਾਲ ਲੱਛਣ ਆਏ ਸਨ ਕਿਉਂਕਿ ਇਸ ਦੌਰਾਨ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਵੀ ਬੰਦ ਹੋ ਗਏ ਸਨ। ਕਰਫਿਊ ਦੌਰਾਨ ਵੀ ਨਸ਼ੇ ਦੇ ਆਦੀ ਓਟ ਕੇਂਦਰਾਂ ਤੱਕ ਪਹੁੰਚ ਕਰਦੇ ਰਹੇ। ਟਰਾਂਸਪੋਰਟ ਬੰਦ ਹੋਣ ਕਰਕੇ ਜੋ ਲੋਕ ਭੁੱਕੀ, ਪੋਸਤ, ਚੂਰਾ, ਡੋਡੇ, ਅਫੀਮ ਆਦਿ ਖਾਂਦੇ ਸਨ ਉਹ ਵੀ ਡਿਜੀਟਲ ਸਿਸਟਮ ਰਾਹੀਂ ਰਜਿਸਟਰਡ ਹੋ ਕੇ ਓਟ ਕੇਂਦਰਾਂ ਤੋਂ ਇਹ ਗੋਲੀ ਖਾਣ ਲੱਗ ਪਏ। ਅਜਿਹੇ ਲੋਕਾਂ ਦੀ ਨਿਸ਼ਾਨਦੇਹੀ ਵੀ ਹੋਈ ਜੋ ਕੋਈ ਨਸ਼ਾ ਨਹੀਂ ਕਰਦੇ ਸਨ ਪਰ ਤਾਲਾਬੰਦੀ ਦੌਰਾਨ ਬੁਪਰੇਨੋਰਫਿਨ ਗੋਲੀ ਦੀ ਵਰਤੋਂ ਕਰਨ ਲੱਗ ਗਏ।

ਇਸ ਦੌਰਾਨ ਪ੍ਰਾਈਵੇਟ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਵੱਡੇ ਪੱਧਰ ਉੱਤੇ ਲੋਕਾਂ ਦੀ ਲੁੱਟ ਕਰ ਰਹੇ ਹਨ। ਮਰੀਜ਼ਾਂ ਦੇ ਵਾਰਸਾਂ ਤੋਂ 50 ਹਜ਼ਾਰ ਤੋਂ ਦੋ ਲੱਖ ਰੁਪਏ ਤੱਕ ਵਸੂਲੀ ਕਰਕੇ ਉਨ੍ਹਾਂ ਇਸ ਨੂੰ ਮੁਨਾਫੇ ਦਾ ਧੰਦਾ ਬਣਾ ਰੱਖਿਆ ਹੈ। ਪਿਛਲੇ ਸਮੇਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਹਦਾਇਤ ਉਤੇ ਖਰੜ ਨੇੜੇ ਮਾਰੇ ਛਾਪੇ ਦੌਰਾਨ ਅਜਿਹਾ ਕੇਂਦਰ ਫੜਿਆ ਸੀ ਜਿਥੇ ਨਸ਼ੇ ਦੇ ਆਦੀ ਮਰੀਜ਼ਾਂ ਉੱਤੇ ਨਸ਼ਾ ਛੁਡਾਉਣ ਦੇ ਨਾਮ 'ਤੇ ਅੱਤਿਆਚਾਰ ਕੀਤਾ ਜਾ ਰਿਹਾ ਸੀ। ਸੂਤਰਾਂ ਅਨੁਸਾਰ ਸਰਕਾਰੀ ਓਟ ਕੇਂਦਰਾਂ ਵਿਚ ਗੋਲੀਆਂ ਦੀ ਹੱਦ 7 ਦਿਨਾਂ ਅੰਦਰ ਰੋਜ਼ਾਨਾ ਦੋ ਜਾਂ ਤਿੰਨ ਤੱਕ ਸੀਮਤ ਹੈ ਪਰ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਵਿਚ ਅਜਿਹੀ ਕੋਈ ਹੱਦ ਨਹੀਂ ਹੈ। ਉਥੇ 21 ਦਿਨਾਂ ਵਿਚ ਰੋਜ਼ਾਨਾ 6 ਅਤੇ ਦਸ ਤੱਕ ਵੀ ਗੋਲੀਆਂ ਦਿੱਤੀਆਂ ਜਾਂਦੀਆਂ ਹਨ। ਕਈ ਮਾਹਿਰਾਂ ਦਾ ਵਿਚਾਰ ਹੈ ਕਿ ਪੰਜਾਬ ਵਿਚ ਬਹੁਤੇ ਨਸ਼ਾ ਕਰਨ ਵਾਲੇ ਮੰਝਧਾਰ ਵਿਚ ਫਸ ਗਏ ਲਗਦੇ ਹਨ ਕਿਉਂਕਿ ਹੁਣ ਬੁਪਰੇਨੋਰਫਿਨ ਗੋਲੀ ਤੋਂ ਹੀ ਨਿਜਾਤ ਪਾਉਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹੀ। ਇਸ ਗੋਲੀ ਉੱਤੇ ਨਿਰਭਰ ਨਸ਼ੇੜੀਆਂ ਦੀ ਗਿਣਤੀ ਲਗਭਗ 5 ਲੱਖ ਤੱਕ ਪਹੁੰਚ ਗਈ ਹੈ। 29 ਮਈ 2020 ਨੂੰ ਸਿਹਤ ਵਿਭਾਗ ਦੇ ਇੱਕ ਪੱਤਰ ਅਨੁਸਾਰ ਓਟ ਕੇਂਦਰਾਂ ਕੋਲ ਗੋਲੀਆਂ ਦੇਣ ਦੀ ਸਮਰੱਥਾ 7 ਦਿਨਾਂ ਦੀ ਸੀ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਅਦਬੀ ਕਾਂਡ: ਬਾਦਲਾਂ ਦੇ ਕਰੀਬੀ ਜੱਜਾਂ ਕੋਲ ਕੇਸ ਭੇਜਣ 'ਤੇ ਇਤਰਾਜ਼

**ਫਰੀਦਕੋਟ:** ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਫਰੀਦਕੋਟ ਦੇ ਸੈਸ਼ਨ ਜੱਜ ਨੂੰ ਲਿਖਤੀ ਸ਼ਿਕਾਇਤ ਦੇ ਕੇ ਕਿਹਾ ਕਿ ਬੇਅਦਬੀ ਕਾਂਡ ਨਾਲ ਸਬੰਧਤ ਕੁਝ ਕੇਸਾਂ ਦੀ ਸੁਣਵਾਈ ਅਜਿਹੇ ਜੱਜਾਂ ਨੂੰ ਸੌਂਪੀ ਗਈ ਹੈ, ਜੋ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਪਰਿਵਾਰਕ ਮੈਂਬਰ ਅਤੇ ਬੇਹੱਦ ਕਰੀਬੀ ਹਨ।

ਟੀਮ ਦੇ ਮੈਂਬਰ ਆਈ.ਜੀ. ਕੰਵਰ ਵਿਜੈ ਪ੍ਰਤਾਪ ਸਿੰਘ ਨੇ ਜ਼ਿਲ੍ਹਾ ਅਟਾਰਨੀ ਰਾਹੀਂ ਕਾਰਜਕਾਰੀ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ 'ਚ ਅਰਜ਼ੀ ਦੇ ਕੇ ਖੁਲਾਸਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਵਾਪਰੇ ਸਨ, ਜਿਸ ਵਿਚ ਵਿਸ਼ੇਸ਼ ਜਾਂਚ ਟੀਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਪੁੱਛਗਿੱਛ ਕਰ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਕੁਝ ਕੇਸਾਂ 'ਚ ਮੁਲਜ਼ਮ ਵਜੋਂ ਸ਼ਾਮਲ ਕੀਤਾ ਜਾ ਸਕਦਾ ਹੈ। ਕੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਫਰੀਦਕੋਟ ਦੇ ਇਕ ਅਜਿਹੇ ਜੱਜ ਨੂੰ ਇਨ੍ਹਾਂ ਕੇਸਾਂ ਦੀ ਸੁਣਵਾਈ ਦਿੱਤੀ ਗਈ ਹੈ, ਜੋ ਬਾਦਲਾਂ ਦਾ ਪਰਿਵਾਰਕ ਮੈਂਬਰ ਅਤੇ ਕਰੀਬੀ ਦੋਸਤ ਹੈ।

## ਭਾਰਤੀ ਅਰਥਚਾਰਾ ਡੂੰਘੇ ਸੰਕਟ ਵਿਚ

**ਨਵੀਂ ਦਿੱਲੀ:** ਆਲਮੀ ਦਰਜਾਬੰਦੀ ਕੰਪਨੀ ਐਸ ਐਂਡ ਪੀ ਗਲੋਬਲ ਰੇਟਿੰਗਜ਼ ਨੇ ਕਿਹਾ ਕਿ ਭਾਰਤੀ ਅਰਥਚਾਰਾ ਡੂੰਘੇ ਸੰਕਟ ਵਿਚ ਹੈ ਕਿਉਂਕਿ ਇਸ ਵਿੱਤੀ ਵਰ੍ਹੇ ਦੌਰਾਨ ਵਿਕਾਸ ਦਰ ਪੰਜ ਫੀਸਦ ਸੁੰਗੜਨ ਦਾ ਅਨੁਮਾਨ ਹੈ।

ਐਸ ਐਂਡ ਪੀ ਨੇ ਆਪਣੀ ਰਿਪੋਰਟ ਵਿਚ ਕਿਹਾ, "ਭਾਰਤੀ ਅਰਥਚਾਰਾ ਡੂੰਘੇ ਸੰਕਟ ਵਿਚ ਹੈ। ਵਾਇਰਸ ਉਤੇ ਕਾਬੂ ਪਾਉਣ ਵਿਚ ਮੁਸ਼ਕਲਾਂ, ਸਿੱਝਣ ਲਈ ਕਮਜ਼ੋਰ ਨੀਤੀ ਅਤੇ ਖਾਸ ਕਰਕੇ ਵਿੱਤੀ ਖੇਤਰ ਦੀਆਂ ਹੋਰ ਸਮੱਸਿਆਵਾਂ ਕਾਰਨ ਸਾਡਾ ਅੰਦਾਜ਼ਾ ਹੈ ਕਿ ਇਸ ਵਿੱਤੀ ਵਰ੍ਹੇ ਦੌਰਾਨ ਵਿਕਾਸ ਦਰ ਪੰਜ ਫੀਸਦ ਡਿੱਗੇਗੀ ਅਤੇ 2021 ਵਿਚ ਮੁੜ ਤੇਜ਼ੀ ਆਵੇਗੀ।" ਐਸ ਐਂਡ ਪੀ ਦੀ ਰਿਪੋਰਟ ਅਨੁਸਾਰ ਏਸ਼ੀਆ-ਪੈਸੇਫਿਕ ਖੇਤਰ ਦਾ ਅਰਥਚਾਰਾ 2020 ਵਿਚ 1.3 ਫੀਸਦ ਸੁੰਗੜਨ ਅਤੇ 2021 ਵਿਚ 6.9 ਫੀਸਦ ਵਧਣ ਦਾ ਅਨੁਮਾਨ ਹੈ। ਇਸ ਤਰ੍ਹਾਂ ਦੋ ਸਾਲਾਂ ਵਿਚ ਤਿੰਨ ਖਰਬ ਅਮਰੀਕੀ ਡਾਲਰ ਦਾ ਨੁਕਸਾਨ ਹੋਵੇਗਾ।

## ਭਾਰਤ ਦੀ ਪਹਿਲੀ ਕਰੋਨਾ ਵੈਕਸਿਨ ਨੂੰ ਮਨੁੱਖੀ ਪ੍ਰਯੋਗ ਦੀ ਮਨਜ਼ੂਰੀ

**ਹੈਦਰਾਬਾਦ:** ਆਈ.ਸੀ.ਐਮ.ਆਰ. ਤੇ ਐਨ.ਆਈ.ਵੀ. ਦੇ ਸਹਿਯੋਗ ਨਾਲ ਭਾਰਤ ਬਾਇਓਟੈੱਕ ਵੱਲੋਂ ਵਿਕਸਿਤ ਕੀਤੀ ਦੇਸ਼ ਦੀ ਪਹਿਲੀ ਸਵਦੇਸ਼ੀ ਕੋਵਿਡ-19 ਵੈਕਸਿਨ 'ਕੋਵੈਕਸਿਨ' ਨੂੰ ਭਾਰਤ ਦੇ ਡਰੱਗ ਕੰਟ੍ਰੋਲਰ ਜਨਰਲ (ਡੀ.ਸੀ.ਜੀ.ਆਈ.) ਤੋਂ ਮਨੁੱਖੀ ਪ੍ਰਯੋਗ ਦੀ ਮਨਜ਼ੂਰੀ ਮਿਲ ਗਈ ਹੈ। ਪ੍ਰੀ-ਕਲੀਨੀਕਲ ਅਧਿਐਨ ਤੋਂ ਬਾਅਦ ਇਹ ਪ੍ਰਵਾਨਗੀ ਦਿੱਤੀ ਗਈ ਹੈ। ਸਾਰਸ-ਕੋਵ-2 ਦੇ ਟੀਕੇ ਦੇ ਪਹਿਲੇ ਪੜਾਅ ਤੇ ਪੜਾਅ ਦੀਆਂ ਕਲੀਨੀਕਲ ਪ੍ਰਯੋਗ ਅਗਲੇ ਮਹੀਨੇ ਪੂਰੇ ਦੇਸ਼ 'ਚ ਸ਼ੁਰੂ ਹੋਣਗੇ। ਕੰਪਨੀ ਨੇ ਜਾਰੀ ਬਿਆਨ 'ਚ ਕਿਹਾ ਕਿ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ. ਸੀ. ਐਮ. ਆਰ.) ਤੇ ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ (ਐਨ.ਆਈ.ਵੀ.) ਦੇ ਸਹਿਯੋਗ ਨਾਲ ਵੈਕਸਿਨ ਦੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਈ ਗਈ ਹੈ।

## ਬਾਂਸਲ, ਪੰਧੇਰ ਅਤੇ ਬਰਾੜ ਨੇ ਮੰਗੀ ਜ਼ਮਾਨਤ

**ਫਰੀਦਕੋਟ:** ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ 'ਚ ਦੋ ਹਫਤੇ ਪਹਿਲਾਂ ਗ੍ਰਿਫਤਾਰ ਕੀਤੇ ਗਏ ਸੁਹੇਲ ਸਿੰਘ ਬਰਾੜ, ਪੰਕਜ ਬਾਂਸਲ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਤਤਕਾਲੀ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਨੇ ਵਧੀਕ ਸੈਸ਼ਨ ਜੱਜ ਰਾਜੇਸ਼ ਕੁਮਾਰ ਦੀ ਅਦਾਲਤ ਵਿਚ ਅਰਜ਼ੀ ਦੇ ਕੇ ਜ਼ਮਾਨਤ ਦੀ ਮੰਗ ਕੀਤੀ ਹੈ।

ਇਨ੍ਹਾਂ ਸਾਰੇ ਮੁਲਜ਼ਮਾਂ ਨੇ ਜ਼ਮਾਨਤ ਅਰਜ਼ੀ ਵਿਚ ਦਾਅਵਾ ਕੀਤਾ ਹੈ ਕਿ ਜਾਂਚ ਟੀਮ ਨੇ ਉਨ੍ਹਾਂ ਨੂੰ ਜਾਣਬੁਝ ਕੇ ਕੇਸ ਵਿਚ ਝੂਠਾ ਫਸਾਇਆ ਹੈ ਅਤੇ ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ 'ਚ ਉਨ੍ਹਾਂ ਦੀ ਕੋਈ ਸ਼ਮੂਲੀਅਤ ਨਹੀਂ ਹੈ। ਦੱਸਣਯੋਗ ਹੈ ਕਿ ਪੰਕਜ ਬਾਂਸਲ ਅਤੇ ਸੁਹੇਲ ਸਿੰਘ ਬਰਾੜ ਨੂੰ ਸਾਜ਼ਿਸ਼ ਤਹਿਤ ਦੋਸ਼ੀਆਂ ਨੂੰ ਬਚਾਉਣ ਲਈ ਝੂਠੇ ਸਬੂਤ ਤਿਆਰ ਕਰਨ ਜਦਕਿ ਤਤਕਾਲੀ ਐਸ.ਐਚ.ਓ. ਗੁਰਦੀਪ ਪੰਧੇਰ ਨੂੰ ਕਾਰਤੂਸ ਖੁਰਦ ਬੁਰਦ ਕਰਨ ਤੇ ਫਰਜ਼ੀ ਰਿਕਾਰਡ ਤਿਆਰ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

## ਇਰਾਨ ਵੱਲੋਂ ਟਰੰਪ ਦੇ ਗ੍ਰਿਫਤਾਰੀ ਵਾਰੰਟ ਜਾਰੀ

**ਤਹਿਰਾਨ:** ਇਰਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਦਰਜਨਾਂ ਹੋਰਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰਦਿਆਂ ਇੰਟਰਪੋਲ ਤੋਂ ਮਦਦ ਮੰਗੀ ਹੈ। ਇਰਾਨ ਦਾ ਮੰਨਣਾ ਹੈ ਕਿ ਅਮਰੀਕਾ ਵੱਲੋਂ ਬਗਦਾਦ ਵਿਚ ਕੀਤੇ ਡਰੋਨ ਹਮਲੇ ਵਿਚ ਇਰਾਨ ਦਾ ਸਿਖਰਲਾ ਜਨਰਲ ਮਾਰਿਆ ਗਿਆ ਸੀ। ਭਾਵੇਂ ਕਿ ਟਰੰਪ ਨੂੰ ਗ੍ਰਿਫਤਾਰੀ ਦਾ ਕੋਈ ਖਤਰਾ ਨਹੀਂ ਪਰ ਇਹ ਦੋਸ਼ ਇਰਾਨ ਅਤੇ ਅਮਰੀਕਾ ਵਿਚਾਲੇ ਵਧੇ ਤਣਾਅ ਨੂੰ ਦਰਸਾਉਂਦੇ ਹਨ।

ਤਹਿਰਾਨ ਦੀ ਵਿਸ਼ਵ ਤਾਕਤਾਂ ਨਾਲ ਪਰਮਾਣੂ ਸੰਧੀ ਵਿਚੋਂ ਅਮਰੀਕਾ ਵੱਲੋਂ ਆਪਣੇ-ਆਪ ਨੂੰ ਵੱਖ ਕਰ ਲਏ ਜਾਣ ਮਗਰੋਂ ਦੋਵਾਂ ਮੁਲਕਾਂ 'ਚ ਤਲਖੀ ਵਧੀ ਹੋਈ ਹੈ। ਤਹਿਰਾਨ ਦੇ ਸਰਕਾਰੀ ਵਕੀਲ ਅਲੀ ਅਲਕਾਸੀਮੇਹਰ ਨੇ ਦੱਸਿਆ ਕਿ 3 ਜਨਵਰੀ ਨੂੰ ਬਗਦਾਦ ਉਤੇ ਕੀਤੇ ਹਮਲੇ, ਜਿਸ ਵਿਚ ਜਨਰਲ ਕਾਸਿਮ ਸੁਲੇਮਾਨੀ ਮਾਰੇ ਗਏ ਸੀ, ਵਿਚ ਟਰੰਪ ਸਣੇ 30 ਹੋਰਾਂ ਦੀ ਸ਼ਮੂਲੀਅਤ ਹੈ। ਇਰਾਨ ਨੇ ਇਨ੍ਹਾਂ ਖਿਲਾਫ ਹੱਤਿਆ ਅਤੇ ਦਹਿਸ਼ਤਗਰਦੀ ਦੇ ਦੋਸ਼ ਲਾਏ ਹਨ।

## ਮੋਦੀ ਰਣਨੀਤੀ ਨੇ ਬੇਵੱਸ ਕੀਤੀਆਂ ਪੰਜਾਬ ਦੀਆਂ ਸਿਆਸੀ ਧਿਰਾਂ

*(ਸਫਾ ਇਕ ਦੀ ਬਾਕੀ)*

ਮੰਡੀਆਂ ਖੋਲ੍ਹਣ ਦੇ ਹੱਕ ਦਿੱਤੇ ਗਏ ਹਨ ਅਤੇ ਉਨ੍ਹਾਂ ਨੂੰ ਬਿਨਾਂ ਲਾਇਸੈਂਸ ਲਿਆਂ ਅਤੇ ਬਿਨਾਂ ਕਿਸੇ ਕਿਸਮ ਦਾ ਟੈਕਸ ਦਿੱਤਿਆਂ ਕਿਸਾਨਾਂ ਤੋਂ ਜਿਣਸਾਂ ਖਰੀਦਣ ਦੇ ਅਧਿਕਾਰ ਦਿੱਤੇ ਗਏ ਹਨ।

ਜੇ ਇਸ ਸਮੇਂ ਦੀ ਗੱਲ ਕਰੀਏ ਤਾਂ ਭਾਵੇਂ ਕੇਂਦਰ ਸਰਕਾਰ ਨੇ ਮੱਕੀ ਦਾ ਭਾਅ 1850 ਰੁਪਏ ਐਲਾਨਿਆ ਹੋਇਆ ਹੈ ਪਰ ਮੰਡੀ ਵਿਚ ਕਿਸਾਨਾਂ ਨੂੰ ਸਿਰਫ 1100 ਰੁਪਏ ਕੁਇੰਟਲ ਭਾਅ ਮਿਲ ਰਿਹਾ ਹੈ। ਇਸੇ ਤਰ੍ਹਾਂ ਜਿਹੜਾ ਕੇਂਦਰ ਸਰਕਾਰ ਵੱਲੋਂ ਨਵਾਂ ਬਿਜਲੀ ਸੋਧ ਬਿੱਲ ਲਿਆਂਦਾ ਜਾ ਰਿਹਾ ਹੈ, ਉਸ ਨਾਲ ਰਾਜ ਸਰਕਾਰ ਕਿਸਾਨਾਂ, ਕਮਜ਼ੋਰ ਵਰਗਾਂ ਜਾਂ ਪਛੜੇ ਤੇ ਅਨੁਸੂਚਿਤ ਵਰਗਾਂ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਬਿਜਲੀ ਸਬਸਿਡੀ 'ਤੇ ਜਾਂ ਮੁਫਤ ਨਹੀਂ ਦੇ ਸਕੇਗੀ। ਇਸ ਵਿਵਸਥਾ ਨਾਲ ਇਕ ਤਰ੍ਹਾਂ ਨਾਲ ਕਿਸਾਨਾਂ ਦੇ ਹੱਥੋਂ ਬਿਜਲੀ ਸਬਸਿਡੀ ਨਿਕਲਣ ਦੀ ਭਾਰੀ ਸੰਭਾਵਨਾ ਪੈਦਾ ਹੋ ਗਈ ਹੈ।

## ਪਾਕਿਸਤਾਨ 'ਤੇ ਹਮਲੇ ਦੀ ਯੋਜਨਾ ਘੜ ਰਿਹੈ ਭਾਰਤ: ਕੁਰੈਸ਼ੀ

**ਇਸਲਾਮਾਬਾਦ:** ਭਾਰਤ ਵੱਲੋਂ ਨਵੀਂ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਵਿਚੋਂ ਸਟਾਫ ਦੀ ਨਫਰੀ 50 ਫੀਸਦ ਤੱਕ ਘਟਾਏ ਜਾਣ ਦੀ ਕੀਤੀ ਤਾਕੀਦ ਮਗਰੋਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੋਸ਼ ਲਾਇਆ ਕਿ ਚੀਨ ਨਾਲ ਜਾਰੀ ਸਰਹੱਦੀ ਵਿਵਾਦ ਤੋਂ ਧਿਆਨ ਹਟਾਉਣ ਦੇ ਇਰਾਦੇ ਨਾਲ ਭਾਰਤ ਉਨ੍ਹਾਂ ਦੇ ਮੁਲਕ 'ਤੇ ਹਮਲਾ ਕਰਨ ਦੀ ਯੋਜਨਾ ਘੜ ਰਿਹਾ ਹੈ। ਜੀਓ ਪਾਕਿਸਤਾਨ ਨਾਲ ਗੱਲਬਾਤ ਕਰਦਿਆਂ ਕੁਰੈਸ਼ੀ ਨੇ ਕਿਹਾ, 'ਭਾਰਤ ਦੇ ਮਿਜ਼ਾਜ ਤੋਂ ਸਾਫ ਹੈ ਕਿ ਉਹ ਚੀਨ ਨਾਲ ਜਾਰੀ ਸਰਹੱਦੀ ਵਿਵਾਦ ਤੋਂ ਧਿਆਨ ਲਾਂਭੇ ਕਰਕੇ ਪਾਕਿਸਤਾਨ ਵੱਲ ਪਾਸੇ ਕਰਨਾ ਲੋਚਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ, ਪਾਕਿਸਤਾਨ ਨਾਲ ਮੱਥਾ ਲਾਉਣ ਲਈ ਬਹਾਨੇ ਘੜ ਰਿਹਾ ਹੈ।

ਕੁਰੈਸ਼ੀ ਹਾਲਾਂਕਿ ਆਪਣੇ ਇਨ੍ਹਾਂ ਦਾਅਵਿਆਂ ਬਾਰੇ ਨਾ ਕੋਈ ਤਫਸੀਲ ਤੇ ਨਾ ਹੀ ਕੋਈ ਸਬੂਤ ਪੇਸ਼ ਕਰ ਸਕੇ। ਕੁਰੈਸ਼ੀ ਨੇ ਭਾਰਤ ਨੂੰ ਚਿਤਾਵਨੀ ਦਿੱਤੀ ਕਿ ਨਵੀਂ ਦਿੱਲੀ ਨੇ ਜੇਕਰ ਉਨ੍ਹਾਂ ਦੇ ਮੁਲਕ 'ਤੇ ਹਮਲਾ ਕਰਨ ਦੀ ਹਿਮਾਕਤ ਕੀਤੀ ਤਾਂ ਇਸ ਦਾ ਪੂਰੀ ਤਾਕਤ ਨਾਲ ਜਵਾਬ ਦਿੱਤਾ ਜਾਵੇਗਾ।

## ਭਾਰਤ ਨੂੰ 27 ਜੁਲਾਈ ਤੱਕ ਮਿਲ ਸਕਦੇ ਹਨ ਰਾਫੇਲ ਲੜਾਕੂ ਜਹਾਜ਼

**ਨਵੀਂ ਦਿੱਲੀ:** ਭਾਰਤ ਨੂੰ ਛੇ ਰਾਫੇਲ ਲੜਾਕੂ ਜਹਾਜ਼ਾਂ ਦੀ ਪਹਿਲੀ ਖੇਪ 27 ਜੁਲਾਈ ਤੱਕ ਮਿਲਣ ਦੀ ਸੰਭਾਵਨਾ ਹੈ। ਇਨ੍ਹਾਂ ਜਹਾਜ਼ਾਂ ਨਾਲ ਭਾਰਤੀ ਹਵਾਈ ਫੌਜ ਦੀ ਸਮਰੱਥਾ ਹੋਰ ਵਧ ਜਾਵੇਗੀ। ਸੂਤਰਾਂ ਅਨੁਸਾਰ ਪੂਰਬੀ ਲੱਦਾਖ ਦੀ ਗਲਵਾਨ ਵਾਦੀ ਵਿਚ ਚੀਨ ਨਾਲ ਫੌਜੀ ਝੜਪਾਂ ਤੋਂ ਬਾਅਦ ਬੀਤੇ ਦੋ ਹਫਤੇ ਤੋਂ ਹਵਾਈ ਫੌਜ ਅਲਰਟ ਉਤੇ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 2 ਜੂਨ ਨੂੰ ਫਰਾਂਸ ਦੇ ਆਪਣੇ ਹਮਰੁਤਬਾ ਫਲੋਰੈਂਸ ਪਰਲੀ ਨਾਲ ਗੱਲਬਾਤ ਕੀਤੀ ਸੀ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਕਰੋਨਾ ਮਹਾਮਾਰੀ ਦੇ ਬਾਵਜੂਦ ਭਾਰਤ ਨੂੰ ਰਾਫੇਲ ਲੜਾਕੂ ਜਹਾਜ਼ ਨਿਰਧਾਰਤ ਸਮੇਂ ਉਤੇ ਸੌਂਪੇ ਜਾਣਗੇ। ਫੌਜੀ ਅਧਿਕਾਰੀਆਂ ਨੇ ਨਾਂ ਨਾ ਛਾਪੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਜਹਾਜ਼ਾਂ ਦੀ ਪਹਿਲੀ ਸਕੁਐਡਰਨ ਹਵਾਈ ਫੌਜ ਦੇ ਅੰਬਾਲਾ ਸਟੇਸ਼ਨ ਉਤੇ ਤਾਇਨਾਤ ਕੀਤੀ ਜਾਵੇਗੀ।

## ਪੰਜਾਬ ਦੇ ਸਰਕਾਰੀ ਸਕੂਲਾਂ 'ਚ ਨਵੇਂ ਦਾਖਲਿਆਂ 'ਚ ਵਾਧਾ

**ਮੁਹਾਲੀ:** ਪੰਜਾਬ ਦੇ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਦੇ ਨਵੇਂ ਦਾਖਲਿਆਂ 'ਚ 10.38 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਅਤੇ ਸਿੱਖਿਆ ਖੇਤਰ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਨਵੇਂ ਦਾਖਲਿਆਂ 'ਚ ਵਾਧੇ ਦਾ ਅੰਕੜਾ 10 ਫੀਸਦੀ ਤੋਂ ਪਾਰ ਹੋਇਆ ਹੈ। ਪਿਛਲੇ ਵਰ੍ਹੇ ਦੌਰਾਨ ਵਿਦਿਆਰਥੀਆਂ ਦੀ ਗਿਣਤੀ 23,52,112 ਸੀ, ਜੋ ਕਿ ਹੁਣ ਵਧ ਕੇ 25,96,281 ਹੋ ਗਈ ਹੈ।

ਨਵੇਂ ਦਾਖਲ ਹੋਏ 2,44,169 ਵਿਦਿਆਰਥੀਆਂ ਵਿਚੋਂ 1,14,773 ਵਿਦਿਆਰਥੀ ਪ੍ਰਾਈਵੇਟ ਸਕੂਲਾਂ 'ਚੋਂ ਆਏ ਹਨ। ਸਿੱਖਿਆ ਵਿਭਾਗ ਦੇ ਮੀਡੀਆ ਕੋਆਰਡੀਨੇਟਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 34.30 ਫੀਸਦੀ ਸਭ ਤੋਂ ਵੱਧ ਨਵੇਂ ਦਾਖਲਿਆਂ ਦਾ ਰਿਕਾਰਡ ਵਾਧਾ ਪ੍ਰੀ-ਪ੍ਰਾਇਮਰੀ ਵਿਚ ਹੋਇਆ ਹੈ, ਜੋ ਕਿ ਸਿੱਖਿਆ ਵਿਭਾਗ ਵੱਲੋਂ 14 ਨਵੰਬਰ 2017 ਨੂੰ ਸ਼ੁਰੂ ਕੀਤੀਆਂ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਸਫਲ ਤਜਰਬੇ ਨੂੰ ਦਰਸਾਉਂਦਾ ਹੈ। ਪਿਛਲੇ ਸਾਲ ਪ੍ਰੀ-ਪ੍ਰਾਇਮਰੀ ਵਿਚ 2,25,565 ਬੱਚੇ ਸਨ, ਜਿਨ੍ਹਾਂ ਦੀ ਗਿਣਤੀ ਹੁਣ ਵਧ ਕੇ 3,02,937 ਹੋ ਗਈ ਹੈ। ਹਾਇਰ ਸੈਕੰਡਰੀ ਪੱਧਰ 'ਤੇ 20.12 ਫੀਸਦੀ ਦਾ ਵੱਡਾ ਵਾਧਾ ਹੋਇਆ ਹੈ ਅਤੇ ਪਿਛਲੇ ਵਰ੍ਹੇ ਵਿਦਿਆਰਥੀਆਂ ਦੀ ਗਿਣਤੀ 3,12,534 ਸੀ, ਜੋ ਕਿ ਹੁਣ ਵਧ ਕੇ 3,75,431 ਹੋ ਗਈ ਹੈ।

## ਦਿੱਲੀ ਵਿਚ ਹਵਾ ਪ੍ਰਦੂਸ਼ਣ ਅਚਾਨਕ ਵਧਿਆ

**ਨਵੀਂ ਦਿੱਲੀ:** ਪਿਛਲੇ ਤਿੰਨ ਮਹੀਨਿਆਂ ਤੋਂ ਸਾਫ ਅਸਮਾਨ ਅਤੇ ਸਾਹ ਲੈਣ ਯੋਗ ਹਵਾ ਦੀ ਗੁਣਵੱਤਾ 'ਚ ਅਚਾਨਕ ਗਿਰਾਵਟ ਦਰਜ ਕੀਤੀ ਗਈ। ਹਵਾ ਗੁਣਵੱਤਾ ਮੌਸਮ ਪੇਸ਼ੀਨਗੋਈ ਤੇ ਖੋਜ ਵਿਭਾਗ (ਐਸ.ਏ.ਐਫ.ਏ.ਆਰ.) ਦੇ ਸਿਸਟਮ ਪ੍ਰੋਜੈਕਟ ਡਾਇਰੈਕਟਰ ਗੁਫਰਾਨ ਬੇਗ ਨੇ ਦੱਸਿਆ ਹਵਾ ਪ੍ਰਦੂਸ਼ਣ ਵਿਚ ਅਚਾਨਕ ਵਾਧਾ ਰਾਜਸਥਾਨ ਤੋਂ ਆਏ ਧੂੜ ਭਰੇ ਤੂਫਾਨ ਕਾਰਨ ਹੋਇਆ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਾਰੀ ਦਿੱਲੀ ਦੀ ਹਵਾ ਗੁਣਵੱਤਾ ਸਬੰਧੀ ਜਾਰੀ ਅੰਕੜਿਆਂ ਮੁਤਾਬਕ ਦਿੱਲੀ ਤਕਨੀਕੀ ਯੂਨੀਵਰਸਿਟੀ (ਡੀ.ਟੀ.ਯੂ.) ਖੇਤਰ 'ਚ ਹਵਾ ਦਾ ਪੱਧਰ 326 ਮਾਈਕਰੋਗ੍ਰਾਮ ਪ੍ਰਤੀ ਕਿਊਬਕ ਜਦਕਿ ਨਰੇਲਾ ਵਿਚ 308 ਅਤੇ ਮੁੰਡਕਾ 'ਚ 307 ਮਾਈਕਰੋਗ੍ਰਾਮ ਪ੍ਰਤੀ ਕਿਊਬਕ ਰਿਹਾ ਹੈ।

## ਵੋਟਰਾਂ ਨੇ ਟਰੰਪ ਦੇ ਸਮਰਥਕ ਉਮੀਦਵਾਰਾਂ ਨੂੰ ਨਕਾਰਿਆ

**ਵਾਸ਼ਿੰਗਟਨ:** ਵੋਟਰਾਂ ਨੇ ਸੰਸਦ ਲਈ ਰਿਪਬਲਿਕਨ ਪਾਰਟੀ ਦੀ ਪ੍ਰਾਇਮਰੀ ਚੋਣ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਹਮਾਇਤ ਪ੍ਰਾਪਤ ਕੈਨਟੱਕੀ ਅਤੇ ਨਾਰਥ ਕੈਰੋਲਿਨਾ ਵਿਚ ਉਮੀਦਵਾਰਾਂ ਨੂੰ ਨਕਾਰ ਦਿੱਤਾ। ਉਤਰੀ ਕੈਰੋਲਾਈਨਾ ਵਿਚ ਰਿਪਬਲੀਕਨ ਵੋਟਰਾਂ ਨੇ ਟਰੰਪ-ਸਮਰਥਕ ਰੀਅਲ ਅਸਟੇਟ ਏਜੰਟ ਲਿੰਡਾ ਬੇਨੇਟ ਦੀ ਜਗ੍ਹਾ 24 ਸਾਲਾ ਨਿਵੇਸ਼ਕ ਮੈਡਿਸ ਕੌਥਰੋਨ ਦੀ ਚੋਣ ਕੀਤੀ। ਕੌਥਰੋਨ ਦੁਰਘਟਨਾ ਪਿਛੋਂ ਵ੍ਹੀਲਚੇਅਰ ਵਰਤਦੇ ਹਨ। ਰਿਪਬਲੀਕਨ ਪਾਰਟੀ ਦੇ ਨੇਤਾ ਅਤੇ ਪ੍ਰਤੀਨਿਧੀ ਸਭਾ ਦੇ ਮੈਂਬਰ ਮਾਰਕ ਮੈਡੋਜ਼ ਨੇ ਟਰੰਪ ਦੇ ਚੀਫ ਆਫ ਸਟਾਫ ਬਣਨ ਲਈ ਸੰਸਦ ਦੇ ਅਹੁਦੇ ਤੋਂ ਅਸਤੀਫਾ ਦੇਣ ਪਿਛੋਂ ਇਹ ਸੀਟ ਖਾਲੀ ਹੋਈ ਸੀ। ਕੈਨਟੱਕੀ ਤੋਂ ਪ੍ਰਤੀਨਿਧੀ ਸਭਾ ਦੇ ਮੈਂਬਰ ਤੇ ਰਿਪਬਲੀਕਨ ਪਾਰਟੀ ਦੇ ਨੇਤਾ ਥੌਮ ਮੈਸੀ ਨੂੰ ਛੇਵੀਂ ਵਾਰ ਸੰਸਦ ਲਈ ਨਾਮਜ਼ਦ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਤਖਤ ਸ੍ਰੀ ਕੇਸਗੜ੍ਹ ਸਾਹਿਬ 'ਚ ਤਾਲਾਬੰਦੀ ਦੌਰਾਨ ਲੰਗਰ 'ਚ ਘਪਲੇ ਦਾ ਖੁਲਾਸਾ

**ਸ੍ਰੀ ਆਨੰਦਪੁਰ ਸਾਹਿਬ:** ਤਾਲਾਬੰਦੀ ਦੌਰਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲੰਗਰ ਵਿਚ ਵੱਡੇ ਘਪਲੇ ਦਾ ਖੁਲਾਸਾ ਹੋਇਆ ਹੈ। ਆਮ ਲੋਕਾਂ ਨੂੰ ਤਾਂ ਤਾਲਾਬੰਦੀ ਦੌਰਾਨ ਦਾਲ ਵੀ ਨਸੀਬ ਹੋਣੀ ਔਖੀ ਸੀ ਪਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਮੰਡੀਆਂ ਬੰਦ ਹੋਣ ਦੇ ਬਾਵਜੂਦ ਵੀ ਹਰ ਰੋਜ਼ ਲਿਆਂਦੀ ਗਈ ਹਰੀ ਸਬਜ਼ੀ ਦੇ ਨਾਲ-ਨਾਲ ਤਾਜ਼ੇ ਫਲ ਫਰੂਟ ਉਪਲਬਧ ਹੁੰਦੇ ਸਨ।

ਸੰਗਤ ਦੀ ਆਮਦ ਰੁਕਣ ਦੇ ਬਾਵਜੂਦ ਲੰਗਰ ਲਈ ਲੱਖਾਂ ਰੁਪਏ ਦੀ ਹਰੀ ਸਬਜ਼ੀ ਆਉਣ ਦੇ ਮਾਮਲੇ ਦੀ ਪੜਤਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਤੋਂ ਚੀਫ ਇੰਸਪੈਕਟਰ ਦੀ ਅਗਵਾਈ ਹੇਠ ਅੱਧੀ ਦਰਜਨ ਅਧਿਕਾਰੀਆਂ ਦੀ ਟੀਮ ਵੱਲੋਂ ਕੀਤੀ ਸਟੋਰਾਂ ਦੀ ਪੜਤਾਲ ਅਨੁਸਾਰ ਮੁਢਲੇ ਤੌਰ ਉਤੇ ਲੱਖਾਂ ਰੁਪਏ ਦਾ ਕਥਿਤ ਸਬਜ਼ੀ ਘੁਟਾਲਾ ਸਾਹਮਣੇ ਆਉਣ ਦੇ ਸੰਕੇਤ ਮਿਲੇ ਹਨ। ਇਸ ਕਾਰਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਤਾਇਨਾਤ ਅੱਧੀ ਦਰਜਨ ਮੁਲਾਜ਼ਮਾਂ ਤੇ ਇੰਸਪੈਕਟਰ ਖਿਲਾਫ ਕਾਰਵਾਈ ਹੋ ਸਕਦੀ ਹੈ।



ਜਾਣਕਾਰੀ ਅਨੁਸਾਰ ਆਮ ਤੌਰ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਲੰਗਰ 'ਚ ਸ਼ਰਧਾਲੂਆਂ ਲਈ ਦਾਲ ਵਰਤਾਈ ਜਾਂਦੀ ਹੈ। ਕਿਸੇ ਖਾਸ ਦਿਨ ਹੀ ਦਾਲ ਦੇ ਨਾਲ ਮਿੱਠਾ ਜਾਂ ਕੋਈ ਹੋਰ ਸਬਜ਼ੀ ਬਣਦੀ ਹੈ। ਇਥੇ 24 ਜੂਨ ਨੂੰ ਪਹੁੰਚੀ ਸ਼੍ਰੋਮਣੀ ਕਮੇਟੀ ਦੀ ਉਚ ਤਾਕਤੀ ਟੀਮ ਨੇ ਜਦੋਂ ਰਿਕਾਰਡ ਦੀ ਘੋਖ ਕੀਤੀ ਤਾਂ ਪਤਾ ਲੱਗਿਆ ਕਿ ਪਹਿਲੀ ਅਪਰੈਲ ਤੋਂ ਲੈ ਕੇ 24 ਜੂਨ ਤੱਕ ਬੇਸ਼ੱਕ ਸੰਗਤ ਦੀ ਆਮਦ ਬਹੁਤ ਘੱਟ ਰਹੀ ਪਰ ਲੰਗਰ ਵਿਚ ਵਰਤਾਉਣ ਵਾਸਤੇ ਸਰਹੱਦੀ ਸ਼ਹਿਰ ਨੰਗਲ ਤੋਂ ਹਰੀਆਂ ਸਬਜ਼ੀਆਂ, ਜਿਨ੍ਹਾਂ 'ਚ ਭਿੰਡੀ, ਸ਼ਿਮਲਾ ਮਿਰਚ, ਟਿੰਡੇ, ਕਰੇਲੇ, ਟਮਾਟਰ, ਆਲੂ, ਪਿਆਜ਼, ਘੀਆ, ਕੱਦੂ ਤੋਂ ਇਲਾਵਾ ਸੇਬ, ਕੇਲੇ, ਸੰਤਰੇ ਆਦਿ ਸਣੇ ਹੋਰ ਫਲਾਂ ਦਾ ਆਉਣਾ ਬਾਦਸਤੂਰ ਜਾਰੀ ਰਿਹਾ ਹੈ।

ਇਸ ਕਰਕੇ ਉਚ ਤਾਕਤੀ ਟੀਮ ਨੂੰ ਇਥੇ ਹੋ ਰਹੇ ਵੱਡੇ ਸਬਜ਼ੀ ਘੁਟਾਲੇ ਦਾ ਸ਼ੱਕ ਹੋਇਆ ਤਾਂ ਸਟੋਰਾਂ ਦੀ ਪੜਤਾਲ ਕੀਤੀ ਗਈ, ਜਿਥੋਂ ਕਈ ਫਰਜ਼ੀ ਬਿੱਲ, ਫਾਲਤੂ ਸਾਮਾਨ ਆਦਿ ਬਰਾਮਦ ਹੋਇਆ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ 'ਚ ਆਇਆ ਹੈ। ਇਸ ਵਿਚ ਜੇਕਰ ਕੋਈ ਮੁਲਾਜ਼ਮ ਕਸੂਰਵਾਰ ਪਾਇਆ ਜਾਵੇਗਾ ਤਾਂ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

**ਖਿਲਵਾੜ ਕਰਨ ਵਾਲਿਆਂ ਖਿਲਾਫ ਕਾਰਵਾਈ ਹੋਵੇਗੀ:** ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਧਿਕਾਰੀਆਂ ਨੂੰ ਗੁਰੂ ਦੀ ਗੋਲਕ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਵੀ ਕਿਹਾ ਕਿ ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਪੜਤਾਲੀਆ ਕਮੇਟੀ ਦੀ ਰਿਪੋਰਟ 'ਤੇ ਮੁਢਲੀ ਕਾਰਵਾਈ ਕਰਨ ਤੋਂ ਬਾਅਦ ਬੀਤੇ ਢਾਈ ਸਾਲਾਂ 'ਚ ਹੋਈਆਂ ਖਰੀਦਾਂ, ਰਜਿਸਟਰੀਆਂ, ਬਲੌਂਗੀ ਵਿਚ ਸਰਕਾਰੀ ਕੀਮਤ ਨਾਲੋਂ ਕਿਤੇ ਘੱਟ ਕੀਮਤ 'ਤੇ ਵੇਚੀ ਜ਼ਮੀਨ, ਬੀਤੇ ਸਮਿਆਂ ਦੌਰਾਨ ਤਖਤ ਸਾਹਿਬ ਦੀ ਆਮਦਨ ਵਿਚ ਆਈ ਕਮੀ, ਗੱਡੀਆਂ 'ਤੇ ਹੋਏ ਖਰਚਿਆਂ ਦੀ ਉੱਚ ਪੱਧਰੀ ਜਾਂਚ ਕਰਵਾਏ ਜਾਣ 'ਤੇ ਸਹਿਮਤੀ ਬਣ ਗਈ ਹੈ।

# ਸੁਮੇਧ ਸੈਣੀ ਨੂੰ ਪੱਕੀ ਜ਼ਮਾਨਤ ਦੇਣ ਦੇ ਮਾਮਲੇ ਦੀ ਸੁਣਵਾਈ ਟਲੀ

**ਮੁਹਾਲੀ:** ਪੰਜਾਬ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਪੁੱਤਰ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਪੱਕੀ ਜ਼ਮਾਨਤ ਦੇਣ ਦੀ ਕਾਰਵਾਈ ਫਿਲਹਾਲ ਅੱਗੇ ਟਲ ਗਈ ਹੈ।

ਮੁਹਾਲੀ ਦੀ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਨੇ ਸੁਮੇਧ ਸੈਣੀ ਨੂੰ ਇਕ ਵਾਰ ਫਿਰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀ ਗ੍ਰਿਫਤਾਰੀ ਉਤੇ ਸਟੇਅ ਆਰਡਰ ਬਰਕਰਾਰ ਰੱਖੇ ਹਨ ਅਤੇ ਪੱਕੀ ਜ਼ਮਾਨਤ ਦੇਣ ਸਬੰਧੀ ਸੁਣਵਾਈ 6 ਜੁਲਾਈ ਤੱਕ ਅੱਗੇ ਪਾ ਦਿੱਤੀ ਗਈ ਹੈ।

ਪੰਜਾਬ ਸਰਕਾਰ ਵੱਲੋਂ ਇਸ ਬਹੁ-ਚਰਚਿਤ ਕੇਸ ਦੀ ਪੈਰਵੀ ਲਈ ਨਿਯੁਕਤ ਕੀਤੇ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਸਰਤੇਜ ਸਿੰਘ ਨਰੂਲਾ ਤੇ ਸਰਕਾਰੀ ਵਕੀਲ ਸੰਜੀਵ ਬੱਤਰਾ ਅਤੇ ਬਚਾਅ ਪੱਖ ਦੇ ਵਕੀਲ ਐਚ.ਐਸ. ਧਨੋਆ ਜ਼ਿਲ੍ਹਾ ਅਦਾਲਤ ਵਿਚ ਪੇਸ਼ ਹੋਏ ਅਤੇ ਇਸ ਮੌਕੇ ਦੋਹਾਂ ਧਿਰਾਂ ਵਿਚਕਾਰ ਭਖਵੀਂ ਬਹਿਸ ਹੋਈ। ਇਸ ਮੌਕੇ ਪੀੜਤ ਪਰਿਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ ਵੀ ਅਦਾਲਤ ਵਿਚ ਹਾਜ਼ਰ ਸਨ। ਸ੍ਰੀ ਨਰੂਲਾ ਅਤੇ ਸ੍ਰੀ ਬੱਤਰਾ ਨੇ ਕਿਹਾ ਕਿ ਸਾਬਕਾ ਡੀ.ਜੀ.ਪੀ. ਸੈਣੀ ਖਿਲਾਫ ਪੁਲਿਸ ਵਲੋਂ ਹਾਲੇ ਤੱਕ ਧਾਰਾ 302 ਦੇ ਜੁਰਮ ਦਾ ਵਾਧਾ ਹੀ ਨਹੀਂ ਕੀਤਾ ਗਿਆ, ਫਿਰ ਸਟੇਅ ਬਰਕਰਾਰ ਰੱਖਣ ਦੀ ਕੋਈ ਤੁਕ ਨਹੀਂ ਬਣਦੀ। ਉਂਜ ਵੀ ਪੀੜਤ ਪਰਿਵਾਰ ਵਲੋਂ ਸਾਬਕਾ ਡੀ.ਜੀ.ਪੀ. ਸੈਣੀ ਖਿਲਾਫ ਦਰਜ ਕੇਸ ਦੀ ਸੁਣਵਾਈ ਦੂਜੀ ਅਦਾਲਤ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਗਈ ਹੈ ਜਿਸ ਦੀ ਸੁਣਵਾਈ 29 ਜੂਨ ਨੂੰ ਹੋਣੀ ਹੈ।



ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੁਣਵਾਈ ਲਈ 6 ਜੁਲਾਈ ਦਾ ਦਿਨ ਨਿਰਧਾਰਿਤ ਕੀਤਾ ਹੈ। ਯਾਦ ਰਹੇ ਕਿ ਪੀੜਤ ਪਰਿਵਾਰ ਇਹ ਕੇਸ ਬਹੁਤ ਮੁਸ਼ਕਿਲਾਂ ਤੋਂ ਬਾਅਦ ਇਸ ਮੁਕਾਮ ਤਕ ਲਿਆਉਣ ਵਿਚ ਕਾਮਯਾਬ ਹੋਇਆ ਹੈ ਪਰ ਅਜੇ ਵੀ ਕਈ ਤਰ੍ਹਾਂ ਦੇ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ।

# ਡੀ.ਜੀ.ਪੀ. ਦਿਨਕਰ ਗੁਪਤਾ ਦੀ ਪਤਨੀ ਵਿਨੀ ਮਹਾਜਨ ਬਣੀ ਪੰਜਾਬ ਦੀ ਮੁੱਖ ਸਕੱਤਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵੱਡਾ ਪ੍ਰਸ਼ਾਸਕੀ ਫੇਰਬਦਲ ਕਰਦਿਆਂ 1987 ਬੈਚ ਦੀ ਆਈ.ਏ.ਐਸ. ਅਧਿਕਾਰੀ ਸ੍ਰੀਮਤੀ ਵਿਨੀ ਮਹਾਜਨ ਨੂੰ ਸੂਬੇ ਦੀ ਪਹਿਲੀ ਮਹਿਲਾ ਮੁੱਖ ਸਕੱਤਰ ਨਿਯੁਕਤ ਕਰ ਦਿੱਤਾ ਹੈ। ਸਰਕਾਰ ਵਲੋਂ ਅਚਨਚੇਤ ਕੀਤੀ ਇਸ ਕਾਰਵਾਈ ਨਾਲ ਪ੍ਰਸ਼ਾਸਕੀ ਤੇ ਸਿਆਸੀ ਹਲਕੇ ਹੈਰਾਨ ਹਨ।

ਪ੍ਰਸ਼ਾਸਕੀ ਹਲਕਿਆਂ ਵਿਚ ਉਨ੍ਹਾਂ ਦੇ ਇਸ ਸਿਖਰਲੇ ਅਹੁਦੇ ਉਤੇ ਪਹੁੰਚਣ ਦੀ ਚਰਚਾ ਕਈ ਮਹੀਨਿਆਂ ਤੋਂ ਚੱਲ ਰਹੀ ਸੀ, ਪਰ ਮੌਜੂਦਾ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੀ ਸੇਵਾਮੁਕਤੀ ਤੋਂ ਦੋ ਮਹੀਨੇ ਦੇ ਵੀ ਵੱਧ ਸਮੇਂ ਤੋਂ ਪਹਿਲਾਂ ਹੋਈ ਇਸ ਕਾਰਵਾਈ ਨਾਲ ਸਾਰੇ ਹੈਰਾਨ ਹਨ। ਮੁੱਖ ਸਕੱਤਰ ਦੇ ਅਹੁਦੇ ਲਈ 1984 ਬੈਚ ਦੇ ਆਈ.ਏ.ਐਸ. ਅਧਿਕਾਰੀ ਕਰਨਬੀਰ ਸਿੰਘ ਸਿੱਧੂ ਵਲੋਂ ਵੀ ਜ਼ੋਰ-ਅਜ਼ਮਾਈ ਕੀਤੇ ਜਾਣ ਦੀ ਚਰਚਾ ਹੈ ਪਰ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ। ਸ੍ਰੀਮਤੀ ਮਹਾਜਨ ਦੇ ਪਤੀ ਤੇ 1987 ਬੈਚ ਦੇ ਆਈ.ਪੀ.ਐਸ. ਅਧਿਕਾਰੀ ਦਿਨਕਰ ਗੁਪਤਾ ਇਸ ਸਮੇਂ ਸੂਬੇ ਦੇ ਡੀ.ਜੀ.ਪੀ. ਵਜੋਂ ਸੇਵਾ ਨਿਭਾਅ ਰਹੇ ਹਨ।

ਸ੍ਰੀਮਤੀ ਮਹਾਜਨ ਨੇ ਮੁੱਖ ਸਕੱਤਰ ਵਜੋਂ ਅਹੁਦਾ ਸੰਭਾਲ ਲਿਆ। ਉਹ ਆਪਣੇ 33 ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਵੱਖ-ਵੱਖ ਵਿਭਾਗਾਂ ਅਤੇ ਕੇਂਦਰ ਸਰਕਾਰ ਵਿਚ ਡੈਪੂਟੇਸ਼ਨ 'ਤੇ ਹੁੰਦਿਆਂ ਪ੍ਰਧਾਨ ਮੰਤਰੀ ਦਫਤਰ ਵਿਚ ਵੀ ਤਾਇਨਾਤ ਰਹੇ ਹਨ। ਇਹ ਅਹੁਦਾ ਛੱਡ ਰਹੇ 1984 ਬੈਚ ਦੇ ਆਈ.ਏ.ਐਸ. ਅਧਿਕਾਰੀ ਕਰਨ ਅਵਤਾਰ ਸਿੰਘ ਨੂੰ ਸਰਕਾਰ ਵਲੋਂ ਹਾਲ ਦੀ ਘੜੀ ਵਿਸ਼ੇਸ਼ ਮੁੱਖ ਸਕੱਤਰ, ਪ੍ਰਸ਼ਾਸਕੀ ਸੁਧਾਰ ਵਿਭਾਗ ਲਾਇਆ ਗਿਆ ਹੈ। ਪੰਜਾਬ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਸਤੀਸ਼ ਚੰਦਰਾ ਜੋ ਕਿ 1985 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ, ਨੂੰ ਵੀ ਤਬਦੀਲ ਕੀਤੇ ਜਾਣ ਦੇ ਆਸਾਰ ਹਨ।



ਇਸੇ ਤਰ੍ਹਾਂ ਸ੍ਰੀਮਤੀ ਮਹਾਜਨ ਇਸ ਤੋਂ ਪਹਿਲਾਂ ਉਦਯੋਗ ਅਤੇ ਇਨਵੈਸਟਮੈਂਟ ਪ੍ਰਮੋਸ਼ਨ ਵਿਭਾਗ ਦੇ ਵੀ ਵਧੀਕ ਮੁੱਖ ਸਕੱਤਰ ਹਨ। ਸਰਕਾਰ ਵਲੋਂ ਇਨ੍ਹਾਂ ਦੋਵਾਂ ਵਿਭਾਗਾਂ ਲਈ ਵੀ ਨਵੀਆਂ ਤਾਇਨਾਤੀਆਂ ਕੀਤੀਆਂ ਜਾਣੀਆਂ ਹਨ। ਸੂਤਰਾਂ ਦਾ ਦੱਸਣਾ ਹੈ ਕਿ ਅਥਾਰਟੀ ਦਾ ਮੁਖੀ ਚੁਣੇ ਜਾਣ ਵਾਲੀ ਕਮੇਟੀ ਦੇ ਮੁਖੀ ਵਜੋਂ ਰਾਜ ਦੇ ਮੁੱਖ ਸਕੱਤਰ ਨੇ ਵੀ ਭੂਮਿਕਾ ਨਿਭਾਉਣੀ ਹੁੰਦੀ ਹੈ। ਇਸ ਲਈ ਤਕਨੀਕੀ ਤੌਰ ਉਤੇ ਇਹ ਅੜਿੱਕਾ ਖਤਮ ਕਰਨ ਅਤੇ ਨਿਯੁਕਤੀ ਲਈ ਰਾਹ ਪੱਧਰਾ ਕਰਨ ਲਈ ਸ੍ਰੀਮਤੀ ਮਹਾਜਨ ਦੀ ਨਿਯੁਕਤੀ ਅਤੇ ਕਰਨ ਅਵਤਾਰ ਸਿੰਘ ਦਾ ਤਬਾਦਲਾ ਮੰਨਿਆ ਜਾ ਰਿਹਾ ਹੈ।

## ਵਿਨੀ ਮਹਾਜਨ ਨੂੰ ਮੁੱਖ ਸਕੱਤਰ ਲਾਉਣਾ ਗਲਤ: ਖਹਿਰਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਸਾਬਕਾ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵਿਨੀ ਮਹਾਜਨ ਨੂੰ ਮੁੱਖ ਸਕੱਤਰ ਲਗਾਉਣ ਲਈ 5 ਆਈ.ਏ.ਐਸ. ਅਧਿਕਾਰੀਆਂ ਦੀ ਸੀਨੀਆਰਤਾ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਦਿਨਕਰ ਗੁਪਤਾ ਨੂੰ ਵੀ ਪੰਜ ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਨੂੰ ਦਰਕਿਨਾਰ ਕਰ ਕੇ ਡੀ.ਜੀ.ਪੀ. ਬਣਾਇਆ ਗਿਆ ਸੀ, ਜਿਸ ਨੂੰ ਕੈਟ ਨੇ ਰੱਦ ਕਰ ਦਿੱਤਾ ਸੀ ਅਤੇ ਮਾਮਲਾ ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੈਂਡਿੰਗ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਆਈ.ਏ.ਐਸ. ਅਧਿਕਾਰੀਆਂ ਦੀ ਸੀਨੀਆਰਤਾ ਅਤੇ ਨਿਰਪੱਖਤਾ ਪ੍ਰਤੀ ਵਿਸ਼ਵਾਸ ਨਾ ਰੱਖਦਿਆਂ ਸਰਕਾਰੀ ਨਿਯਮਾਂ, ਸ਼ਰਤਾਂ ਦੇ ਉਲਟ ਆਪਣੀ ਮਨਮਰਜ਼ੀ ਅਨੁਸਾਰ ਗਲਤ ਨਿਯੁਕਤੀਆਂ ਕਰ ਰਹੇ ਹਨ।

# ਖਾਲਿਸਤਾਨ ਦੇ ਤਿੰਨ ਸਮਰਥਕ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਖਾਲਿਸਤਾਨ ਲਹਿਰ ਦੇ ਤਿੰਨ ਸ਼ੱਕੀ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਈ ਉਤਰੀ ਸੂਬਿਆਂ ਵਿਚ ਕੁਝ ਵਿਸ਼ੇਸ਼ ਲੋਕਾਂ ਨੂੰ ਨਿਸ਼ਾਨਾ ਬਣਾਉਣ ਕਰਨ ਦੀ ਯੋਜਨਾ ਬਣਾ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਮਹਿੰਦਰ ਪਾਲ ਸਿੰਘ (29) ਵਾਸੀ ਦਿੱਲੀ, ਗੁਰਤੇਜ ਸਿੰਘ (41) ਵਾਸੀ ਪੰਜਾਬ ਅਤੇ ਲਵਪ੍ਰੀਤ (21) ਵਾਸੀ ਹਰਿਆਣਾ ਵਜੋਂ ਹੋਈ ਹੈ। ਮੁਲਜ਼ਮਾਂ ਕੋਲੋਂ ਤਿੰਨ ਪਿਸਤੌਲ ਅਤੇ ਸੱਤ ਕਾਰਤੂਸ ਬਰਾਮਦ ਹੋਏ ਹਨ।

ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ ਮਿਲੇ ਤਿੰਨ ਫੋਨਾਂ ਵਿਚ ਖਾਲਿਸਤਾਨ ਲਹਿਰ ਨਾਲ ਸਬੰਧਤ 'ਪ੍ਰਵਿਰਤੀ' ਵਾਲੀਆਂ ਵੀਡੀਓਜ਼ ਅਤੇ ਤਸਵੀਰਾਂ ਮਿਲੀਆਂ ਹਨ। ਡਿਪਟੀ ਕਮਿਸ਼ਨਰ ਆਫ ਪੁਲਿਸ (ਵਿਸ਼ੇਸ਼) ਸੈੱਲ ਸੰਜੀਵ ਕੁਮਾਰ ਯਾਦਵ ਨੇ ਦੱਸਿਆ ਕਿ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਮਰਥਕ ਮਹਿੰਦਰ ਦੀਆਂ ਗਤੀਵਿਧੀਆਂ ਬਾਰੇ ਪੁਲਿਸ ਨੂੰ ਜਾਣਕਾਰੀ ਮਿਲੀ ਸੀ। ਉਹ ਕੌਮੀ ਰਾਜਧਾਨੀ ਵਿਚ ਅਤਿਵਾਦੀ ਗਤੀਵਿਧੀ ਕਰਨ ਦੀ ਯੋਜਨਾ ਬਣਾ ਰਿਹਾ ਸੀ। ਇਸ ਮਗਰੋਂ ਹਾਸਤਸਾਲ ਨੇੜੇ 15 ਜੂਨ ਨੂੰ ਨਾਕਾ ਲਾ ਕੇ ਮੋਹਿੰਦਰ ਨੂੰ ਕਾਬੂ ਕਰ ਲਿਆ ਗਿਆ। ਉਸ ਤੋਂ ਕੀਤੀ ਗਈ ਪੁੱਛ-ਪੜਤਾਲ ਮਗਰੋਂ ਲਵਪ੍ਰੀਤ ਨੂੰ ਹਰਿਆਣਾ ਦੇ ਕੈਥਲ ਜ਼ਿਲ੍ਹੇ 'ਚੋਂ ਗ੍ਰਿਫਤਾਰ ਕੀਤਾ ਗਿਆ। ਬਾਅਦ ਵਿਚ ਦੋਵਾਂ ਦੀ ਪੁੱਛ-ਪੜਤਾਲ ਦੇ ਆਧਾਰ 'ਤੇ ਪੁਲਿਸ ਨੇ ਪੰਜਾਬ ਦੇ ਮਾਨਸਾ ਤੋਂ ਗੁਰਤੇਜ ਸਿੰਘ ਨੂੰ ਗ੍ਰਿਫਤਾਰ ਕੀਤਾ।

# ਕੌਮਾਂਤਰੀ ਹਵਾਈ ਸਫਰ 'ਤੇ ਰੋਕ 15 ਜੁਲਾਈ ਤੱਕ

**ਨਵੀਂ ਦਿੱਲੀ:** ਕਰੋਨਾ ਵਾਇਰਸ ਕਾਰਨ ਕੌਮਾਂਤਰੀ ਉਡਾਣਾਂ 'ਤੇ ਲਾਈ ਗਈ ਰੋਕ 15 ਜੁਲਾਈ ਤੱਕ ਜਾਰੀ ਰਹੇਗੀ। ਸ਼ਹਿਰੀ ਹਵਾਬਾਜ਼ੀ ਬਾਰੇ ਡਾਇਰੈਕਟਰ ਜਨਰਲ (ਡੀ.ਜੀ.ਸੀ.ਏ.) ਵੱਲੋਂ ਜਾਰੀ ਕੀਤੇ ਇਸ ਆਦੇਸ਼ ਦਾ ਅਸਰ ਕੌਮਾਂਤਰੀ ਕਾਰਗੋ ਉਡਾਣਾਂ ਅਤੇ ਵਿਸ਼ੇਸ਼ ਉਡਾਣਾਂ 'ਤੇ ਨਹੀਂ ਪਵੇਗਾ। ਇਸ ਤੋਂ ਇਲਾਵਾ ਇਸ ਦੌਰਾਨ ਘਰੇਲੂ ਹਵਾਈ ਸੇਵਾਵਾਂ ਵੀ ਚਾਲੂ ਰਹਿਣਗੀਆਂ।

ਕੌਮਾਂਤਰੀ ਉਡਾਣਾਂ ਉਤੇ ਰੋਕ ਜਾਰੀ ਰੱਖਣ ਦਾ ਇਹ ਫੈਸਲਾ ਰੇਲਵੇ ਵਲੋਂ ਲਏ ਉਸ ਫੈਸਲੇ ਪਿਛੋਂ ਆਇਆ ਹੈ, ਜਿਸ 'ਚੋਂ ਕਿਹਾ ਗਿਆ ਸੀ ਕਿ 12 ਅਗਸਤ ਤੱਕ ਨਿਯਮਿਤ ਰੇਲ ਸੇਵਾਵਾਂ ਚਾਲੂ ਨਹੀਂ ਕੀਤੀਆਂ ਜਾਣਗੀਆਂ। ਰੇਲਵੇ ਨੇ 1 ਜੁਲਾਈ ਤੋਂ 12 ਅਗਸਤ ਤੱਕ ਬੁੱਕ ਕੀਤੀਆਂ ਗਈਆਂ ਟਿਕਟਾਂ ਦਾ ਪੂਰਾ ਰਿਫੰਡ ਕਰਨ ਦਾ ਵੀ ਐਲਾਨ ਕੀਤਾ ਸੀ। ਡੀ.ਜੀ.ਸੀ.ਏ. ਵੱਲੋਂ ਜਾਰੀ ਕੀਤੇ ਸਰਕੂਲਰ ਮੁਤਾਬਕ ਚੁਣੇ ਹੋਏ ਰੂਟਾਂ ਉਤੇ ਕੇਸ ਦੇ ਆਧਾਰ 'ਤੇ, ਕੌਮਾਂਤਰੀ ਉਡਾਣਾਂ ਨੂੰ ਚਲਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਦੇਸ਼ ਦੇ ਕਰੀਬ 20 ਹਵਾਈ ਅੱਡਿਆਂ ਤੋਂ 55 ਦੇਸ਼ਾਂ ਦੇ 80 ਸ਼ਹਿਰਾਂ ਤੱਕ ਉਡਾਣ ਭਰਨ ਵਾਲੀਆਂ ਕੌਮਾਂਤਰੀ ਉਡਾਣਾਂ 23 ਮਾਰਚ ਤੋਂ ਬੰਦ ਹਨ। ਪਹਿਲਾਂ ਰੋਕ ਇਕ ਹਫਤੇ ਲਈ ਲਾਈ ਗਈ ਸੀ ਤੇ ਤਾਲਾਬੰਦੀ ਦੇ ਨਾਲ ਹੀ ਵਧਾਇਆ ਗਿਆ ਸੀ।

# ਕਰੋਨਾ ਦਵਾਈ ਦੇ ਦਾਅਵੇ ਨਾਲ ਬੁਰੇ ਫਸੇ ਰਾਮਦੇਵ

**ਨਵੀਂ ਦਿੱਲੀ:** ਸਵਾਮੀ ਰਾਮਦੇਵ ਅਤੇ ਉਸ ਦੇ ਸਹਿਯੋਗੀ ਬਾਲ ਕ੍ਰਿਸ਼ਨ ਦੀ ਫਰਮ ਪਤੰਜਲੀ ਆਯੁਰਵੇਦ, ਕੋਵਿਡ-19 ਦੀ ਬਿਮਾਰੀ ਦੀ ਦਵਾਈ ਬਣਾਉਣ ਅਤੇ ਇਸ ਦੀ ਇਸ਼ਤਿਹਾਰਬਾਜ਼ੀ ਕਰਨ ਪਿੱਛੋਂ ਕਾਨੂੰਨੀ ਮੁਸ਼ਕਲਾਂ ਵਿਚ ਘਿਰ ਗਈ ਹੈ। ਉਤਰਾਖੰਡ ਸਰਕਾਰ ਨੇ ਕੰਪਨੀ ਨੂੰ ਨੋਟਿਸ ਦਿੱਤਾ ਹੈ ਕਿ ਉਸ ਨੇ ਉਚਿਤ ਆਗਿਆ ਲਏ ਬਗੈਰ ਅਜਿਹੀ ਦਵਾਈ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਦੱਸ ਦਈਏ ਕਿ ਕੁਝ ਦਿਨ ਪਹਿਲਾਂ ਰਾਮਦੇਵ ਨੇ 'ਕੋਰੋਨਿਲ' ਨਾਂ ਦੀ ਦਵਾਈ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਇਸ ਦਵਾਈ ਨਾਲ ਬਹੁਤ ਸਾਰੇ ਕਰੋਨਾ ਪਾਜ਼ੀਟਿਵ ਮਰੀਜ਼ਾਂ ਦਾ ਸਫਲਤਾ ਨਾਲ ਇਲਾਜ ਕੀਤਾ ਜਾ ਸਕਦਾ ਹੈ ਅਤੇ ਇਹ ਦਾਅਵਾ ਕੀਤਾ ਗਿਆ ਕਿ ਮਰੀਜ਼ਾਂ ਵਿਚੋਂ 69 ਫੀਸਦੀ ਤਿੰਨ ਦਿਨਾਂ ਵਿਚ ਠੀਕ ਹੋ ਗਏ ਹਨ ਅਤੇ 7 ਦਿਨ ਦਵਾਈ ਖਾਣ ਤੋਂ ਬਾਅਦ 100 ਫੀਸਦੀ ਮਰੀਜ਼ ਸਿਹਤਮੰਦ ਹੋ ਗਏ। ਬਾਅਦ ਦੀਆਂ ਖਬਰਾਂ ਤੋਂ ਇਹ ਪਤਾ ਚੱਲਦਾ ਹੈ ਕਿ ਇਹ ਦਵਾਈ ਜੈਪੁਰ ਦੀ ਨਿਮਸ ਯੂਨੀਵਰਸਿਟੀ ਦੇ ਮੈਡੀਕਲ ਵਿਭਾਗ ਵਿਚ 95 ਮਰੀਜ਼ਾਂ ਨੂੰ ਦਿੱਤੀ ਗਈ ਅਤੇ ਇਹ ਦਾਅਵਾ ਉਨ੍ਹਾਂ ਮਰੀਜ਼ਾਂ ਦੇ ਇਲਾਜ ਉਤੇ ਆਧਾਰਿਤ ਹੈ। ਦਵਾਈ ਦੀ ਵਰਤੋਂ ਦਾ ਪ੍ਰਯੋਗ ਸ਼ੁਰੂ ਕਰਨ ਦੀ ਤਰੀਕ ਮਈ 29 ਦੱਸੀ ਜਾ ਰਹੀ ਹੈ ਜਿਸ ਦਾ ਮਤਲਬ ਹੈ ਕਿ ਦਵਾਈ ਦੇ 100 ਫੀਸਦੀ ਸਫਲ ਹੋਣ ਬਾਰੇ ਨਤੀਜੇ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਕੱਢ ਲਏ ਗਏ।




ਉਧਰ, ਡਾਕਟਰਾਂ ਤੇ ਸਿਹਤ ਖੇਤਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਅਜੇ ਨਿਸ਼ਚਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਇਸ ਲਈ ਬਾਬਾ ਰਾਮਦੇਵ ਦਾ ਇਹ ਦਾਅਵਾ ਹੈਰਾਨ ਕਰਨ ਵਾਲਾ ਹੈ। 95 ਮਰੀਜ਼ਾਂ ਉਤੇ ਕੀਤੀ ਗਈ ਖੋਜ ਨੂੰ ਕਦੇ ਵੀ ਨਿਰਣਾਇਕ ਨਹੀਂ ਮੰਨਿਆ ਜਾ ਸਕਦਾ। ਇਸ ਦਵਾਈ ਵਿਚ ਵਰਤੇ ਗਏ ਤੱਤ ਨਿਸ਼ਚੇ ਹੀ ਮਨੁੱਖ ਦੀ ਬਿਮਾਰੀਆਂ ਵਿਰੁੱਧ ਲੜਨ ਵਾਲੀ ਅੰਦਰੂਨੀ ਸ਼ਕਤੀ ਨੂੰ ਵਧਾਉਣ ਵਾਲੇ ਹਨ ਪਰ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਉਹ ਤੱਤ ਕੋਵਿਡ-19 ਨੂੰ ਮਾਰ ਮੁਕਾਉਂਦੇ ਹਨ।

## ਕੋਈ ਵੀ ਨਿਯਮ ਨਹੀਂ ਤੋੜਿਆ: ਪਤੰਜਲੀ

**ਦੇਹਰਾਦੂਨ:** ਕੋਵਿਡ- 19 ਦਾ ਇਲਾਜ ਕਰਨ ਦਾ ਦਾਅਵਾ ਕਰਨ ਵਾਲੀ ਇਕ ਦਵਾਈ ਲਾਂਚ ਕਰਨ 'ਤੇ ਤਿੱਖੀ ਆਲੋਚਨਾ ਦਾ ਸਾਹਮਣਾ ਕਰ ਰਹੀ ਪਤੰਜਲੀ ਆਯੁਰਵੈਦ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਇਸ ਨੇ ਕੋਈ ਵੀ ਕਾਨੂੰਨ ਨਹੀਂ ਤੋੜਿਆ ਹੈ। ਕੰਪਨੀ ਨੇ ਟਵੀਟ ਕਰਦਿਆਂ ਲਿਖਿਆ, 'ਕਿਸੇ ਵੀ ਕਿਸਮ ਦੇ ਭਰਮ ਦੀ ਗੁੰਜਾਇਸ਼ ਨਹੀਂ ਹੈ।' ਪਤੰਜਲੀ ਦੇ ਬੁਲਾਰੇ ਐੱਸ ਕੇ ਤੀਜਾਰਾਵਾਲਾ ਨੇ ਕਿਹਾ, 'ਦਵਾਈ ਲਈ ਲਾਇਸੈਂਸ ਅਸ਼ਵਗੰਧਾ, ਗਿਲੋਏ ਅਤੇ ਤੁਲਸੀ ਦੇ ਦਵਾਈ ਵਾਲੇ ਗੁਣਾਂ ਬਾਰੇ ਜਾਣਕਾਰੀ ਤੇ ਸਬੰਧਤ ਤਜਰਬੇ ਦੇ ਆਧਾਰ ਉਤੇ ਹਾਸਲ ਕੀਤਾ ਗਿਆ ਸੀ। ਕਰੋਨਾ ਮਰੀਜ਼ਾਂ 'ਤੇ ਕਾਨੂੰਨੀ ਤੌਰ ਉਤੇ ਕੀਤੇ ਗਏ ਕਲਿਨੀਕਲ ਟਰਾਇਲਾਂ ਦੇ ਹਾਂ-ਪੱਖੀ ਨਤੀਜੇ ਸਾਂਝੇ ਕੀਤੇ ਗਏ ਸਨ।

# ਕੌਮਾਂਤਰੀ ਸਮੱਸਿਆਵਾਂ 'ਚ ਉਲਝਿਆ ਚੀਨ ਕੀ ਭਾਰਤ ਨਾਲ ਜੰਗ ਛੇੜੇਗਾ?

## ਭਾਰਤ-ਚੀਨ ਸਰਹੱਦੀ ਵਿਵਾਦ

ਸਰਹੱਦ 'ਤੇ ਚੀਨ ਅਤੇ ਭਾਰਤ ਵਿਚਾਲੇ ਵਧ ਰਿਹਾ ਤਣਾਓ ਕੋਈ ਆਮ ਵਰਤਾਰਾ ਨਹੀਂ ਹੈ, ਸਗੋਂ ਇਸ ਨੂੰ ਅਮਰੀਕਾ ਸਮੇਤ ਦੁਨੀਆਂ ਦੇ ਵੱਡੇ ਤੇ ਤਾਕਤਵਰ ਮੁਲਕ ਗਲੋਬਲ ਮਾਈਕਰੋਸਕੋਪ ਨਾਲ ਦੇਖ ਰਹੇ ਹਨ। ਅਸਲ ਵਿਚ ਇਸ ਵੇਲੇ ਚੀਨ ਭਾਰਤ ਨਾਲ ਹੀ ਨਹੀਂ ਭਿੜ ਅੜਿਕਾ ਲੈ ਰਿਹਾ, ਸਗੋਂ ਜੋ ਉਹ ਹਾਂਗਕਾਂਗ, ਤਾਇਵਾਨ ਅਤੇ ਵੀਅਤਨਾਮ ਵਿਚ ਕਰ ਰਿਹਾ ਹੈ, ਉਹ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਚਿੜੀ ਦੇ ਪਹੁੰਚੇ ਜਿੱਡਾ ਮੁਲਕ ਨੇਪਾਲ, ਜੋ ਆਪਣੀ ਸਮਾਜਕ, ਆਰਥਕ, ਭੁਗੋਲਿਕ ਅਤੇ ਰਾਜਨੀਤਕ ਲੜਾਈ ਭਾਰਤ ਦੀ ਛਤਰੀ ਹੇਠ ਹੀ ਲੜਦਾ ਰਿਹਾ ਹੈ, ਜੇ ਭਾਰਤ ਨਾਲ ਸਰਹੱਦੀ ਵਿਵਾਦ ਵਿਚ ਉਲਝ ਰਿਹਾ ਹੈ ਤਾਂ ਸੱਚ ਨਹੀਂ ਕਿ ਸਥਿਤੀ 'ਤੂੰ ਨਹੀਂ ਬੋਲਦੀ' ਵਾਂਗ ਪੂਰੀ ਤਰ੍ਹਾਂ ਸਪੱਸ਼ਟ ਹੈ। ਅਮਰੀਕਾ ਚੀਨ ਨੂੰ ਸਬਕ ਸਿਖਾਉਣ ਦੇ ਦਬਕੇ ਮਾਰ ਰਿਹਾ



**ਐਸ. ਅਸ਼ੋਕ ਭੌਰਾ**
ashokbhaura@gmail.com

ਹੈ, ਭਾਰਤ ਨਾਲ ਦੋਸਤੀ ਦੀਆਂ ਦੋਵੇਂ ਬਾਹਵਾਂ ਖੋਲ੍ਹ ਰਿਹਾ ਹੈ, ਚੀਨ ਤੇ ਪਾਕਿਸਤਾਨ ਦੀ ਹੋਰ ਮੁਹੱਬਤ ਵਧਣ ਪਿੱਛੇ ਧਾਰਾ 370 ਦੀ ਵੀ ਇਕ ਪੀੜਾ ਹੈ।

ਇਸ ਵੇਲੇ ਹਾਲਾਤ ਇਹ ਹਨ ਕਿ ਹਜ਼ਾਰਾਂ ਦੀ ਗਿਣਤੀ 'ਚ ਚੀਨੀ ਫੌਜ ਪੂਰਬੀ ਲੱਦਾਖ ਨਾਲ ਲੱਗਦੀ ਸਰਹੱਦ ਦੇ ਨੇੜੇ ਤਾਇਨਾਤ ਹੋ ਗਈ ਹੈ, ਜਿਸ ਨੂੰ ਭਾਰਤ ਆਪਣਾ ਖੇਤਰ ਮੰਨਦਾ ਹੈ। ਪਹਿਲੀ ਵਾਰ ਹੈ ਕਿ ਜਦੋਂ ਚੀਨ ਨੇ ਤੰਬੂ ਲਾਏ ਹਨ, ਫੌਜਾਂ ਅਤੇ ਲੜਾਕੂ ਜਹਾਜ ਲਿਆ ਖੜ੍ਹੇ ਕੀਤੇ ਹਨ। ਦੂਜੇ ਪਾਸੇ ਭਾਰਤੀ ਫੌਜ ਵੀ ਹਿਮਾਲਿਅਨ ਸਰਹੱਦ ਲੇਹ ਤੋਂ ਚੀਨ ਦੀ ਹੱਦ ਤੱਕ ਅਨੇਕਾਂ ਬਟਾਲੀਅਨਾਂ ਨੂੰ ਭੇਜ ਕੇ ਟਿਕਾਣੇ ਬਣਾ ਚੁਕੀ ਹੈ ਅਤੇ ਸ਼ਿਸ਼ਤ ਲਾਈ ਬੈਠੀ ਹੈ। 120 ਮੀਲ ਤੋਂ ਵੀ ਘੱਟ ਦੂਰੀ 'ਤੇ ਫੌਜੀ ਏਅਰਬੇਸ ਸਥਾਪਤ ਕਰਨੇ, ਨਵੇਂ ਰਨਵੇਅ ਬਣਾਉਣੇ ਅਤੇ ਜੰਗੀ ਜਹਾਜ ਲਿਆ ਕੇ ਖੜ੍ਹੇ ਕਰਨੇ ਨਾ ਸਿਰਫ ਦੋਹਾਂ ਦੇਸ਼ਾਂ ਲਈ ਖਤਰਨਾਕ ਹਨ, ਸਗੋਂ ਏਸ਼ੀਆ ਖਿੱਤੇ ਲਈ ਇਹ ਇਕ ਭਿਆਨਕ ਭਵਿੱਖ ਵੀ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਕਰੀਬ 2100 ਮੀਲ ਭਾਰਤ-ਚੀਨ ਸਰਹੱਦ, ਜਿਸ ਦਾ ਬਹੁਤਾ ਹਿੱਸਾ ਅਧਿਕਾਰਤ ਹੱਦਬੰਦੀ ਨਾ ਹੋਣ ਕਾਰਨ ਵਿਵਾਦਪੂਰਨ ਰਿਹਾ ਹੈ, ਇਹ ਦੋਵੇਂ ਦੇਸ਼ 1962 ਵਿਚ ਕਿਸੇ ਕਰਕੇ ਸੰਖੇਪ, ਪਰ ਅਹਿਮ ਯੁੱਧ ਵੀ ਲੜ ਚੁਕੇ ਹਨ। ਚੀਨ ਦੀ ਹੁਣ ਤੱਕ ਇਹ ਵੀ ਧੌਂਸ ਰਹੀ ਕਿ ਉਹ ਭਾਰਤ ਦੇ ਰਾਜ ਅਰੁਣਾਚਲ ਪ੍ਰਦੇਸ਼ ਨੂੰ ਹਾਲੇ ਤੱਕ ਵੀ ਆਪਣਾ ਖੇਤਰ ਮੰਨਦਾ ਆ ਰਿਹਾ ਹੈ, ਜਦਕਿ ਭਾਰਤ ਸਰਹੱਦੀ ਨਿਯੰਤਰਿਤ ਰੇਖਾ ਤੱਕ ਆਪਣਾ ਹਿੱਸਾ ਮੰਨਦਾ ਆਇਆ ਹੈ। ਦੋਵੇਂ ਦੇਸ਼ਾਂ ਨੇ ਫੌਜੀ ਸਰਹੱਦਾਂ 'ਤੇ ਹੱਥੋਪਾਈ ਕੀਤੀ ਹੈ, ਇਕ ਦੂਜੇ 'ਤੇ ਪੱਥਰ ਮਾਰੇ ਹਨ, ਪਰ ਗੋਲੀਬਾਰੀ ਸਬੰਧੀ ਕਦੇ ਵੀ ਨਹੀਂ ਹੋਈ।

ਚੀਨ ਦੀ ਵੱਖੀ 'ਚ ਕੂਹਣੀ ਮਾਰਨ ਦੀ ਕਾਹਲ 'ਚ ਖੜ੍ਹੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਲੰਮੇ ਸਮੇਂ ਤੋਂ ਖੇਤਰੀ ਵਿਵਾਦ ਵਿਚ ਉਲਝੀਆਂ ਇਨ੍ਹਾਂ ਦੋਵੇਂ ਏਸ਼ੀਆਈ ਤਾਕਤਾਂ ਵਿਚਾਲੇ ਹੋਣ ਵਾਲੇ ਤਕਰਾਰ ਨੂੰ ਹੱਲ ਕਰਨ ਲਈ ਵਿਚੋਲਗੀ ਦੀ ਪੇਸ਼ਕਸ਼ ਕਰ ਦਿੱਤੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਅਮਰੀਕਾ ਦੋਵੇਂ ਦੇਸ਼ਾਂ ਦੇ ਸਰਹੱਦੀ ਵਿਵਾਦ 'ਚ ਅਹਿਮ ਰੋਲ ਅਦਾ ਕਰਨ ਦੇ ਸਮਰੱਥ ਹੈ ਅਤੇ ਤਿਆਰ ਵੀ ਹੈ। ਇਸ ਖਬਰ ਨੂੰ ਭਾਵੇਂ ਅਮਰੀਕਾ ਦੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਨੇ ਬਹੁਤੀ ਤਰਜੀਹ ਨਾ ਦਿੱਤੀ ਹੋਵੇ, ਪਰ 'ਵਾਸ਼ਿੰਗਟਨ ਪੋਸਟ' ਅਤੇ 'ਵਾਲ ਸਟਰੀਟ' ਜਿਹੀਆਂ ਅਖਬਾਰਾਂ ਅੱਜ ਕੱਲ੍ਹ ਭਾਰਤ-ਚੀਨ ਵਿਵਾਦ ਨੂੰ ਖਬਰਾਂ ਦੇ ਰੂਪ ਵਿਚ ਤਰਜੀਹੀ ਤੌਰ 'ਤੇ ਪੇਸ਼ ਕਰ ਰਹੀਆਂ ਹਨ।

ਅਮਰੀਕਾ ਅਜਿਹਾ ਕਿਉਂ ਕਰ ਰਿਹਾ ਹੈ? ਇਸ ਬਾਰੇ ਵਾਸ਼ਿੰਗਟਨ ਦੇ ਵਿਲਸਨ ਸੈਂਟਰ ਵਿਚ ਏਸ਼ੀਆਈ ਪ੍ਰੋਗਰਾਮ ਦੇ ਡਿਪਟੀ ਡਾਇਰੈਕਟਰ ਮਾਈਕਲ ਓਗਿਲਮੈਨ ਨੇ ਵੀ ਇਕ ਟੀ. ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੀਨ ਦੀਆਂ ਹਰਕਤਾਂ ਅਤੇ ਗਤੀਵਿਧੀਆਂ ਨੂੰ ਤੁਰੰਤ ਰੋਕਣ ਦੀ ਲੋੜ ਹੈ, ਕਿਉਂਕਿ ਇਹ ਭਾਰਤ ਦੀ ਤਾਕਤ ਨੂੰ ਤਾਰੋਤਾਰ ਕਰਨ ਦੀ ਇੱਛਾ ਇਸ ਲਈ ਰੱਖਦਾ ਹੈ, ਕਿਉਂਕਿ ਇਹੀ ਮੁਲਕ ਹੈ ਜੋ ਏਸ਼ੀਆ 'ਚ ਚੀਨ ਦਾ ਜਮੂਰਾ ਨਹੀਂ ਬਣੇਗਾ ਅਤੇ ਅੱਖਾਂ ਦਿਖਾਏਗਾ। ਕਸ਼ਮੀਰ ਵਿਚ 370 ਦੇ ਖਾਤਮੇ ਬਾਰੇ ਉਹ ਪਾਕਿਸਤਾਨ ਤੋਂ ਵੱਧ ਕੱਪੜਿਆਂ ਤੋਂ ਬਾਹਰ ਹੋਇਆ ਫਿਰਦਾ ਹੈ। ਜਿਸ ਤਰ੍ਹਾਂ ਦੀ ਲਹਿਰ ਉਹ ਲੱਦਾਖ ਵਿਚ ਪੈਦਾ ਕਰ ਰਿਹਾ ਹੈ, ਉਹ ਬਹੁਤ ਫਿਕਰਮੰਦੀ ਵਾਲੀ ਹੈ ਤੇ ਅਮਰੀਕਾ ਇਹ ਸਭ ਕੁਝ ਬਹੁਤ ਨੇੜੇ ਤੋਂ ਤੱਕ ਰਿਹਾ ਹੈ। ਚੀਨ ਦਾ ਭਾਰਤੀ ਸਰਹੱਦਾਂ, ਸੜਕਾਂ ਅਤੇ ਹਵਾਈ ਅੱਡਿਆਂ ਦਾ ਨਿਰਮਾਣ ਬੀਜਿੰਗ ਦੇ ਬੈਲਟ ਐਂਡ ਰੋਡ ਪ੍ਰਾਜੈਕਟ ਦਾ ਚਿੰਤਿਤ ਹਿੱਸਾ ਹੈ ਤੇ ਉਹ ਇਸ ਪ੍ਰਾਜੈਕਟ ਤਹਿਤ ਕੇਂਦਰੀ ਅਤੇ ਦੱਖਣੀ ਏਸ਼ੀਆਈ ਦੇਸ਼ਾਂ ਨਾਲ ਚੀਨ ਨੂੰ ਯੂਰਪ ਨਾਲ ਜੋੜਨ ਵਾਲੀਆਂ ਸੜਕਾਂ, ਰੇਲਵੇ ਤੇ ਬੰਦਰਗਾਹਾਂ ਦਾ ਇਕ ਨੈਟਵਰਕ ਬਣਾ ਰਿਹਾ ਹੈ। ਇਸ ਵਿਚ ਉਸ ਦਾ ਮੁੱਖ ਸਹਿਯੋਗੀ ਅਤੇ ਭਾਰਤ ਦਾ ਦੁਸ਼ਮਣ ਪਾਕਿਸਤਾਨ ਵੀ ਸ਼ਾਮਿਲ ਹੈ।

ਜਦੋਂ ਇਸ ਵੇਲੇ ਪੂਰੀ ਦੁਨੀਆਂ ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿਚ ਲੱਗੀ ਹੋਈ ਹੈ ਤਾਂ ਚੀਨ ਕੀ ਕਰ ਰਿਹਾ ਹੈ? ਤਾਂ ਆਪਣੇ ਆਪ ਸਪੱਸ਼ਟ ਹੋ ਰਿਹਾ ਹੈ ਕਿ ਇਸ ਦੇਸ਼ ਦੀਆਂ ਨੀਤੀਆਂ ਅਤੇ ਨੀਅਤ ਠੀਕ ਨਹੀਂ ਹੈ। ਪਰ ਇਹ ਗੱਲ ਅਮਰੀਕਾ ਨੂੰ ਵੀ ਲੱਗਦੀ ਹੈ ਤੇ ਭਾਰਤ ਇਹ ਸਾਰੇ ਝਗੜੇ ਸੁਲਝਾਉਣ ਲਈ ਆਪ ਤਰੀਕੇ ਲੱਭੇਗਾ ਅਤੇ ਅਮਰੀਕੀ ਵਿਚੋਲਗੀ ਨੂੰ ਰੱਦ ਕਰ ਦੇਵੇਗਾ ਕਿਉਂਕਿ ਇਸ ਤੋਂ ਪਹਿਲਾਂ ਕਸ਼ਮੀਰੀ ਵਿਵਾਦ ਵਿਚ ਵੀ ਚਾਹੇ ਸੰਯੁਕਤ ਰਾਸ਼ਟਰ ਦੀ ਪੇਸ਼ਕਸ਼ ਹੋਵੇ ਤੇ ਚਾਹੇ ਸੰਯੁਕਤ ਰਾਜ ਅਮਰੀਕਾ ਦੀ, ਭਾਰਤ ਹਮੇਸ਼ਾ ਠੁਕਰਾਉਂਦਾ ਹੀ ਆਇਆ ਹੈ।

ਵੇਖਿਆ ਜਾਵੇ ਤਾਂ 5 ਅਤੇ 9 ਮਈ ਨੂੰ ਪੈਨਗੌਂਗ ਝੀਲ ਤੇ ਉਤਰੀ ਸਿੱਕਮ ਦੇ ਦੁਆਲੇ ਜਦੋਂ ਦੋਹਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਸਿੱਧੀਆਂ ਝੜਪਾਂ ਵਿਚ 100 ਤੋਂ ਵੱਧ ਫੌਜੀ ਜ਼ਖਮੀ ਹੋ ਗਏ ਤਾਂ ਦੋਹਾਂ ਹੀ ਦੇਸ਼ਾਂ ਨੇ ਹਮਲਾਵਰ ਫੌਜ ਤਾਇਨਾਤ ਕਰ ਦਿੱਤੀ ਸੀ। ਇਨ੍ਹਾਂ ਬਾਰੇ ਚੀਨ ਵਿਚ ਭਾਰਤ ਦੇ ਸਾਬਕਾ ਰਾਜਦੂਤ ਅਤੇ ਇਸ ਵਿਚ ਦਿੱਲੀ ਸਥਿਤ ਚੀਨੀ ਅਧਿਐਨ ਇੰਸਟੀਚਿਊਟ ਦੇ ਡਾਇਰੈਕਟਰ ਅਸ਼ੋਕ. ਕੇ. ਕਾਂਠਾ ਨੇ ਕਿਹਾ ਸੀ ਕਿ ਹਾਲ ਹੀ ਵਿਚ ਹੋਏ ਚੀਨ ਦੇ ਇਹ ਹਮਲੇ ਆਮ ਘਟਨਾਵਾਂ ਤੋਂ ਬਹੁਤ ਦੂਰ ਹਨ। ਕਾਂਠਾ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਸੀ ਕਿ ਮੈਨੂੰ ਨਹੀਂ ਲੱਗਦਾ ਕਿ ਇਹ ਆਮ ਘਟਨਾ ਹੈ, ਇਸ ਵਾਰ ਚੀਨ ਦਾ ਵਿਹਾਰ ਬਹੁਤ ਅਜੀਬ, ਤਿੱਖਾ, ਖੁੰਦਕ ਵਾਲਾ ਅਤੇ ਹਮਲਾਵਰ ਹੈ। ਵੱਡੀ ਗਿਣਤੀ ਵਿਚ ਫੌਜੀਆਂ ਦਾ ਸਮੱਰਥਨ ਹੈ ਤੇ ਇਸ ਵਰਤਾਰੇ ਨਾਲ ਚੀਨ ਨੂੰ ਸੰਵੇਦਨਸ਼ੀਲ, ਭੂ-ਰਾਜਨੀਤਕ ਮੁੱਦਿਆਂ 'ਤੇ ਸਮਝਣ ਦੀ ਲੋੜ ਹੈ। ਕਾਂਠਾ ਨੇ ਸਪੱਸ਼ਟ ਕੀਤਾ ਸੀ ਕਿ ਚੀਨ ਨੂੰ ਧੌਂਸ ਤੇ ਬਦਮਾਸ਼ੀ ਵਾਲਾ ਵਿਹਾਰ ਤਿਆਗਣਾ ਹੋਵੇਗਾ ਤੇ ਇਹੋ ਹੀ ਦੋਹਾਂ ਦੇਸ਼ਾਂ ਦੇ ਹਿੱਤ ਵਿਚ ਹੋਵੇਗਾ। ਭਾਰਤ ਦੀ ਅਸਲ ਕੰਟਰੋਲ ਰੇਖਾ, ਐਲ. ਓ. ਸੀ ਤੇ ਚੀਨੀ ਵਿਹਾਰ ਦੀ ਮੌਜੂਦਾ ਸਥਿਤੀ ਉਸ ਦੇ ਅੰਦਰਲੇ ਖੋਟ ਨੂੰ ਜੱਗ ਜਾਹਰ ਕਰ ਰਹੀ ਹੈ। ਹਾਲਾਂਕਿ ਭਾਰਤ ਦੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਫੌਜੀਆਂ ਦੇ ਸਰਹੱਦੀ ਧਾਵੇ ਲਈ ਚੀਨ ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਜੋ ਇਸ ਵਕਤ ਦੁਨੀਆਂ ਦੇ ਹਾਲਾਤ ਤੇ ਪ੍ਰਸਥਿਤੀਆਂ ਹਨ, ਬੀਜਿੰਗ ਨੂੰ ਸੰਭਲਣ ਦੀ ਲੋੜ ਹੈ ਅਤੇ ਸੰਜਮ ਵਰਤਣਾ ਹੀ ਚੀਨ ਲਈ ਲਾਹੇਵੰਦ ਹੋਵੇਗਾ। ਉਂਜ ਗੁੰਝਲਦਾਰ ਤਣਾਅ ਨੂੰ ਦੂਰ ਕਰਨ ਲਈ ਡਿਪਲੋਮੈਟਿਕ ਮੀਟਿੰਗਾਂ ਸਹੀ ਦਿਸ਼ਾ ਵੱਲ ਗਈਆਂ ਹਨ। ਜਿਵੇਂ 2017 ਵਿਚ ਭਾਰਤ ਡੋਕਲਾਮ ਵਿਵਾਦਤ ਪਠਾਰ ਦਾ ਕੂਟਨੀਤਕ ਹੱਲ ਸਿਰਫ ਦੋ ਮਹੀਨਿਆਂ ਵਿਚ ਹੀ ਕਰ ਗਿਆ ਸੀ।



ਇਸ ਵਕਤ ਇਹ ਵੀ ਕਹਿਣਾ ਬਣਦਾ ਹੈ ਕਿ ਤਾਨਾਸ਼ਾਹ ਵਰਗੇ ਚੀਨੀ ਸਾਸ਼ਕ ਜਿੰਨ ਪਿੰਗ ਦੀਆਂ ਆਪਣੀਆਂ ਵੀ ਅੰਦਰੂਨੀ ਸਮੱਸਿਆਵਾਂ ਬਹੁਤ ਹਨ। ਅਮਰੀਕਾ ਨਾਲ ਸਬੰਧ ਇੱਟ-ਕੁੱਤੇ ਵਾਲੇ ਬਣੇ ਹੋਏ ਹਨ। ਚੀਨ ਕੌਮਾਂਤਰੀ ਵਪਾਰ 'ਚ ਕਰੋਨਾ ਵਾਇਰਸ ਕਰਕੇ ਪੂਰੀ ਤਰ੍ਹਾਂ ਟੁੱਟ ਗਿਆ ਹੈ, ਵਿਦੇਸ਼ੀ ਵਪਾਰਕ ਕੰਪਨੀਆਂ, ਉਦਯੋਗ ਚੀਨ 'ਚੋਂ ਖਿਸਕਾਏ ਜਾਣ ਦੀ ਵਿਉਂਤਬੰਦੀ ਹੋ ਰਹੀ ਹੈ। ਵੱਡੀ ਪੱਧਰ 'ਤੇ ਰੁਜ਼ਗਾਰ ਚੀਨ 'ਚੋਂ ਵੀ ਖੁੱਸਦਾ ਜਾ ਰਿਹਾ ਹੈ, ਜਿਸ ਆਰਥਕ ਭਵਿੱਖ ਨੂੰ ਲੈ ਕੇ ਪੂਰਾ ਵਿਸ਼ਵ ਫਿਕਰ 'ਚ ਸੁੰਗੜਦਾ ਜਾ ਰਿਹਾ ਹੈ, ਚੀਨ ਵੀ ਉਸ ਦੀ ਲਪੇਟ ਵਿਚ ਆਵੇਗਾ। ਬਿਨਾ ਓਵਰਟਾਈਮ ਦਿੱਤੇ 12-12 ਘੰਟੇ ਕੰਮ ਕਰਨ ਦੀ ਧੱਕੇਸ਼ਾਹੀ ਮੂੰਹੋਂ ਬੋਲਣ ਲੱਗੀ ਹੈ ਤੇ 140 ਕਰੋੜ ਦੇ ਕਰੀਬ ਚੀਨੀ ਲੋਕਾਂ ਦਾ ਧਿਆਨ ਮੂੰਹ ਘੁਮਾਉਣ ਦੀ ਜਿੰਨ ਪਿੰਗ ਦੀ ਕੋਸ਼ਿਸ਼ ਭਾਰਤ ਨਾਲ ਤਾਂ ਕੀ, ਅਮਰੀਕਾ ਨਾਲ ਵੀ ਖੜਕਾ-ਦੜਕਾ ਕਰ ਸਕਦੀ ਹੈ। ਕਹਿ ਉਹ ਇਹ ਵੀ ਰਿਹਾ ਹੈ ਕਿ ਚੀਨ ਲੜਾਈ ਦੀ ਤਿਆਰੀ ਨੂੰ ਵਧਾਉਂਦਾ ਵੀ ਆਇਆ ਹੈ, ਗੁੰਝਲਦਾਰ ਸਥਿਤੀਆਂ ਨਾਲ ਨਜਿੱਠ ਵੀ ਲੈਂਦਾ ਹੈ ਅਤੇ ਆਪਣੀ ਪ੍ਰਭੂਸੱਤਾ, ਸੁਰੱਖਿਆ ਤੇ ਵਿਕਾਸ ਦੀ ਰਫਤਾਰ ਵੀ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਹਾਲਾਂਕਿ ਜਦੋਂ ਉਹ ਮੀਡੀਆ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਸਪੱਸ਼ਟ ਨਹੀਂ ਹੋਇਆ ਸੀ ਕਿ ਉਹ ਮੱਤ ਭਾਰਤ ਨੂੰ ਦੇ ਰਿਹਾ ਹੈ ਜਾਂ ਹਾਂਗਕਾਂਗ ਦੀ ਨੀਂਦ ਹਰਾਮ ਕਰਨੀ ਚਾਹੁੰਦਾ ਹੈ, ਪਰ ਬਾਅਦ 'ਚ ਚੀਨ ਦੇ ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਸੀ ਕਿ ਚੀਨ ਭਾਰਤੀ ਸਰਹੱਦ 'ਤੇ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਵਚਨਬੱਧ ਹੈ।

ਵੇਖਿਆ ਜਾਵੇ ਤਾਂ ਭਾਰਤ ਲੰਮੇ ਸਮੇਂ ਤੋਂ ਅਮਰੀਕਾ ਦਾ ਗੂੜ੍ਹਾ ਮਿੱਤਰ ਤੇ ਨੇੜਲਾ ਸਹਿਯੋਗੀ ਰਿਹਾ ਹੈ ਅਤੇ ਏਸ਼ੀਆ ਵਿਚ ਚੀਨ ਦੇ ਵਧ ਰਹੇ ਪ੍ਰਭਾਵ ਨੂੰ ਸੰਤੁਲਿਤ ਰੱਖਣ ਲਈ ਵੱਡਾ ਰੋਲ ਵੀ ਅਦਾ ਕਰਦਾ ਹੈ। ਇਸੇ ਕਰਕੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਟਿੱਪਣੀ 'ਤੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ ਅਸੀਂ ਦੁਨੀਆਂ ਦੀ ਮਹਾਂਸ਼ਕਤੀ ਅਮਰੀਕਾ ਦੀ ਵਿਚੋਲਗੀ ਵਾਲੀ ਪੇਸ਼ਕਸ਼ ਦਾ ਸਵਾਗਤ ਕਰਦੇ ਹਾਂ, ਪਰ ਉਂਜ ਅਸੀਂ ਚੀਨ ਨਾਲ ਸ਼ਾਂਤੀਪੂਰਵਕ ਹੱਲ ਲਈ ਪੂਰੀ ਤਰ੍ਹਾਂ ਜੁੜੇ ਹੋਏ ਹਾਂ। ਸਾਡੀਆਂ ਫੌਜਾਂ ਸਰਹੱਦੀ ਪ੍ਰਤੀਬੰਧਨ ਨਾਲ ਬੇਹੱਦ ਸੁਹਿਰਦਤਾ ਅਤੇ ਜ਼ਿੰਮੇਵਾਰੀ ਨਾਲ ਆਪਣੀ ਭੂਮਿਕਾ ਨਿਭਾ ਰਹੀਆਂ ਹਨ। ਅਸੀਂ ਵੀ ਸਮਝੌਤੇ ਦੇ ਪ੍ਰੋਟੋਕਾਲ 'ਤੇ ਨਿਰਧਾਰਤ ਪ੍ਰਤੀਕ੍ਰਿਆ ਨਾਲ ਪਾਲਣਾ ਕਰਕੇ ਮਸਲਾ ਹੱਲ ਕਰਨ ਦੀ ਵਿਉਂਤਬੰਦੀ ਅਪਨਾ ਰਹੇ ਹਾਂ। ਸ੍ਰੀ ਅਨੁਰਾਗ ਨੇ ਇਹ ਵੀ ਸਪੱਸ਼ਟ ਕੀਤਾ ਕਿ ਚੀਨ ਸਰਹੱਦੀ ਰੁਕਾਵਟਾਂ ਨੂੰ ਉਕਸਾਉਣ ਦਾ ਦੋਸ਼ ਅਮਰੀਕਾ ਸਿਰ ਮੜ੍ਹ ਰਿਹਾ ਹੈ, ਗਲਤ ਹੈ। ਅਮਰੀਕਾ ਦੀ ਏਸ਼ੀਆ ਨੀਤੀ ਨਵੀਂ ਦਿੱਲੀ ਨੂੰ ਬੀਜਿੰਗ ਵਿਰੁੱਧ ਵਰਤਣ ਵਾਲੀ ਨਹੀਂ ਮੰਨਿਆ ਜਾ ਸਕਦਾ। ਭਾਰਤ ਨੇ ਕਦੇ ਵੀ ਇਸ ਖਿੱਤੇ ਵੀ ਗੈਰਜ਼ਿੰਮੇਵਾਰਾਨਾ ਹਰਕਤ ਨਹੀਂ ਕੀਤੀ। ਭਾਵੇਂ ਦੱਖਣੀ ਅਤੇ ਕੇਂਦਰੀ ਏਸ਼ੀਆਈ ਮਾਮਲਿਆਂ ਹਾਲ ਅਮਰੀਕਾ ਦੀ ਸਹਾਇਕ ਪ੍ਰਿੰਸੀਪਲ ਸਕੱਤਰ ਐਲਿਸ ਵੇਲਸ ਨੇ ਮੌਜੂਦਾ ਸਰਹੱਦੀ ਮਾਹੌਲ 'ਤੇ ਚੀਨ ਦੀ ਸਖਤ ਆਲੋਚਨਾ ਕੀਤੀ ਹੈ ਅਤੇ ਇਸ ਬਾਰੇ ਬੋਲਦਿਆਂ ਭਾਰਤ ਨੇ ਇਹ ਕਿਹਾ ਹੈ ਕਿ ਇਹ ਸਥਿਤੀ ਅਮਰੀਕਾ ਦੀ ਚੀਨ ਨਾਲ ਵਿਗੜ ਰਹੀ ਸਥਿਤੀ ਤੇ ਦੁਸ਼ਮਣੀ ਦਾ ਪ੍ਰਤੀਬਿੰਬ ਹੈ। ਉਧਰ ਵਿਰੋਧੀਆਂ ਨੂੰ ਇਹ ਭੈਅ ਖਾ ਰਿਹਾ ਹੈ ਕਿ ਜਿਹਾ ਟਰੰਪ ਨੇ ਵਿਚੋਲਗੀ ਲਈ ਟਵੀਟ ਕੀਤਾ ਹੈ, ਜੇ ਸੰਯੁਕਤ ਰਾਸ਼ਟਰ ਵਿਚ ਅਜਿਹਾ ਹੁੰਦਾ ਹੈ ਤਾਂ ਅਮਰੀਕਾ ਅਤੇ ਭਾਰਤ ਦੇ ਸਬੰਧਾਂ ਦੀ ਪਕੜ ਹੋਰ ਵੀ ਮਜ਼ਬੂਤ ਹੋਵੇਗੀ।

ਭਾਵੇਂ ਕਿਆਸਅਰਾਈਆਂ ਕੁਝ ਵੀ ਹੋਣ, ਪਰ ਕੌਮਾਂਤਰੀ ਰਾਜਨੀਤਕ ਵਿਸ਼ਲੇਸ਼ਕ ਅਤੇ ਅਮਰੀਕਾ ਦੇ ਸਮੁੱਚੇ ਅਖਬਾਰੀ ਸੰਪਾਦਕੀਆਂ ਦਾ ਨਿਚੋੜ ਇਹ ਹੈ ਕਿ ਜਦੋਂ ਅਮਰੀਕਾ ਤੇ ਭਾਰਤ ਕਰੋਨਾ ਮਹਾਮਾਰੀ ਨੂੰ ਲੈ ਕੇ ਆਰਥਕ ਪ੍ਰੇਸ਼ਾਨੀਆਂ ਦਾ ਭਵਿੱਖ ਵੇਖ ਕੇ ਗੰਭੀਰ ਚਿੰਤਿਤ ਹਨ ਅਤੇ ਚੀਨ ਆਪਣੀ ਹੀ ਕਿਸਮ ਦੀਆਂ ਅੰਦਰੂਨੀ ਤੇ ਕੌਮਾਂਤਰੀ ਖਿੱਚਾਂ ਧੂਹਾਂ 'ਚ ਫਸਿਆ ਹੋਇਆ ਹੈ, ਸਰਹੱਦੀ ਸੰਕਟ ਹਥਿਆਰਬੰਦ ਟਕਰਾਅ ਵੱਲ ਨਹੀਂ ਵਧੇਗਾ। ਹਾਲਾਂਕਿ ਭਾਰਤ ਮੰਨਦਾ ਹੈ ਕਿ ਚੀਨ ਦੀਆਂ ਹਰਕਤਾਂ, ਕੋਸ਼ਿਸ਼ਾਂ ਉਕਸਾਉਣਾ ਅਤੇ ਖਤਰਨਾਕ ਰੂਪ ਅਖਤਿਆਰ ਕਰਨ ਵਾਲੀਆਂ ਹਨ, ਫਿਰ ਵੀ ਭਾਰਤ ਬਹੁਤ ਸੰਜਮ ਵਰਤ ਰਿਹਾ ਹੈ। ਉਧਰ ਅਮਰੀਕਾ ਨੇ ਹੀ ਯੂਰਪੀ ਮੁਲਕਾਂ ਅਤੇ ਜਾਪਾਨ ਨੇ ਵੀ ਵਿਸ਼ਵ ਦੇ ਮੌਜੂਦਾ ਹਾਲਾਤਾਂ ਦੇ ਪ੍ਰਸੰਗ ਵਿਚ ਚੀਨੀ ਤਾਨਾਸ਼ਾਹ ਸਾਸ਼ਕ ਜਿੰਨ ਪਿੰਗ ਤੇ ਬੀਜਿੰਗ ਨੂੰ ਕਿਹਾ ਹੈ ਕਿ ਹਾਲ ਹੀ ਵਿਚ ਭਾਰਤ ਬਾਰੇ ਕੀਤੀ ਸਰਹੱਦੀ ਤਣਾਓ ਅਤੇ ਬਿਆਨਬਾਜੀ ਤੋਂ ਭਵਿੱਖ ਵਿਚ ਗੁਰੇਜ਼ ਕਰਨ 'ਚ ਹੀ ਭਲਾ ਹੋਵੇਗਾ।

# ਭਾਰਤ ਵਲੋਂ ਟਿਕ ਟੌਕ ਸਣੇ 59 ਚੀਨੀ ਮੋਬਾਈਲ ਐਪਸ 'ਤੇ ਪਾਬੰਦੀ

ਨਵੀਂ ਦਿੱਲੀ: ਲੱਦਾਖ ਵਿਚ ਅਸਲ ਕੰਟਰੋਲ ਰੇਖਾ 'ਤੇ ਚੀਨੀ ਸੈਨਿਕਾਂ ਨਾਲ ਟਕਰਾਅ ਵਿਚ 20 ਫੌਜੀਆਂ ਦੀ ਮੌਤ ਤੋਂ ਬਾਅਦ ਭਾਰਤ ਨੇ ਗੁਆਂਢੀ ਮੁਲਕ ਖਿਲਾਫ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਮੋਦੀ ਸਰਕਾਰ ਨੇ ਚੀਨ ਦੇ ਪ੍ਰਸਿੱਧ ਟਿਕ ਟੌਕ, ਯੂ ਸੀ ਬ੍ਰਾਊਜ਼ਰ, ਸ਼ੇਅਰ ਇਟ ਸਮੇਤ 59 ਮੋਬਾਈਲ ਐਪਾਂ 'ਤੇ ਪਾਬੰਦੀ ਲਾ ਦਿੱਤੀ ਹੈ।

ਸਰਕਾਰ ਨੇ ਇਨ੍ਹਾਂ ਨੂੰ ਦੇਸ਼ ਦੀ ਪ੍ਰਭੂਸੱਤਾ, ਅਖੰਡਤਾ ਅਤੇ ਸੁਰੱਖਿਆ ਲਈ ਖਤਰਾ ਕਰਾਰ ਦਿੱਤਾ ਹੈ। ਬੰਦ ਕੀਤੀਆਂ ਗਈਆਂ ਐਪਾਂ ਦੀ ਸੂਚੀ 'ਚ ਹੈਲੋ, ਲਾਈਕੀ, ਕੈਮ ਸਕੈਨਰ, ਵੀਗੋ ਵੀਡੀਓ, ਮੀ ਵੀਡੀਓ ਕਾਲ-ਸ਼ਿਆਓਮੀ, ਕਲੈਸ਼ ਆਫ ਕਿੰਗਸ ਦੇ ਨਾਲ ਕਲੱਬ ਫੈਕਟਰੀ ਸ਼ਾਮਲ ਹਨ। ਇਹ ਚੀਨੀ ਤਕਨੀਕੀ ਕੰਪਨੀਆਂ ਖਿਲਾਫ ਸਭ ਤੋਂ ਵੱਡੀ ਕਾਰਵਾਈ ਹੈ। ਸੂਚਨਾ ਤਕਨੀਕੀ ਮੰਤਰਾਲੇ ਨੇ ਇਕ ਅਧਿਕਾਰਤ ਬਿਆਨ 'ਚ ਕਿਹਾ ਕਿ ਮੰਤਰਾਲੇ ਨੂੰ ਵੱਖ-ਵੱਖ ਸੂਤਰਾਂ ਤੋਂ ਕਈ ਸ਼ਿਕਾਇਤਾਂ ਮਿਲੀਆਂ ਹਨ, ਜਿਨ੍ਹਾਂ 'ਚ ਕਿਹਾ ਗਿਆ ਹੈ ਕਿ ਐਂਡਰਾਇਡ ਅਤੇ ਆਈ.ਓ.ਐਸ. ਉਤੇ ਉਪਲਬਧ ਇਹ ਚੀਨੀ ਐਪਾਂ ਬਿਨਾਂ ਉਪਭੋਗਕਰਤਾਵਾਂ ਦੀ ਜਾਣਕਾਰੀ ਦੇ ਉਨ੍ਹਾਂ ਦਾ ਡਾਟਾ ਚੋਰੀ ਕਰਦੇ ਹਨ ਅਤੇ ਦੁਰਵਰਤੋਂ ਕਰਦੇ ਹਨ। ਨਾਲ ਹੀ ਉਨ੍ਹਾਂ ਦੇ ਡਾਟਾ ਨੂੰ ਅਣਅਧਿਕਾਰਤ ਤਰੀਕੇ ਨਾਲ ਉਨ੍ਹਾਂ ਸਰਵਰਾਂ ਉਤੇ ਭੇਜ ਰਹੇ ਹਨ, ਜੋ ਭਾਰਤ ਦੇ ਬਾਹਰ ਸਥਿਤ ਹਨ। ਬਿਆਨ 'ਚ ਕਿਹਾ ਗਿਆ ਹੈ ਕਿ ਭਾਰਤ ਦੀ ਰਾਸ਼ਟਰੀ ਸੁਰੱਖਿਆ ਪ੍ਰਤੀ ਦੁਸ਼ਮਣੀ ਰੱਖਣ ਵਾਲੇ ਤੱਤਾਂ ਵੱਲੋਂ ਇਨ੍ਹਾਂ ਅੰਕੜਿਆਂ ਦਾ ਸੰਕਲਨ, ਇਸ ਦੀ ਜਾਂਚ ਪੜਤਾਲ ਅਤੇ ਪ੍ਰਾਫਾਈਲਿੰਗ, ਜੋ ਕਿ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਉਤੇ ਹਮਲਾ ਹੈ, ਇਹ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ, ਜਿਨ੍ਹਾਂ ਲਈ ਐਮਰਜੈਂਸੀ ਉਪਾਅ ਕਰਨ ਦੀ ਲੋੜ ਹੈ।

ਮੰਤਰਾਲੇ ਨੇ ਕਿਹਾ ਕਿ 130 ਕਰੋੜ ਭਾਰਤੀਆਂ ਦੇ ਡਾਟਾ ਉਤੇ ਖਤਰਾ ਮੰਡਰਾ ਰਿਹਾ ਸੀ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮੰਤਰਾਲੇ ਨੇ ਕਿਹਾ ਕਿ ਉਸ ਨੇ ਸੂਚਨਾ ਤਕਨੀਕੀ ਕਾਨੂੰਨ ਦੀ ਧਾਰਾ 69ਏ ਤਹਿਤ ਇਨ੍ਹਾਂ 59 ਚੀਨੀ ਮੋਬਾਈਲ ਐਪਾਂ ਉਤੇ ਪਾਬੰਦੀ ਲਾਈ ਹੈ। ਮੰਤਰਾਲੇ ਨੇ ਇਕ ਨੋਟਿਸ 'ਚ ਕਿਹਾ ਕਿ ਇਹ 59 ਐਪਾਂ ਉਨ੍ਹਾਂ ਸਰਗਰਮੀਆਂ 'ਚ ਲੱਗੀਆਂ ਹਨ, ਜੋ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ, ਭਾਰਤ ਦੀ ਸੁਰੱਖਿਆ, ਰਾਜ ਦੀ ਸੁਰੱਖਿਆ ਅਤੇ ਜਨਤਕ ਵਿਵਸਥਾ ਲਈ ਖਤਰਾ ਹਨ। ਅਜਿਹੇ 'ਚ ਸਰਕਾਰ ਨੇ ਇਨ੍ਹਾਂ ਉਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ। ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ, ਗ੍ਰਹਿ ਮੰਤਰਾਲੇ ਨੇ ਵੀ ਇਨ੍ਹਾਂ ਐਪਾਂ ਨੂੰ ਬੰਦ ਕਰਨ ਲਈ ਸਿਫਾਰਸ਼ਾਂ ਭੇਜੀਆਂ ਹਨ। ਇਸੇ ਤਰ੍ਹਾਂ ਸੰਸਦ ਦੇ ਅੰਦਰ ਅਤੇ ਬਾਹਰ ਵੱਖ-ਵੱਖ ਜਨ ਪ੍ਰਤੀਨਿਧੀਆਂ ਨੇ ਵੀ ਚਿੰਤਾ ਪ੍ਰਗਟ ਕੀਤੀ। ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਇਨ੍ਹਾਂ ਭਰੋਸੇਯੋਗ ਸੂਚਨਾਵਾਂ ਕਿ ਅਜਿਹੀਆਂ ਐਪਾਂ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਖਤਰਾ ਹਨ, ਦੇ ਆਧਾਰ ਉਤੇ ਭਾਰਤ ਸਰਕਾਰ ਨੇ ਕੁਝ ਐਪਾਂ, ਜੋ ਕਿ ਮੋਬਾਈਲ ਅਤੇ ਬਿਨਾਂ ਮੋਬਾਈਲ ਤੋਂ ਵਰਤੀਆਂ ਜਾਂਦੀਆਂ ਹਨ, ਦੀ ਵਰਤੋਂ ਨੂੰ ਰੋਕਣ ਦਾ ਫੈਸਲਾ ਕੀਤਾ ਹੈ।

ਬਿਆਨ 'ਚ ਕਿਹਾ ਗਿਆ ਹੈ ਕਿ ਇਹ ਕਦਮ ਕਰੋੜਾਂ ਭਾਰਤੀ ਮੋਬਾਈਲ ਅਤੇ ਇੰਟਰਨੈਟ ਵਰਤਣ ਵਾਲਿਆਂ ਦੇ ਹਿੱਤਾਂ ਦੀ ਰਾਖੀ ਕਰੇਗਾ। ਇਹ ਫੈਸਲਾ ਭਾਰਤੀ ਸਾਈਬਰ ਸਪੇਸ ਦੀ ਸੁਰੱਖਿਆ ਅਤੇ ਪ੍ਰਭੂਸੱਤਾ ਨੂੰ ਯਕੀਨੀ ਬਣਾਉਣ ਲਈ ਮਿਥਿਆ ਕਦਮ ਹੈ। ਸਬੰਧਿਤ ਕੰਪਨੀਆਂ ਦੀਆਂ ਟਿੱਪਣੀਆਂ ਤੁਰਤ ਨਹੀਂ ਮਿਲ ਸਕੀਆਂ। 2015-19 ਦੌਰਾਨ ਅਲੀਬਾਬਾ, ਟੈਨਸੈਂਟ, ਟੀ ਆਰ ਕੈਪੀਟਲ ਅਤੇ ਹਿਲਹਾਊਸ ਕੈਪੀਟਲ ਨੇ 5.5 ਅਰਬ ਡਾਲਰ ਤੋਂ ਜ਼ਿਆਦਾ ਭਾਰਤੀ ਸਟਾਰਟਅਪਸ ਵਿਚ ਨਿਵੇਸ਼ ਕੀਤਾ ਹੈ।

# ਭਾਰਤੀ ਫੌਜ ਨੇ ਲੱਦਾਖ ਸਰਹੱਦ 'ਤੇ ਨਫਰੀ ਵਧਾਈ

**ਨਵੀਂ ਦਿੱਲੀ:** ਭਾਰਤੀ ਫੌਜ ਵੱਲੋਂ ਚੀਨ ਨਾਲ ਲੱਗਦੀ 3,488 ਕਿਲੋਮੀਟਰ ਲੰਬੀ ਸਰਹੱਦ 'ਤੇ ਇਹਤਿਆਤ ਵਜੋਂ ਵਧੇਰੇ ਜਵਾਨ ਅਤੇ ਲੜਾਕੂ ਸਮੱਗਰੀ ਲਿਜਾਈ ਗਈ ਹੈ। ਭਾਰਤ ਅਤੇ ਚੀਨ ਵਿਚਾਲੇ ਬਣੀ ਤਲਖੀ ਦੇ ਮੱਦੇਨਜ਼ਰ ਭਾਰਤ ਵਲੋਂ ਸਰਹੱਦ 'ਤੇ ਪਿਛਲੇ ਕੁਝ ਸਾਲਾਂ ਨਾਲੋਂ ਸਭ ਤੋਂ ਵੱਡੀ ਤਾਇਨਾਤੀ ਕੀਤੀ ਗਈ ਹੈ।

ਸੂਤਰਾਂ ਅਨੁਸਾਰ ਭਾਰਤੀ ਫੌਜ ਵਲੋਂ ਪੂਰਬੀ ਲੱਦਾਖ ਖੇਤਰ ਵਿਚ ਤਿੰਨ ਹੋਰ ਡਿਵੀਜ਼ਨਾਂ ਤਾਇਨਾਤ ਕੀਤੀਆਂ ਗਈਆਂ ਹਨ ਤਾਂ ਜੋ ਅਸਲ ਕੰਟਰੋਲ ਰੇਖਾ ਉਤੇ ਆਪਣੀ ਸਥਿਤੀ ਮਜ਼ਬੂਤ ਕੀਤੀ ਜਾ ਸਕੇ। ਟੈਂਕਾਂ ਅਤੇ ਤੋਪਾਂ ਤੋਂ ਇਲਾਵਾ ਫੌਜ ਵਲੋਂ ਆਧੁਨਿਕ ਤੇ ਤੇਜ਼ ਰਫਤਾਰ ਵਾਲੀਆਂ ਜ਼ਮੀਨ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ, ਜਿਨ੍ਹਾਂ 'ਚ ਆਕਾਸ਼ ਮਿਜ਼ਾਈਲ ਵੀ ਸ਼ਾਮਲ ਹੈ, ਤਾਇਨਾਤ ਕੀਤੀਆਂ ਗਈਆਂ ਹਨ। ਅਕਾਸ਼ ਮਿਜ਼ਾਈਲ ਤਕਤੇ ਲੜਾਕੂ ਜਹਾਜ਼ਾਂ ਅਤੇ ਡਰੋਨਾਂ ਨੂੰ ਡੇਗਣ ਦੀ ਸਮਰੱਥਾ ਰੱਖਦੀ ਹੈ। ਇਹ ਕਿਹਾ ਗਿਆ ਸੀ ਕਿ ਚਾਰ ਹਫਤੇ ਪਹਿਲਾਂ ਇਕ ਅਹਿਮ ਡਿਵੀਜ਼ਨ ਨੇ ਉਚੇ ਪਹਾੜੀ ਖੇਤਰਾਂ ਦੇ ਅਨੁਕੂਲ ਲੜਾਈ ਸ਼ੁਰੂ ਕੀਤੀ ਸੀ ਅਤੇ ਦੋ ਹਫਤਿਆਂ ਬਾਅਦ, ਇਸ ਦੇ ਕੁਝ ਹਿੱਸਿਆਂ ਨੂੰ 18 ਹਜ਼ਾਰ ਫੁੱਟ ਉਚੇ ਦੇਸਪਾਂਗ ਦੇ ਮੈਦਾਨੀ ਇਲਾਕੇ, ਜੋ ਗਲਵਾਨ ਵਾਦੀ ਦੇ ਉਤਰ ਵਿਚ ਪੈਂਦੇ ਹਨ, ਵਿਚ ਤਾਇਨਾਤ ਕਰ ਦਿੱਤਾ ਗਿਆ। ਇਸੇ ਤਰ੍ਹਾਂ ਰਿਜ਼ਰਵ ਬਲਾਂ ਨੂੰ ਮੂਹਰਲੀਆਂ ਥਾਵਾਂ ਉਤੇ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਚੀਨ ਦੇ ਮੇਚ ਦੀ ਤਾਇਨਾਤੀ ਕੀਤੀ ਜਾ ਸਕੇ।

ਭਾਰਤ ਦੇ ਇਕ ਸੀਨੀਅਰ ਫੌਜੀ ਅਧਿਕਾਰੀ ਨੂੰ ਤਾਇਨਾਤੀ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ, ਚੀਨ ਪਿਛੋਂ ਭਾਰਤ ਨੇ ਤਾਇਨਾਤੀ ਕੀਤੀ ਹੈ। ਇਸ ਸਬੰਧੀ ਭਾਰਤੀ ਫੌਜ ਦੇ ਤਰਜਮਾਨ ਕਰਨਲ ਅਮਨ ਆਨੰਦ ਨਾਲ ਗੱਲ ਨਹੀਂ ਹੋ ਸਕੀ। ਵੱਖਰੇ ਖੇਤਰ 'ਚ ਭਾਰਤੀ ਜਲ ਸੈਨਾ ਅਤੇ ਭਾਰਤੀ ਹਵਾਈ ਸੈਨਾ ਨੂੰ ਵੀ ਅਲਰਟ ਉਤੇ ਰੱਖਿਆ ਗਿਆ ਹੈ। ਭਾਰਤੀ ਹਵਾਈ ਫੌਜ ਨੇ ਲੱਦਾਖ ਲਈ ਕਈ ਐਸ. ਏ. ਜੀ.ਡਬਲਿਯੂ. ਸਿਸਟਮ ਤਾਇਨਾਤ ਕੀਤੇ ਹਨ।

# ਭਾਰਤ-ਚੀਨ ਮਸਲਾ ਤੇ ਭਾਰਤੀ ਲੀਡਰਾਂ ਦੀਆਂ ਬੇਤੁਕੀਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤੀ ਨਾਗਰਿਕ ਹੋਣ ਦੇ ਨਾਤੇ ਚੀਨ ਦੀ ਅਜੋਕੀ ਨੀਤੀ ਜਿੰਨੀ ਕਿਸੇ ਹੋਰ ਨੂੰ ਚੁਭਦੀ ਹੈ, ਸਾਨੂੰ ਵੀ ਉਸ ਤੋਂ ਵੱਧ ਨਹੀਂ ਤਾਂ ਕਿਸੇ ਹੋਰ ਤੋਂ ਘੱਟ ਨਹੀਂ ਚੁਭਦੀ। ਜਦੋਂ ਸਵਾਲ ਸਰਹੱਦ ਦੀ ਥਾਂ ਡੰਗ ਟਪਾਊ ਅਸਲ ਕੰਟਰੋਖ ਰੇਖਾ ਉਲੰਘਣ ਅਤੇ ਝੜਪ ਹੋਣ ਨਾਲ ਭਾਰਤ ਦੇ ਵੀਹ ਫੌਜੀਆਂ ਦੇ ਮਾਰੇ ਜਾਣ ਦਾ ਹੁੰਦਾ ਹੈ, ਸਾਨੂੰ ਵੀ ਇਸ ਦਾ ਓਨਾ ਹੀ ਗੁੱਸਾ ਆਉਂਦਾ ਹੈ ਤੇ ਆਉਣਾ ਵੀ ਚਾਹੀਦਾ ਹੈ, ਜਿੰਨਾ ਇਸ ਦੇਸ਼ ਵਿਚ ਕਿਸੇ ਹੋਰ ਨੂੰ ਆਉਂਦਾ ਹੈ। ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੀਨ ਨੇ ਬਹੁਤ ਸਾਰੇ ਖੇਤਰਾਂ ਵਿਚ ਤਰੱਕੀ ਕੀਤੀ ਹੈ, ਇਹ ਤਰੱਕੀ ਉਸ ਨੂੰ ਮੁਬਾਰਕ, ਪਰ ਆਪਣੇ ਗਵਾਂਢੀ ਦੇਸ਼ਾਂ ਨਾਲ ਉਹ ਕੋਈ ਚੰਗਾ ਵਿਹਾਰ ਨਹੀਂ ਕਰਦਾ। ਇੱਕ ਵਕਤ ਸੰਸਾਰ ਭਰ ਦੇ ਖੱਬੇ ਪੱਖੀਆਂ ਅਤੇ ਦੇਸ਼ ਭਗਤ ਸੋਚ ਵਾਲੇ ਹੋਰ ਲੋਕਾਂ ਨੂੰ ਅਮਰੀਕਾ ਨਾਲ ਸਿੱਧਾ ਭਿੜ ਰਹੇ ਵੀਅਤਨਾਮ ਦੇ ਨਾਲ ਭਾਵੁਕ ਸਾਂਝ ਨਾਲ ਭਰਪੂਰ ਦੇਖਿਆ ਜਾਂਦਾ ਸੀ, ਪਰ ਜਦੋਂ ਸਾਮਰਾਜੀ ਜੂਲੇ ਤੋਂ ਉਸ ਦੀ ਬੰਦ ਖਲਾਸੀ ਹੋਈ ਤਾਂ ਉਸ ਨਾਲ ਵੀ ਚੀਨ ਨੇ ਆਢਾ ਲਾ ਲਿਆ ਸੀ। ਉਸ ਵਕਤ ਅਮਰੀਕੀ ਕਮਿਊਨਿਸਟ ਪਾਰਟੀ ਦੇ ਜਨਰਲ ਸੈਕਟਰੀ ਗੱਸ ਹਾਲ ਦੀ ਚੀਨੀ ਆਗੂਆਂ ਦੇ ਨਾਂ ਇੱਕ ਖੁੱਲ੍ਹੀ ਚਿੱਠੀ ਬਹੁਤ ਚਰਚਿਤ ਹੋਈ ਸੀ, ਜਿਸ ਨੇ ਪੜ੍ਹੀ ਹੋਵੇਗੀ, ਉਹ ਅੱਜ ਦੇ ਚੀਨ ਦੀਆਂ ਨੀਤੀਆਂ ਬਾਰੇ ਵੱਧ ਚੰਗੀ ਤਰ੍ਹਾਂ ਸਮਝ ਸਕਦੇ ਹਨ। ਚੀਨ ਦੀ ਲੀਡਰਸ਼ਿਪ ਇਸ ਵਕਤ ਬਾਕੀ ਸੰਸਾਰ ਨਾਲ ਕਿਵੇਂ ਵਰਤਦੀ ਹੈ, ਉਸ ਨੂੰ ਛੱਡ ਕੇ ਸਿਰਫ ਭਾਰਤ ਬਾਰੇ ਵੇਖਿਆ ਜਾਵੇ ਤਾਂ ਉਸ ਦਾ ਵਿਹਾਰ ਆਮ ਕਰ ਕੇ ਵੈਰ-ਭਾਵੀ ਗਵਾਂਢੀ ਵਾਲਾ ਰਿਹਾ ਹੈ।

ਅਸੀਂ 1962 ਦੀ ਜੰਗ ਦੀ ਗੱਲ ਨਹੀਂ ਛੇੜਨਾ ਚਾਹੁੰਦੇ, ਜਿਸ ਦੀ ਜਾਂਚ ਰਿਪੋਰਟ ਉਸ ਵਕਤ ਤੋਂ ਅੱਜ ਤਕ ਸਾਡੇ ਦੇਸ਼ ਦੀਆਂ ਕਈ ਸਰਕਾਰਾਂ ਨੇ ਰਿਲੀਜ਼ ਕਰਨ ਦੇ ਵਾਅਦੇ ਕੀਤੇ, ਨਰਿੰਦਰ ਮੋਦੀ ਨੇ ਵੀ ਇਹੋ ਵਾਅਦਾ ਕੀਤਾ ਸੀ, ਪਿਛੋਂ ਸਭ ਨੇ ਭੁਲਾ ਦਿੱਤੇ ਤੇ ਫਿਰ ਗੱਲ ਆਈ-ਗਈ ਹੋ ਜਾਂਦੀ ਰਹੀ। ਸਾਡੇ ਸਮਿਆਂ ਵਿਚ ਚੀਨ ਜੰਗ ਛੇੜ ਦੇਵੇਗਾ, ਇਹ ਗੱਲ ਬੜੀ ਦੇਰ ਦੀ ਚੱਲਦੀ ਸੀ, ਪਰ ਜੰਗ ਦੀ ਸੰਭਾਵਨਾ ਅੱਜ ਜਿੰਨੀ ਕਦੇ ਨਹੀਂ ਬਣੀ। ਅੱਜ ਵੀ ਇਹ ਕੋਈ ਪੱਕਾ ਨਹੀਂ ਕਿ ਜੰਗ ਲੱਗੇਗੀ, ਇਹ ਟਲਣੀ ਚਾਹੀਦੀ ਹੈ ਤੇ ਟਲ ਸਕਦੀ ਹੈ। ਫਿਰ ਵੀ ਚੀਨ ਦਾ ਵਿਹਾਰ ਕਈ ਮਾਮਲਿਆਂ ਵਿਚ ਭਾਰਤ ਦੇ ਲੋਕਾਂ ਨੂੰ ਨਾ ਸਿਰਫ ਚੁਭਦਾ ਹੈ, ਸਗੋਂ ਕਿਸੇ ਖਾਸ ਨੀਤੀ ਦਾ ਪ੍ਰਤੀਕ ਜਾਪਦਾ ਹੈ। ਕਈ ਸਾਲ ਪਹਿਲਾਂ ਜਦੋਂ ਉਸ ਦੇ ਇੰਜੀਨੀਅਰ ਪਾਕਿਸਤਾਨ ਦੇ ਖੋਕਰਾਪਾਰ ਰੇਲਵੇ ਸਟੇਸ਼ਨ ਉਤੇ ਆ ਬੈਠੇ ਸਨ, ਅਸੀਂ ਉਦੋਂ ਵੀ ਕਿਹਾ ਸੀ ਕਿ ਚੀਨ ਦਾ ਏਥੇ ਆਉਣਾ ਠੀਕ ਨਹੀਂ। ਭਾਰਤ-ਪਾਕਿਸਤਾਨ ਵਿਚਾਲੇ ਜਿਵੇਂ ਅਟਾਰੀ-ਵਾਹਗਾ ਰੇਲ ਲਾਈਨ ਹੈ, ਉਸੇ ਤਰ੍ਹਾਂ ਰਾਜਸਥਾਨ ਦੇ ਮੁਨਾਬਾਓ ਤੋਂ ਪਾਕਿਸਤਾਨ ਦੇ ਖੋਕਰਾਪਾਰ ਵਿਚਾਲੇ ਵੀ ਰੇਲ ਲਿੰਕ ਹੈ ਤੇ ਖੋਕਰਾਪਾਰ ਦਾ ਰੇਲਵੇ ਸਟੇਸ਼ਨ ਉਥੇ ਸਰਹੱਦ ਦੀ ਲਾਈਨ ਪਾਰ ਕਰਦੇ ਸਾਰ ਹੀ ਬਣਿਆ ਹੋਇਆ ਹੈ। ਕਈ ਸਾਲ ਪਹਿਲਾਂ ਉਸ ਰੇਲਵੇ ਸਟੇਸ਼ਨ ਨੂੰ ਅਪਗਰੇਡ ਕਰਨ ਦੇ ਬਹਾਨੇ ਚੀਨ ਦੇ ਫੌਜੀ ਇੰਜੀਨੀਅਰ ਉਥੇ ਆਣ ਬੈਠੇ ਸਨ ਤੇ ਕਈ ਮਹੀਨੇ ਉਥੇ ਹੀ ਰਹੇ ਸਨ। ਐਟਮੀ ਤਾਕਤ ਹੋਣ ਦੇ ਦਾਅਵੇ ਕਰਨ ਵਾਲਾ ਪਾਕਿਸਤਾਨ ਆਪਣਾ ਰੇਲਵੇ ਸਟੇਸ਼ਨ ਵੀ ਅਪਗਰੇਡ ਨਹੀਂ ਕਰ ਸਕਦਾ, ਇਹ ਗੱਲ ਮੰਨਣੀ ਔਖੀ ਹੈ, ਇਹ ਸਿਰਫ ਚੀਨੀ ਫੌਜੀਆਂ ਦੇ ਉਥੇ ਆਉਣ ਦਾ ਬਹਾਨਾ ਸਮਝਿਆ ਗਿਆ ਸੀ। ਅਸੀਂ ਉਸ ਪਿਛੋਂ ਪਾਕਿਸਤਾਨ ਵਿਚ ਸੜਕਾਂ ਬਣਾਉਣ ਦੇ ਬਹਾਨੇ ਹਰ ਥਾਂ ਚੀਨ ਦੇ ਫੌਜੀ ਇੰਜੀਨੀਅਰਾਂ ਦਾ ਆਉਣਾ ਵੀ ਵੇਖਿਆ ਹੋਇਆ ਹੈ।





*ਭਾਰਤ ਵਿਚ ਵਿਕਦੇ ਚੀਨ ਦੇ ਬਰਾਂਡ*

ਚੀਨ ਸਰਕਾਰ ਅਤੇ ਉਸ ਨੂੰ ਚਲਾਉਣ ਵਾਲਿਆਂ ਦੀਆਂ ਨੀਤੀਆਂ ਆਪਣੀ ਥਾਂ ਹਨ, ਅਤੇ ਇਹ ਨੀਤੀਆਂ ਭਾਰਤੀ ਲੋਕਾਂ ਲਈ ਚੰਗੀਆਂ ਨਹੀਂ ਜਾਪਦੀਆਂ, ਪਰ ਭਾਰਤ ਵਿਚ ਚੀਨ ਦੀ ਘਰ-ਘਰ ਪਹੁੰਚ ਕਰਨ ਵੇਲੇ ਇਹ ਗੱਲਾਂ ਕਿਸੇ ਵੀ ਪਾਰਟੀ ਨੇ ਨਹੀਂ ਸਨ ਸੋਚੀਆਂ। ਅੱਜ ਭਾਰਤ ਵਿਚ ਸਭ ਤੋਂ ਵੱਧ ਵਿਕਦੇ ਪੰਜ ਮੋਬਾਈਲ ਫੋਨ ਸੈੱਟਾਂ ਵਿਚੋਂ ਚਾਰ ਚੀਨ ਦੇ ਬਣੇ ਵਿਕਦੇ ਹਨ। ਨਰਿੰਦਰ ਮੋਦੀ ਸਰਕਾਰ ਬਾਈਕਾਟ ਦਾ ਨਾਅਰਾ ਦੇ ਰਹੀ ਹੈ। ਲੋਕ ਬਾਈਕਾਟ ਵੀ ਕਰਨ ਤਾਂ ਇਸ ਪਿਛੋਂ ਨਹੀਂ ਖਰੀਦਣਗੇ, ਪਹਿਲੇ ਖਰੀਦੇ ਸੈੱਟ ਕਿਸੇ ਨੇ ਨਹਿਰ ਵਿਚ ਨਹੀਂ ਸੁੱਟਣੇ, ਉਹ ਫਿਰ ਵੀ ਚੱਲਦੇ ਰਹਿਣਗੇ। ਟੀ. ਵੀ. ਚੈਨਲਾਂ ਵਾਲੇ ਐਂਕਰ ਮੁੰਡੇ-ਕੁੜੀਆਂ ਜਦੋਂ ਭਾਰਤ ਦੇ ਲੋਕਾਂ ਨੂੰ ਚੀਨੀ ਮਾਲ ਦੇ ਬਾਈਕਾਟ ਨੂੰ ਉਕਸਾਉਂਦੇ ਹਨ ਤਾਂ ਉਨ੍ਹਾਂ ਦੇ ਸਾਹਮਣੇ ਪਏ ਲੈਪ-ਟਾਪ ਉਤੇ ਚੀਨੀ ਕੰਪਨੀ ਦਾ ਨਾਂ ਲਿਖਿਆ ਸਾਫ ਦਿੱਸਦਾ ਹੁੰਦਾ ਹੈ। ਚੀਨ ਦੀ ਕੰਪਨੀ ਅਜਿਹਾ ਸਾਮਾਨ ਜਦੋਂ ਭਾਰਤ ਵਿਚ ਵੇਚਦੀ ਹੈ ਤਾਂ ਨਾ ਉਸ ਦੇ ਮੈਨੇਜਰ ਤੇ ਸੇਲਜ਼-ਪਰਸਨ ਚੀਨ ਤੋਂ ਆਉਂਦੇ ਹਨ ਤੇ ਨਾ ਮਾਲ ਹੀ ਚੀਨ ਦਾ ਬਣਿਆ ਹੁੰਦਾ ਹੈ। ਸ਼ਿਓਮੀ ਨਾਂ ਦੀ ਚੀਨੀ ਕੰਪਨੀ ਦੇ ਸੱਤ ਪਲਾਂਟ ਭਾਰਤ ਵਿਚ ਲੱਗੇ ਹੋਏ ਹਨ ਅਤੇ ਭਾਰਤ ਵਿਚ ਉਨ੍ਹਾਂ ਦਾ ਸਭ ਤੋਂ ਵੱਡਾ ਅਧਿਕਾਰੀ ਮਨੂੰ ਜੈਨ ਚੀਨੀ ਨਹੀਂ, ਭਾਰਤੀ ਹੈ।

ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਤੇ ਸ੍ਰੀਸਿਟੀ-ਦੋ ਸ਼ਹਿਰਾਂ ਵਿਚ ਅਤੇ ਤਾਮਿਲਨਾਡੂ ਦੇ ਸ੍ਰੀਪੇਰੰਬਦੂਰ ਜਾਂ ਉੱਤਰ ਪ੍ਰਦੇਸ਼ ਦੇ ਦਿੱਲੀ ਨਾਲ ਜੁੜਵੇਂ ਨੋਇਡਾ ਨਾਂ ਦੇ ਸ਼ਹਿਰ ਵਿਚ ਇਹ ਪਲਾਂਟ ਉਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿਚ ਲੱਗੇ ਹਨ, ਜੋ ਚੀਨ ਦੇ ਬਾਈਕਾਟ ਦੀ ਮੁਹਿੰਮ ਦਾ ਆਗੂ ਸਮਝਿਆ ਜਾਂਦਾ ਹੈ। ਗੁਜਰਾਤ ਵਿਚ ਨਰਿੰਦਰ ਮੋਦੀ ਵੱਲੋਂ ਲਵਾਇਆ ਸਰਦਾਰ ਪਟੇਲ ਦਾ ਬੁੱਤ ਵੀ ਚੀਨ ਦੀ ਕਾਰੀਗਰੀ ਦਾ ਨਮੂਨਾ ਪੇਸ਼ ਕਰਦਾ ਹੈ ਤੇ ਧਾਰਮਿਕ ਮੂਰਤੀਆਂ ਅਤੇ ਹੋਰ ਪ੍ਰਤੀਕ ਵੀ ਚੀਨ ਦੇ ਬਣਾਏ ਹੋਏ ਭਾਰਤ ਵਿਚ ਵਿਕਦੇ ਹਨ। ਇਸ ਦਾ ਤੋੜ ਭਾਰਤ ਦੀ ਸਰਕਾਰ ਕੋਲ ਕੋਈ ਹੈ ਨਹੀਂ। ਦੇਸ਼ ਦੀ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਖਿਝ ਰਹੀ ਹੈ ਕਿ ਅਸੀਂ ਏਨੇ ਗਏ-ਬੀਤੇ ਹਾਂ ਕਿ ਆਪਣੇ ਲਈ ਧਾਰਮਿਕ ਮੂਰਤੀਆਂ ਨਹੀਂ ਬਣਾ ਸਕਦੇ, ਪਰ ਇਸ ਨਾਲ ਉਹ ਸਾਫ ਮੰਨ ਜਾਂਦੀ ਹੈ ਕਿ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਮੰਦਿਰਾਂ ਵਿਚ ਚੀਨ ਤੋਂ ਬਣਵਾਈਆਂ ਪਈਆਂ ਹਨ। ਇਹ ਸਾਰਾ ਕੁਝ ਹੁੰਦੇ ਹੋਏ ਵੀ ਜਿਹੜਾ ਕੋਈ ਬਾਈਕਾਟ ਕਰਵਾ ਸਕਦਾ ਹੈ, ਕਰਵਾ ਲਵੇ, ਕੋਈ ਰੋਕਣ ਨਹੀਂ ਲੱਗਾ।

ਇਸ ਬਾਈਕਾਟ ਕਰਨ ਜਾਂ ਨਾ ਕਰਨ ਤੋਂ ਵੱਡੀ ਗੱਲ ਸੋਚਣ ਵਾਲੀ ਇਹ ਹੈ ਕਿ ਜੋ ਮੁੱਦਾ ਇਸ ਵੇਲੇ ਲੋਕਾਂ ਦੀ ਬਹਿਸ ਦਾ ਕੇਂਦਰ ਬਣਿਆ ਪਿਆ ਹੈ, ਉਸ ਵਿਚ ਕੇਂਦਰ ਸਰਕਾਰ ਅਤੇ ਖੁਦ ਪ੍ਰਧਾਨ ਮੰਤਰੀ ਇੱਕ ਪਿਛੋਂ ਦੂਜੀ ਅਜਿਹੀ ਗੱਲ ਕਹੀ ਜਾਂਦੇ ਹਨ, ਜਿਸ ਨਾਲ ਭਾਰਤ ਦੀ ਸਥਿਤੀ ਹਾਸੋਹੀਣੀ ਹੋਈ ਜਾਂਦੀ ਹੈ। ਪ੍ਰਧਾਨ ਮੰਤਰੀ ਨੂੰ ਪਹਿਲਾਂ ਇਹ ਗੱਲ ਕਹਿੰਦੇ ਸੁਣਿਆ ਗਿਆ ਕਿ ਭਾਰਤ ਦੀ ਹੱਦ ਵਿਚ ਚੀਨ ਇੱਕ ਇੰਚ ਵੀ ਘੁਸਪੈਠ ਨਹੀਂ ਕਰ ਸਕਿਆ ਅਤੇ ਭਾਸ਼ਣ ਚੱਲਦੇ ਵਿਚ ਹੀ ਦੂਜੀ ਗੱਲ ਉਨ੍ਹਾਂ ਕਹਿ ਦਿੱਤੀ ਕਿ ਚੀਨ ਵਾਲੇ ਸਾਡੀ ਹੱਦ ਵਿਚ ਆ ਕੇ ਉਸਾਰੀ ਕਰਦੇ ਸਨ ਅਤੇ ਸਾਡੇ ਫੌਜੀ ਜਵਾਨਾਂ ਨੇ ਜਾ ਕੇ ਰੋਕਿਆ ਤਾਂ ਝੜਪ ਹੋਈ ਸੀ। ਲੋਕ ਹੈਰਾਨ ਸਨ ਕਿ ਨਾਲੇ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਉਹ ਇੱਕ ਇੰਚ ਅੱਗੇ ਨਹੀਂ ਆਏ ਤੇ ਨਾਲੇ ਕਿਹਾ ਹੈ ਕਿ ਸਾਡੀ ਹੱਦ ਵਿਚ ਉਹ ਉਸਾਰੀ ਕਰਦੇ ਪਏ ਸਨ। ਅੱਗੇ ਨਹੀਂ ਸਨ ਆਏ ਤਾਂ ਸਾਡੀ ਹੱਦ ਵਿਚ ਉਹ ਉਸਾਰੀ ਕਿਵੇਂ ਕਰਦੇ ਸਨ? ਇਹ ਗੱਲ ਸਮਝ ਤੋਂ ਪਰੇ ਸੀ। ਫਿਰ ਇਹ ਸਵਾਲ ਉੱਠ ਪਿਆ ਹੈ ਕਿ ਚੀਨ ਸਾਡੀ ਹੱਦ ਵਿਚ ਵੜਿਆ ਨਹੀਂ ਸੀ ਤਾਂ ਝੜਪ ਵਿਚ ਭਾਰਤੀ ਫੌਜੀ ਜਿਸ ਥਾਂ ਮਾਰੇ ਗਏ, ਉਹ ਜਗ੍ਹਾ ਕਿੱਧਰ ਸੀ? ਜੇ ਉਹ ਜਗ੍ਹਾ ਸਾਡੀ ਹੱਦ ਵਿਚ ਨਹੀਂ ਸੀ ਤਾਂ ਕੱਲ੍ਹ ਨੂੰ ਦੁਨੀਆਂ ਵਾਲੇ ਸਮਝਣਗੇ ਕਿ ਭਾਰਤੀ ਫੌਜ ਨੇ ਕੰਟਰੋਲ ਰੇਖਾ ਟੱਪਣ ਦੀ ਗਲਤੀ ਕੀਤੀ ਸੀ। ਇਹ ਭਾਰਤ ਦਾ ਪ੍ਰਭਾਵ ਹੋਰ ਵੀ ਖਰਾਬ ਕਰਨ ਵਾਲੀ ਗੱਲ ਸੀ।

ਅਟਲ ਬਿਹਾਰੀ ਵਾਜਪਾਈ ਜਦੋਂ ਪ੍ਰਧਾਨ ਮੰਤਰੀ ਸੀ, ਇਹੋ ਕਹਿਣ ਦੀ ਭੁੱਲ ਉਦੋਂ ਵੀ ਪਹਿਲੇ ਪੜਾਅ ਉਤੇ ਹੋਈ ਸੀ ਕਿ ਪਾਕਿਸਤਾਨ ਦੀ ਫੌਜ ਸਾਡੇ ਪਾਸੇ ਵੱਲ ਘੁਸਪੈਠ ਕਰ ਹੀ ਨਹੀਂ ਸਕੀ, ਪਰ ਜਦੋਂ ਲੜਾਈ ਲਮਕ ਗਈ ਤਾਂ ਸਰਕਾਰ ਨੂੰ ਕਹਿਣਾ ਪਿਆ ਸੀ ਕਿ ਉਨ੍ਹਾਂ ਨੇ ਹੱਦ ਲੰਘ ਕੇ ਗਲਤੀ ਕੀਤੀ ਹੈ, ਜਦੋਂ ਤੱਕ ਪਹਿਲੀ ਥਾਂ ਨਹੀਂ ਚਲੇ ਜਾਣਗੇ, ਗੋਲੀਬੰਦੀ ਨਹੀਂ ਹੋ ਸਕਦੀ। ਉਹੀ ਗਲਤੀ ਇਸ ਵਾਰ ਫਿਰ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਹੱਦ ਉਲੰਘੀ ਹੈ ਤਾਂ ਸਿੱਧਾ ਕਹਿਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਇਹ ਕਹਿੰਦਾ ਹੈ ਕਿ ਉਨ੍ਹਾਂ ਦੀ ਜੁਰਅੱਤ ਨਹੀਂ ਕਿ ਹੱਦ ਉਲੰਘ ਜਾਣ ਤੇ ਵਿਦੇਸ਼ ਮੰਤਰੀ ਕਹਿ ਰਿਹਾ ਹੈ ਕਿ ਉਨ੍ਹਾਂ ਨੇ ਅਸਲੀ ਕੰਟਰੋਲ ਰੇਖਾ ਦਾ ਸਤਿਕਾਰ ਕਾਇਮ ਨਹੀਂ ਰੱਖਿਆ, ਜਿਸ ਦਾ ਅਰਥ ਹੈ ਕਿ ਉਨ੍ਹਾਂ ਨੇ ਹੱਦ ਉਲੰਘੀ ਹੈ। ਇਸ ਨਾਲ ਸੰਸਾਰ 'ਚ ਜੋ ਤਸਵੀਰ ਪੇਸ਼ ਹੁੰਦੀ ਹੈ, ਪ੍ਰਧਾਨ ਮੰਤਰੀ ਜਾਂ ਉਸ ਦੀ ਟੀਮ ਦੇ ਮੈਂਬਰਾਂ ਨੂੰ ਉਸ ਦੀ ਚਿੰਤਾ ਹੀ ਨਹੀਂ ਜਾਪਦੀ।

ਚੀਨ ਇੱਕ-ਸਾਰ ਚਾਲ ਚੱਲਣਾ ਜਾਣਦਾ ਹੈ ਤੇ ਉਥੋਂ ਦੀ ਲੀਡਰਸ਼ਿਪ ਹੋਮ-ਵਰਕ ਕੀਤੇ ਬਿਨਾ ਕੁਝ ਨਹੀਂ ਬੋਲਦੀ ਤੇ ਭਾਰਤ ਦੀ ਮੁਸ਼ਕਿਲ ਇਹ ਹੈ ਕਿ ਇਥੇ ਹਰ ਕੋਈ ਬੋਲੀ ਜਾਂਦਾ ਹੈ। ਸੜਕਾਂ ਦਾ ਮੰਤਰੀ ਬਾਰਡਰ ਬਾਰੇ ਬੋਲਦਾ ਹੈ ਅਤੇ ਰੱਖਿਆ ਮੰਤਰੀ ਖੁਰਾਕ ਸਪਲਾਈ ਬਾਰੇ ਤੇ ਖੁਰਾਕ ਸਪਲਾਈ ਵਾਲਾ ਮੰਤਰੀ ਕਰੋਨਾ ਵਾਇਰਸ ਦਾ ਇਲਾਜ ਕਰਨ ਵਾਲੀ ਵੈਕਸੀਨ ਦੀ ਵਿਆਖਿਆ ਕਰੀ ਜਾਂਦਾ ਹੈ। ਆਪੋ ਆਪਣੀ ਹੱਦ ਵਿਚ ਰਹਿਣਾ ਤੇ ਸੋਚ ਕੇ ਬੋਲਣਾ ਕੋਈ ਆਗੂ ਜਾਣਦਾ ਹੀ ਨਹੀਂ। ਹੇਠਲੇ ਆਗੂਆਂ ਨੂੰ ਇਹ ਹੱਦ ਰੱਖਣ ਦੀ ਲੋੜ ਕੀ ਹੈ, ਜਦੋਂ ਪ੍ਰਧਾਨ ਮੰਤਰੀ ਖੁਦ ਇਹ ਹੱਦ ਨਹੀਂ ਰੱਖਦੇ। ਭਾਰਤ ਦੀਆਂ ਚੀਨ ਸਮੇਤ ਬਹੁਤੀਆਂ ਉਲਝਣਾਂ ਦਾ ਕਾਰਨ ਵੀ ਸ਼ਾਇਦ ਇਹੋ ਹੈ ਕਿ ਇਥੇ ਬੋਲਣ ਤੋਂ ਪਹਿਲਾਂ ਤੋਲਣ ਲਈ ਛੋਟਾ-ਵੱਡਾ ਕੋਈ ਵੀ ਆਗੂ ਤਿਆਰ ਨਹੀਂ। ਬਹੁਤੇ ਸਿਆਣਿਆਂ ਦੀ ਖਿੱਚੋਤਾਣ ਹਰ ਮਸਲੇ ਨੂੰ ਗੰਭੀਰ ਬਣਾ ਦਿੰਦੀ ਹੈ ਅਤੇ ਫਿਰ ਦੋਸ਼ ਜਿਸ ਨੂੰ ਮਰਜ਼ੀ ਦੇ ਲਿਆ ਜਾਵੇ, ਆਪਣੀ ਬੁੱਕਲ ਵਿਚ ਝਾਤੀ ਮਾਰਨ ਦੀ ਲੋੜ ਕਿਸੇ ਨੂੰ ਨਹੀਂ ਪੈਂਦੀ।

*ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਤੇ ਸ੍ਰੀਸਿਟੀ-ਦੋ ਸ਼ਹਿਰਾਂ ਵਿਚ ਅਤੇ ਤਾਮਿਲਨਾਡੂ ਦੇ ਸ੍ਰੀਪੇਰੰਬਦੂਰ ਜਾਂ ਉੱਤਰ ਪ੍ਰਦੇਸ਼ ਦੇ ਦਿੱਲੀ ਨਾਲ ਜੁੜਵੇਂ ਨੋਇਡਾ ਨਾਂ ਦੇ ਸ਼ਹਿਰ ਵਿਚ ਇਹ ਪਲਾਂਟ ਉਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿਚ ਲੱਗੇ ਹਨ, ਜੋ ਚੀਨ ਦੇ ਬਾਈਕਾਟ ਦੀ ਮੁਹਿੰਮ ਦਾ ਆਗੂ ਸਮਝਿਆ ਜਾਂਦਾ ਹੈ। ਗੁਜਰਾਤ ਵਿਚ ਨਰਿੰਦਰ ਮੋਦੀ ਵੱਲੋਂ ਲਵਾਇਆ ਸਰਦਾਰ ਪਟੇਲ ਦਾ ਬੁੱਤ ਵੀ ਚੀਨ ਦੀ ਕਾਰੀਗਰੀ ਦਾ ਨਮੂਨਾ ਪੇਸ਼ ਕਰਦਾ ਹੈ ਤੇ ਧਾਰਮਿਕ ਮੂਰਤੀਆਂ ਅਤੇ ਹੋਰ ਪ੍ਰਤੀਕ ਵੀ ਚੀਨ ਦੇ ਬਣਾਏ ਹੋਏ ਭਾਰਤ ਵਿਚ ਵਿਕਦੇ ਹਨ। ਇਸ ਦਾ ਤੋੜ ਭਾਰਤ ਦੀ ਸਰਕਾਰ ਕੋਲ ਕੋਈ ਹੈ ਨਹੀਂ। ਇਹ ਸਾਰਾ ਕੁਝ ਹੁੰਦੇ ਹੋਏ ਵੀ ਜਿਹੜਾ ਕੋਈ ਬਾਈਕਾਟ ਕਰਵਾ ਸਕਦਾ ਹੈ, ਕਰਵਾ ਲਵੇ, ਕੋਈ ਰੋਕਣ ਨਹੀਂ ਲੱਗਾ।*

# ਬਾਤ ਕੋ ਸਾਦਗੀ ਸੇ ਮਤ ਕਹੀਏ, ਲੋਗ ਕਮਜ਼ੋਰੀਆਂ ਪਕੜਤੇ ਹੈਂ

ਅੱਬਾਸ ਧਾਲੀਵਾਲ, ਮਲੇਰਕੋਟਲਾ
ਫੋਨ: 91-98552-59650

ਸਿਆਣੇ ਆਖਦੇ ਹਨ, 'ਪਹਿਲਾਂ ਤੋਲੀਏ, ਫਿਰ ਬੋਲੀਏ।' ਦਰਅਸਲ ਉਕਤ ਮੁਹਾਵਰਾ ਪਿਛਲੇ ਦਿਨੀਂ ਉਸ ਸਮੇਂ ਜ਼ਹਿਨ 'ਚ ਆਇਆ, ਜਦੋਂ ਚੀਨੀਆਂ ਦੀ ਘੁਸਪੈਠ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਰਵ ਦਲੀ ਬੈਠਕ ਵਿਚਲਾ ਇੱਕ ਬਿਆਨ ਸਾਹਮਣੇ ਆਇਆ।

ਜਿਵੇਂ ਅਸੀਂ ਜਾਣਦੇ ਹਾਂ ਕਿ ਪਿਛਲੇ ਲਗਭਗ ਡੇਢ-ਦੋ ਮਹੀਨਿਆਂ ਤੋਂ ਪੂਰਬੀ ਲੱਦਾਖ ਦੀ ਸਰਹੱਦ 'ਤੇ ਚੀਨ ਵੱਲੋਂ ਘੁਸਪੈਠ ਕਰਨ ਦਾ ਮਾਮਲਾ ਲਗਾਤਾਰ ਸੁਰਖੀਆਂ ਵਿਚ ਬਣਿਆ ਹੋਇਆ ਹੈ, ਪਰ ਕੇਂਦਰ ਵਲੋਂ ਉਕਤ ਮਾਮਲੇ ਨੂੰ ਲੈ ਕੇ ਕੋਈ ਸਪੱਸ਼ਟ ਬਿਆਨ ਨਾ ਆਉਣ ਕਾਰਨ ਅਤੇ ਲੰਮੇ ਸਮੇਂ ਤੱਕ ਚੁੱਪੀ ਧਾਰਨ ਦੇ ਚਲਦਿਆਂ ਦੇਸ਼ ਦੇ ਲੋਕਾਂ ਵਿਚ ਉਕਤ ਮਸਲੇ ਨੂੰ ਲੈ ਕੇ ਲਗਾਤਾਰ ਭੰਬਲਭੂਸੇ ਵਾਲੀ ਸਥਿਤੀ ਬਣੀ ਰਹੀ ਹੈ।

ਫਿਰ ਕੁਝ ਕੁ ਦਿਨਾਂ ਤੋਂ ਇਸ ਮਾਮਲੇ ਨੂੰ ਲੈ ਕੇ ਜਿਸ ਤਰ੍ਹਾਂ ਸਾਬਕਾ ਰੱਖਿਆ ਮਾਹਿਰਾਂ, ਕਈ ਸੋਸ਼ਲ ਮੀਡੀਆ ਵਾਲੇ ਨਿਊਜ਼ ਚੈਨਲਾਂ ਅਤੇ ਸਾਬਕਾ ਫੌਜੀ ਜਰਨੈਲਾਂ ਵਲੋਂ ਇਹ ਕਿਆਸ ਅਰਾਈਆਂ ਲਾਈਆਂ ਜਾ ਰਹੀਆਂ ਸਨ ਕਿ ਸਾਜਿਸ਼ਕਰਤਾ ਚੀਨ ਨੇ ਸਾਡੇ ਕਰੀਬ 60 ਵਰਗ ਕਿਲੋਮੀਟਰ ਦੇ ਇਲਾਕੇ ਨੂੰ ਹੜੱਪ ਲੈਣ ਦੀ ਕੋਸ਼ਿਸ਼ ਵਜੋਂ ਆਪਣੀ ਸੈਨਾ ਦੀ ਘੁਸਪੈਠ ਸੀਮਾ ਅੰਦਰ ਕਰਵਾਈ ਹੈ, ਤਾਂ ਸੁਭਾਵਿਕ ਹੈ ਕਿ ਜਦੋਂ ਕਿਸੇ ਦੇਸ਼ ਦੀ ਜਮੀਨ ਨੂੰ ਕੋਈ ਗੁਆਂਢੀ ਇਸ ਤਰ੍ਹਾਂ ਧੋਖੇ ਨਾਲ ਹਥਿਆਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿਸੇ ਵੀ ਦੇਸ਼ ਦੇ ਗੈਰਤਮੰਦ ਨਾਗਰਿਕਾਂ ਨੂੰ ਇਹ ਕਦਾਚਿਤ ਬਰਦਾਸ਼ਤ ਨਹੀਂ ਹੋ ਸਕਦਾ। ਇਹੋ ਵਜ੍ਹਾ ਹੈ ਕਿ ਜਦੋਂ ਭਾਰਤ ਦੇ ਲੋਕਾਂ ਨੂੰ ਵੱਖ ਵੱਖ ਸਾਧਨਾਂ ਰਾਹੀਂ ਉਕਤ ਚੀਨੀਆਂ ਦੀ ਘੁਸਪੈਠ ਦੀ ਖਬਰ ਲੱਗੀ ਤਾਂ ਦੇਸ਼ ਅੰਦਰ ਚਾਰੋਂ ਪਾਸੇ ਇਸ ਖਿਲਾਫ ਅਵਾਜ਼ ਉਠਣ ਲੱਗੀ ਅਤੇ ਕੇਂਦਰ ਸਰਕਾਰ ਨੂੰ ਇਸ ਸੰਦਰਭ ਵਿਚ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਜੋਰ ਪਾਇਆ ਜਾਣ ਲੱਗਾ।

ਉਕਤ ਸਾਰੇ ਮਾਮਲੇ 'ਤੇ ਹੋਈ ਸਰਵ ਪਾਰਟੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਪੂਰਬੀ ਲੱਦਾਖ ਵਿਚ ਨਾ ਤਾਂ ਕੋਈ ਸਾਡੀ ਸਰਹੱਦ ਵਿਚ ਘੁੱਸ ਆਇਆ ਹੈ, ਨਾ ਹੀ ਕੋਈ ਘੁਸਿਆ ਹੋਇਆ ਹੈ ਤੇ ਨਾ ਹੀ ਸਾਡੀ ਕੋਈ ਪੋਸਟ ਕਿਸੇ ਦੂਸਰੇ ਦੇ ਕਬਜ਼ੇ ਵਿਚ ਹੈ।" ਹੈਰਾਨੀਜਨਕ ਗੱਲ ਇਹ ਕਿ ਪ੍ਰਧਾਨ ਮੰਤਰੀ ਨੇ ਆਪਣੇ ਉਕਤ ਬਿਆਨ ਵਿਚ ਚੀਨ ਦਾ ਨਾਂ ਤੱਕ ਨਹੀਂ ਲਿਆ। ਜਿਸ ਦਿਨ ਦਾ ਪ੍ਰਧਾਨ ਮੰਤਰੀ ਮੋਦੀ ਨੇ ਉਕਤ ਬਿਆਨ ਦਿੱਤਾ ਹੈ, ਉਸੇ ਦਿਨ ਤੋਂ ਉਹ ਲਗਾਤਾਰ ਵਿਰੋਧੀ ਧਿਰ ਦੇ ਆਗੂਆਂ ਦੇ ਨਿਸ਼ਾਨੇ 'ਤੇ ਹਨ ਅਤੇ ਉਕਤ ਬਿਆਨ ਨੂੰ ਲੈ ਕੇ ਰੋਜ ਹੀ ਵਿਰੋਧੀਆਂ ਵਲੋਂ ਦੰਦ ਘਸਾਈ ਹੋ ਰਹੀ ਹੈ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਇਸ ਮਾਮਲੇ 'ਤੇ ਨਰਿੰਦਰ ਮੋਦੀ ਦਾ ਨਾਂ ਲਏ ਬਿਨਾ ਆਪਣੀ ਚੁੱਪੀ ਤੋੜਦਿਆਂ ਆਖਿਆ ਕਿ ਪ੍ਰਧਾਨ ਮੰਤਰੀ ਨੂੰ ਆਪਣੇ ਸ਼ਬਦਾਂ ਦੇ ਨਿਕਲਣ ਵਾਲੇ ਸਿੱਟਿਆਂ ਸਬੰਧੀ ਸੁਚੇਤ ਰਹਿਣਾ ਚਾਹੀਦਾ ਹੈ ਤਾਂ ਕਿ ਚੀਨ ਉਨ੍ਹਾਂ ਨੂੰ ਖੁਦ ਨੂੰ ਸਹੀ ਸਾਬਤ ਕਰਨ ਲਈ ਨਾ ਵਰਤ ਜਾਵੇ। ਡਾ. ਮਨਮੋਹਨ ਸਿੰਘ ਨੇ ਕਿਹਾ, "ਇਸ ਵੇਲੇ ਅਸੀਂ ਇਤਿਹਾਸਕ ਚੌਰਾਹੇ 'ਤੇ ਹਾਂ। ਸਾਡੀ ਸਰਕਾਰ ਦੇ ਫੈਸਲਿਆਂ ਤੇ ਕਾਰਵਾਈਆਂ ਦਾ ਭਵਿੱਖ ਦੀਆਂ ਪੀੜ੍ਹੀਆਂ 'ਤੇ ਗੰਭੀਰ ਅਸਰ ਹੋਵੇਗਾ ਕਿ ਉਹ ਇਨ੍ਹਾਂ ਨੂੰ ਕਿਵੇਂ ਲੈਂਦੀਆਂ ਹਨ? ਜਿਹੜੇ ਸਾਡੀ ਅਗਵਾਈ ਕਰਦੇ ਹਨ, ਉਨ੍ਹਾਂ ਦੀ ਬਹੁਤ ਵੱਡੀ ਜਿੰਮੇਵਾਰੀ ਬਣ ਜਾਂਦੀ ਹੈ। ਸਾਡੀ ਜਮਹੂਰੀਅਤ ਵਿਚ ਇਹ ਜਿੰਮੇਵਾਰੀ ਪ੍ਰਧਾਨ ਮੰਤਰੀ ਦੇ ਦਫਤਰ 'ਤੇ ਆਉਂਦੀ ਹੈ।"

ਡਾ. ਮਨਮੋਹਨ ਸਿੰਘ ਨੇ ਅੱਗੇ ਹੋਰ ਕਿਹਾ, "ਅਸੀਂ ਸਰਕਾਰ ਨੂੰ ਆਗਾਹ ਕਰਦੇ ਹਾਂ ਕਿ ਗੁੰਮਰਾਹਕੁਨ ਪ੍ਰਚਾਰ ਕਦੇ ਵੀ ਕੂਟਨੀਤੀ ਅਤੇ ਮਜ਼ਬੂਤ ਲੀਡਰਸ਼ਿਪ ਦਾ ਬਦਲ ਨਹੀਂ ਹੋ ਸਕਦਾ। ਜੀ ਹਜ਼ੂਰੀ ਕਰਨ ਵਾਲੇ ਸਹਿਯੋਗੀਆਂ ਦੇ ਝੂਠ ਦੇ ਪ੍ਰਚਾਰ ਨਾਲ ਸੱਚ ਨੂੰ ਦਬਾਇਆ ਨਹੀਂ ਜਾ ਸਕਦਾ।"

ਇਸ ਸੰਦਰਭ ਵਿਚ ਫੌਜੀ ਮਾਮਲਿਆਂ ਦੇ ਮਾਹਰ ਕਰਨਲ ਅਜੈ ਸ਼ੁਕਲਾ ਨੇ ਆਖਿਆ, "ਕੀ ਅੱਜ ਅਸੀਂ ਨਰਿੰਦਰ ਮੋਦੀ ਨੂੰ ਟੀ. ਵੀ. ਉਤੇ ਭਾਰਤ-ਚੀਨ ਦੀ ਸਰਹੱਦ ਨੂੰ ਨਵੇਂ ਸਿਰੇ ਤੋਂ ਖਿੱਚਦੇ ਹੋਏ ਨਹੀਂ ਦੇਖਿਆ? ਮੋਦੀ ਨੇ ਕਿਹਾ ਕਿ ਭਾਰਤ ਦੀ ਸਰਹੱਦ ਅੰਦਰ ਕੋਈ ਦਾਖਲ ਨਹੀਂ ਹੋਇਆ। ਕੀ ਉਨ੍ਹਾਂ ਗਲਵਾਨ ਨਦੀ ਘਾਟੀ ਤੇ ਪੈਂਗੋਂਗ ਸੋ ਦੀ ਫਿੰਗਰ 4 ਤੋਂ 8 ਤੱਕ ਦਾ ਸਾਰਾ ਇਲਾਕਾ ਚੀਨ ਨੂੰ ਸੌਂਪ ਦਿੱਤਾ ਹੈ? ਫਿਰ ਫੌਜੀ ਅਧਿਕਾਰੀਆਂ ਵਿਚਾਲੇ ਗੱਲਬਾਤ ਕਿਸ ਲਈ ਹੋ ਰਹੀ ਹੈ? ਭਾਰਤ ਦੇ 20 ਫੌਜੀ ਜਵਾਨਾਂ ਨੇ ਘੁਸਪੈਠੀਆਂ ਨੂੰ ਖਦੇੜਣ ਦੌਰਾਨ ਆਪਣੇ ਪ੍ਰਾਣ ਗੁਆਏ ਹਨ, ਪਰ ਮੋਦੀ ਕਹਿ ਰਹੇ ਹਨ ਕਿ ਕੋਈ ਘੁਸਪੈਠੀਆ ਆਇਆ ਹੀ ਨਹੀਂ, ਫਿਰ ਇਨ੍ਹਾਂ ਜਵਾਨਾਂ ਨੇ ਆਪਣੀ ਜਾਨ ਕਿੱਥੇ ਗੁਆਈ? ਇਹੋ ਤਾਂ ਚੀਨ ਕਹਿ ਰਿਹਾ ਹੈ ਕਿ ਉਸ ਨੇ ਘੁਸਪੈਠ ਕੀਤੀ ਹੀ ਨਹੀਂ ਤੇ ਉਹੀ ਬੋਲੀ ਮੋਦੀ ਬੋਲ ਰਹੇ ਹਨ।"

ਇਸੇ ਸੰਦਰਭ ਵਿਚ ਲੈਫਟੀਨੈਂਟ ਜਨਰਲ ਪ੍ਰਕਾਸ਼ ਮੈਨਿਨ ਨੇ ਆਖਿਆ, "ਮੋਦੀ ਨੇ ਸਮਰਪਣ ਕਰ ਦਿੱਤਾ ਹੈ ਤੇ ਕਹਿ ਰਿਹਾ ਹੈ, ਕੁਝ ਹੋਇਆ ਹੀ ਨਹੀਂ। ਖੁਦਾ ਬਚਾਏ! ਉਸ ਨੇ ਚੀਨ ਦੀ ਗੱਲ ਨੂੰ ਹੀ ਦੁਹਰਾ ਕੇ ਕੀ ਦੇਸ਼ਧ੍ਰੋਹ ਨਹੀਂ ਕੀਤਾ ਹੈ?"

ਪ੍ਰਧਾਨ ਮੰਤਰੀ ਦੇ ਉਕਤ ਬਿਆਨ 'ਤੇ ਮੇਜਰ ਜਨਰਲ ਸੈਂਡੀ ਥਾਪਰ ਨੇ ਆਖਿਆ, "ਨਾ ਘੁਸਪੈਠ ਹੋਈ, ਨਾ ਕਿਸੇ ਚੌਕੀ 'ਤੇ ਕਬਜ਼ਾ ਹੋਇਆ, ਸਾਡੇ ਲੜਕੇ ਤਾਂ ਚੀਨ ਦੀ ਸਰਹੱਦ ਵਿਚ ਉਨ੍ਹਾਂ ਨੂੰ ਖਦੇੜਣ ਲਈ ਘੁਸੇ ਸਨ; ਇਹੋ ਤਾਂ ਚੀਨ ਵਾਲੇ ਕਹਿ ਰਹੇ ਹਨ। ਸਾਡੇ 20 ਜਵਾਨਾਂ ਦੀ ਸ਼ਹਾਦਤ ਉਤੇ ਸਿਰਫ 48 ਘੰਟਿਆਂ ਵਿਚ ਪਾਣੀ ਫੇਰ ਦਿੱਤਾ ਗਿਆ।"

ਮੇਜਰ ਬੀਰੇਂਦਰ ਧਨੋਆ ਨੇ ਸਵਾਲ ਕੀਤਾ, "ਕੀ ਅਸੀਂ ਪੁੱਛ ਸਕਦੇ ਹਾਂ ਕਿ ਮਾਰ-ਮਾਰ ਕੇ ਕਿੱਥੇ ਮਰੇ?"

ਇਹ ਕਿ ਚੀਨ ਨੂੰ ਲੈ ਕੇ ਦੇਸ਼ ਦੀ ਹਾਕਮ ਅਤੇ ਵਿਰੋਧੀ ਧਿਰਾਂ ਦੇ ਆਗੂਆਂ-ਦੋਹਾਂ ਨੂੰ ਹੀ ਕੋਈ ਵੀ ਬਿਆਨ ਦੇਣ ਤੋਂ ਪਹਿਲਾਂ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਕਿ ਕਿਸੇ ਵੀ ਬਿਆਨ ਦੀ ਦੁਸ਼ਮਣ ਦੇਸ਼ ਭਵਿੱਖ ਵਿਚ ਗਲਤ ਵਰਤੋਂ ਨਾ ਕਰ ਸਕੇ। ਸ਼ਾਇਦ ਇਸੇ ਲਈ ਸਿਆਣੇ ਆਖਦੇ ਹਨ, 'ਜ਼ਬਾਨ 'ਚੋਂ ਨਿਕਲਿਆ ਸ਼ਬਦ ਅਤੇ ਕਮਾਨ 'ਚੋਂ ਨਿਕਲਿਆ ਤੀਰ ਕਦੇ ਵਾਪਸ ਨਹੀਂ ਪਰਤਦੇ।' ਉਰਦੂ ਦੇ ਇੱਕ ਸ਼ਾਇਰ ਨੇ ਕਿੰਨਾ ਸੋਹਣਾ ਕਿਹਾ ਹੈ,

ਬਾਤ ਕੋ ਸਾਦਗੀ ਸੇ ਮਤ ਕਹੀਏ,
ਲੋਗ ਕਮਜ਼ੋਰੀਆਂ ਪਕੜਤੇ ਹੈਂ।

ਪੰਜਾਬ ਟਾਈਮਜ਼

ਸਨਿਚਰਵਾਰ, 4 ਜੁਲਾਈ 2020

## ਲੋਕ, ਦੇਸ਼ ਅਤੇ ਪਾਰਟੀ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੇਸ਼ ਦੇ ਨਾਂ ਸੰਬੋਧਨ ਉਸ ਵਕਤ ਆਇਆ ਹੈ, ਜਦੋਂ ਵੱਖ-ਵੱਖ ਮੁੱਦਿਆਂ ਕਰ ਕੇ ਕੇਂਦਰ ਸਰਕਾਰ ਬੁਰੀ ਤਰ੍ਹਾਂ ਘਿਰੀ ਹੋਈ ਹੈ। ਜਦੋਂ ਤੋਂ ਕਰੋਨਾ ਸੰਕਟ ਆਇਆ ਹੈ, ਦੇਸ਼ ਦੇ ਨਾਂ ਇਹ ਉਨ੍ਹਾਂ ਦਾ ਛੇਵਾਂ ਸੰਬੋਧਨ ਹੈ। ਪਿਛਲੇ ਸੰਬੋਧਨਾਂ ਵਾਂਗ ਇਹ ਸੰਬੋਧਨ ਵੀ ਮੀਡੀਆ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ ਅਤੇ ਸੋਸ਼ਲ ਮੀਡੀਆ ਉਤੇ ਇਸ ਦਾ ਖੂਬ ਮਜ਼ਾਕ ਵੀ ਉਡਾਇਆ ਜਾ ਰਿਹਾ ਹੈ। ਅਸਲ ਵਿਚ ਪ੍ਰਧਾਨ ਮੰਤਰੀ ਨੇ ਇਸ ਵਾਰ ਵੀ ਲੋਕਾਂ ਲਈ ਕੋਈ ਰਾਹਤ ਨਹੀਂ ਲਿਆਂਦੀ ਹੈ ਅਤੇ ਪਹਿਲਾਂ ਵਾਂਗ ਝੂਠ ਵੀ ਰੱਜ ਕੇ ਬੋਲਿਆ ਹੈ। ਭਾਸ਼ਣ ਦੀ ਸ਼ੁਰੂਆਤ ਹੀ ਝੂਠ ਤੋਂ ਕੀਤੀ ਗਈ ਕਿ ਭਾਰਤ ਵਿਚ ਵੇਲੇ ਸਿਰ ਲੌਕਡਾਊਨ ਅਤੇ ਹੋਰ ਵਧੀਆ ਇੰਤਜ਼ਾਮ ਕਰਨ ਕਰ ਕੇ ਵਧੇਰੇ ਨੁਕਸਾਨ ਤੋਂ ਬਚਾਓ ਰਿਹਾ ਹੈ। ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ; ਲੋਕਾਂ ਨੂੰ ਦੋ ਡੰਗ ਦੀ ਨੌਕਰੀ ਨਹੀਂ ਮਿਲ ਰਹੀ; ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ; ਮੁਲਕ ਦੀ ਆਰਥਕਤਾ ਤਬਾਹੀ ਦੇ ਕੰਢੇ ਪੁੱਜ ਗਏ ਹਨ। ਫਿਰ ਵੀ ਪ੍ਰਧਾਨ ਮੰਤਰੀ ਆਖ ਰਹੇ ਹਨ ਕਿ ਵੇਲੇ ਸਿਰ ਕਾਰਵਾਈ ਕੀਤੇ ਜਾਣ ਕਰ ਕੇ ਬਹੁਤੇ ਨੁਕਸਾਨ ਤੋਂ ਬਚਾਓ ਰਿਹਾ ਹੈ। ਚੀਨ ਨਾਲ ਸਰਹੱਦ ਉਤੇ ਹੋਈ ਝੜਪ ਦੇ ਮਾਮਲੇ ਵਿਚ ਵੀ ਪ੍ਰਧਾਨ ਮੰਤਰੀ ਦਾ ਪਹਿਲਾਂ ਇਹੀ ਵਿਹਾਰ ਰਿਹਾ ਹੈ। ਚੀਨ ਨਾਲ ਸਰਹੱਦ ਉਤੇ ਤਣਾਅ ਦੀ ਕਨਸੋਅ ਮਈ ਵਿਚ ਹੀ ਮਿਲ ਗਈ ਸੀ, ਪਰ ਸਰਕਾਰ ਹੱਥ ਉਤੇ ਹੱਥ ਧਰ ਕੇ ਬੈਠੀ ਰਹੀ। ਫਿਰ ਜਦੋਂ ਸਿੱਧੀ ਝੜਪ ਵਿਚ ਭਾਰਤ ਦੇ 20 ਫੌਜੀ ਮਾਰੇ ਗਏ ਤਾਂ ਕਿਤੇ ਜਾ ਕੇ ਸਰਕਾਰ ਦੀ ਨੀਂਦ ਟੁੱਟੀ। ਹੁਣ ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ ਐਨ ਪਹਿਲਾਂ ਚੀਨੀ ਕੰਪਨੀਆਂ ਨਾਲ ਸਬੰਧਤ 59 ਐਪਸ ਉਤੇ ਪਾਬੰਦੀ ਦਾ ਐਲਾਨ ਕੀਤਾ ਗਿਆ। ਇਸੇ ਕਰ ਕੇ ਲੋਕ ਆਸ ਕਰ ਰਹੇ ਸਨ ਕਿ ਪ੍ਰਧਾਨ ਮੰਤਰੀ ਭਾਰਤ-ਚੀਨ ਤਣਾਓ ਬਾਰੇ ਵੀ ਕੁਝ ਬੋਲਣਗੇ, ਪਰ ਇਸ ਮਾਮਲੇ 'ਤੇ ਉਨ੍ਹਾਂ ਚੁੱਪ ਵੱਟ ਲਈ। ਹੁਣ ਆਰਥਕ ਮਾਹਿਰ ਸਵਾਲ ਕਰ ਰਹੇ ਹਨ ਕਿ ਐਪਸ ਉਤੇ ਪਾਬੰਦੀਆਂ ਦਾ ਚੀਨ ਨੂੰ ਕੋਈ ਬਹੁਤਾ ਫਰਕ ਨਹੀਂ ਪੈਣਾ। ਸਾਲ 2019 ਵਿਚ ਟਿੱਕ ਟੌਕ ਨਾਲ ਸਬੰਧਤ ਕੰਪਨੀ 'ਬਾਈਟਡਾਂਸ' ਦਾ ਸੰਸਾਰ ਭਰ ਵਿਚ ਕਾਰੋਬਾਰ 17 ਅਰਬ ਡਾਲਰ ਹੈ ਅਤੇ ਭਾਰਤ ਵਿਚ ਸਿਰਫ 58 ਲੱਖ ਡਾਲਰ। ਇਹ ਰਕਮ ਇਸ ਦੇ ਕੁੱਲ ਵਪਾਰ ਦਾ ਸਿਰਫ 0.03 ਫੀਸਦ ਬਣਦਾ ਹੈ। ਇਹ ਮਹਿਜ਼ ਊਠ ਤੋਂ ਛਾਣਨੀ ਲਾਹੁਣ ਵਾਂਗ ਹੈ। ਨਾਲੇ ਇਸ ਦਾ ਸਰਹੱਦ ਉਤੇ ਹਾਲਾਤ ਨੂੰ ਕੀ ਫਰਕ ਪਵੇਗਾ? ਲੋਕ ਸਵਾਲ ਕਰ ਰਹੇ ਹਨ ਕਿ ਚੀਨ ਤੋਂ ਭਾਰਤ ਇਹ ਕਿਸ ਢੰਗ ਨਾਲ ਬਦਲਾ ਲੈ ਰਿਹਾ ਹੈ?

ਹੋਰ ਤਾਂ ਹੋਰ, ਕਰੋਨਾ ਸੰਕਟ ਦੇ ਮਾਮਲੇ 'ਤੇ ਆਪਣੀਆਂ ਸਾਰੀਆਂ ਨਾਲਾਇਕੀਆਂ ਲਕੋਣ ਲਈ ਪ੍ਰਧਾਨ ਮੰਤਰੀ ਨੇ ਸਾਰਾ ਦੋਸ਼ ਲੋਕਾਂ ਉਤੇ ਸੁੱਟ ਦਿੱਤਾ। ਉਨ੍ਹਾਂ ਆਪਣੇ ਭਾਸ਼ਣ ਵਿਚ ਇਹ ਗੱਲ ਉਚੇਚੇ ਤੌਰ 'ਤੇ ਆਖੀ ਕਿ ਲੋਕ ਸਾਵਧਾਨੀ ਵਰਤਣ ਵਿਚ ਹੁਣ ਅਣਗਹਿਲੀ ਵਰਤ ਰਹੇ ਹਨ। ਦੂਜੇ ਬੰਨੇ, ਕਰੋਨਾ ਦੇ ਬਹਾਨੇ ਸਰਕਾਰ ਨੇ ਜੋ ਘਾਣ ਲੋਕਾਂ ਦੇ ਹੱਕਾਂ ਦਾ ਕੀਤਾ ਹੈ, ਉਸ ਦੀ ਕਿਤੇ ਕੋਈ ਸੁਣਵਾਈ ਨਹੀਂ। ਮੋਦੀ ਸਰਕਾਰ ਖੇਤੀ ਸੁਧਾਰ ਦੇ ਨਾਂ 'ਤੇ ਜਿਹੜੇ ਤਿੰਨ ਆਰਡੀਨੈਂਸ ਲੈ ਕੇ ਆਈ ਹੈ, ਉਸ ਨਾਲ ਕਿਸਾਨਾਂ ਉਤੇ ਤਾਂ ਅਸਰ ਪੈਣਾ ਹੀ ਹੈ, ਮੁਲਕ ਦੇ ਫੈਡਰਲ ਢਾਂਚੇ ਦਾ ਘਾਣ ਵੀ ਹੋਣਾ ਹੈ। ਭਾਰਤੀ ਜਨਤਾ ਪਾਰਟੀ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਇਸ ਮਾਮਲੇ ਵਿਚ ਚਲਾਕੀ ਨਾਲ ਇਹ ਆਖ ਰਹੇ ਹਨ ਕਿ ਫਸਲਾਂ ਦਾ ਘੱਟੋ-ਘੱਟ ਮੁੱਲ ਬੰਦ ਨਹੀਂ ਕੀਤਾ ਜਾ ਰਿਹਾ, ਜਦਕਿ ਮਸਲਾ ਸਰਕਾਰੀ ਖਰੀਦ ਬੰਦ ਕਰਨ ਦਾ ਹੈ। ਕੇਂਦਰ ਸਰਕਾਰ ਹਰ ਸਾਲ 22 ਫਸਲਾਂ ਦਾ ਘੱਟੋ-ਘੱਟ ਮੁੱਲ ਐਲਾਨਦੀ ਹੈ, ਪਰ ਇਨ੍ਹਾਂ ਫਸਲਾਂ ਵਿਚੋਂ ਸਰਕਾਰੀ ਖਰੀਦ ਦਾ ਪ੍ਰਬੰਧ ਸਿਰਫ ਕਣਕ ਅਤੇ ਚੌਲਾਂ ਦਾ ਹੁੰਦਾ ਹੈ। ਬਾਕੀ ਸਭ ਫਸਲਾਂ ਪ੍ਰਾਈਵੇਟ ਵਪਾਰੀ ਮਰਜ਼ੀ ਦੇ ਭਾਅ 'ਤੇ ਖਰੀਦਦੇ ਹਨ। ਮਿਸਾਲ ਵਜੋਂ ਮੱਕੀ ਦਾ ਘੱਟੋ-ਘੱਟ ਮੁੱਲ ਸਰਕਾਰ ਨੇ 1850 ਪ੍ਰਤੀ ਕੁਇੰਟਲ ਐਲਾਨਿਆ ਹੋਇਆ ਹੈ, ਪਰ ਪ੍ਰਾਈਵੇਟ ਵਪਾਰੀ ਇਸ ਫਸਲ ਦਾ ਮੁੱਲ 1000 ਰੁਪਏ ਤੋਂ ਘੱਟ ਦੇ ਰਹੇ ਹਨ। ਸਰਕਾਰ ਦੀ ਸਕੀਮ ਇਹ ਹੈ ਕਿ ਇਹ ਕਣਕ ਅਤੇ ਚੌਲ ਓਨੇ ਹੀ ਖਰੀਦੇਗੀ, ਜਿੰਨੇ ਇਸ ਨੂੰ ਰਾਸ਼ਣ ਵੰਡ ਪ੍ਰਣਾਲੀ ਤਹਿਤ ਲੋਕਾਂ ਨੂੰ ਵੰਡਣੇ ਹਨ। ਇਨ੍ਹਾਂ ਆਰਡੀਨੈਂਸਾਂ ਤੋਂ ਇਲਾਵਾ ਜਿਹੜਾ ਬਿਜਲੀ ਸੋਧ ਬਿਲ ਲਿਆਂਦਾ ਜਾ ਰਿਹਾ ਹੈ, ਉਹ ਵੀ ਰਾਜਾਂ ਦੇ ਹੱਕਾਂ ਉਤੇ ਡਾਕਾ ਹੈ। ਸੰਵਿਧਾਨ ਮੁਤਾਬਿਕ ਬਿਜਲੀ ਰਾਜਾਂ ਦਾ ਮਸਲਾ ਹੈ, ਪਰ ਨਵੇਂ ਬਣਾਏ ਜਾ ਰਹੇ ਕਾਨੂੰਨ ਵਿਚ ਰਾਜਾਂ ਤੋਂ ਇਹ ਹੱਕ ਵੀ ਖੋਹਿਆ ਜਾ ਰਿਹਾ ਹੈ। ਜਾਹਰ ਹੈ ਕਿ ਮੋਦੀ ਸਰਕਾਰ ਕਰੋਨਾ ਸੰਕਟ ਨੂੰ ਸ਼ਕਤੀਆਂ ਦੇ ਕੇਂਦਰੀਕਰਨ ਲਈ ਵਰਤ ਰਹੀ ਹੈ।

ਅਸਲ ਵਿਚ ਇਹੀ ਇਸ ਸਰਕਾਰ ਨੂੰ ਪਿਛਿਓਂ ਚਲਾ ਰਹੀ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦਾ ਏਜੰਡਾ ਹੈ। ਪਿਛਲੇ ਛੇ ਸਾਲਾਂ ਤੋਂ ਮੋਦੀ ਸਰਕਾਰ ਜੋ ਨੀਤੀਆਂ ਲਾਗੂ ਕਰ ਰਹੀ ਹੈ, ਉਹ ਇਸ ਏਜੰਡੇ ਮੁਤਾਬਿਕ ਹੀ ਹਨ। ਵਿਰੋਧੀ ਧਿਰ ਕਮਜ਼ੋਰ ਹੋਣ ਕਾਰਨ ਇਸ ਨੂੰ ਇਹ ਏਜੰਡਾ ਲਾਗੂ ਕਰਨ ਵਿਚ ਕੋਈ ਔਖ ਵੀ ਨਹੀਂ ਆ ਰਹੀ। ਉਂਜ ਵੀ, ਇਨ੍ਹਾਂ ਕੱਟੜ ਆਗੂਆਂ ਨੇ ਹੌਲੀ-ਹੌਲੀ ਵਿਰੋਧ ਦੀ ਹਰ ਅਵਾਜ਼ ਬੰਦ ਕਰ ਦਿੱਤੀ ਹੈ। ਜਾਪਦਾ ਹੈ, ਇਕ-ਦੋ ਖੇਤਰੀ ਪਾਰਟੀਆਂ ਨੂੰ ਛੱਡ ਕੇ ਬਾਕੀ ਸਭ ਈਨ ਮੰਨ ਕੇ ਬੈਠ ਗਏ ਹਨ। ਈਨ ਮੰਨਣ ਵਾਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਸਭ ਤੋਂ ਅੱਗੇ ਨਜ਼ਰ ਆ ਰਿਹਾ ਹੈ, ਜਿਸ ਦੀ ਅਗਵਾਈ ਬਾਦਲ ਪਰਿਵਾਰ ਕਰ ਰਿਹਾ ਹੈ। ਮੋਦੀ ਸਰਕਾਰ ਦੀ ਹਰ ਕਾਰਵਾਈ ਮੁਲਕ ਮੁਤਾਬਿਕ ਨਹੀਂ, ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਮੁਤਾਬਿਕ ਕੀਤੀ ਜਾ ਰਹੀ ਹੈ। ਅਸਲ ਵਿਚ ਸਾਡੇ ਸਮਿਆਂ ਦਾ ਸੰਕਟ ਇਹੀ ਹੈ ਕਿ ਆਪੋ-ਆਪਣੀਆਂ ਗਿਣਤੀਆਂ-ਮਿਣਤੀਆਂ ਵਿਚ ਉਸ ਢੰਗ ਨਾਲ ਅਵਾਜ਼ ਬੁਲੰਦ ਨਹੀਂ ਕੀਤੀ ਜਾ ਰਹੀ, ਜਿਸ ਢੰਗ ਨਾਲ ਅੱਜ ਬੁਲੰਦ ਕਰਨ ਦੀ ਲੋੜ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਨਿਕਲੇ ਨ੍ਹੀਂ ਚਿੱਬ ਸਾਡੇ!*

ਮਹਾਮਾਰੀ ਤੋਂ ਬਚੇ ਜੋ ਲੋਕ ਬਹੁਤੇ, ਐਵੇਂ ਰੌਲਾ ਐ, ਆਖ ਕੇ ਹੱਸਦੇ ਨੇ।
ਰੋਕਾਂ ਅਤੇ ਹਦਾਇਤਾਂ ਤੋਂ ਅੱਕ ਚੁੱਕੇ, ਆਪੋ ਧਾਪੀਆਂ ਪਾਉਣ ਲਈ ਨੱਸਦੇ ਨੇ।
ਚੰਗਾ ਲੱਗਿਆ ਸਹਿਜ ਤੇ ਸਬਰ ਨਾਹੀਂ, ਭੱਜ ਦੌੜ ਲਈ ਤਿਆਰੀਆਂ ਕੱਸਦੇ ਨੇ।
ਖੋਤੀ ਆਏਗੀ ਘੁੰਮ ਕੇ ਬੋਹੜ ਥੱਲੇ, 'ਝੱਲਪੁਣੇ' ਲਈ ਤਰਸਦੇ ਦੱਸਦੇ ਨੇ।
ਰੱਦੀ ਮੱਤਿ ਦੇ ਕਾਗਜ਼ ਤੇ ਪੈਨ ਸੁੱਕਾ, ਲਿਖ ਸਕੀ ਨਾ ਅਕਲ ਦੀ ਨਿੱਬ੍ਹ ਸਾਡੇ।
ਮਾਰੀ ਸੱਟ 'ਕਰੋਨੇ' ਨੇ ਬਹੁਤ ਵੱਡੀ, ਐਪਰ ਨਿਕਲੇ ਹਾਲੇ ਨਹੀਂ ਚਿੱਬ ਸਾਡੇ!

# ਆਰ.ਐਸ.ਐਸ. ਦੇ ਮੁਆਫੀਨਾਮੇ

***ਭਾਰਤ ਵਿਚ ਅੱਜਕੱਲ੍ਹ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਇਹ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ. ਐਸ. ਐਸ. ਖੁਦ ਨੂੰ 'ਦੇਸ਼ਭਗਤ' ਸਾਬਤ ਕਰਨ ਦਾ ਕੋਈ ਮੌਕਾ ਖੁੰਝਣ ਨਹੀਂ ਦਿੰਦੀਆਂ, ਪਰ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਦੀ 'ਦੇਸ਼ਭਗਤੀ' ਦੀ ਹਕੀਕਤ ਆਪਣੇ ਇਸ ਲੇਖ ਵਿਚ ਖੂਬ ਬਿਆਨ ਕੀਤੀ ਹੈ। -ਸੰਪਾਦਕ***

ਹਰ ਵਾਰ ਐਮਰਜੈਂਸੀ ਦਿਵਸ ਉਪਰ ਚਰਚਾ ਛਿੜਦੀ ਹੈ ਕਿ ਆਰ.ਐਸ.ਐਸ. ਅਤੇ ਐਮਰਜੈਂਸੀ ਦਾ ਰਿਸ਼ਤਾ ਕੀ ਰਿਹਾ ਹੈ? ਆਰ.ਐਸ.ਐਸ. ਅਤੇ ਭਾਜਪਾ ਦੇ ਆਗੂ ਝੂਠ ਬੋਲ ਕੇ ਐਮਰਜੈਂਸੀ ਵਿਰੁਧ ਸੰਘਰਸ਼ ਦਾ ਸਿਹਰਾ ਆਪਣੇ ਸਿਰ ਸਜਾਉਂਦੇ ਦੇਖੇ ਜਾ ਸਕਦੇ ਹਨ। ਆਰ.ਐਸ.ਐਸ. ਦੇ ਸਾਬਕਾ ਬੁਲਾਰੇ ਅਤੇ ਭਾਜਪਾ ਦੇ ਮੌਜੂਦਾ ਜਨਰਲ ਸਕੱਤਰ ਰਾਮ ਮਾਧਵ ਨੇ ਇਸ ਵਾਰ 25 ਜੂਨ ਨੂੰ ਵੀ ਵਿਸ਼ੇਸ਼ ਲੇਖ ਲਿਖ ਕੇ ਦਾਅਵਾ ਕੀਤਾ ਕਿ 'ਮੁਲਕ ਵਿਚ ਲੋਕਤੰਤਰ ਇਸ ਲਈ ਬਚਿਆ ਹੋਇਆ ਹੈ, ਕਿਉਂਕਿ ਅੱਜ ਸਰਕਾਰ ਨੂੰ ਚਲਾ ਰਹੇ ਆਗੂ ਉਨ੍ਹਾਂ ਵਿਚੋਂ ਹਨ ਜਿਨ੍ਹਾਂ ਨੇ ਐਮਰਜੈਂਸੀ ਖਿਲਾਫ ਆਜ਼ਾਦੀ ਦੀ ਦੂਜੀ ਲੜਾਈ ਲੜੀ ਸੀ। ਇਹ ਆਗੂ ਲੋਕਤੰਤਰੀ ਮੁੱਲਾਂ ਨੂੰ ਕਿਸੇ ਮਜਬੂਰੀ ਵਿਚੋਂ ਨਹੀਂ ਸਗੋਂ ਇਕ ਧਰਮ-ਸਿਧਾਂਤ ਦੇ ਤੌਰ 'ਤੇ ਪ੍ਰਣਾਏ ਹੋਏ ਹਨ।' ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਟਵੀਟ ਕੀਤਾ ਕਿ ਉਸ ਦੌਰ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਪੜ੍ਹਨ ਵਾਲਾ ਇਹੀ ਪ੍ਰਭਾਵ ਲਵੇਗਾ ਕਿ ਐਮਰਜੈਂਸੀ ਵਿਚ ਵਿਚਾਰੇ ਸੰਘੀਆਂ ਨੂੰ ਕਿੰਨੇ ਕਸ਼ਟ

ਬੂਟਾ ਸਿੰਘ
ਫੋਨ: +91-94634-74342

ਝੱਲਣੇ ਪਏ ਹੋਣਗੇ! ਸਚਾਈ ਇਹ ਹੈ ਕਿ ਮੋਦੀ ਤੇ ਸ਼ਾਹ ਨਾ ਤਾਂ ਉਸ ਦੌਰ ਵਿਚ ਜੇਲ੍ਹ ਗਏ ਅਤੇ ਨਾ ਹੀ ਸੰਘ ਬ੍ਰਿਗੇਡ ਦਾ ਐਮਰਜੈਂਸੀ ਵਿਰੋਧੀ ਕਿਸੇ ਸੰਘਰਸ਼ ਨਾਲ ਕੋਈ ਲੈਣਾ-ਦੇਣਾ ਸੀ। ਸੰਘ ਦੇ ਕਈ ਜ਼ਿਆਦਾ 'ਬਹਾਦਰ' ਸਵੈਮਸੇਵਕਾਂ ਨੇ ਤਾਂ ਐਮਰਜੈਂਸੀ ਲੱਗਦੇ ਹੀ ਗ੍ਰਿਫਤਾਰੀ ਤੋਂ ਬਚਣ ਲਈ ਆਪਣੇ ਘਰਾਂ ਵਿਚ ਟੰਗੀਆਂ ਸਾਵਰਕਰ, ਹੇਡਗੇਵਾਰ, ਗੋਲਵਲਕਰ ਦੀਆਂ ਤਸਵੀਰਾਂ ਲਾਹ ਕੇ ਇੰਦਰਾ ਗਾਂਧੀ ਅਤੇ ਸੰਜੇ ਦੀਆਂ ਤਸਵੀਰਾਂ ਸਜਾ ਲਈਆਂ ਸਨ। ਐਮਰਜੈਂਸੀ ਵਿਰੁਧ ਹੋ-ਹੱਲਾ ਤਾਂ ਮਹਿਜ਼ ਕਾਂਗਰਸ ਨੂੰ ਸਿਆਸੀ ਨਿਸ਼ਾਨਾ ਬਣਾਉਣ ਅਤੇ ਖੁਦ ਨੂੰ ਪੀੜਤ ਧਿਰ ਦੱਸ ਕੇ ਹਮਦਰਦੀ ਤੇ ਪੈਨਸ਼ਨਾਂ ਬਟੋਰਨ ਦਾ ਸੰਦ ਹੈ। ਸੰਘ ਨੂੰ ਅੱਜ ਵੀ ਉਸ ਕਾਲੇ ਦੌਰ ਦੇ ਪ੍ਰਤੀਕਾਂ ਨਾਲ ਗਲਵੱਕੜੀ ਪਾਉਂਦੇ ਦੇਖਿਆ ਜਾ ਸਕਦਾ ਹੈ। ਸੰਘ ਦੇ ਮੁਖੀ ਮੋਹਨ ਭਾਗਵਤ ਨੇ ਪਿੱਛੇ ਜਹੇ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਸੰਘ ਦੇ ਨਵੇਂ ਰੰਗਰੂਟਾਂ ਦੀ ਪਰੇਡ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਆਪਣੇ ਸਦਰ-ਮੁਕਾਮ ਵਿਚ ਸੱਦ ਕੇ ਉਸ ਨੂੰ ਉਚੇਚਾ ਮਾਣ ਬਖਸ਼ਿਆ ਸੀ। ਪ੍ਰਣਬ ਮੁਖਰਜੀ ਐਮਰਜੈਂਸੀ ਦੇ ਜ਼ੁਲਮਾਂ ਲਈ ਜ਼ਿੰਮੇਵਾਰ ਦੁਸ਼ਟ ਜੁੰਡਲੀ ਦਾ ਬਦਨਾਮ ਚਿਹਰਾ ਹੈ।

ਲੋਕਤੰਤਰੀ ਮੁੱਲਾਂ ਨੂੰ ਘੋਰ ਨਫਰਤ ਆਰ.ਐਸ.ਐਸ. ਦੀ ਸਿਧਾਂਤਕ ਬੁਨਿਆਦ ਵੀ ਹੈ ਅਤੇ ਵਿਰਾਸਤ ਵੀ। ਸ਼ੁਰੂ ਤੋਂ ਹੀ ਇਸ ਦੇ ਸਿਧਾਂਤਕਾਰ ਨਿਰੰਕੁਸ਼ ਰਾਜ ਦੀ ਵਕਾਲਤ ਕਰ ਰਹੇ ਹਨ। ਸੰਘ ਦੇ ਮੁੱਖ ਸਿਧਾਂਤਕਾਰ ਐਮ.ਐਸ. ਗੋਲਵਲਕਰ, ਜੋ 'ਨਫਰਤ ਦੇ ਗੁਰੂ' ਵਜੋਂ ਬਦਨਾਮ ਹੈ, ਨੇ 1940 ਵਿਚ ਆਰ.ਐਸ.ਐਸ. ਦੇ 1350 ਮੁੱਖ ਕਾਡਰਾਂ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਸੀ- 'ਆਰ.ਐਸ.ਐਸ. ਜਿਸ ਦੀ ਪ੍ਰੇਰਨਾ ਇਕ ਨਿਸ਼ਾਨ, ਇਕ ਪ੍ਰਧਾਨ ਅਤੇ ਇਕ ਵਿਚਾਰਧਾਰਾ ਹੈ, ਇਸ ਮਹਾਨ ਧਰਤੀ ਦੇ ਕੋਨੇ-ਕੋਨੇ ਵਿਚ ਹਿੰਦੂਤਵ ਦੀ ਮਸ਼ਾਲ ਬਾਲ ਰਹੀ ਹੈ।' 1961 'ਚ ਗੋਲਵਲਕਰ ਨੇ ਐਲਾਨ ਕੀਤਾ, 'ਸਰਕਾਰ ਦਾ ਅਜੋਕਾ ਸੰਘੀ ਸਰੂਪ ਨਾ ਸਿਰਫ ਵੱਖਵਾਦ ਦੀਆਂ ਭਾਵਨਾਵਾਂ ਪੈਦਾ ਕਰਦਾ ਹੈ ਸਗੋਂ ਇਨ੍ਹਾਂ ਦਾ ਪਾਲਣ-ਪੋਸ਼ਣ ਵੀ ਕਰਦਾ ਹੈ, ਇਹ ਇਕ ਤਰੀਕੇ ਨਾਲ ਇਕ ਰਾਸ਼ਟਰ ਦੀ ਸਚਾਈ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ ਅਤੇ ਇਸ ਨੂੰ ਨਸ਼ਟ ਕਰਦਾ ਹੈ। ਇਸ ਨੂੰ ਪੂਰੀ ਤਰ੍ਹਾਂ ਜੜ੍ਹੋਂ ਉਖਾੜਨਾ, ਸੰਵਿਧਾਨ ਦਾ ਸ਼ੁੱਧੀਕਰਨ ਕਰਨਾ ਅਤੇ ਇਕਹਿਰੇ ਸਰੂਪ ਵਾਲੀ ਸਰਕਾਰ ਸਥਾਪਤ ਕਰਨਾ ਜ਼ਰੂਰੀ ਹੈ।'

ਹਿੰਦੂ ਰਾਸ਼ਟਰ ਦੇ ਇਸ ਏਜੰਡੇ ਵਿਚ ਲੋਕਤੰਤਰੀ ਮੁੱਲਾਂ ਲਈ ਕੋਈ ਜਗ੍ਹਾ ਨਹੀਂ ਹੈ। ਇਸ ਨੂੰ ਆਰ.ਐਸ.ਐਸ. ਅਤੇ ਭਾਜਪਾ ਦੇ ਪਿਛਲੇ ਛੇ ਸਾਲਾ ਰਾਜ ਦੇ ਵਿਹਾਰ ਅੰਦਰ ਬੁੱਧੀਜੀਵੀਆਂ, ਪੱਤਰਕਾਰਾਂ ਸਮੇਤ ਜਮਹੂਰੀ ਵਿਰੋਧ ਦੀ ਜ਼ੁਬਾਨਬੰਦੀ, ਵੱਖਰੇ ਧਾਰਮਿਕ ਅਕੀਦੇ ਵਾਲੇ ਮੁਸਲਿਮ ਫਿਰਕੇ ਪ੍ਰਤੀ ਵਤੀਰੇ ਅਤੇ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਸ਼ਰੇਆਮ ਤਾਨਾਸ਼ਾਹ ਰਾਜ ਥੋਪੇ ਜਾਣ ਤੋਂ ਸਾਫ ਦੇਖਿਆ ਜਾ ਸਕਦਾ ਹੈ।

ਸਵਾਲ ਇਹ ਹੈ ਕਿ ਐਮਰਜੈਂਸੀ ਦੌਰਾਨ ਆਰ.ਐਸ.ਐਸ. ਤੇ ਜਨ ਸੰਘ ਦੀ ਭੂਮਿਕਾ ਕੀ ਰਹੀ? ਕੀ ਇਨ੍ਹਾਂ ਨੇ ਐਮਰਜੈਂਸੀ ਦਾ ਵਿਰੋਧ ਕੀਤਾ, ਇਸ ਦੇ ਖਿਲਾਫ ਕੋਈ ਅੰਦੋਲਨ ਕੀਤਾ? ਇਤਿਹਾਸ ਦੇ ਤੱਥ ਤੋਂ ਉਲਟ ਹਨ। ਇਹ ਸੱਚ ਹੈ ਕਿ ਇੰਦਰਾ ਗਾਂਧੀ ਨੇ ਹਰ ਤਰ੍ਹਾਂ ਦੇ ਰਾਜਨੀਤਕ ਵਿਰੋਧੀਆਂ ਨੂੰ ਦਬਾਉਣ ਲਈ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਸੀ। ਇਸ ਵਿਚ ਆਰ.ਐਸ.ਐਸ. ਤੇ ਜਨ ਸੰਘ ਦੇ ਲੋਕ ਵੀ ਸਨ। ਸੋਵੀਅਤ ਯੂਨੀਅਨ ਦੀ ਅੰਨ੍ਹੀ ਸ਼ਰਧਾਲੂ ਸੀ.ਪੀ.ਆਈ. ਨੇ ਸ਼ਰੇਆਮ ਐਮਰਜੈਂਸੀ ਦੀ ਹਮਾਇਤ ਕੀਤੀ, ਬਾਕੀ ਰਾਜਨੀਤਕ ਤਾਕਤਾਂ ਨੇ ਐਮਰਜੈਂਸੀ ਦਾ ਜਬਰ ਵੀ ਝੱਲਿਆ ਅਤੇ ਇਸ ਵਿਰੁਧ ਸੰਘਰਸ਼ ਵੀ ਕੀਤਾ। ਜਿਥੋਂ ਤੱਕ ਆਰ.ਐਸ.ਐਸ. ਦਾ ਸਵਾਲ ਹੈ, ਇਸ ਦੀ ਚੋਟੀ ਦੀ ਲੀਡਰਸ਼ਿਪ ਨੇ ਵਿਰੋਧ ਦੀ ਬਜਾਏ ਆਪਣੀ ਚਮੜੀ ਬਚਾਉਣ ਲਈ ਆਪਣੇ ਮੋਢੀ ਸਾਵਰਕਰ ਵਾਲੀ ਮੁਆਫੀਨਾਮਿਆਂ ਦੀ ਨੀਤੀ ਅਖਤਿਆਰ ਕੀਤੀ। ਸੰਘ ਦੇ ਮੁਖੀ ਨੇ ਇੰਦਰਾ ਗਾਂਧੀ ਦੀਆਂ ਤਾਰੀਫਾਂ ਕਰਦੇ ਹੋਏ ਉਸ ਨੂੰ ਚਿੱਠੀਆਂ ਲਿਖ ਕੇ ਹਮਾਇਤ ਦਿੱਤੀ ਅਤੇ ਆਰ.ਐਸ.ਐਸ. ਦੇ ਜੇਲ੍ਹਬੰਦ ਕਾਰਕੁਨ ਮੁਆਫੀਨਾਮੇ ਲਿਖ ਕੇ ਬਾਹਰ ਆਏ। ਹੇਠ ਦਿੱਤੇ ਹਵਾਲੇ ਉਸ ਦੌਰ ਵਿਚ ਆਰ.ਐਸ.ਐਸ. ਦੀ ਘਿਨਾਉਣੀ ਭੂਮਿਕਾ ਨੂੰ ਬਾਖੂਬੀ ਬੇਨਕਾਬ ਕਰਦੇ ਹਨ।

ਉਘੇ ਪੱਤਰਕਾਰ ਪ੍ਰਭਾਸ਼ ਜੋਸ਼ੀ ਅਨੁਸਾਰ ਆਰ.ਐਸ.ਐਸ. ਦੇ ਐਮਰਜੈਂਸੀ ਵਿਰੋਧੀ ਸੰਘਰਸ਼ ਵਿਚ ਸ਼ਾਮਲ ਹੋਣ ਨੂੰ ਲੈ ਕੇ ਸਦਾ ਹੀ ਸੰਦੇਹ, ਵਿੱਥ, ਗੰਭੀਰ ਬੇਭਰੋਸਗੀ ਬਣੀ ਰਹੀ। ਐਮਰਜੈਂਸੀ ਦੀ 25ਵੀਂ ਵਰ੍ਹੇਗੰਢ ਮੌਕੇ ਜੋਸ਼ੀ ਲਿਖਦੇ ਹਨ, "ਆਰ.ਐਸ.ਐਸ. ਦੇ ਤੱਤਕਾਲੀ ਮੁਖੀ ਬਾਲਾ ਸਾਹਬ ਦੇਵਰਸ ਨੇ ਸੰਜੇ ਗਾਂਧੀ ਦੇ ਬਦਨਾਮ 20-ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ 'ਚ ਹੱਥ ਵਟਾਉਣ ਦਾ ਯਕੀਨ ਦਿਵਾਉਂਦੇ ਹੋਏ ਇੰਦਰਾ ਗਾਂਧੀ ਨੂੰ ਚਿੱਠੀ ਲਿਖੀ। ਇਹ ਹੈ ਆਰ.ਐਸ.ਐਸ. ਦਾ ਅਸਲ ਕਿਰਦਾਰ। ... ਤੁਹਾਨੂੰ ਇਕ ਕਾਰਵਾਈ ਦੀ ਦਿਸ਼ਾ, ਇਕ ਨਮੂਨਾ ਸਾਫ ਨਜ਼ਰ ਆਉਂਦਾ ਹੈ। ਐਮਰਜੈਂਸੀ ਦੌਰਾਨ ਵੀ ਜੋ ਬਹੁਤ ਸਾਰੇ ਆਰ.ਐਸ.ਐਸ. ਅਤੇ ਜਨ ਸੰਘੀ ਜੇਲ੍ਹਾਂ 'ਚੋਂ ਬਾਹਰ ਆਏ, ਉਨ੍ਹਾਂ ਨੇ ਮੁਆਫੀਨਾਮੇ ਲਿਖੇ। ਉਹ ਮੁਆਫੀ ਮੰਗਣ ਵਾਲੇ ਪਹਿਲੇ ਲੋਕ ਸਨ। ਸਿਰਫ ਉਨ੍ਹਾਂ ਦੇ ਆਗੂ ਜੇਲ੍ਹ ਵਿਚ ਰਹੇ: ਅਟਲ ਬਿਹਾਰੀ ਵਾਜਪਾਈ (ਜੋ ਜ਼ਿਆਦਾਤਰ ਹਸਪਤਾਲ ਰਹੇ) ਅਤੇ ਐਲ.ਕੇ. ਅਡਵਾਨੀ ਤੇ ਅਰੁਨ ਜੇਤਲੀ; ਲੇਕਿਨ ਆਰ.ਐਸ.ਐਸ. ਨੇ ਐਮਰਜੈਂਸੀ ਵਿਰੁਧ ਕੋਈ ਲੜਾਈ ਨਹੀਂ ਲੜੀ।" ਪ੍ਰਭਾਸ਼ ਜੋਸ਼ੀ ਨਿਚੋੜ ਕੱਢਦੇ ਹਨ, "ਇਹ ਕੋਈ ਲੜਾਕੂ ਤਾਕਤ ਨਹੀਂ ਹੈ ਅਤੇ ਇਹ ਕਦੇ ਵੀ ਲੜਨ ਦੇ ਇੱਛਕ ਨਹੀਂ ਹੁੰਦੇ। ਇਹ ਮੂਲ ਰੂਪ 'ਚ ਸਮਝੌਤੇਬਾਜ਼ ਸਮੂਹ ਹੈ।"

ਇਸੇ ਤੱਥ ਦੀ ਇਕ ਹੋਰ ਤਸਦੀਕ ਆਈ.ਬੀ. (ਇੰਟੈਲੀਜੈਂਸ ਬਿਊਰੋ) ਦੇ ਸਾਬਕਾ ਮੁਖੀ ਟੀ.ਵੀ. ਰਾਜੇਸ਼ਵਰ ਦਾ ਖੁਲਾਸਾ ਹੈ ਜੋ ਯੂ.ਪੀ. ਅਤੇ ਸਿੱਕਮ ਦੇ ਗਵਰਨਰ ਵੀ ਰਹੇ। ਆਪਣੀ ਕਿਤਾਬ 'ਇੰਡੀਆ: ਦਿ ਕਰੂਸ਼ਲ ਈਅਰਜ਼' ਵਿਚ ਉਹ ਲਿਖਦੇ ਹਨ, "ਉਹ (ਆਰ.ਐਸ.ਐਸ.) ਨਾ ਸਿਰਫ ਇਸ (ਐਮਰਜੈਂਸੀ) ਦੇ ਹਮਾਇਤੀ ਸਨ, ਉਹ ਸ੍ਰੀਮਤੀ ਗਾਂਧੀ ਤੋਂ ਇਲਾਵਾ ਸੰਜੇ ਗਾਂਧੀ ਨਾਲ ਵੀ ਰਾਬਤਾ ਬਣਾਉਣਾ ਚਾਹੁੰਦੇ ਸਨ। ... ਐਮਰਜੈਂਸੀ ਲੱਗਣ 'ਤੇ ਆਰ.ਐਸ.ਐਸ. ਉਪਰ ਪਾਬੰਦੀ ਲਾ ਦਿੱਤੀ ਗਈ ਸੀ ਲੇਕਿਨ ਇਸ ਦੇ ਮੁਖੀ ਬਾਲਾਸਾਹਬ ਦੇਵਰਸ ਨੇ ਚੋਰੀ-ਛਿਪੇ ਪ੍ਰਧਾਨ ਮੰਤਰੀ ਹਾਊਸ ਨਾਲ ਸੰਪਰਕ ਕਰਕੇ ਫਰਮਾਨ ਅਤੇ ਅਨੁਸ਼ਾਸਨ ਥੋਪਣ ਦੇ ਬਹੁਤ ਸਾਰੇ ਕਦਮਾਂ ਦੀ ਡਟਵੀਂ ਹਮਾਇਤ ਕੀਤੀ। ਸੰਜੇ ਗਾਂਧੀ ਵਲੋਂ ਥੋਪੀ ਪਰਿਵਾਰ ਨਿਯੋਜਨ ਦੀ ਮੁਹਿੰਮ, ਖਾਸ ਕਰ ਕੇ ਮੁਸਲਮਾਨਾਂ ਉਪਰ, ਦੀ ਦੇਵਰਸ ਨੇ ਖੂਬ ਤਾਰੀਫ ਕੀਤੀ।" ਇਸ ਦਾ ਖੁਲਾਸਾ ਰਾਜੇਸ਼ਵਰ ਨੇ ਮਸ਼ਹੂਰ ਪੱਤਰਕਾਰ ਕਰਨ ਥਾਪਰ ਨਾਲ ਆਪਣੀ ਇੰਟਰਵਿਊ ਵਿਚ ਵੀ ਕੀਤਾ। ਉਸ ਨੇ ਦੱਸਿਆ, "... ਨੇ ਪ੍ਰਧਾਨ ਮੰਤਰੀ ਹਾਊਸ ਨਾਲ ਚੁੱਪ-ਚੁਪੀਤੇ ਸੰਪਰਕ ਕਰ ਕੇ ਬਹੁਤ ਸਾਰੇ ਕਦਮਾਂ ਦੀ ਹਮਾਇਤ ਕਰਨ ਦੀ ਇੱਛਾ ਪ੍ਰਗਟਾਈ। ਦੇਵਰਸ ਸ੍ਰੀਮਤੀ ਗਾਂਧੀ ਅਤੇ ਸੰਜੇ ਨੂੰ ਮਿਲਣ ਲਈ ਤਤਪਰ ਸੀ ਲੇਕਿਨ ਸ੍ਰੀਮਤੀ ਗਾਂਧੀ ਨੇ ਇਨਕਾਰ ਕਰ ਦਿੱਤਾ।' ਰਾਜੇਸ਼ਵਰ ਨੇ ਇਹ ਤੱਥ ਵੀ ਸਾਂਝਾ ਕੀਤਾ ਕਿ ਐਮਰਜੈਂਸੀ ਤੋਂ ਪਿੱਛੋਂ ਵੀ 'ਜਥੇਬੰਦੀ (ਆਰ.ਐਸ.ਐਸ.) ਨੇ ਐਮਰਜੈਂਸੀ ਤੋਂ ਬਾਅਦ ਹੋਈਆਂ ਚੋਣਾਂ ਵਿਚ ਕਾਂਗਰਸ ਨੂੰ ਆਪਣੀ ਹਮਾਇਤ ਉਚੇਚੇ ਤੌਰ 'ਤੇ ਦਿੱਤੀ ਸੀ।' ਭਾਜਪਾ ਦੇ ਬੜਬੋਲੇ ਆਗੂ ਸੁਬਰਾਮਨੀਅਮ ਸਵਾਮੀ ਨੇ ਵੀ ਕਿਹਾ ਹੈ ਕਿ ਐਮਰਜੈਂਸੀ ਦੌਰਾਨ ਆਰ.ਐਸ.ਐਸ. ਦੇ ਜ਼ਿਆਦਾਤਰ ਸੀਨੀਅਰ ਆਗੂਆਂ ਨੇ ਐਮਰਜੈਂਸੀ ਵਿਰੋਧੀ ਸੰਘਰਸ਼ ਨਾਲ ਗੱਦਾਰੀ ਕੀਤੀ ਸੀ।

ਕੀ ਪ੍ਰਭਾਸ਼ ਜੋਸ਼ੀ ਅਤੇ ਟੀ.ਵੀ. ਰਾਜੇਸ਼ਵਰ ਦੇ ਦਾਅਵਿਆਂ ਦੀ ਪ੍ਰਮਾਣਿਕਤਾ ਦਾ ਕੋਈ ਅਧਿਕਾਰਕ ਸਬੂਤ ਵੀ ਹੈ? ਜੀ ਹਾਂ, ਖੁਦ ਮਧੂਕਰ ਦੱਤਾਤ੍ਰੇਆ ਉਰਫ ਬਾਲਾ ਸਾਹਬ ਦੇਵਰਸ ਦੀਆਂ ਲਿਖਤਾਂ ਦਾ ਅਧਿਕਾਰਕ ਸੰਗ੍ਰਹਿ 'ਹਿੰਦੂ ਸੰਗਠਨ ਔਰ ਸੱਤਾਵਾਦੀ ਰਾਜਨੀਤੀ' ਇਸ ਦੀ ਤਸਦੀਕ ਕਰਦਾ ਹੈ। ਜਾਗ੍ਰਿਤੀ ਪ੍ਰਕਾਸ਼ਨ ਨੋਇਡਾ ਵਲੋਂ ਛਾਪੇ ਇਸ ਸੰਗ੍ਰਹਿ ਦੀ ਅੰਤਿਕਾ ਵਜੋਂ ਉਪਰੋਕਤ ਚਿੱਠੀਆਂ ਸ਼ਾਮਲ ਕੀਤੀਆਂ ਗਈਆਂ ਹਨ। 22 ਅਗਸਤ 1975 ਨੂੰ ਯੇਰਵੜਾ ਜੇਲ੍ਹ ਤੋਂ ਇੰਦਰਾ ਗਾਂਧੀ ਨੂੰ ਲਿਖੀ ਪਹਿਲੀ ਚਿੱਠੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, 'ਮੈਂ 15 ਅਗਸਤ 1975 ਨੂੰ ਰੇਡੀਓ ਉਪਰ ਲਾਲ ਕਿਲ੍ਹੇ ਤੋਂ ਰਾਸ਼ਟਰ ਦੇ ਨਾਮ ਤੁਹਾਡੇ ਸੰਬੋਧਨ ਨੂੰ ਇਥੋਂ ਜੇਲ੍ਹ (ਯੇਰਵੜਾ ਜੇਲ੍ਹ) ਵਿਚ ਸੁਣਿਆ ਸੀ। ਤੁਹਾਡਾ ਇਹ ਸੰਬੋਧਨ ਸੰਤੁਲਿਤ ਅਤੇ ਸਮੇਂ ਦੇ ਅਨੁਕੂਲ ਸੀ। ਇਸ ਲਈ ਮੈਂ ਤੁਹਾਨੂੰ ਇਹ ਚਿੱਠੀ ਲਿਖਣ ਦਾ ਫੈਸਲਾ ਕੀਤਾ।'

ਇੰਦਰਾ ਗਾਂਧੀ ਨੇ ਦੇਵਰਸ ਦੀ ਇਸ ਚਿੱਠੀ ਦਾ ਜਵਾਬ ਨਹੀਂ ਦਿੱਤਾ। ਫਿਰ 10 ਨਵੰਬਰ 1975 ਨੂੰ ਦੇਵਰਸ ਨੇ ਇੰਦਰਾ ਗਾਂਧੀ ਨੂੰ ਇਕ ਚਿੱਠੀ ਹੋਰ ਲਿਖ ਕੇ ਸੁਪਰੀਮ ਕੋਰਟ ਵਲੋਂ ਉਸ ਦੇ ਹੱਕ ਵਿਚ ਦਿੱਤੇ ਫੈਸਲੇ (ਇਲਾਹਾਬਾਦ ਹਾਈਕੋਰਟ ਨੇ ਇੰਦਰਾ ਗਾਂਧੀ ਨੂੰ ਚੋਣਾਂ ਵਿਚ ਭ੍ਰਿਸ਼ਟ ਸਾਧਨ ਇਸਤੇਮਾਲ ਕਰਨ ਦੀ ਦੋਸ਼ੀ ਕਰਾਰ ਦੇ ਕੇ ਅਹੁਦੇ ਦੇ ਅਯੋਗ ਕਰਾਰ ਦੇ ਦਿੱਤਾ ਸੀ। ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਹਾਈਕੋਰਟ ਦਾ ਫੈਸਲਾ ਉਲਟਾ ਦਿੱਤਾ ਅਤੇ ਇੰਦਰਾ ਗਾਂਧੀ ਦੀ ਚੋਣ ਸੰਵਿਧਾਨਕ ਕਰਾਰ ਦੇ ਦਿੱਤੀ ਸੀ) ਲਈ ਵਧਾਈ ਇਹਨਾਂ ਸ਼ਬਦਾਂ ਵਿਚ ਦਿੱਤੀ: 'ਸੁਪਰੀਮ ਕੋਰਟ ਦੇ ਪੰਜ ਜੱਜਾਂ ਨੇ ਤੁਹਾਡੀ ਚੋਣ ਨੂੰ ਸੰਵਿਧਾਨਕ ਕਰਾਰ ਦਿੱਤਾ ਹੈ, ਇਸ ਦੇ ਲਈ ਹਾਰਦਿਕ ਵਧਾਈ।' ਉਸ ਨੇ ਇਥੋਂ ਤੱਕ ਸਫਾਈ ਪੇਸ਼ ਕੀਤੀ, 'ਆਰ.ਐਸ.ਐਸ. ਦਾ ਨਾਮ ਜੈਪ੍ਰਕਾਸ਼ ਨਰਾਇਣ ਦੇ ਅੰਦੋਲਨ ਨਾਲ ਖਾਹ-ਮ-ਖਾਹ ਜੋੜ ਦਿੱਤਾ ਗਿਆ ਹੈ। ਸਰਕਾਰ ਨੇ ਅਕਾਰਨ ਹੀ ਗੁਜਰਾਤ ਅੰਦੋਲਨ ਅਤੇ ਬਿਹਾਰ ਅੰਦੋਲਨ ਦੇ ਨਾਲ ਵੀ ਆਰ.ਐਸ.ਐਸ. ਨੂੰ ਜੋੜ ਦਿੱਤਾ ਹੈ ... ਸੰਘ ਦਾ ਇਨ੍ਹਾਂ ਅੰਦੋਲਨਾਂ ਨਾਲ ਕੋਈ ਸੰਬੰਧ ਨਹੀਂ ਹੈ।'

ਇੰਦਰਾ ਗਾਂਧੀ ਵਲੋਂ ਇਸ ਚਿੱਠੀ ਦਾ ਕੋਈ ਜਵਾਬ ਨਾ ਦੇਣ ਕਾਰਨ ਦੇਵਰਸ ਨੇ 12 ਜਨਵਰੀ 1976 ਨੂੰ ਚਿੱਠੀ ਲਿਖ ਕੇ ਵਿਨੋਬਾ ਭਾਵੇ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਇੰਦਰਾ ਗਾਂਧੀ ਨੂੰ ਆਰ.ਐਸ.ਐਸ. ਉਪਰੋਂ ਪਾਬੰਦੀ ਹਟਾਉਣ ਦਾ ਸੁਝਾਅ ਦੇਵੇ। ਗਾਂਧੀਵਾਦੀ ਵਿਨੋਬਾ ਭਾਵੇ ਨੇ ਐਮਰਜੈਂਸੀ ਨੂੰ 'ਅਨੁਸ਼ਾਸਨ ਉਤਸਵ' ਨਾਂ ਦੇ ਕੇ ਇਸ ਦੀ ਹਮਾਇਤ ਕੀਤੀ ਸੀ। ਉਸ ਨੇ ਵੀ ਦੇਵਰਸ ਦੀ ਚਿੱਠੀ ਦਾ ਜਵਾਬ ਨਹੀਂ ਦਿੱਤਾ। ਇਸ ਤੋਂ ਬੇਚੈਨ ਹੋ ਕੇ ਦੇਵਰਸ ਨੇ ਉਸ ਨੂੰ ਇਕ ਚਿੱਠੀ ਹੋਰ ਲਿਖੀ, ਜਿਸ ਉਪਰ ਤਾਰੀਕ ਨਹੀਂ ਹੈ। ਉਸ ਨੇ ਲਿਖਿਆ, 'ਅਖਬਾਰਾਂ ਵਿਚ ਛਪੀਆਂ ਖਬਰਾਂ ਅਨੁਸਾਰ ਪ੍ਰਧਾਨ ਮੰਤਰੀ (ਇੰਦਰਾ ਗਾਂਧੀ) 24 ਜਨਵਰੀ ਨੂੰ ਵਰਧਾ, ਪਵਨਾਰ ਆਸ਼ਰਮ ਵਿਚ ਤੁਹਾਨੂੰ ਮਿਲਣ ਆ ਰਹੇ ਹਨ। ... ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਕਿ ਪ੍ਰਧਾਨ ਮੰਤਰੀ ਦੇ ਮਨ ਵਿਚ ਆਰ.ਐਸ.ਐਸ. ਦੇ ਬਾਰੇ ਜੋ ਗਲਤ ਧਾਰਨਾ ਬਣ ਗਈ ਹੈ, ਤੁਸੀਂ ਕ੍ਰਿਪਾ ਕਰ ਕੇ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ, ਤਾਂ ਜੋ ਆਰ.ਐਸ.ਐਸ. ਉਪਰ ਲੱਗੀ ਪਾਬੰਦੀ ਹਟਾਈ ਜਾ ਸਕੇ ਅਤੇ ਜੇਲ੍ਹਾਂ ਵਿਚ ਬੰਦ ਆਰ.ਐਸ.ਐਸ.

*(ਬਾਕੀ ਅਗਲੇ ਸਫੇ 'ਤੇ)*

*ਅਮਰੀਕਾ ਵਿਚ ਸਿਆਹਫਾਮ ਵਿਅਕਤੀ ਜੌਰਜ ਫਲਾਇਡ ਦੇ ਕਤਲ ਤੋਂ ਬਾਅਦ ਸਮੁੱਚੇ ਸੰਸਾਰ ਨੇ ਅਮਰੀਕਾ ਅੰਦਰ ਰੋਸ ਵਿਖਾਵੇ ਦੇਖੇ। ਇਸ ਪ੍ਰਸੰਗ ਵਿਚ 'ਦਲਿਤ ਕੈਮਰਾ' ਨੇ ਈਮੇਲ ਜ਼ਰੀਏ ਉਘੀ ਅਤੇ ਧੜੱਲੇਦਾਰ ਵਿਦਵਾਨ ਲੇਖਕਾ ਅਰੁੰਧਤੀ ਰਾਏ ਨਾਲ ਗੱਲਬਾਤ ਕੀਤੀ। ਇਸ ਗੱਲਬਾਤ ਵਿਚ ਅਰੁੰਧਤੀ ਰਾਏ ਨੇ ਅਮਰੀਕਾ ਵਿਚ ਹੋ ਰਹੇ ਨਸਲਵਾਦੀ ਕਤਲਾਂ ਵਿਰੁਧ ਉਠੇ ਜ਼ਬਰਦਸਤ ਰੋਹ ਉਪਰ ਵਿਚਾਰ ਪੇਸ਼ ਕਰਨ ਦੇ ਨਾਲ-ਨਾਲ ਭਾਰਤ ਦੇ ਬਿਮਾਰ ਸਮਾਜ ਦੇ ਹੱਡਾਂ 'ਚ ਰਚੇ ਇਸ ਤੋਂ ਵੀ ਭੈੜੇ ਨਸਲਵਾਦ ਬਾਰੇ ਗੱਲਾਂ ਪੂਰੀ ਬੇਬਾਕੀ ਨਾਲ ਕੀਤੀਆਂ ਹਨ। 'ਦਲਿਤ ਕੈਮਰਾ' ਵਾਲੀ ਇਸ ਅਹਿਮ ਗੱਲਬਾਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਦੀ ਪਹਿਲੀ ਕਿਸ਼ਤ ਪੇਸ਼ ਹੈ। -ਸੰਪਾਦਕ*

# ਭਾਰਤੀ ਨਸਲਵਾਦ ਗੋਰੇ ਨਸਲਵਾਦ ਤੋਂ ਵੀ ਭੈੜਾ: ਅਰੁੰਧਤੀ

**ਸਵਾਲ:** ਅਸੀਂ ਅਮਰੀਕਾ ਵਿਚ ਚੱਲ ਰਹੇ ਅੰਦੋਲਨ ਦੀ ਹਮਾਇਤ ਕਿਸ ਤਰ੍ਹਾਂ ਕਰੀਏ ਅਤੇ ਭਾਰਤ ਵਿਚ ਵਿਰੋਧ ਕਰ ਰਹੇ ਲੋਕਾਂ ਨਾਲ ਕਿਵੇਂ ਇਕਮੁੱਠਤਾ ਦਿਖਾਈਏ?

**ਜਵਾਬ:** ਮੇਰੇ ਖਿਆਲ 'ਚ ਤੁਹਾਡੀ ਮੁਰਾਦ ਗੋਰੇ ਅਮਰੀਕਨ ਪੁਲਿਸ ਵਾਲੇ ਵਲੋਂ ਅਫਰੀਕੀ ਅਮਰੀਕਨਾਂ ਦੇ ਕਤਲਾਂ ਦੀ ਲੰਮੀ ਲੜੀ ਵਿਚ ਜੌਰਜ ਫਲਾਇਡ ਦੇ ਕਤਲ ਤੋਂ ਬਾਅਦ ਭੜਕੇ ਵਿਰੋਧ ਪ੍ਰਦਰਸ਼ਨਾਂ ਤੋਂ ਹੈ। ਇਸ ਅੰਦੋਲਨ ਦੀ ਹਮਾਇਤ ਦਾ ਸਭ ਤੋਂ ਵਧੀਆ ਤਰੀਕਾ ਸਭ ਤੋਂ ਪਹਿਲਾਂ ਇਹ ਸਮਝਣਾ ਹੈ ਕਿ ਇਸ ਦੀ ਜੜ੍ਹ ਕੀ ਹੈ? ਗੁਲਾਮੀ ਦਾ ਇਤਿਹਾਸ, ਨਸਲਵਾਦ, ਨਾਗਰਿਕ ਹੱਕਾਂ ਦੀ ਲਹਿਰ - ਇਨ੍ਹਾਂ ਸਭ ਦੀਆਂ ਕਾਮਯਾਬੀਆਂ ਅਤੇ ਨਾਕਾਮੀਆਂ ਦੀਆਂ ਜੜ੍ਹਾਂ ਕਿਥੇ ਹਨ? ਬਾਰੀਕੀ ਨਾਲ ਘੋਖਣਾ ਜ਼ਰੂਰੀ ਹੈ ਕਿ ਉਤਰੀ ਅਮਰੀਕਾ ਵਿਚ ਅਫਰੀਕੀ ਅਮਰੀਕਨਾਂ ਨੂੰ 'ਲੋਕਤੰਤਰ' ਦੇ ਢਾਂਚੇ ਅੰਦਰ ਆਖਰ ਐਨੀ ਕਰੂਰਤਾ, ਜੇਲ੍ਹਾਂ ਵਿਚ ਸੜਨ ਅਤੇ ਸਮਾਜ 'ਚੋਂ ਛੇਕੇ ਜਾਣ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ? ਇਸ ਤੋਂ ਪਹਿਲਾਂ ਇਹ ਵੀ ਸਮਝਣਾ ਪਵੇਗਾ ਕਿ ਅਮਰੀਕਾ ਵਿਚ ਭਾਰਤੀ ਭਾਈਚਾਰੇ ਦੇ ਜ਼ਿਆਦਾਤਰ ਲੋਕਾਂ ਦੀ ਇਸ ਵਿਚ ਕੀ ਭੂਮਿਕਾ ਹੈ? ਭਾਰਤੀ ਭਾਈਚਾਰਾ ਰਵਾਇਤੀ ਤੌਰ 'ਤੇ ਕਿਸ ਦੇ ਨਾਲ ਖੜ੍ਹਦਾ ਰਿਹਾ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਸਾਨੂੰ ਆਪਣੇ ਸਮਾਜ ਬਾਰੇ ਬਹੁਤ ਕੁਝ ਦੱਸਣਗੇ। ਵੱਖ-ਵੱਖ ਸੰਸਕ੍ਰਿਤੀਆਂ ਅਤੇ ਭਾਈਚਾਰਿਆਂ ਦੇ ਸਮੂਹਿਕ ਰੋਹ ਅਤੇ ਮੁਜ਼ਾਹਰਿਆਂ ਦੀ ਹਮਾਇਤ ਅਸੀਂ ਫਿਰ ਹੀ ਕਰ ਸਕਦੇ ਹਾਂ, ਜੇ ਅਸੀਂ ਥੋੜ੍ਹਾ ਇਮਾਨਦਾਰੀ ਨਾਲ ਆਪਣੀਆਂ ਕਦਰਾਂ-ਕੀਮਤਾਂ ਅਤੇ ਕੰਮਾਂ ਦੀ ਪੜਚੋਲ ਕਰਾਂਗੇ। ਅਸੀਂ ਖੁਦ ਅਜਿਹੇ ਬਿਮਾਰ ਸਮਾਜ ਵਿਚ ਰਹਿੰਦੇ ਹਾਂ ਜਿਸ ਵਿਚ ਭਾਈਚਾਰੇ ਅਤੇ ਇਕਮੁੱਠਤਾ ਦੀਆਂ ਭਾਵਨਾਵਾਂ ਦੇ ਲਈ ਕੋਈ ਥਾਂ ਨਹੀਂ ਹੈ।

**ਸਵਾਲ:** ਕੀ ਅਮਰੀਕਾ ਦੇ 'ਕੂ ਕਲਕਸ ਕਲਾਨ' (ਕੇ.ਕੇ.ਕੇ.) ਅਤੇ ਭਾਰਤ ਦੇ 'ਗਊ ਰੱਖਿਅਕ ਹਿੰਦੂਆਂ' ਦੀ ਵਿਚਾਰਧਾਰਾ ਅਤੇ ਅਮਲਾਂ ਵਿਚ ਕੋਈ ਸਮਾਨਤਾਵਾਂ ਹਨ?

**ਜਵਾਬ:** ਨਿਸ਼ਚੇ ਹੀ ਇਨ੍ਹਾਂ 'ਚ ਸਮਾਨਤਾਵਾਂ ਹਨ। ਫਰਕ ਏਨਾ ਕੁ ਹੈ ਕਿ 'ਕੂ ਕਲਕਸ ਕਲਾਨ' ਜਦ ਕਤਲ ਕਰਦਾ ਸੀ ਤਾਂ ਉਸ ਦੀ ਸ਼ੈਲੀ ਥੋੜ੍ਹੀ ਵੱਖਰੀ ਸੀ। ਆਰ.ਐਸ.ਐਸ. ਵਾਂਗ, ਇਕ ਜ਼ਮਾਨੇ 'ਚ ਕੇ.ਕੇ.ਕੇ. ਅਮਰੀਕਾ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਜਥੇਬੰਦੀਆਂ ਵਿਚੋਂ ਇਕ ਰਿਹਾ ਹੈ। ਇਸ ਦੇ ਮੈਂਬਰ ਪੁਲਿਸ ਅਤੇ ਨਿਆਂਪਾਲਿਕਾ ਸਮੇਤ ਤਮਾਮ ਪਬਲਿਕ ਸੰਸਥਾਵਾਂ ਵਿਚ ਵੜ ਗਏ ਸਨ। ਕੇ.ਕੇ.ਕੇ. ਵਲੋਂ ਕੀਤੇ ਕਤਲ ਮਹਿਜ਼ ਕਤਲ ਨਹੀਂ ਸਨ - ਉਹ ਇਕ ਤਰ੍ਹਾਂ ਨਾਲ ਦਸਤੂਰ ਦੀ ਨੁਮਾਇਸ਼ ਸਨ ਜੋ ਦਹਿਸ਼ਤ ਪਾਉਣ ਅਤੇ ਸਬਕ ਸਿਖਾਉਣ ਦੇ ਇਰਾਦੇ ਨਾਲ ਕੀਤੇ ਜਾਂਦੇ ਸਨ। 'ਕੇ.ਕੇ.ਕੇ.' ਵੱਲੋਂ ਸਿਆਹਫਾਮ ਲੋਕਾਂ ਦੇ ਹਜੂਮੀ ਕਤਲ ਉਨਾ ਹੀ ਸੱਚ ਹੈ, ਜਿੰਨਾ ਹਿੰਦੂ ਚੌਕਸੀ ਗਰੋਹਾਂ ਵਲੋਂ ਦਲਿਤਾਂ ਅਤੇ ਮੁਸਲਮਾਨਾਂ ਦੇ ਹਜੂਮੀ ਕਤਲ।

ਜ਼ਰਾ ਸੁਰੇਖਾ ਭੋਤਮਾਂਗੇ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੋ ਹੋਇਆ, ਉਸ ਨੂੰ ਯਾਦ ਕਰੋ। ਬੇਸ਼ੱਕ ਸੁਰੇਖਾ ਭੋਤਮਾਂਗੇ ਅਤੇ ਜੌਰਜ ਫਲਾਇਡ ਦੇ ਪਿਛੋਕੜ ਅਤ ਸੰਘਰਸ਼ ਵੱਖਰੇ-ਵੱਖਰੇ ਹਨ। ਸੁਰੇਖਾ ਅਤੇ ਉਸ ਦੇ ਪਰਿਵਾਰ ਨੂੰ ਉਨ੍ਹਾਂ ਦੇ ਹੀ ਪਿੰਡ ਦੇ ਲੋਕਾਂ ਨੇ ਕਤਲ ਕੀਤਾ। ਪੁਲਿਸੀਏ ਡੈਰਿਕ ਚਾਓਵਿਨ ਨੇ ਪੂਰੀ ਤਰ੍ਹਾਂ ਠੰਡੇ ਦਿਮਾਗ ਨਾਲ ਜੌਰਜ ਫਲਾਇਡ ਦਾ ਨੁਮਾਇਸ਼ੀ ਕਤਲ ਕੀਤਾ। ਉਸ ਦਾ ਇਕ ਹੱਥ ਜੇਬ ਵਿਚ ਸੀ ਅਤੇ ਇਕ ਗੋਡਾ ਫਲਾਇਡ ਦੀ ਧੌਣ ਉਪਰ ਸੀ। ਉਸ ਦੇ ਨਾਲ ਉਸ ਦੀ ਮਦਦ ਕਰਨ ਵਾਲੇ ਸਨ। ਉਸ ਦੇ ਕਾਰੇ ਦੀ ਨਜ਼ਰਸਾਨੀ ਲਈ ਉਸ ਦੇ ਨਾਲ ਹੋਰ ਪੁਲਿਸ ਵਾਲੇ ਮੌਜੂਦ ਸਨ। ਉਸ ਦੇ ਆਸ-ਪਾਸ ਦਰਸ਼ਕ ਵੀ ਸਨ। ਉਹ ਇਹ ਵੀ ਜਾਣਦਾ ਸੀ ਕਿ ਉਸ ਨੂੰ ਫਿਲਮਾਇਆ ਜਾ ਰਿਹਾ ਹੈ। ਇਸ ਸਭ ਦਰਮਿਆਨ ਉਸ ਨੇ ਇਸ ਕਤਲ ਨੂੰ ਅੰਜਾਮ ਦਿੱਤਾ। ਉਸ ਦਾ ਮੰਨਣਾ ਸੀ ਕਿ ਇਸ ਦੇ ਬਾਵਜੂਦ ਉਹ ਸੁਰੱਖਿਅਤ ਹੈ ਅਤੇ ਸਜ਼ਾ-ਮੁਕਤ ਹੈ।

**ਸਵਾਲ:** ਇਕ ਪਾਸੇ ਅਸੀਂ ਭਾਰਤੀਆਂ ਨੂੰ ਵੀ ਟਰੈਂਡ ਕਰਦੇ ਹੋਏ ਦੇਖਦੇ ਹਾਂ ਲੇਕਿਨ ਇਸੇ ਮੁਲਕ ਵਿਚ ਸਾਨੂੰ ਲਗਾਤਾਰ ਕਾਲੇ ਲੋਕਾਂ ਉਪਰ ਹਮਲੇ ਦੇਖਣ ਨੂੰ ਮਿਲਦੇ ਹਨ। ਕਾਲੇ ਲੋਕਾਂ ਨੂੰ ਭਾਰਤੀ ਕਿਸ ਰੂਪ 'ਚ ਦੇਖਦੇ ਹਨ ਜਾਂ ਉਨ੍ਹਾਂ ਬਾਰੇ ਸਾਡੀ ਭਾਰਤੀਆਂ ਦੀ ਰਵਾਇਤੀ ਰਾਇ ਕੀ ਹੈ?

**ਜਵਾਬ:** ਗੋਰੀ ਚਮੜੀ ਪ੍ਰਤੀ ਭਾਰਤੀ ਜਨੂਨ ਨੂੰ ਦੇਖੋ। ਇਹ ਸਾਡੀਆਂ ਸਭ ਤੋਂ ਜ਼ਿਆਦਾ ਘਿਨਾਉਣੀਆਂ ਚੀਜ਼ਾਂ ਵਿਚੋਂ ਇਕ ਹੈ। ਜੇ ਤੁਸੀਂ ਹਿੰਦੀ ਫਿਲਮਾਂ ਦੇਖਦੇ ਹੋ ਤਾਂ ਤੁਹਾਨੂੰ ਲੱਗੇਗਾ, ਜਿਵੇਂ ਭਾਰਤ ਗੋਰੇ ਲੋਕਾਂ ਦਾ ਮੁਲਕ ਹੋਵੇ। ਕਾਲੇ ਲੋਕਾਂ ਬਾਰੇ ਭਾਰਤੀਆਂ ਦਾ ਨਸਲਵਾਦ ਗੋਰਿਆਂ ਦੇ ਨਸਲਵਾਦ ਨਾਲੋਂ ਕਿਤੇ ਜ਼ਿਆਦਾ ਬਦਤਰ ਹੈ। ਇਹ ਦੇਖ ਕੇ ਯਕੀਨ ਨਹੀਂ ਆਉਂਦਾ। ਮੈਂ ਆਪਣੇ ਕਾਲੇ ਮਿੱਤਰਾਂ ਨਾਲ ਇਸ ਤਰ੍ਹਾਂ ਸੜਕਾਂ ਉਪਰ ਹੁੰਦਾ ਖੁਦ ਦੇਖਿਆ ਹੈ। ਕਦੇ-ਕਦੇ ਇਹ ਰੁਝਾਨ ਐਸੇ ਲੋਕਾਂ ਵਿਚ ਵੀ ਨਜ਼ਰ ਆਉਂਦੀ ਹੈ ਜਿਨ੍ਹਾਂ ਦੀ ਚਮੜੀ ਦਾ ਰੰਗ ਹਕੀਕਤ 'ਚ ਕਾਲਿਆਂ ਨਾਲੋਂ ਬਹੁਤਾ ਵੱਖਰਾ ਨਹੀਂ ਹੈ। ਸ਼ਾਇਦ ਹੀ ਮੈਂ ਕਦੇ ਐਨਾ ਗੁੱਸਾ ਅਤੇ ਸ਼ਰਮਿੰਦਗੀ ਮਹਿਸੂਸ ਕੀਤੀ ਹੋਵੇ। ਇਹ ਨਸਲਵਾਦ ਅਚਾਨਕ ਹਮਲਿਆਂ ਦੇ ਰੂਪ 'ਚ ਵੀ ਪ੍ਰਗਟ ਹੁੰਦਾ ਰਿਹਾ ਹੈ।

2014 'ਚ ਆਮ ਆਦਮੀ ਪਾਰਟੀ ਵਲੋਂ ਦਿੱਲੀ ਚੋਣਾਂ ਵਿਚ ਵੱਡਾ ਫਤਵਾ ਮਿਲਣ ਤੋਂ ਬਾਅਦ ਕਾਨੂੰਨ ਮੰਤਰੀ ਸੋਮਨਾਥ ਭਾਰਤੀ ਨੇ ਅੱਧੀ ਰਾਤ ਨੂੰ ਲੋਕਾਂ ਦੇ ਇਕ ਸਮੂਹ ਦੀ ਅਗਵਾਈ ਕਰਦੇ ਹੋਏ ਛਾਪੇ ਮਾਰੇ। ਦਿੱਲੀ ਦੇ ਖਿੜਕੀ ਖੇਤਰ ਵਿਚ ਇਸ ਸਮੂਹ ਨੇ ਅਨੈਤਿਕ ਅਤੇ ਗੈਰਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਕਾਂਗੋ ਅਤੇ ਯੁਗਾਂਡਾ ਦੀਆਂ ਔਰਤਾਂ ਉਪਰ ਸਰੀਰਕ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਬੇਇਜ਼ਤ ਕੀਤਾ।

ਇਸੇ ਤਰ੍ਹਾਂ 2017 'ਚ ਅਫਰੀਕੀ ਵਿਦਿਆਰਥੀਆਂ ਉਪਰ ਨਸ਼ੀਲੇ ਪਦਾਰਥ ਵੇਚਣ ਦੇ ਇਲਜ਼ਾਮ ਲਗਾਉਂਦੇ ਹੋਏ ਗ੍ਰੇਟਰ ਨੋਇਡਾ ਵਿਚ ਹਜੂਮ ਵਲੋਂ ਹਮਲਾ ਕਰਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ; ਲੇਕਿਨ ਭਾਰਤ ਵਿਚ ਮੌਜੂਦ ਨਸਲਵਾਦ ਵਿਸ਼ਾਲ ਅਤੇ ਵੰਨ-ਸਵੰਨਾ ਹੈ। ਨੋਇਡਾ ਹਮਲੇ ਤੋਂ ਬਾਅਦ ਸੰਸਦ ਮੈਂਬਰ ਅਤੇ ਭਾਜਪਾ ਆਗੂ ਤਰੁਣ ਵਿਜੈ ਦੇ ਨਸਲਵਾਦ ਦੇ ਹੱਕ ਵਿਚ ਦਿੱਤੇ ਬਿਆਨ ਨੂੰ ਕੌਣ ਭੁੱਲ ਸਕਦਾ ਹੈ - "ਜੇ ਅਸੀਂ ਨਸਲਵਾਦੀ ਹੁੰਦੇ ਤਾਂ ਪੂਰੇ ਦੱਖਣੀ ਭਾਰਤ - ਤਾਮਿਲਾਂ ਨੂੰ ਤੁਸੀਂ ਜਾਣਦੇ ਹੋ, ਤੁਸੀਂ ਕੇਰਲ, ਕਰਨਾਟਕ ਤੇ ਆਂਧਰਾ ਨੂੰ ਜਾਣਦੇ ਹੋ - ਅਸੀਂ ਫਿਰ ਉਨ੍ਹਾਂ ਨਾਲ ਕਿਉਂ ਰਹਿੰਦੇ ਹਾਂ? ਉਹ ਸਾਡੇ ਨਾਲ ਕਿਉਂ ਰਹਿੰਦੇ ਹਨ?"

ਉਹ ਸਾਨੂੰ ਕਾਲੇ ਦੱਖਣ ਭਾਰਤੀ ਲੋਕਾਂ ਬਾਰੇ ਦੱਸ ਰਿਹਾ ਸੀ। ਮੈਂ ਉਸ ਤੋਂ ਇਸ ਦੇ ਕਾਰਨ ਜਾਨਣਾ ਚਾਹੁੰਦੀ ਹਾਂ।

**ਸਵਾਲ:** ਜਦ ਅਫਰੀਕੀ ਅਮਰੀਕਨ #ਬਲੈਕਲਾਈਵਜ਼ਮੈਟਰ, ਏਸ਼ੀਆਈ #ਏਸ਼ੀਅਨਲਾਈਵਜ਼ਮੈਟਰ ਅਤੇ ਗੋਰੇ #ਆਲਲਾਈਵਜ਼ਮੈਟਰ ਦੇ ਹੱਕ ਵਿਚ ਦਲੀਲਾਂ ਦਿੰਦੇ ਹਨ ਤਾਂ...

**ਜਵਾਬ:** ਇਹ ਫਜ਼ੂਲ ਦਲੀਲਾਂ ਦਾ ਸਹਾਰਾ ਲੈ ਕੇ ਅਸਲ ਮੁੱਦੇ ਨੂੰ ਖਤਮ ਕਰਨ ਦਾ ਸ਼ਾਤਰ ਤਰੀਕਾ ਹੈ। ਏਸ਼ੀਆਈ ਅਮਰੀਕਨਾਂ ਅਤੇ ਗੋਰਿਆਂ ਦੇ ਕਤਲ ਨਹੀਂ ਹੋ ਰਹੇ ਜਾਂ ਉਨ੍ਹਾਂ ਉਪਰ ਉਸ



ਅਰੁੰਧਤੀ ਰਾਏ

ਤਰ੍ਹਾਂ ਜ਼ੁਲਮ ਨਹੀਂ ਹੋ ਰਹੇ ਜਿਨ੍ਹਾਂ ਦਾ ਸਾਹਮਣਾ ਅਕਸਰ ਅਮਰੀਕਾ ਵਿਚ ਅਫਰੀਕੀ-ਅਮਰੀਕਨ ਲੋਕਾਂ ਨੂੰ ਕਰਨਾ ਪੈਂਦਾ ਹੈ। ਜਦ ਤੋਂ ਅਮਰੀਕਾ ਵਿਚ ਗੁਲਾਮ ਪ੍ਰਥਾ ਖਤਮ ਹੋਈ ਹੈ, ਅਫਰੀਕੀ ਅਮਰੀਕਨਾਂ ਨੂੰ ਹੋਰ ਤਮਾਮ ਤਰੀਕਿਆਂ, ਹਿੰਸਕ ਤਰੀਕਿਆਂ, ਜੋ ਲੋਕਤੰਤਰ ਦੇ ਸਮਾਜਿਕ ਇਕਰਾਰਨਾਮੇ ਅਤੇ ਕਾਨੂੰਨੀ ਢਾਂਚੇ ਵਿਚ ਫਿੱਟ ਹੁੰਦੇ ਹਨ, ਨਾਲ ਗੁਲਾਮ ਬਣਾਈ ਰੱਖਣ ਦੇ ਠੋਸ ਯਤਨ ਕੀਤੇ ਜਾਂਦੇ ਰਹੇ ਹਨ। ਅਮਰੀਕਨ ਸਾਮਰਾਜਵਾਦ ਅਤੇ ਉਸ ਦੇ ਯੁੱਧਾਂ ਦੀਆਂ ਕੌਮਾਂਤਰੀ ਕਹਾਣੀਆਂ - ਵੀਅਤਨਾਮ, ਜਪਾਨ, ਇਰਾਕ, ਅਫਗਾਨਿਸਤਾਨ ਵਿਚ ਕਤਲੇਆਮ ਦੀਆਂ ਕਹਾਣੀਆਂ - ਮੈਨੂੰ ਨਹੀਂ ਲੱਗਦਾ ਕਿ #ਏਸ਼ੀਅਨਲਾਈਵਜ਼ਮੈਟਰ ਅਤੇ #ਆਲਲਾਈਵਜ਼ਮੈਟਰ ਵਿਚ ਇਨ੍ਹਾਂ ਕਹਾਣੀਆਂ ਦਾ ਕੋਈ ਵੀ ਜ਼ਿਕਰ ਹੈ।

**ਸਵਾਲ:** ਜਦ ਦਲਿਤ ਕਹਿੰਦੇ ਹਨ ਕਿ #ਦਲਿਤਲਾਈਵਜ਼ਮੈਟਰ, ਤਾਂ ਕੀ ਇਹ ਸਦੀਆਂ ਤੋਂ ਚਲੇ ਆ ਰਹੇ ਕਾਲੇ ਲੋਕਾਂ ਦੇ ਸੰਘਰਸ਼ ਨੂੰ ਕਮਜ਼ੋਰ ਨਹੀਂ ਕਰਦਾ? ਕੀ #ਦਲਿਤਲਾਈਵਜ਼ਮੈਟਰ ਨਸਲਵਾਦ ਤੋਂ ਉਪਰ ਹੈ?

**ਜਵਾਬ:** ਜਾਤੀਵਾਦ ਅਤੇ ਨਸਲਵਾਦ ਦਾ ਇਤਿਹਾਸ ਵੱਖਰਾ-ਵੱਖਰਾ ਹੋਣ ਦੇ ਬਾਵਜੂਦ ਵੀ ਇਹ ਦੋਨੋਂ ਬਹੁਤੇ ਵੱਖਰੇ ਨਹੀਂ ਹਨ, ਸਿਵਾਏ ਇਸ ਦੇ ਕਿ ਜਾਤੀਵਾਦ ਕਿਸੇ ਦੈਵੀ ਆਦੇਸ਼ ਦਾ ਦਾਅਵਾ ਕਰਦਾ ਹੈ। ਇਸ ਲਈ ਮੈਨੂੰ ਲੱਗਦਾ ਹੈ ਕਿ ਇਹ ਕਹਿਣਾ ਥੋੜ੍ਹਾ ਸਖਤ ਹੋਵੇਗਾ ਕਿ ?? ਅੰਦੋਲਨ ਸਦੀਆਂ ਤੋਂ ਚੱਲ ਰਹੇ ਕਾਲੇ ਲੋਕਾਂ ਦੇ ਸੰਘਰਸ਼ ਨੂੰ ਕਮਜ਼ੋਰ ਕਰਦਾ ਹੈ। ਮੈਨੂੰ ਲੱਗਦਾ ਹੈ ਕਿ ਇਹ 'ਬਲੈਕ ਲਾਈਵਜ਼ ਮੈਟਰ' ਨਾਲ ਸਾਂਝਾ ਉਦੇਸ਼ ਸਥਾਪਤ ਕਰਨ, ਇਕਮੁੱਠਤਾ ਬਣਾਉਣ ਅਤੇ ਉਸ ਤੋਂ ਰੋਸ਼ਨੀ ਲੈਣ ਦਾ ਯਤਨ ਹੈ।

ਜੋ ਅੰਦੋਲਨ ਅਮਰੀਕਾ ਵਿਚ ਹੋ ਰਿਹਾ ਹੈ, ਉਹ ਕਿਸੇ ਵੀ ਹੋਰ ਅੰਦੋਲਨ ਦੀ ਤੁਲਨਾ ਵਿਚ ਜ਼ਿਆਦਾ ਸ਼ਕਤੀਸ਼ਾਲੀ ਅਤੇ ਉਘੜਵਾਂ ਹੈ। ਭਾਰਤ ਦਾ ਜਾਤੀਵਾਦ ਲੰਮੇ ਸਮੇਂ ਤੋਂ ਕੌਮਾਂਤਰੀ ਜਾਂਚ ਦੀ ਰਾਡਾਰ ਦੇ ਦਾਇਰੇ ਤੋਂ ਬਾਹਰ ਚਲਾ ਗਿਆ ਹੈ। ਤੇ ਇਸ ਨੂੰ ਇਸ ਹਾਲਤ ਤੱਕ ਪਹੁੰਚਾਉਣ ਲਈ ਕਈ ਉਘੇ, ਸਨਮਾਨਿਤ ਬੁੱਧੀਜੀਵੀਆਂ ਅਤੇ ਵਿਦਵਾਨਾਂ ਨੇ ਵੀ ਹੱਥ ਵਟਾਇਆ ਹੈ।

ਕੋਈ ਵੀ ਜਾਤੀਵਾਦ ਤੋਂ ਉਪਰ ਨਹੀਂ ਹੈ। ਵੱਖ-ਵੱਖ ਥਾਵਾਂ ਉਪਰ ਇਸ ਦੇ ਰੂਪ ਵੱਖਰੇ-ਵੱਖਰੇ ਹਨ। ਮਿਸਾਲ ਵਜੋਂ ਦੱਖਣੀ ਅਫਰੀਕਾ ਵਿਚ ਬਲੈਕ ਸਾਊਥ ਅਫਰੀਕੀ, ਨਾਈਜੀਰੀਆਈ ਅਤੇ ਹੋਰ ਅਫਰੀਕੀ ਮੁਲਕਾਂ ਦੇ ਅਫਰੀਕੀਆਂ ਨੂੰ ਘ੍ਰਿਣਾ ਕਰਦੇ ਹਨ। ਭਾਰਤ ਬਾਰੇ ਤਾਂ ਅਸੀਂ ਜਾਣਦੇ ਹੀ ਹਾਂ ਕਿ ਜਾਤਪਾਤੀ ਦਾਬਾ ਅਤੇ ਬ੍ਰਾਹਮਣਵਾਦ ਹਰ ਉਸ ਜਾਤੀ ਵਿਚ ਪ੍ਰਚਲਤ ਹੈ ਜਿਸ ਵਿਚ ਆਪਣੇ ਤੋਂ ਹੇਠਲੀ ਜਾਤੀ ਉਪਰ ਜ਼ੁਲਮ ਕੀਤੇ ਜਾਂਦੇ ਹਨ। ਇਹ ਰੁਝਾਨ ਸਮਾਜ ਦੇ ਸਭ ਤੋਂ ਹੇਠਲੇ ਪੌਡੇ ਤੱਕ ਜਾਂਦਾ ਹੈ, ਇਥੋਂ ਤੱਕ ਕਿ 'ਦਲਿਤ' ਨਾਂਅ ਦੀ ਰਾਜਨੀਤਕ ਸ਼੍ਰੇਣੀ ਵਿਚ ਵੀ। ਤੁਸੀਂ ਵੀ ਆਪਣੇ ਸੰਘਰਸ਼ਾਂ ਵਿਚ ਇਸ ਨੂੰ ਮਹਿਸੂਸ ਕੀਤਾ ਹੋਵੇਗਾ। ਤੁਸੀਂ ਕਿਸੇ ਵੀ ਚੀਜ਼ ਨੂੰ ਲੰਮੇ ਸਮੇਂ ਤੱਕ ਘੂਰਦੇ ਰਹੋ ਤਾਂ ਉਹ ਚੀਜ਼ ਆਪਣੇ ਚਾਰ ਚੁਫੇਰੇ ਦੇ ਸ਼ਬਦ-ਆਡੰਬਰ ਦੀ ਤੁਲਨਾ ਵਿਚ ਹੋਰ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ; ਲੇਕਿਨ ਸ਼ਬਦ-ਆਡੰਬਰ ਦਾ ਵੀ ਆਪਣਾ ਮਹੱਤਵ ਹੈ। ਇਹ ਲੋਕਾਂ ਨੂੰ ਆਪਣੇ ਵਿਚਾਰਾਂ ਨੂੰ ਸਿਲਸਿਲੇਵਾਰ ਬਣਾਉਣ ਦੇ ਲਈ ਇਕ ਢਾਂਚਾ ਦਿੰਦਾ ਹੈ।

**ਸਵਾਲ:** ਭਾਰਤ ਦੇ ਲੋਕ, ਸਮਾਚਾਰ ਅਤੇ ਮਨੋਰੰਜਨ ਮੀਡੀਆ ਵਿਚ ਕਾਲੇ ਲੋਕਾਂ ਦੀ ਤਸਵੀਰ ਅੱਜ ਵੀ ਨਸ਼ੀਲੇ ਪਦਾਰਥਾਂ ਦੇ ਵਣਜਾਰੇ, ਵਹਿਸ਼ੀ ਅਤੇ ਆਦਮਖੋਰ ਵਜੋਂ ਕਿਉਂ ਪੇਸ਼ ਕੀਤੀ ਜਾਂਦੀ ਹੈ?

**ਜਵਾਬ:** ਕਿਉਂਕਿ ਅਸੀਂ ਨਸਲਵਾਦੀ ਸੰਸਕ੍ਰਿਤੀ ਹਾਂ। ਪਿਛਲੇ ਸਾਲ ਮੈਂ ਮਲਿਆਲਮ ਫਿਲਮ 'ਅਬ੍ਰਾਹਮਿੰਦੇ ਸੰਥਾਥਿਕਲ' (ਦਿ ਸੰਨਜ਼ ਆਫ ਅਬਰਾਹਮ) ਦੇਖੀ। ਇਸ ਫਿਲਮ ਦੇ ਸਾਰੇ ਸ਼ਾਤਰ, ਬੇਵਕੂਫ-ਮੁਜਰਿਮ ਖਲਨਾਇਕ, ਸਾਰੇ ਹੀ ਬਲੈਕ ਅਫਰੀਕਨ ਸਨ - ਤੇ ਜ਼ਾਹਰਾ ਤੌਰ 'ਤੇ ਮਲਿਆਲੀ ਸੁਪਰ ਹੀਰੋ ਅੰਤ ਵਿਚ ਸਭ ਦਾ ਸਰਬਨਾਸ਼ ਕਰ ਦਿੰਦਾ ਹੈ। ਕੇਰਲ ਵਿਚ ਅਫਰੀਕੀਆਂ ਦਾ ਕੋਈ ਭਾਈਚਾਰਾ ਨਹੀਂ ਰਹਿੰਦਾ। ਫਿਰ ਵੀ ਫਿਲਮ ਨਿਰਮਾਤਾ ਨੇ ਨਸਲਵਾਦ ਨੂੰ ਦਿਖਾਉਣ ਲਈ ਕਾਲਪਨਿਕ ਕਹਾਣੀ ਖਿੱਚ ਲਿਆਂਦੀ। ਇਹ ਕੋਈ ਸਟੇਟ ਦਾ ਜ਼ੁਲਮ ਨਹੀਂ ਹੈ। ਇਹ ਸਾਡਾ ਸਮਾਜ ਹੈ। ਇਹ ਸਾਰੇ ਇਥੋਂ ਦੇ ਲੋਕ ਹਨ। ਇਹ ਉਹੀ ਦੱਖਣੀ ਅਫਰੀਕੀ ਕਲਾਕਾਰ, ਫਿਲਮ ਨਿਰਮਾਤਾ, ਅਭਿਨੇਤਾ ਅਤੇ ਲੇਖਕ ਹਨ ਜਿਨ੍ਹਾਂ ਦੀ ਕਾਲੀ ਚਮੜੀ ਲਈ ਉਤਰ ਭਾਰਤੀਆਂ ਵਲੋਂ ਸਦਾ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਠੀਕ ਇਨ੍ਹਾਂ ਕਾਰਨਾਂ ਕਰ ਕੇ ਦੱਖਣੀ ਭਾਰਤੀ ਅਫਰੀਕੀਆਂ ਨੂੰ ਅਪਮਾਨਿਤ ਕਰਦੇ ਹਨ। ਇਹ ਅਜਿਹੇ ਬੋਰ ਵਿਚ ਡਿਗਣ ਵਾਂਗ ਹੈ ਜਿਸ ਦਾ ਕੋਈ ਥੱਲਾ ਨਹੀਂ ਹੈ।

**ਸਵਾਲ:** ਅਮਰੀਕਾ ਵਿਚ ਵਿਰੋਧ ਪ੍ਰਦਰਸ਼ਨਾਂ ਦੌਰਾਨ ਗਾਂਧੀ ਦਾ ਬੁੱਤ ਤੋੜ ਦਿੱਤਾ ਗਿਆ, ਇਸ ਦੀ ਕੀ ਵਜ੍ਹਾ ਹੋ ਸਕਦੀ ਹੈ?

**ਜਵਾਬ:** ਇਹ ਸਮਝਣਾ ਮੁਸ਼ਕਿਲ ਹੈ। ਅਖਬਾਰੀ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਬੁੱਤ ਤੋੜ ਕੇ ਉਸ ਉਪਰ ਸਪਰੇਅ-ਪੇਂਟ ਨਾਲ ਟਿੱਪਣੀਆਂ ਲਿਖ ਦਿੱਤੀਆਂ ਗਈਆਂ, ਲੇਕਿਨ ਤਸਵੀਰਾਂ ਵਿਚ ਬੁੱਤ ਨੂੰ ਲਪੇਟਿਆ ਹੋਇਆ ਦਿਖਾਇਆ ਗਿਆ ਹੈ। ਇਸ ਲਈ ਕਿਸੇ ਨੂੰ ਪਤਾ ਨਹੀਂ ਹੈ ਕਿ ਉਸ ਉਪਰ ਕੀ ਲਿਖ ਦਿੱਤਾ ਗਿਆ ਸੀ।

ਕੀ ਇਹ ਕਾਰਾ ਉਨ੍ਹਾਂ ਲੋਕਾਂ ਨੇ ਕੀਤਾ ਜੋ ਗਾਂਧੀ ਦੇ ਦੱਖਣੀ ਅਫਰੀਕਾ ਵਿਚ ਪਰਵਾਸ ਦੌਰਾਨ ਕਾਲੇ ਅਫਰੀਕੀਆਂ ਦੇ ਖਿਲਾਫ ਗਾਂਧੀ ਦੀਆਂ ਨਸਲਵਾਦੀ ਟਿੱਪਣੀਆਂ ਅਤੇ ਭਾਰਤ ਵਿਚ ਜਾਤੀ ਵਿਵਸਥਾ ਉਪਰ ਉਸ ਦੀ ਪੁਜੀਸ਼ਨ ਜਾਣਦੇ ਹਨ? ਕੀ ਇਹ ਘਾਨਾ ਅਤੇ ਹੋਰ ਮੁਲਕਾਂ ਵਿਚ ਗਾਂਧੀ ਦੇ ਬੁੱਤ ਤੋੜਨ ਦੇ ਸਿਲਸਿਲੇ ਦਾ ਹਿੱਸਾ ਸੀ? ਜਾਂ ਇਹ ਉਨ੍ਹਾਂ ਲੋਕਾਂ ਦਾ ਕੰਮ ਸੀ ਜੋ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਉਸ ਵਲੋਂ ਟਰੰਪ ਦੇ ਸਨਮਾਨ ਵਿਚ ਹਾਓਡੀ ਮੋਦੀ ਅਤੇ ਨਮਸਤੇ ਟਰੰਪ ਵਰਗੇ ਵਿਸ਼ਾਲ ਨੁਮਾਇਸ਼ੀ ਸਮਾਗਮਾਂ ਦੇ ਪ੍ਰਤੀ ਆਪਣੀ ਨਫਰਤ ਪ੍ਰਗਟਾਉਣਾ ਚਾਹੁੰਦੇ ਸਨ। ਮੈਨੂੰ ਦਰਅਸਲ ਇਸ ਬਾਰੇ ਜਾਣਕਾਰੀ ਨਹੀਂ ਹੈ ਲੇਕਿਨ ਇਹ ਵੀ ਸੱਚ ਹੈ ਕਿ ਕਈ ਮੁਜ਼ਾਹਰਕਾਰੀਆਂ ਨੇ ਗਾਂਧੀ ਦੀਆਂ ਤਸਵੀਰਾਂ ਨਾਲ, ਉਨ੍ਹਾਂ ਨੂੰ ਆਪਣੀ ਪ੍ਰੇਰਨਾ ਦੱਸਦੇ ਹੋਏ, ਇਕ ਅਧਿਆਪਕ ਅਤੇ ਗੁਰੂ ਦੇ ਰੂਪ 'ਚ ਅਤੇ ਅਹਿੰਸਕ ਸਿਵਲ ਨਾਫਰਮਾਨੀ ਵਰਗੀ ਉਸ ਦੀ ਰਣਨੀਤੀ ਦੇ ਹੱਕ ਵਿਚ ਟਵੀਟ ਕੀਤੇ। ਇਸ ਲਈ ਗਾਂਧੀ ਆਪਣੇ ਕਈ ਰੂਪਾਂ ਵਿਚ ਉਨ੍ਹਾਂ ਸੜਕਾਂ ਉਪਰ ਮੌਜੂਦ ਰਿਹਾ ਹੈ।

ਜਿਸ ਬੁੱਤ ਦਾ ਜ਼ਿਕਰ ਅਸੀਂ ਕਰ ਰਹੇ ਹਾਂ, ਉਹ ਅਟਲ ਬਿਹਾਰੀ ਵਾਜਪਾਈ ਸਰਕਾਰ ਦੀ ਸਰਪ੍ਰਸਤੀ ਹੇਠ ਲਗਾਇਆ ਗਿਆ ਸੀ। ਹੋਰ ਕਈ ਅਫਰੀਕੀ ਮੁਲਕਾਂ ਵਿਚ ਵੀ ਉਨ੍ਹਾਂ ਦੇ ਬੁੱਤਾਂ ਦੀ ਸਰਪ੍ਰਸਤੀ ਕੀਤੀ ਜਾਂਦੀ ਰਹੀ ਹੈ। ਭਾਰਤ ਸਰਕਾਰ ਗਾਂਧੀ ਦੇ ਬੁੱਤ ਲਗਾਏ ਜਾਣ ਦੀ ਸਰਪ੍ਰਸਤੀ ਕਿਉਂ ਕਰਦੀ ਹੈ? ਇਹੀ ਭਾਰਤ ਸਰਕਾਰ ਵਿਦੇਸ਼ਾਂ ਵਿਚ ਗਾਂਧੀ ਦੇ ਬੁੱਤ ਲਗਾਏ ਜਾਣ ਨੂੰ ਹੱਲਾਸ਼ੇਰੀ ਦਿੰਦੀ ਹੈ ਜਦਕਿ ਭਾਰਤ ਵਿਚ ਹੀ ਇਸ ਨੇ ਸਭ ਤੋਂ ਬੜਾ ਖੇਤਰ ਫੌਜ ਦੇ ਹਵਾਲੇ ਕੀਤਾ ਹੋਇਆ ਹੈ ਅਤੇ ਨਾਲ ਹੀ ਅਜੋਕਾ ਭਾਰਤੀ ਸਮਾਜ ਹੋਰ ਜ਼ਿਆਦਾ ਅਸਹਿਣਸ਼ੀਲ ਹੋ ਗਿਆ ਹੈ। ਇਸ ਨੂੰ ਕਿਵੇਂ ਸਮਝਿਆ ਜਾਵੇ?

ਚੰਗੇ ਲਈ ਜਾਂ ਫਿਰ ਬੁਰੇ ਲਈ, ਗਾਂਧੀ ਭਾਰਤ ਦਾ ਸਭ ਤੋਂ ਮਹੱਤਵਪੂਰਨ ਨਿਰਯਾਤ ਹੈ। ਗਾਂਧੀ ਦਾ ਅਹਿੰਸਾ ਦਾ ਸੰਦੇਸ਼ ਅਤੇ ਭਾਰਤ ਸਰਕਾਰ ਵਲੋਂ ਮੁਲਕ ਦੇ ਲਗਭਗ ਹਰ ਹਿੱਸੇ ਵਿਚ ਕੀਤੀ ਜਾਂਦੀ ਘੋਰ ਹਿੰਸਾ ਅਤੇ ਫੌਜੀਵਾਦ, ਇਹ ਦੋਨੋਂ ਚੀਜ਼ਾਂ ਬਹੁਤ ਹੀ ਅਰਾਮ ਨਾਲ ਨਾਲੋ-ਨਾਲ ਚੱਲਦੀਆਂ ਹਨ। ਉਨ੍ਹਾਂ ਦੇ ਲਈ ਗਾਂਧੀ ਵਰਤੋਂ ਦਾ ਸੰਦ ਹੈ, ਧੂੰਏਂ ਦਾ ਪਰਦਾ ਹੈ। ਸ਼ਾਇਦ ਅੱਥਰੂ ਗੈਸ। ਇਥੋਂ ਤੱਕ ਕਿ ਸਮਾਜੀ ਅਤੇ ਬੌਧਿਕ ਤੌਰ 'ਤੇ ਖੁਦ ਨੂੰ ਗਾਂਧੀਵਾਦੀ ਕਹਿਣ 'ਚ ਉਨ੍ਹਾਂ ਲੋਕਾਂ ਨੂੰ ਵੀ ਕੋਈ ਵਿਰੋਧਾਭਾਸ ਮਹਿਸੂਸ ਨਹੀਂ ਹੁੰਦਾ ਜੋ ਤਾਕਤਵਰ ਜਾਤਾਂ ਦੇ ਹਨ, ਜਾਤੀ ਵਿਵਸਥਾ ਨੂੰ ਮੰਨਦੇ ਹਨ ਅਤੇ ਉਸ ਉਪਰ ਚੱਲਦੇ ਹਨ। ਜਿਸ ਵਿਵਸਥਾ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਸਿਰਫ ਉਸੇ ਮਾਹੌਲ ਵਿਚ ਜਿਊਂਦੀ ਰਹਿ ਸਕਦੀ ਹੈ ਜਿਸ ਵਿਚ ਇਸ ਵਿਵਸਥਾ ਦਾ ਉਲੰਘਣ ਕਰਨ ਵਾਲਿਆਂ ਦੇ ਖਿਲਾਫ ਹਿੰਸਾ ਦੀਆਂ ਧਮਕੀਆਂ ਅਤੇ ਬੇਕਿਰਕ ਸਰੀਰਕ ਹਿੰਸਾ ਸਥਾਈ ਰੂਪ 'ਚ ਮੌਜੂਦ ਰਹਿੰਦੀ ਹੈ। ਇਸ ਪਾਖੰਡ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ।

**ਸਵਾਲ:** ਬਹੁਤ ਸਾਰੇ ਭਾਰਤੀ ਬ੍ਰਿਸਟਨ ਵਿਚ ਗ਼ੁਲਾਮਾਂ ਦੇ ਵਪਾਰ ਦੇ ਮਾਲਿਕ ਐਡਵਰਡ ਕੌਲਸਟਨ ਦੇ ਬੁੱਤ ਨੂੰ ਉਖਾੜਦੇ ਹੋਏ 'ਬੀ.ਐਲ.ਐਮ.' (ਬਲੈਕਲਾਈਵਜ਼ਮੈਟਰ) ਅੰਦੋਲਨ ਦੀਆਂ ਤਸਵੀਰਾਂ ਸਾਂਝੀਆਂ ਕਰ ਰਹੇ ਹਨ ਅਤੇ ਜਸ਼ਨ ਮਨਾ ਰਹੇ ਹਨ। ਲੇਕਿਨ ਭਾਰਤ ਵਿਚ ਹੀ ਰਾਜਸਥਾਨ ਹਾਈਕੋਰਟ ਦੇ ਐਨ ਸਾਹਮਣੇ ਮਨੂ ਦਾ ਬੁੱਤ ਲੱਗਿਆ ਹੋਇਆ ਹੈ। ਇਸ ਤੋਂ ਇਲਾਵਾ 'ਸਿਰਫ ਬ੍ਰਾਹਮਣਾਂ ਦੇ' ਘਰਾਂ ਵਰਗੇ ਕਈ ਹੋਰ ਪ੍ਰਤੀਕ ਮੌਜੂਦ ਹਨ ਜੋ ਜਾਤੀਵਾਦ ਨੂੰ ਉਤਸ਼ਾਹਤ ਕਰਦੇ ਹਨ। ਫਿਰ ਵੀ ਅਸੀਂ ਉਨ੍ਹਾਂ ਨੂੰ ਡੇਗਣਾ ਤਾਂ ਦੂਰ ਉਨ੍ਹਾਂ ਨੂੰ ਰੱਦ ਕਰਨ ਤੱਕ ਵਿਚ ਭੋਰਾ ਰੁਚੀ ਨਹੀਂ ਲੈਂਦੇ, ਇਸ 'ਤੇ ਤੁਹਾਡੀ ਕੀ ਟਿੱਪਣੀ ਹੈ?

**ਜਵਾਬ:** ਅਸੀਂ ਇਕ ਜਾਤੀਵਾਦੀ, ਹਿੰਦੂ ਰਾਸ਼ਟਰਵਾਦੀ ਰਾਜ ਵਿਚ ਰਹਿੰਦੇ ਹਾਂ। ਅਸੀਂ ਉਸ ਦਿਨ ਤੋਂ ਅਜੇ ਬਹੁਤ ਦੂਰ ਹਾਂ ਜਦ ਸਾਡੇ ਇਥੇ ਬੁੱਤਾਂ ਨੂੰ ਹਟਾਇਆ ਜਾਂ ਡੇਗਿਆ ਜਾਵੇਗਾ। ਅਸੀਂ ਤਾਂ ਉਸ ਪੜਾਅ 'ਚ ਹਾਂ ਜਦ ਐਸੇ ਬੁੱਤ ਲਗਾਏ ਜਾ ਰਹੇ ਹਨ ਅਤੇ ਉਨ੍ਹਾਂ ਦੇ ਜਸ਼ਨ ਮਨਾਏ ਜਾ ਰਹੇ ਹਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਕਦੇ ਦਲਿਤ ਪੈਂਥਰਜ਼ ਵਰਗੇ ਤਿੱਖੇ ਅੰਦੋਲਨਾਂ ਦਾ ਹਿੱਸਾ ਰਹੇ ਲੋਕਾਂ ਨੇ ਵੀ ਇਨ੍ਹਾਂ ਨਵੇਂ ਹੁਕਮਰਾਨਾਂ ਨਾਲ ਜੋਟੀ ਜਾ ਲਈ ਹੈ। ਅੱਜ ਜਿਸ ਤਰ੍ਹਾਂ ਦਾ ਵਿਦਰੋਹ ਅਸੀਂ ਅਮਰੀਕਾ ਵਿਚ ਦੇਖ ਰਹੇ ਹਾਂ ਉਹ ਦਰਅਸਲ ਅਰਸੇ ਤੋਂ ਸੰਘਰਸ਼ ਅਤੇ ਜਥੇਬੰਦੀ ਦੇ ਨਾਲ-ਨਾਲ ਕਵਿਤਾ, ਕਲਾ, ਸੰਗੀਤ, ਸਾਹਿਤ ਦੇ ਉਨ੍ਹਾਂ ਪ੍ਰੋਗਰਾਮਾਂ ਅਤੇ ਯਾਦਾਂ ਦਾ ਨਤੀਜਾ ਹੈ ਜਿਨ੍ਹਾਂ ਦੇ ਜ਼ਰੀਏ ਅਫਰੀਕੀ ਅਮਰੀਕਨ ਆਪਣੀ ਦਾਸਤਾਨ ਸੁਣਦੇ-ਸੁਣਾਉਂਦੇ ਰਹਿੰਦੇ ਹਨ। ਨਸਲੀ ਵੰਡ ਦੀ ਜਿਊਂਦੀ-ਜਾਗਦੀ ਮੌਜੂਦਗੀ ਨੂੰ ਲੈ ਕੇ ਅਮਰੀਕਨਾਂ ਦੀ ਨਵੀਂ ਪੀੜ੍ਹੀ ਬਹੁਤ ਸ਼ਰਮਿੰਦਗੀ ਮਹਿਸੂਸ ਕਰਦੀ ਹੈ ਅਤੇ ਕੁੜ੍ਹਦੀ ਹੈ। ਇਕਜੁੱਟਤਾ ਦਾ ਐਸਾ ਮੁਜ਼ਾਹਰਾ ਅਚੰਭੇ ਵਾਲੀ ਘਟਨਾ ਹੈ।

**(ਚਲਦਾ)**

## ਆਰ. ਐਸ. ਐਸ. ਦੇ ਮੁਆਫੀਨਾਮੇ

*(ਪਿਛਲੇ ਸਫੇ ਦੀ ਬਾਕੀ)*

ਦੇ ਲੋਕ ਰਿਹਾਅ ਹੋ ਕੇ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਮੁਲਕ ਦੀ ਤਰੱਕੀ ਲਈ ਸਾਰੇ ਖੇਤਰਾਂ ਵਿਚ ਆਪਣਾ ਯੋਗਦਾਨ ਦੇ ਸਕਣ।' ਵਿਨੋਭਾ ਨੇ ਇਸ ਚਿੱਠੀ ਦਾ ਵੀ ਕੋਈ ਜਵਾਬ ਨਹੀਂ ਦਿੱਤਾ।

ਰਿਹਾਈ ਨਾ ਹੁੰਦੀ ਦੇਖ ਕੇ ਜੇਲ੍ਹਾਂ ਵਿਚ ਬੰਦ ਸੰਘੀਆਂ ਨੇ ਵਿਅਕਤੀਗਤ ਤੌਰ 'ਤੇ ਮੁਆਫੀਨਾਮੇ ਦੇ ਕੇ ਜੇਲ੍ਹ ਵਿਚੋਂ ਬਾਹਰ ਆਉਣ ਦਾ ਰਾਹ ਅਖਤਿਆਰ ਕੀਤਾ। ਇਹ ਉਸੇ ਤਰ੍ਹਾਂ ਇੰਦਰਾ ਦੀ ਤਾਨਾਸ਼ਾਹ ਸਰਕਾਰ ਲਈ ਕੰਮ ਕਰਨ ਦਾ ਇਕਰਾਰ ਸੀ, ਜਿਵੇਂ ਹਿੰਦੂਤਵ ਦੇ ਮੋਢੀ ਸਿਧਾਂਤਕਾਰ ਵੀ.ਡੀ. ਸਾਵਰਕਰ ਨੇ ਅੰਗਰੇਜ਼ ਹਕੂਮਤ ਪ੍ਰਤੀ ਵਫਾਦਾਰ ਰਹਿਣ ਅਤੇ ਕਿਸੇ ਰਾਜਨੀਤਕ ਸਰਗਰਮੀ ਵਿਚ ਹਿੱਸਾ ਨਾ ਲੈਣ ਦਾ ਮੁਆਫੀਨਾਮਾ ਲਿਖ ਕੇ ਕਾਲੇ ਪਾਣੀ ਜੇਲ੍ਹ ਤੋਂ ਆਪਣੀ ਬੰਦਖਲਾਸੀ ਕਰਵਾਈ ਸੀ। ਝੂਠ ਨੂੰ ਸੱਚ ਬਣਾਉਣ ਦੇ ਮਾਹਰ ਆਰ.ਐਸ.ਐਸ.-ਭਾਜਪਾ ਆਗੂ ਸਾਵਰਕਰ ਨੂੰ ਦੇਸ਼ਭਗਤ ਵਜੋਂ ਸਥਾਪਤ ਕਰਨ ਲਈ ਯਤਨਸ਼ੀਲ ਹਨ।

ਲੇਕਿਨ ਇਤਿਹਾਸ ਬਹੁਤ ਬੇਰਹਿਮ ਹੈ। ਮੁਆਫੀਨਾਮਿਆਂ ਦੀ ਇਸ ਵਿਰਾਸਤ ਉਪਰ ਕੋਈ ਵੀ ਪਰਦਾਪੋਸ਼ੀ ਅਤੇ ਆਪਣੀ ਪਿੱਠ ਥਾਪੜਨ ਦੀ ਕਵਾਇਦ ਇਸ ਇਤਿਹਾਸਕ ਸਚਾਈ ਨੂੰ ਮਿਟਾ ਨਹੀਂ ਸਕਦੀ ਕਿ ਆਰ.ਐਸ.ਐਸ.-ਭਾਜਪਾ ਉਸ ਕਾਲੇ ਦੌਰ ਦੀ ਹਮਾਇਤੀ ਤਾਕਤ ਹੈ।

# ਅਫਗਾਨਿਸਤਾਨ 'ਚ ਸਿੱਖ ਕਤਲੇਆਮ ਬਾਰੇ ਕਹਾਣੀ ਨੂੰ ਚੁਣੌਤੀ

ਹਾਲ ਹੀ ਵਿਚ ਅਮਰੀਕਾ ਆਧਾਰਿਤ ਮਨੁੱਖੀ ਹੱਕਾਂ ਦੇ ਕਾਰਕੁਨਾਂ ਪੀਟਰ ਫਰੈਡਰਿਕ ਅਤੇ ਭਜਨ ਸਿੰਘ ਨੇ 'ਕਾਈਟ ਫਾਈਟਸ' ਨਾਂ ਦੀ 52 ਸਫਿਆਂ ਦੀ ਜੋ ਰਿਪੋਰਟ ਜਾਰੀ ਕੀਤੀ ਹੈ, ਉਹ ਕਾਬੁਲ (ਅਫਗਾਨਿਸਤਾਨ) ਦੇ ਇਤਿਹਾਸਕ ਗੁਰਦੁਆਰਾ ਹਰਿ ਰਾਏ ਸਾਹਿਬ ਉਪਰ ਦਹਿਸ਼ਤੀ ਹਮਲੇ ਬਾਰੇ ਅਧਿਕਾਰਕ ਕਹਾਣੀ ਉਪਰ ਵੱਡੇ ਸਵਾਲ ਖੜ੍ਹੇ ਕਰਦੀ ਹੈ ਅਤੇ ਇਸ ਪਿੱਛੇ ਚੱਲ ਰਹੀਆਂ ਲੁਕਵੀਆਂ (ਪ੍ਰੌਕਸੀ) ਜੰਗਾਂ ਦੀ ਭੂਮਿਕਾ ਮੰਨਦੀ ਹੈ।

ਯਾਦ ਰਹੇ ਕਿ 25 ਮਾਰਚ 2020 ਨੂੰ ਹੋਏ ਇਸ ਵੱਡੇ ਕਤਲੇਆਮ ਦੀ ਜ਼ਿੰਮੇਵਾਰੀ ਕਥਿਤ ਤੌਰ 'ਤੇ ਇਸਲਾਮਿਕ ਸਟੇਟ ਨੇ ਲਈ ਸੀ। ਇਸੇ ਤਰ੍ਹਾਂ, ਚਿੱਠੀ ਸਿੰਘਪੁਰਾ (ਜੰਮੂ ਕਸ਼ਮੀਰ) ਵਿਚ ਸਿੱਖ ਕਤਲੇਆਮ ਵੀ ਪਾਕਿਸਤਾਨ ਹਮਾਇਤੀ ਅਤਿਵਾਦੀ ਗਰੁੱਪਾਂ ਦੇ ਖਾਤੇ ਪਾ ਦਿੱਤਾ ਗਿਆ ਸੀ ਪਰ ਬਾਅਦ ਵਿਚ ਜਿਹੜੀ ਅਸਲ ਕਹਾਣੀ ਸਾਹਮਣੇ ਆਈ ਸੀ, ਉਹ ਹੋਰ ਸੀ।

ਇਹ ਰਿਪੋਰਟ ਤਿਆਰ ਕਰਨ ਵਾਲੇ ਲੇਖਕਾਂ ਦਾ ਮੰਨਣਾ ਹੈ ਕਿ ਭਾਰਤੀ ਕਬਜ਼ੇ ਹੇਠਲੇ ਕਸ਼ਮੀਰ ਵਿਚ ਮੁਸਲਮਾਨਾਂ ਉਪਰ ਜਬਰ ਦਾ ਬਦਲਾ ਇਸਲਾਮਿਕ ਇੰਤਹਾਪਸੰਦਾਂ ਵਲੋਂ ਸਿੱਖਾਂ ਤੋਂ ਲੈਣ ਦਾ ਅਧਿਕਾਰਕ ਬਿਰਤਾਂਤ ਕਾਇਲ ਨਹੀਂ ਕਰਦਾ। ਲੇਖਕਾਂ ਅਨੁਸਾਰ ਉਹ ਤਾਕਤ ਹੀ ਇਸ ਕਾਂਡ ਨੂੰ ਅੰਜਾਮ ਦੇਵੇਗੀ ਜਿਸ ਦੇ ਸਿੱਖਾਂ ਦੇ ਕਤਲੇਆਮ ਨਾਲ ਹਿਤ ਪੂਰੇ ਹੁੰਦੇ ਹੋਣ। ਰਿਪੋਰਟ ਇਸ ਨੂੰ ਦੱਖਣ ਏਸ਼ੀਆ ਵਿਚ ਭਾਰਤੀ ਸਟੇਟ ਦੀ 'ਪ੍ਰੌਕਸੀ ਜੰਗਾਂ' ਦੀ ਨੀਤੀ, ਆਰ.ਐਸ.ਐਸ. ਦੇ 'ਅਖੰਡ ਭਾਰਤ' ਦੇ ਪਸਾਰਵਾਦੀ ਮਨਸ਼ਿਆਂ, ਹਿੰਦੂਤਵ ਦਹਿਸ਼ਤੀ ਗਰੁੱਪਾਂ ਦੇ 'ਗੁਪਤ ਹਮਲਿਆਂ' ਦੇ ਇਤਿਹਾਸ, ਬਦੇਸ਼ਾਂ ਵਿਚ ਭਾਰਤੀ ਖੁਫੀਆ ਏਜੰਸੀਆਂ ਦੇ ਬਦਨਾਮ ਰਿਕਾਰਡ ਅਤੇ ਖਾਸ ਕਰ ਕੇ ਆਰ.ਐਸ.ਐਸ. ਤੇ ਭਾਜਪਾ ਸਰਕਾਰ ਦੇ ਮੁਸਲਮਾਨਾਂ ਸਮੇਤ ਧਾਰਮਿਕ ਘੱਟਗਿਣਤੀਆਂ ਨੂੰ ਦਬਾਉਣ ਦੇ ਏਜੰਡੇ ਨਾਲ ਜੋੜ ਕੇ ਦੇਖਦੀ ਹੈ। ਲੇਖਕਾਂ ਨੇ ਇਸ ਹਮਲੇ ਦੇ ਮਨੋਰਥ ਅਤੇ ਭਾਰਤ ਅਤੇ ਸ੍ਰੀਲੰਕਾ ਵਿਚ ਹੋਏ ਦਹਿਸ਼ਤੀ ਹਮਲਿਆਂ ਦੇ ਮਨੋਰਥ ਦੀ ਸਾਂਝੀ ਤੰਦ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਚਾਹੇ 2014 ਤੋਂ ਲੈ ਕੇ ਮੁਸਲਿਮ ਭਾਈਚਾਰੇ ਦੇ ਹਜੂਮੀ ਕਤਲ ਹਨ, ਜਾਂ ਬਾਬਰੀ ਮਸਜਿਦ-ਰਾਮ ਮੰਦਰ ਝਗੜਾ, ਚਾਹੇ ਕਸ਼ਮੀਰ ਦੇ ਸਵੈਨਿਰਣੇ ਦੀ ਜੱਦੋਜਹਿਦ ਹੈ ਜਾਂ ਨਾਗਰਿਕਤਾ ਸੋਧ ਕਾਨੂੰਨ ਰਾਹੀਂ ਫਿਰਕੂ ਹਮਲਾ ਜਾਂ ਹੋਰ ਰੂਪਾਂ 'ਚ ਬਹੁਗਿਣਤੀ ਧੌਂਸਬਾਜ਼ੀ, ਬਿਪਤਾ ਦੀ ਘੜੀ ਸਿੱਖ ਭਾਈਚਾਰਾ ਮਜ਼ਲੂਮਾਂ ਲਈ ਸਹਾਰਾ ਬਣ ਰਿਹਾ ਹੈ। ਸਿੱਖ ਸੰਸਥਾਵਾਂ ਨੇ ਸਿਰਫ ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਆਸਰਾ ਅਤੇ ਮਦਦ ਦਿੱਤੀ ਹੈ ਸਗੋਂ ਭਾਰਤੀ ਰਾਜ ਦੀ ਧੱਕੇਸ਼ਾਹੀ ਵਿਰੁਧ ਡਟ ਕੇ ਆਵਾਜ਼ ਵੀ ਉਠਾਈ ਹੈ। ਕਿਉਂਕਿ ਸਿੱਖ ਭਾਈਚਾਰਾ ਦੇਸ਼-ਬਦੇਸ਼ ਵਿਚ ਹਰ ਥਾਂ ਮੁਸਲਿਮ ਘੱਟਗਿਣਤੀ ਉਪਰ ਜ਼ਿਆਦਤੀਆਂ ਦਾ ਵਿਰੋਧ ਕਰ ਰਿਹਾ ਹੈ, ਇਹ ਦਲੀਲ ਹਜ਼ਮ ਨਹੀਂ ਹੁੰਦੀ ਕਿ ਕਸ਼ਮੀਰ ਵਿਚ ਮੁਸਲਮਾਨਾਂ ਉਪਰ ਜ਼ੁਲਮ ਤਾਂ ਹਿੰਦੂਤਵ ਸਰਕਾਰ ਕਰ ਰਹੀ ਹੈ ਅਤੇ ਇਸਲਾਮਿਕ ਇੰਤਹਾਪਸੰਦ ਇਸ ਦਾ ਬਦਲਾ ਸਿੱਖ ਭਾਈਚਾਰੇ ਤੋਂ ਲੈਣਗੇ। ਇਸਲਾਮੀ ਜਹਾਦੀਆਂ ਨੂੰ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕੁਝ ਵੀ ਹਾਸਲ ਹੋਣ ਵਾਲਾ ਨਹੀਂ ਹੈ। ਪਾਕਿਸਤਾਨੀ ਹਕੂਮਤ ਜੋ ਕਰਤਾਰਪੁਰ ਲਾਂਘਾ ਖੋਲ੍ਹਣ ਵਰਗੇ ਧਾਰਮਿਕ ਸਦਭਾਵਨਾ ਦੇ ਕਦਮ ਚੁੱਕ ਰਹੀ ਹੈ, ਉਹ ਇਸ ਕਤਲੇਆਮ ਦੀ ਪੁਸ਼ਤਪਨਾਹੀ ਕਰ ਕੇ ਕੌਮਾਂਤਰੀ ਪੱਧਰ 'ਤੇ ਆਪਣਾ ਅਕਸ ਕਿਉਂ ਵਿਗਾੜੇਗੀ।


ਰਿਪੋਰਟ ਅਨੁਸਾਰ ਜਹਾਦੀਆਂ ਦੀ ਬਜਾਏ ਇਸ ਹਮਲੇ ਦਾ ਫਾਇਦਾ ਤਾਂ ਆਰ.ਐਸ.ਐਸ. ਦੀ ਹਕੂਮਤ ਨੂੰ ਹੈ ਜੋ ਮੁਸਲਮਾਨਾਂ ਸਮੇਤ ਧਾਰਮਿਕ ਘੱਟਗਿਣਤੀਆਂ ਵਿਰੁਧ ਫਿਰਕੂ ਨਫਰਤ ਅਤੇ ਮਨੁੱਖੀ ਹੱਕਾਂ ਦੇ ਮਾੜੇ ਰਿਕਾਰਡ ਕਾਰਨ ਦੁਨੀਆ ਭਰ ਵਿਚ ਨਿਹਾਇਤ ਬਦਨਾਮ ਹੈ। ਗੁਰਦੁਆਰਾ ਕਾਂਡ ਤੋਂ ਬਾਅਦ ਹਿੰਦੂਤਵਵਾਦੀਆਂ ਵਲੋਂ ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਨੂੰ ਇਹ ਦਲੀਲ ਦੇ ਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਅਫਗਾਨਿਸਤਾਨ ਦੇ ਮੁਸਲਿਮ ਸਟੇਟ ਵਿਚ ਗੈਰਮੁਸਲਿਮ ਘੱਟਗਿਣਤੀਆਂ ਉਪਰ ਬਹੁਤ ਜ਼ੁਲਮ ਹੋ ਰਹੇ ਹਨ, ਉਨ੍ਹਾਂ ਨੂੰ ਨਾਗਰਿਕਤਾ ਦੇਣੀ ਜ਼ਰੂਰੀ ਹੈ। ਆਪਣੇ ਕਾਰਿਆਂ ਤੋਂ ਧਿਆਨ ਹਟਾਉਣਾ ਅਤੇ ਸਿੱਖਾਂ ਤੇ ਮੁਸਲਮਾਨਾਂ ਦੇ ਆਪਸੀ ਸਬੰਧਾਂ ਨੂੰ ਵਿਗਾੜਨਾ ਹਿੰਦੂਤਵ ਸਰਕਾਰ ਦੀ ਲੋੜ ਹੈ। ਆਰ.ਐਸ.ਐਸ. ਅਨੁਸਾਰ ਸਿੱਖ ਹਿੰਦੂ ਧਰਮ ਦਾ ਹਿੱਸਾ ਹਨ ਅਤੇ ਸਿੱਖ ਭਾਈਚਾਰੇ ਦੇ ਜਾਗਰੂਕ ਹਿੱਸੇ ਆਰ.ਐਸ.ਐਸ. ਨੂੰ ਆਪਣੀ ਵੱਖਰੀ ਪਛਾਣ ਲਈ ਖਤਰਾ ਸਮਝਦੇ ਹਨ।

ਇਹ ਭਾਰਤੀ ਸਟੇਟ ਹੀ ਹੈ ਜਿਸ ਦੇ ਅਫਗਾਨਿਸਤਾਨ ਵਿਚ ਡੂੰਘੇ ਹਿਤ ਹਨ। ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤੀ ਸਟੇਟ ਦੀ ਅਫਗਾਨਿਸਤਾਨ ਵਿਚ ਪੱਕਾ ਅੱਡਾ ਸਥਾਪਤ ਕਰਨ ਦੀ ਨੀਤੀ ਖਾਸ ਤੌਰ 'ਤੇ ਹਮਲਾਵਰ ਹੋ ਗਈ ਹੈ। ਭਾਰਤੀ ਖੁਫੀਆ ਏਜੰਸੀ 'ਰਾਅ' ਅਫਗਾਨਿਸਤਾਨ ਵਿਚ ਸਰਗਰਮ ਹੈ। ਰਿਪੋਰਟ ਅਨੁਸਾਰ ਗੁਰਦੁਆਰੇ ਉਪਰ ਹਮਲੇ ਵਿਚ ਭਾਰਤੀ ਖੁਫੀਆ ਏਜੰਟਾਂ ਦਾ ਹੱਥ ਹੋਣ ਦੀ ਸੰਭਾਵਨਾ ਹੈ। ਲੇਖਕਾਂ ਨੇ ਜ਼ੋਰ ਦਿੱਤਾ ਹੈ ਕਿ ਪਰਵਾਸੀ ਸਿੱਖ ਭਾਈਚਾਰੇ ਨੂੰ ਆਪਣੀ ਆਲਮੀ ਪੁਜੀਸ਼ਨ ਅਤੇ ਵਸੀਲਿਆਂ ਦੀ ਸੁਚੱਜੀ ਵਰਤੋਂ ਕਰਦੇ ਹੋਏ ਭਾਰਤੀ ਸਟੇਟ ਨੂੰ ਜਵਾਬਦੇਹ ਬਣਾਉਣ ਅਤੇ ਦੱਖਣੀ ਏਸ਼ੀਆ ਦੇ ਦੱਬੇਕੁਚਲੇ ਹਿੱਸਿਆਂ ਦੇ ਹਿਤਾਂ ਦੀ ਸੁਰੱਖਿਆ ਅਤੇ ਬਿਹਤਰੀ ਲਈ ਕੰਮ ਕਰਨ ਦੀ ਜ਼ਿੰਮੇਵਾਰੀ ਓਟਣੀ ਚਾਹੀਦੀ ਹੈ।

ਦੱਖਣੀ ਏਸ਼ੀਆ ਦੇ ਘਟਨਾਕ੍ਰਮ ਵਿਚ ਰੁਚੀ ਰੱਖਣ ਵਾਲਿਆਂ ਨੂੰ ਇਹ ਰਿਪੋਰਟ ਲਾਜ਼ਮੀ ਪੜ੍ਹਨੀ ਚਾਹੀਦੀ ਹੈ।



ਗੁਰਦੁਆਰੇ ਵਿਚ ਹਮਲੇ ਤੋਂ ਬਾਅਦ ਦੀ ਝਲਕ।



ਰਿਪੋਰਟ ਦਾ ਪਹਿਲਾ ਪੰਨਾ


ਵਿਰਲਾਪ ਕਰ ਹੇ ਪੀੜਤ ਸਿੱਖ ਪਰਿਵਾਰ।


## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**

# ਜੂਨ 84 ਦਾ ਘੱਲੂਘਾਰਾ: ਸਰੀਰਕ ਤੇ ਬਿਰਤਾਂਤਕ ਹਿੰਸਾ ਨੂੰ ਸਮਝਦਿਆਂ

***ਸਿੱਖ ਵਿਦਵਾਨ ਪ੍ਰਭਸ਼ਰਨਦੀਪ ਸਿੰਘ ਸਿੱਖ ਮਸਲਿਆਂ ਬਾਰੇ ਨਿੱਠ ਕੇ ਟਿੱਪਣੀਆਂ ਕਰਦੇ ਰਹਿੰਦੇ ਹਨ। ਇਸ ਲੇਖ ਵਿਚ ਉਨ੍ਹਾਂ ਜੂਨ 1984 ਦੇ ਸਾਕੇ ਬਾਰੇ ਵਿਚਾਰ ਕੀਤੇ ਹਨ ਅਤੇ ਕੁਝ ਗੱਲਾਂ ਰਤਾ ਕੁ ਨਿਤਾਰ ਕੇ ਕੀਤੀਆਂ ਹਨ। ਉਨ੍ਹਾਂ ਦੀਆਂ ਟਿੱਪਣੀਆਂ ਨਾਲ ਤੁਹਾਡੀ ਸਹਿਮਤੀ ਹੋਵੇ ਜਾਂ ਨਾ ਹੋਵੇ, ਪਰ ਉਹ ਸਬੰਧਤ ਮਸਲੇ ਬਾਰੇ ਆਪਣੇ ਢੰਗ ਨਾਲ ਸਵਾਲ ਜ਼ਰੂਰ ਖੜ੍ਹੇ ਕਰਦੇ ਹਨ। ਇਸ ਲੇਖ ਵਿਚ ਉਨ੍ਹਾਂ ਭਾਰਤੀ ਸਟੇਟ ਤੇ ਸਰਕਾਰ ਦੇ ਨਾਲ-ਨਾਲ ਖੱਬੇ-ਪੱਖੀਆਂ ਨੂੰ ਆਪਣੀ ਕਲਮ ਦੀ ਨੋਕ 'ਤੇ ਰੱਖਿਆ ਹੈ ਅਤੇ ਖੱਬੇ ਵਿਚਾਰਾਂ ਦੇ ਰਾਹੀ ਰਹੇ ਸਿੱਖ ਵਿਦਵਾਨਾਂ 'ਤੇ ਵੀ ਤਨਜ਼ ਕੱਸੀ ਹੈ। -ਸੰਪਾਦਕ***

ਜੂਨ 84 ਦੇ ਘੱਲੂਘਾਰੇ ਨੂੰ ਛੱਤੀ ਵਰ੍ਹੇ ਬੀਤ ਗਏ ਹਨ। ਇਸ ਅਰਸੇ ਦੌਰਾਨ ਬਹੁਤ ਕੁਝ ਵਾਪਰਿਆ ਹੈ। ਸਿੱਖਾਂ ਨੇ ਇਸ ਘੱਲੂਘਾਰੇ ਦਾ ਮੂੰਹ-ਤੋੜਵਾਂ ਜੁਆਬ ਦਿੱਤਾ ਹੈ। ਇਸ ਜੰਗ ਦੌਰਾਨ ਸਿੱਖਾਂ ਨੇ ਆਪਣਾ ਪੁਰਾਣਾ ਸ਼ਾਨਾਂਮੱਤਾ ਇਤਿਹਾਸ ਸੁਰਜੀਤ ਕੀਤਾ ਹੈ ਤੇ ਨਵਾਂ ਸਿਰਜਿਆ ਹੈ। ਇਹ ਜੁਆਬ ਜ਼ਰੂਰੀ ਸੀ, ਪਰ ਅਜਿਹੇ ਗੰਭੀਰ ਹਮਲੇ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਸਿੱਖਾਂ ਨੇ ਭਾਵੇਂ ਇਸ ਘੱਲੂਘਾਰੇ ਦੇ ਪਿਛੋਕੜ, ਕਾਰਨ ਅਤੇ ਪ੍ਰਭਾਵ ਨੂੰ ਸਮਝਣ ਦੀ ਵੀ ਕੋਸ਼ਿਸ਼ ਕੀਤੀ ਹੈ, ਤਾਂ ਵੀ ਇਸ ਦਿਸ਼ਾ ਵਿਚ ਅਜੇ ਹੋਰ ਕੰਮ ਦੀ ਲੋੜ ਹੈ।

ਭਾਰਤੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਹੋਰ ਸਿੱਖ ਗੁਰਦੁਆਰਾ ਸਾਹਿਬਾਨ 'ਤੇ ਹਮਲਾ ਕਰਨ ਦੇ ਦੋ ਮੁੱਖ ਕਾਰਨ ਦੱਸੇ ਹਨ-ਮੁਲਕ ਦੀ ਏਕਤਾ ਤੇ ਅਖੰਡਤਾ ਨੂੰ

**ਪ੍ਰਭਸ਼ਰਨਦੀਪ ਸਿੰਘ**
prabhsharandeep@gmail.com

ਖਤਰਾ ਅਤੇ ਪੰਜਾਬ ਵਿਚ ਅਮਨ ਕਾਨੂੰਨ ਦੀ ਹੱਦੋਂ ਵੱਧ ਵਿਗੜੀ ਹਾਲਤ, ਜਿਸ 'ਤੇ ਪੁਲਿਸ ਨਹੀਂ, ਫੌਜ ਹੀ ਕਾਬੂ ਪਾ ਸਕਦੀ ਸੀ। ਭਾਰਤੀ ਹਕੂਮਤ ਦੇ ਉਪਰੋਕਤ ਦੋਵੇਂ ਦਾਅਵੇ ਨਿਰਾਧਾਰ ਹਨ। ਧਰਮ ਯੁੱਧ ਮੋਰਚੇ ਦੌਰਾਨ ਸਿੱਖਾਂ ਦਾ ਸਿਆਸੀ ਨਿਸ਼ਾਨਾ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਸੀ, ਜੋ ਭਾਰਤ ਅੰਦਰ ਰਹਿੰਦਿਆਂ ਖੁਦਮੁਖਤਾਰੀ ਦੀ ਮੰਗ ਸੀ। ਘੱਲੂਘਾਰੇ ਨੂੰ ਜਾਇਜ਼ ਠਹਿਰਾਉਣ ਲਈ ਜਾਰੀ ਹੋਏ ਸਰਕਾਰੀ ਵ੍ਹਾਈਟ ਪੇਪਰ ਵਿਚ ਦਿੱਤੇ ਅੰਕੜਿਆਂ ਅਨੁਸਾਰ ਪੰਜਾਬ ਦੀ ਉਸ ਵੇਲੇ ਦੀ ਅਮਨ ਕਾਨੂੰਨ ਦੀ ਹਾਲਤ ਬਾਕੀ ਸੂਬਿਆਂ ਵਿਚੋਂ ਬਹੁਤਿਆਂ ਤੋਂ ਬਿਹਤਰ ਸੀ। ਸਪਸ਼ਟ ਹੈ ਕਿ ਇਸ ਘੱਲੂਘਾਰੇ ਦੀ ਵਜ੍ਹਾ ਕਿਤੇ ਹੋਰ ਪਈ ਸੀ। ਤੱਤਕਾਲੀ ਕਾਰਨਾਂ ਦਾ ਤਾਂ ਮਹਿਜ਼ ਬਹਾਨਾ ਸੀ, ਜੋ ਸਰਕਾਰ ਨੇ ਆਪਣੀ ਸਹੂਲਤ ਲਈ ਵਰਤ ਲਿਆ।

ਜੂਨ 84 ਦਾ ਘੱਲੂਘਾਰਾ ਹਿੰਸਾ ਦੇ ਵਰਤਾਰੇ ਦੀ ਸਿਖਰ ਸੀ। ਇਸ ਘੱਲੂਘਾਰੇ ਲਈ ਜ਼ਿੰਮੇਵਾਰ ਧਿਰ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਨਾਲ ਖੁਣਸ ਪਾਲ ਰੱਖੀ ਸੀ। 1947 ਤੱਕ ਉਨ੍ਹਾਂ ਕੋਲ ਸਿਆਸੀ ਤਾਕਤ ਨਹੀਂ ਸੀ, ਇਸ ਲਈ ਉਹ ਅਜਿਹੇ ਕਾਰੇ ਕਰਨ ਦੇ ਸਮਰੱਥ ਹੀ ਨਹੀਂ ਸਨ। ਉਸ ਪਿਛੋਂ ਉਨ੍ਹਾਂ ਨੇ 1955 ਵਿਚ ਜਵਾਹਰ ਲਾਲ ਨਹਿਰੂ ਦੇ ਹੁਕਮ 'ਤੇ ਪਹਿਲਾ ਹਮਲਾ ਕਰ ਦਿੱਤਾ। ਭਾਰਤੀ ਹਕੂਮਤ ਨੂੰ 1965 ਤੇ 1971 ਵਿਚ ਪਾਕਿਸਤਾਨ ਹੱਥੋਂ ਮਿਲੀਆਂ ਵੱਡੀਆਂ ਚੁਣੌਤੀਆਂ ਸਦਕਾ ਉਨ੍ਹਾਂ ਨੂੰ ਇਸ ਹਮਲੇ ਲਈ ਲੋੜੀਂਦੇ ਹਾਲਾਤ ਪੈਦਾ ਕਰਨ ਲਈ ਸੰਨ 1984 ਤੱਕ ਉਡੀਕ ਕਰਨੀ ਪਈ। ਸਿੱਖ-ਵਿਰੋਧੀ ਹਿੰਸਾ, ਜੋ ਸਦੀਆਂ ਤੋਂ ਪਲਦੀ ਆ ਰਹੀ ਸੀ, ਇਸ ਮੌਕੇ ਲਾਵੇ ਵਾਂਗ ਫੁੱਟ ਕੇ ਬਾਹਰ ਆ ਗਈ।

ਜੂਨ 84 ਦਾ ਘੱਲੂਘਾਰਾ ਸਿੱਖ ਦੇ ਜਿਉਂਦੇ ਹੋਣ ਦੀ ਬੇਚੈਨੀ ਵਿਚੋਂ ਉਪਜਿਆ ਹਮਲਾ ਸੀ। ਸਿੱਖ ਦੇ ਜੀਵਨ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਹੈ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਇਸ ਜੀਵਨ ਸੋਮੇ ਦਾ ਖਾਸ ਕੇਂਦਰ ਹੈ, ਜਿਸ ਦੀ ਵੱਖਰੀ ਤੇ ਵਡੇਰੀ ਅਹਿਮੀਅਤ ਸਦਾ ਬਰਕਰਾਰ ਰਹੇਗੀ। ਸਿੱਖ ਦਾ ਜਿਉਂਦੇ ਹੋਣਾ ਭਾਰਤੀ ਹਕੂਮਤ ਦੇ ਸੰਚਾਲਕ ਉਚ-ਜਾਤੀ ਹਿੰਦੂਆਂ ਅੰਦਰ ਬੇਚੈਨੀ ਪੈਦਾ ਕਰਦਾ ਸੀ। ਇਸ ਬੇਚੈਨੀ ਦੀ ਵਜ੍ਹਾ ਸੀ ਕਿ ਸਿੱਖ ਮਨੁੱਖ ਦੀ ਪ੍ਰਭੂਸੱਤਾ ਸੰਪੰਨ ਹਸਤੀ ਦੀ ਜਿਉਂਦੀ ਮਿਸਾਲ ਸੀ। ਪ੍ਰਭੂਸੱਤਾ ਸੰਪੰਨ ਆਪੇ ਵਾਲਾ ਇਹ ਮਨੁੱਖ ਗੁਰੂ ਨਾਨਕ ਸਾਹਿਬ ਨੇ ਸਾਜਿਆ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਨੁੱਖ ਨੂੰ ਖਾਲਸਾ ਬਣਾਇਆ, ਜਿਸ ਨਾਲ ਇਸ ਅੰਦਰਲੀ ਪ੍ਰਭੂਸੱਤਾ ਨੇ ਨਿੱਗਰ ਸਰੂਪ ਹਾਸਲ ਕਰ ਲਿਆ। ਹਿੰਦੁਸਤਾਨ ਦੀ ਸਥਾਪਤੀ ਨੂੰ ਪ੍ਰਭੂਸੱਤਾ ਸੰਪੰਨ ਮਨੁੱਖ ਦੇ ਇਸ ਨਿੱਗਰ ਸਰੂਪ ਨੇ ਬੇਚੈਨ ਕੀਤਾ। ਇਸ ਹਿੰਦੁਸਤਾਨੀ ਸਥਾਪਤੀ ਦੀ ਸਹੀ ਨਿਸ਼ਾਨਦੇਹੀ ਕਿਵੇਂ ਕੀਤੀ ਜਾਵੇ?

ਅੱਜ ਹਿੰਦੁਸਤਾਨ 'ਤੇ ਐਲਾਨੀਆ ਤੌਰ 'ਤੇ ਹਿੰਦੂ ਫਾਸ਼ੀਵਾਦੀ ਸਿਆਸੀ ਪਾਰਟੀ ਭਾਰਤੀ ਜਨਤਾ ਪਾਰਟੀ ਰਾਜ ਕਰ ਰਹੀ ਹੈ, ਪਰ 1984 ਵਿਚ ਅਜਿਹੀ ਕੋਈ ਗੱਲ ਨਹੀਂ ਸੀ। ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਉਣ ਦੇ ਨੇੜੇ-ਤੇੜੇ ਵੀ ਨਹੀਂ ਸੀ। ਸੈਕੂਲਰ ਹੋਣ ਦੀ ਦਾਅਵੇਦਾਰ ਇੰਡੀਅਨ ਨੈਸ਼ਨਲ ਕਾਂਗਰਸ ਹਿੰਦੁਸਤਾਨ 'ਤੇ ਰਾਜ ਕਰ ਰਹੀ ਸੀ। ਹਿੰਦੁਸਤਾਨ ਦੇ ਸਾਰੇ ਲਿਬਰਲ ਅਤੇ ਬਹੁਤੇ ਖੱਬੇ-ਪੱਖੀ ਕਾਂਗਰਸ ਦੇ ਪੱਕੇ ਹਮਾਇਤੀ ਸਨ। ਇਹ ਲਿਬਰਲ ਤੇ ਖੱਬੇ ਪੱਖੀ, ਕਾਂਗਰਸ ਅਤੇ ਭਾਰਤੀ ਹਕੂਮਤ ਦੀ ਅਸਲ ਤਾਕਤ ਸਨ। ਹਾਕਮ ਧਿਰ ਤੋਂ ਜ਼ਰਾ ਕੁ ਵਿੱਥ 'ਤੇ ਵਿਚਰਨ ਵਾਲੀਆਂ ਇਹ ਦੋਵੇਂ ਧਿਰਾਂ ਹਕੂਮਤੀ ਮਨਸੂਬੇ ਸਿਰੇ ਚਾੜ੍ਹਨ ਲਈ ਲੋੜੀਂਦਾ ਮਾਹੌਲ ਤਿਆਰ ਕਰਦੀਆਂ ਸਨ।

1947 ਪਿਛੋਂ ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਦੀ ਭੂਮਿਕਾ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਦੋਹਾਂ ਧਿਰਾਂ ਨੇ ਪੰਜਾਬ ਦੀ ਧਰਤੀ 'ਤੇ ਪਛਾਣ ਦਾ ਆਧਾਰ ਪੰਜਾਬੀਅਤ ਨੂੰ ਬਣਾਉਣ 'ਤੇ ਜ਼ੋਰ ਦਿੱਤਾ। ਧਰਮ ਦੀ ਥਾਂ ਸਭਿਆਚਾਰ ਨੂੰ ਕੌਮੀ ਪਛਾਣ ਦਾ ਆਧਾਰ ਬਣਾਉਣ ਦੇ ਨਾਂ 'ਤੇ ਸਿੱਖੀ ਨੂੰ ਨਿਸ਼ਾਨਾ ਬਣਾਇਆ। ਸੁਆਲ ਹੈ ਕਿ ਜੇ ਪੰਜਾਬੀਅਤ ਦੇ ਅਲੰਬਰਦਾਰ ਕਿਸੇ ਵੀ ਧਰਮ ਦੀ ਪੈਰਵਾਈ ਨਾ ਕਰ ਕੇ ਸਮੂਹ ਪੰਜਾਬੀਆਂ ਲਈ ਸਾਂਝੀ ਪਛਾਣ ਦਾ ਆਧਾਰ ਦੇ ਰਹੇ ਸਨ ਤਾਂ ਉਨ੍ਹਾਂ ਨੇ ਸਿਰਫ ਸਿੱਖੀ ਨੂੰ ਨਿਸ਼ਾਨਾ ਕਿਵੇਂ ਬਣਾਇਆ? ਪਹਿਲੀ ਗੱਲ, ਹਿੰਦੂ ਤੇ ਮੁਸਲਮਾਨਾਂ ਦੇ ਬੌਧਿਕ, ਸਾਹਿਤਕ ਅਤੇ ਸਿਆਸੀ ਕੁਲੀਨ ਵਰਗ ਪੰਜਾਬੀ ਨੂੰ ਲੱਗਭੱਗ ਇੱਕ ਸਦੀ ਪਹਿਲਾਂ ਸਿੱਧੀ ਤਿਲਾਂਜਲੀ ਦੇ ਚੁਕੇ ਸਨ। ਆਮ ਹਿੰਦੂਆਂ ਅਤੇ ਮੁਸਲਮਾਨਾਂ ਦਾ ਪੰਜਾਬੀ ਨਾਲ ਨਾਤਾ ਤਾਂ ਰਿਹਾ, ਪਰ ਉਹ ਇੰਨਾ ਮਜ਼ਬੂਤ ਨਹੀਂ ਸੀ ਕਿ ਇਨ੍ਹਾਂ ਦੋਹਾਂ ਭਾਈਚਾਰਿਆਂ ਵਿਚੋਂ ਪੰਜਾਬੀ ਦੇ ਹੱਕ ਵਿਚ ਕੋਈ ਲਹਿਰ ਖੜ੍ਹੀ ਹੋ ਜਾਂਦੀ; ਹਿੰਦੂ ਅਤੇ ਮੁਸਲਮਾਨ ਕੁਲੀਨ ਵਰਗ ਨੇ ਕ੍ਰਮਵਾਰ ਹਿੰਦੀ ਤੇ ਉਰਦੂ ਨੂੰ ਆਪਣੀਆਂ ਭਾਸ਼ਾਵਾਂ ਵਜੋਂ ਅਪਨਾ ਲਿਆ, ਜਿਸ 'ਤੇ ਇਨ੍ਹਾਂ ਭਾਈਚਾਰਿਆਂ ਦੇ ਬਹੁਗਿਣਤੀ ਲੋਕਾਂ ਨੇ ਕੋਈ ਇਤਰਾਜ਼ ਨਹੀਂ ਜਤਾਇਆ। ਇਸ ਲਈ ਜਦੋਂ ਦੋ ਬਹੁਗਿਣਤੀ ਪੰਜਾਬੀ ਭਾਈਚਾਰੇ ਪੰਜਾਬੀ ਤੋਂ ਬੇਦਖਲੀ ਹੀ ਲੈ ਗਏ ਤਾਂ ਉਸ ਆਧਾਰ 'ਤੇ ਸਿੱਖਾਂ ਦੇ ਸਿੱਖੀ 'ਤੇ ਆਧਾਰਿਤ ਕੌਮੀ ਪਛਾਣ ਦੇ ਦਾਅਵੇ ਨੂੰ ਰੱਦ ਕਰਨ ਦੀ ਕੋਈ ਤੁਕ ਨਹੀਂ ਸੀ ਬਣਦੀ।

ਦੂਜੀ ਗੱਲ, ਸੰਤਾਲੀ ਦੀ ਵੰਡ ਪਿਛੋਂ ਹਿੰਦੂਆਂ ਅਤੇ ਮੁਸਲਮਾਨਾਂ ਕੋਲ ਤਾਂ ਪ੍ਰਭੂਸੱਤਾ ਸੰਪੰਨ ਮੁਲਕਾਂ ਦੇ ਰੂਪ ਵਿਚ ਸਿਆਸੀ ਤਾਕਤ ਆ ਗਈ, ਪਰ ਬੇਵਤਨੇ ਸਿੱਖ ਢੁਕਵੀਂ ਜਮਹੂਰੀ ਨੁਮਾਇੰਦਗੀ ਲਈ ਹੀ ਸੰਘਰਸ਼ ਕਰਨ ਲਈ ਮਜਬੂਰ ਹੋ ਗਏ। ਪੰਜਾਬੀਅਤ ਦੇ ਅਲੰਬਰਦਾਰਾਂ ਦਾ ਹਿੰਦੂਆਂ ਅਤੇ ਮੁਸਲਮਾਨਾਂ 'ਤੇ ਤਾਂ ਕੋਈ ਜ਼ੋਰ ਚੜ੍ਹਦਾ ਨਹੀਂ ਸੀ, ਉਨ੍ਹਾਂ ਨੇ ਧਾਰਮਿਕ ਪਛਾਣ ਨੂੰ ਤਜਣ ਦਾ ਸਾਰਾ ਬੋਝ ਸਿੱਖਾਂ ਸਿਰ ਹੀ ਪਾ ਦਿੱਤਾ, ਅਖੇ ਧਾਰਮਿਕ ਪਛਾਣ ਦੀ ਪੈਰਵਾਈ ਨਾਲ ਫਿਰਕਾਪ੍ਰਸਤੀ ਫੈਲਦੀ ਹੈ। ਹਿੰਦੁਸਤਾਨੀ ਪ੍ਰਸੰਗ ਵਿਚ, ਹਿੰਦੂ ਬਹੁਗਿਣਤੀ ਤਾਂ ਰਾਜਸੱਤਾ ਰਾਹੀਂ ਆਪਣਾ ਫਿਰਕੂ ਏਜੰਡਾ ਧੱਕੇ ਨਾਲ ਸਿੱਖਾਂ ਜਿਹੀਆਂ ਘੱਟਗਿਣਤੀਆਂ ਸਿਰ ਮੜ੍ਹ ਰਹੀ ਸੀ, ਜਦੋਂ ਕਿ ਸਿੱਖ ਬਹੁਗਿਣਤੀ ਦੇ ਘੱਟਗਿਣਤੀਆਂ ਨੂੰ ਜਜ਼ਬ ਕਰਨ ਵਾਲੇ ਇਸ ਫਿਰਕੂ ਅਮਲ ਤੋਂ ਬਚਾਓ ਲਈ ਸਿੱਖੀ ਦੀ ਓਟ ਲੈ ਰਹੇ ਸਨ। ਪੰਜਾਬੀਅਤ ਦੇ ਅਲੰਬਰਦਾਰਾਂ ਨੇ ਸਿੱਖਾਂ ਤੋਂ ਸਿੱਖੀ ਦੀ ਆਸਰਾ ਖੋਹ ਕੇ ਉਨ੍ਹਾਂ ਨੂੰ ਸੈਕੂਲਰ ਭਾਰਤੀ ਰਾਸ਼ਟਰਵਾਦ ਦੀ ਜ਼ੱਦ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ, ਜੋ ਹਿੰਦੂਵਾਦ ਦਾ ਹੀ ਲੁਕਵਾਂ ਰੂਪ ਸੀ।

1947 ਦੀ ਵੰਡ ਦਾ ਸਭ ਤੋਂ ਵੱਡਾ ਨੁਕਸਾਨ ਸਿੱਖਾਂ ਨੂੰ ਝੱਲਣਾ ਪਿਆ। ਇੱਕ ਤਾਂ ਸਿੱਖਾਂ ਦਾ ਵੱਡਾ ਹਿੱਸਾ ਉਜਾੜੇ ਅਤੇ ਕਤਲੋਗਾਰਤ ਦਾ ਸ਼ਿਕਾਰ ਹੋਇਆ, ਦੂਜਾ ਸਿੱਖ ਆਪਣਾ ਮੁਲਕ ਹਾਸਲ ਨਾ ਕਰ ਸਕੇ। ਇਸ ਦੇ ਬਾਵਜੂਦ ਸੰਨ ਸੰਤਾਲੀ ਵਿਚ ਵੱਡੀ ਮਾਰ ਝੱਲਣ ਪਿਛੋਂ ਵੀ 1960ਵਿਆਂ ਤੱਕ ਸਿੱਖ ਪੈਰਾਂ ਸਿਰ ਹੋ ਗਏ। ਇਸ ਦੇ ਦੋ ਕਾਰਨ ਸਨ-ਪਹਿਲਾ, ਸਿੱਖਾਂ ਨੇ ਇੰਨੀ ਸਖਤ ਮਿਹਨਤ ਕੀਤੀ, ਜਿਸ ਦੀਆਂ ਮਿਸਾਲਾਂ ਲੱਭਣੀਆਂ ਵੀ ਔਖੀਆਂ ਹਨ ਅਤੇ ਦੂਜਾ, ਬਹੁਤੇ ਸਿੱਖ ਪਰਿਵਾਰਾਂ ਵਿਚ 5 ਤੋਂ 10 ਬੱਚੇ ਹੋਣੇ ਆਮ ਗੱਲ ਸੀ। ਇਸ ਮੌਕੇ ਭਾਰਤੀ ਹਕੂਮਤ ਨੇ ਦੋ ਮਨਸੂਬੇ ਬਣਾਏ: ਇੱਕ ਸਿੱਖਾਂ ਦੀ ਮਿਹਨਤ ਬਲਬੂਤੇ ਹਿੰਦੁਸਤਾਨ 'ਤੇ ਛਾਏ ਅੰਨ ਦੇ ਸੰਕਟ ਨੂੰ ਦੂਰ ਕੀਤਾ ਜਾਵੇ, ਦੂਜਾ ਸਿੱਖਾਂ ਦੀ ਆਬਾਦੀ ਦੇ ਵਾਧੇ 'ਤੇ ਜਿੰਨੀ ਸੰਭਵ ਹੋ ਸਕੇ ਰੋਕ ਲਾਈ ਜਾਵੇ। ਉਸ ਦੌਰ ਵਿਚ ਸਿੱਖ ਪੰਜਾਬੀ ਸੂਬਾ ਲਹਿਰ ਰਾਹੀਂ ਭਾਰਤੀ ਹਕੂਮਤ ਦੇ ਖਿਲਾਫ ਸੰਘਰਸ਼ ਕਰ ਰਹੇ ਸਨ, ਇਸ ਲਈ ਹਕੂਮਤ ਵਾਸਤੇ ਉਪਰੋਕਤ ਮਨਸੂਬਿਆਂ ਦੀ ਪੂਰਤੀ ਲਈ ਸਾਜ਼ਗਾਰ ਮਾਹੌਲ ਮੌਜੂਦ ਨਹੀਂ ਸੀ। ਲਿਬਰਲ ਅਤੇ ਖੱਬੇ ਪੱਖੀ ਧਿਰਾਂ ਨੇ ਭਾਰਤੀ ਹਕੂਮਤ ਲਈ ਲੋੜੀਂਦਾ ਮਾਹੌਲ ਤਿਆਰ ਕਰਨ ਦਾ ਕੰਮ ਕੀਤਾ। ਸਿੱਟੇ ਵਜੋਂ, ਹਿੰਦੁਸਤਾਨ ਲਈ ਚੌਲ ਪੈਦਾ ਕਰਦਾ-ਕਰਦਾ ਪੰਜਾਬ ਮਾਰੂਥਲ ਬਣਨ ਦੇ ਕੰਢੇ ਪਹੁੰਚ ਗਿਆ ਤੇ ਸਿੱਖਾਂ ਦੀ ਆਬਾਦੀ ਦੇ ਵਾਧੇ ਦੀ ਦਰ ਨਿਰੰਤਰ ਹੇਠਾਂ ਜਾਣੀ ਸ਼ੁਰੂ ਹੋ ਗਈ।

ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਨੇ ਪਹਿਲਾ ਕੰਮ ਕੀਤਾ ਕਿ ਸੰਨ ਸੰਤਾਲੀ ਦੀ ਵੰਡ ਦਾ ਵੱਧ ਤੋਂ ਵੱਧ ਦੋਸ਼ ਸਿੱਖਾਂ ਸਿਰ ਮੜ੍ਹਿਆ ਜਾਵੇ, ਜਿਸ ਵਿਚ ਉਹ ਕਾਫੀ ਹੱਦ ਤੱਕ ਕਾਮਯਾਬ ਹੋਏ। ਇਸ ਦੇ ਨਾਲ ਹੀ ਉਨ੍ਹਾਂ ਨੇ ਧਰਮ ਦੇ ਖਿਲਾਫ ਸਖਤ ਪੁਜ਼ੀਸ਼ਨ ਲੈਂਦਿਆਂ ਸਿੱਖੀ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਤੇ ਮਾਨਵਵਾਦੀ ਆਦਰਸ਼ਾਂ ਦਾ ਪ੍ਰਚਾਰ ਕੀਤਾ। ਇਹ ਮਾਨਵਵਾਦੀ ਆਦਰਸ਼ ਪਹਿਲਾਂ ਅੰਗਰੇਜ਼ ਬਸਤੀਵਾਦੀਆਂ ਨੇ ਬਸਤੀਆਂ ਦੇ ਮੂਲ-ਨਿਵਾਸੀਆਂ ਨੂੰ ਈਸਾਈ ਬਣਾਉਣ ਦੇ ਪਹਿਲੇ ਪੜਾਅ ਵਜੋਂ ਵਰਤੇ ਸਨ। 1947 ਤੋਂ ਬਾਅਦ ਭਾਰਤ ਦੀ ਹਿੰਦੂ ਸਥਾਪਤੀ ਲਈ ਕੰਮ ਕਰਦੇ ਲਿਬਰਲ ਅਤੇ ਖੱਬੇ-ਪੱਖੀ ਸਿੱਖਾਂ ਅਤੇ ਹੋਰ ਘੱਟਗਿਣਤੀਆਂ ਨੂੰ ਹਿੰਦੂਵਾਦ ਵਿਚ ਜਜ਼ਬ ਕਰਨ ਲਈ ਮਾਨਵਵਾਦ ਨੂੰ ਪਹਿਲੇ ਪੜਾਅ ਵਜੋਂ ਵਰਤ ਰਹੇ ਸਨ।

ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਦੇ ਖੇਤਰ 'ਤੇ ਗਲਬਾ ਪਾਇਆ। ਫਲਸਫਾਨਾ ਬਿਰਤਾਂਤ 'ਤੇ ਲੋੜੀਂਦੀਆਂ ਬਹਿਸਾਂ ਨਾ ਹੋ ਸਕੀਆਂ। ਪੰਜਾਬ ਵਿਚ ਫਲਸਫਾਨਾ ਬਿਰਤਾਂਤ ਅਦਿੱਖ, ਪਰ ਕਾਇਨਾਤੀ ਵਰਤਾਰੇ ਵਾਂਗ ਪਿਛੋਕੜ ਵਿਚ ਕੰਮ ਕਰਦਾ ਰਿਹਾ। ਇਸ ਦੀ ਮੁੱਖ ਵਜ੍ਹਾ ਸੀ-ਸਿੱਖਾਂ ਨੇ ਇਸ ਆਧੁਨਿਕ/ਮਾਨਵਵਾਦੀ/ਮਾਰਕਸਵਾਦੀ ਬਿਰਤਾਂਤ ਨੂੰ ਪ੍ਰਭਾਵਕਾਰੀ ਚੁਣੌਤੀ ਨਹੀਂ ਦਿੱਤੀ। ਸਿੱਟੇ ਵਜੋਂ ਇਹ ਬਿਰਤਾਂਤ ਨਿਰਵਿਘਨ ਚੱਲਿਆ ਅਤੇ ਲਿਬਰਲ ਤੇ ਖੱਬੇ-ਪੱਖੀ ਧਿਰਾਂ ਪੰਜਾਬ ਦੇ ਵਿਦਿਆਰਥੀ ਵਰਗ ਦੇ ਵੱਡੇ ਹਿੱਸੇ ਨੂੰ ਆਪਣੇ ਪ੍ਰਭਾਵ ਵਿਚ ਲਿਆਉਣ ਵਿਚ ਕਾਮਯਾਬ ਹੋਏ। ਇਸ ਸਦਕਾ ਪੰਜਾਬ ਵਿਚ ਸਕੂਲ ਅਤੇ ਕਾਲਜ ਪੱਧਰ ਦੇ ਅਧਿਆਪਕਾਂ, ਪੱਤਰਕਾਰਾਂ, ਸਾਹਿਤਕਾਰਾਂ ਅਤੇ ਸਾਹਿਤ ਆਲੋਚਕਾਂ ਦੇ ਨਵੇਂ ਪੋਚ ਪੈਦਾ ਹੋਏ, ਜਿਨ੍ਹਾਂ ਨੂੰ ਸਿੱਖੀ ਤੋਂ ਅਲਹਿਦਗੀ 'ਤੇ ਵਿਚਰਨ ਵਿਚ ਵਡਿਆਈ ਮਹਿਸੂਸ ਹੁੰਦੀ ਸੀ। ਇਹ ਵਰਤਾਰਾ ਅੱਜ ਤੱਕ ਜਾਰੀ ਹੈ ਤੇ ਸਿੱਖਾਂ ਦੇ ਅਲੱਗ-ਥਲੱਗ ਹੋਣ ਦਾ ਅਤੇ ਪੰਜਾਬ ਦੇ ਸਭਿਆਚਾਰਕ ਸੰਕਟ ਦਾ ਮੂਲ ਕਾਰਨ ਹੈ।

ਪੰਜਾਬ ਵਿਚ ਬਿਰਤਾਂਤ ਭਾਵੇਂ ਲਿਬਰਲ ਤੇ ਖੱਬੇ-ਪੱਖੀ ਧਿਰਾਂ ਦੇ ਪੂਰੇ ਕਾਬੂ ਵਿਚ ਸੀ, ਤਾਂ ਵੀ ਸਿਆਸੀ ਪਿੜ ਵਿਚ ਸਿੱਖਾਂ ਦਾ ਹੀ ਬੋਲਬਾਲਾ ਸੀ। 1970ਵਿਆਂ ਵਿਚ ਨਕਸਲੀ ਵਿਦਿਆਰਥੀ ਲਹਿਰਾਂ ਦੇ ਰੂਪ ਵਿਚ ਆਧੁਨਿਕ/ਮਾਨਵਵਾਦੀ/ਮਾਰਕਸਵਾਦੀ ਬਿਰਤਾਂਤ ਨੇ ਜਨਤਕ ਆਧਾਰ ਹਾਸਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਿੱਖਾਂ ਦੇ ਸਿਆਸੀ ਪਿੜ ਵਿਚ ਵੀ ਹਾਸ਼ੀਏ 'ਤੇ ਧੱਕੇ ਜਾਣ ਦੀ ਨੀਂਹ ਰੱਖੀ ਗਈ।

1978 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਨੂੰ ਅਗਵਾਈ ਦੇਣ ਵਾਲੇ ਬੁਲੰਦ ਪ੍ਰੇਰਨਾਦਾਇਕ ਕਿਰਦਾਰ ਵਜੋਂ ਉਭਰ ਕੇ ਸਾਹਮਣੇ ਆਏ। ਸੰਤਾਂ ਦੀ ਆਮਦ ਬਿਰਤਾਂਤਕ ਅਤੇ ਸਿਆਸੀ ਪਿੜਾਂ ਵਿਚ ਹਾਸ਼ੀਏ ਵੱਲ ਧੱਕੇ ਜਾ ਰਹੇ ਸਿੱਖਾਂ ਲਈ ਤਾਜ਼ੀ ਹਵਾ ਦਾ ਸੁਖਦ ਬੁੱਲਾ ਸਾਬਤ ਹੋਈ। ਸੰਤਾਂ ਨੇ ਸਿੱਖਾਂ ਨੂੰ ਧੁਰ ਅੰਦਰੋਂ ਟੁੰਬਿਆ ਅਤੇ ਇਹ ਪ੍ਰੇਰਨਾ ਨਾਲ ਦੀ ਨਾਲ ਹੀ ਜ਼ਬਰਦਸਤ ਲੋਕ ਲਹਿਰ ਵਿਚ ਰੁਪਾਂਤ੍ਰਿਤ ਹੋ ਗਈ। ਇਹ ਮਹਿਜ਼ ਸਿਆਸੀ ਲੋਕ ਲਹਿਰ ਨਹੀਂ ਸੀ। ਇਹ ਸਿੱਖੀ ਦਾ ਜ਼ੋਰਦਾਰ ਵੇਗ ਸੀ, ਜੋ ਆਧੁਨਿਕ/ਮਾਨਵਵਾਦੀ/ਮਾਰਕਸਵਾਦੀ ਬਿਰਤਾਂਤਾਂ ਦੇ ਗਲਬੇ ਤੋਂ ਮੁਕਤ ਸੀ। ਸੰਤਾਂ ਨੇ ਸਿੱਖਾਂ ਨੂੰ ਖਾਲਸੇ ਦੀ 300 ਸਾਲ ਪੁਰਾਣੀ ਰੂਹ ਨਾਲ ਨਵੀਂ ਸ਼ਿੱਦਤ ਨਾਲ ਜੋੜ ਦਿੱਤਾ। ਸਿੱਖ ਅਹਿਸਾਸ ਦੇ ਪੱਧਰ 'ਤੇ ਭਾਰਤੀ ਰਾਸ਼ਟਰਵਾਦ ਦੇ ਚੱਕਰਵਿਊ ਵਿਚੋਂ ਬਾਹਰ ਹੋ ਗਏ। ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਦਾ ਆਪਣੇ ਕਾਇਨਾਤੀ ਦਾਅਵੇ ਵਾਲੇ ਮਾਨਵਵਾਦੀ ਮੁਹਾਵਰੇ ਨਾਲ ਸਿੱਖਾਂ ਨੂੰ ਹੌਲੀ-ਹੌਲੀ ਭਾਰਤੀ ਰਾਸ਼ਟਰਵਾਦ ਜਾਂ ਕਹਿ ਲਓ ਸੈਕੂਲਰ ਹਿੰਦੂਵਾਦ ਦੀ ਜ਼ੱਦ ਵਿਚ ਲਿਆਉਣ ਵਾਲਾ ਸੁਪਨਾ ਬੀਤੇ ਦੀ ਬਾਤ ਜਾਪਣ ਲੱਗ ਪਿਆ। ਭਾਰਤੀ ਸਥਾਪਤੀ ਪਹਿਲਾਂ ਹੀ ਸਿੱਖ ਦੇ ਜਿਉਂਦੇ ਹੋਣ ਤੋਂ ਬੇਚੈਨ ਸੀ। ਖਾਲਸੇ ਦੀ ਉਜਲ ਹਸਤੀ ਦੇ ਮੁੜ ਉਜਾਗਰ ਹੋਣ ਨਾਲ ਉਨ੍ਹਾਂ ਦੀ ਬੇਚੈਨੀ ਹੋਰ ਪ੍ਰਚੰਡ ਰੂਪ ਧਾਰ ਗਈ। ਭਾਰਤੀ ਸਥਾਪਤੀ ਵਿਚ ਸਿੱਖਾਂ ਦੀ ਰੂਹ 'ਤੇ ਸਭ ਤੋਂ ਗਹਿਰਾ ਤੇ ਕੋਝਾ ਜ਼ਖਮ ਕਰਨ ਲਈ ਸਹਿਮਤੀ ਹੋ ਗਈ। ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਨੇ ਭਾਰਤੀ ਸਥਾਪਤੀ ਦੀ ਇਸ ਇੱਛਾ ਦੀ ਪੂਰਤੀ ਲਈ ਵੱਡੀ ਭੂਮਿਕਾ ਅਦਾ ਕੀਤੀ। ਪੰਜਾਬ ਵਿਚ ਸਿੱਖਾਂ ਦੀ ਲਹਿਰ ਮੁੱਖ ਤੌਰ 'ਤੇ ਜਮਹੂਰੀ ਅਤੇ ਸ਼ਾਂਤਮਈ ਜੇਲ੍ਹ ਭਰੋ ਅੰਦੋਲਨ ਵਾਲੀ ਲਹਿਰ ਸੀ। ਹਥਿਆਰਬੰਦ ਲਹਿਰ ਸ਼ੁਰੂ ਹੋ ਚੁਕੀ ਸੀ, ਪਰ ਇਸ ਖੇਤਰ ਵਿਚ ਕਾਰਵਾਈਆਂ ਦੀ ਗਿਣਤੀ ਐਨੀ ਘੱਟ ਸੀ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਦੋ-ਤਿੰਨ ਨੂੰ ਛੱਡ ਕੇ ਹਿੰਦੁਸਤਾਨ ਦੇ ਸਾਰੇ ਸੂਬਿਆਂ ਤੋਂ ਬਿਹਤਰ ਸੀ, ਪਰ ਹਿੰਦੂ ਕੱਟੜਵਾਦੀਆਂ ਨਾਲ ਰਲ ਕੇ ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਨੇ ਪੰਜਾਬ ਦੇ ਮਾਹੌਲ ਨੂੰ ਇੰਨਾ ਹੌਲਨਾਕ ਬਣਾ ਕੇ ਪੇਸ਼ ਕੀਤਾ ਕਿ ਹਕੂਮਤ ਦਾ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦਾ ਫੈਸਲਾ ਅਣਸਰਦੀ ਲੋੜ ਲੱਗਣ ਲੱਗ ਪਏ। ਅਸਲੀਅਤ ਭਾਵੇਂ ਇਸ ਦੇ ਐਨ ਉਲਟ ਸੀ, ਤਾਂ ਵੀ ਭਾਰਤੀ ਹਕੂਮਤ ਅਤੇ ਮੀਡੀਆ ਭਾਰਤੀ ਅਤੇ ਕੌਮਾਂਤਰੀ ਭਾਈਚਾਰਿਆਂ ਅੱਗੇ ਆਪਣੀ ਮਨਮਰਜ਼ੀ ਦਾ ਬਿੰਬ ਪੇਸ਼ ਕਰਨ ਵਿਚ ਕਾਮਯਾਬ ਹੋ ਗਏ।

ਜੂਨ ਚੁਰਾਸੀ ਵਿਚ ਭਾਰਤੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਅਨੇਕ ਹੋਰ ਸਿੱਖ ਗੁਰਦੁਆਰਿਆਂ 'ਤੇ ਹਮਲਾ ਕਰ ਦਿੱਤਾ। ਇਹ ਸਿੱਖਾਂ ਦੀ ਰੂਹ 'ਤੇ ਸਭ ਤੋਂ ਵੱਡਾ ਜ਼ਖਮ ਸੀ। ਇਸ ਜ਼ਖਮ ਨੂੰ ਹੋਰ ਡੂੰਘਾ ਕਰਨ ਲਈ ਭਾਰਤੀ ਹਕੂਮਤ ਨੇ ਪਹਿਲਾਂ ਹਮਲੇ ਲਈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦਾ ਦਿਹਾੜਾ ਚੁਣਿਆ ਤਾਂ ਕਿ ਸਿੱਖਾਂ ਦੀ ਵੱਡੀ ਕਤਲੋਗਾਰਤ ਵੀ ਕੀਤੀ ਜਾ ਸਕੇ ਅਤੇ ਬਾਅਦ ਵਿਚ ਆਪਰੇਸ਼ਨ ਵੁੱਡਰੋਜ਼ ਦੇ ਨਾਮ ਹੇਠ ਸਿੱਖਾਂ ਦੀ ਨਸਲਕੁਸ਼ੀ ਦੀ ਮੁਹਿੰਮ ਚਲਾ ਦਿੱਤੀ, ਜੋ ਜੁਲਾਈ 1984 ਤੋਂ ਅਪਰੈਲ 1985 ਤੱਕ ਜਾਰੀ ਰਹੀ। ਇਸੇ ਦੌਰਾਨ ਇੰਦਰਾ ਗਾਂਧੀ ਨੂੰ ਉਸ ਦੇ ਜੁਰਮਾਂ ਦੀ ਸਜ਼ਾ ਦੇਣ ਲਈ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜਿਸ ਪਿਛੋਂ ਸਰਕਾਰੀ ਤੰਤਰ ਦੀ ਸਿੱਧੀ ਹਮਾਇਤ ਨਾਲ ਹਿੰਦੂ ਭੀੜਾਂ ਨੇ ਸਿੱਖਾਂ ਦੀ ਹਿੰਦੁਸਤਾਨ ਦੇ ਬਹੁਤ ਸਾਰੇ ਹਿੱਸਿਆਂ ਵਿਚ ਨਸਲਕੁਸ਼ੀ ਕੀਤੀ। ਸਿੱਖਾਂ ਦੀ ਰੂਹ 'ਤੇ ਵੱਡਾ ਅਤੇ ਡੂੰਘਾ ਜ਼ਖਮ ਪਾਉਣਾ ਭਾਰਤੀ ਸਥਾਪਤੀ ਦੇ ਵਡੇਰੇ ਮਨਸੂਬਿਆਂ ਦਾ ਹਿੱਸਾ ਸੀ। ਅਜਿਹੇ ਜ਼ਖਮ ਨੂੰ ਉਹ ਸਿੱਖਾਂ ਦਾ ਸਵੈਮਾਣ ਤੋੜਨ ਦੇ ਸਾਧਨ ਵਜੋਂ ਵਰਤਣਾ ਚਾਹੁੰਦੇ ਸਨ। ਸਿੱਖਾਂ ਨੂੰ ਪਹਿਲਾਂ ਘਸਿਆਰੇ ਤੇ ਫਿਰ ਧੁਰ ਅੰਦਰੋਂ ਗੁਲਾਮ ਬਣਾਉਣ ਦੇ ਅਮਲ ਦਾ ਇਹ ਪਹਿਲਾ ਕਦਮ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਇਸ ਗੱਲ ਦਾ ਤੀਖਣ ਅਹਿਸਾਸ ਰੱਖਦੇ ਸਨ ਕਿ ਸਿੱਖ ਲਈ ਆਪਣੇ ਪ੍ਰਭੂਸੱਤਾ ਸੰਪੰਨ ਆਪੇ ਨੂੰ ਬਰਕਰਾਰ ਰੱਖਣਾ ਸਭ ਤੋਂ ਬੁਨਿਆਦੀ ਗੱਲ ਹੈ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਹਰ ਹੀਲੇ ਕਾਇਮ ਰੱਖਣ ਦੇ ਅਹਿਸਾਸ ਨਾਲ ਜੁੜੀ ਸੰਵੇਦਨਸ਼ੀਲਤਾ ਜਿਉਂਦੀ ਰੱਖਣੀ ਸਿੱਖ ਦੇ ਪ੍ਰਭੂਸੱਤਾ ਸੰਪੰਨ ਆਪੇ ਨੂੰ ਜਿਉਂਦਾ ਰੱਖਣ ਲਈ ਜ਼ਰੂਰੀ ਸੀ। ਇਸ ਲਈ ਸੰਤਾਂ ਨੇ ਕਿਹਾ ਸੀ ਕਿ ਜਿਸ ਦਿਨ ਭਾਰਤੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਏਗੀ। ਸੰਤਾਂ ਦੇ ਇਨ੍ਹਾਂ ਬੋਲਾਂ ਨਾਲ ਸਿੱਖਾਂ ਦੀ ਅੰਤਰੀਵ ਸਾਂਝ ਸੀ, ਜਿਸ ਸਦਕਾ ਜੂਨ ਚੁਰਾਸੀ ਦੇ ਘੱਲੂਘਾਰੇ ਪਿਛੋਂ ਸਿੱਖਾਂ ਨੇ ਖਾਲਿਸਤਾਨ ਦੀ ਕਾਇਮੀ ਲਈ ਭਾਰਤੀ ਹਕੂਮਤ ਨਾਲ ਵੱਡੀ ਇਤਿਹਾਸਕ ਲੜਾਈ ਲੜੀ।

ਜੂਨ ਚੁਰਾਸੀ ਉਪਰੰਤ ਜਦੋਂ ਪੰਜਾਬ ਵਿਚ ਜੁਝਾਰੂ ਲਹਿਰ ਚੱਲ ਰਹੀ ਸੀ ਤਾਂ ਲਿਬਰਲ ਅਤੇ ਖੱਬੇ-ਪੱਖੀ ਧਿਰਾਂ ਨੇ ਆਪਣੀਆਂ ਸਰਗਰਮੀਆਂ ਵਿਚ ਵੱਡੀ ਤੇਜ਼ੀ ਲੈ ਆਂਦੀ। ਹੁਣ ਉਨ੍ਹਾਂ ਕੋਲ ਪੰਜਾਬ ਦੇ ਫਿਰਕੂਕਰਨ ਦੇ ਖਤਰੇ ਦਾ ਚੰਗੀ ਤਰ੍ਹਾਂ ਨਾਲ ਘੜਿਆ ਹੋਇਆ ਬਹਾਨਾ ਸੀ। ਫਿਰਕੂਕਰਨ ਤੋਂ ਬਚਾਓ ਦਾ ਮੁਹਾਜ਼ ਖੜ੍ਹਾ ਕਰਨ ਦੇ ਬਹਾਨੇ ਉਨ੍ਹਾਂ ਨੇ ਭਾਰਤੀ ਹਕੂਮਤ ਦੇ ਹਿੰਦੂ ਫਿਰਕੂਵਾਦ ਦੇ ਤਾਂਡਵ ਨਾਚ ਲਈ ਸਾਜ਼ਗਾਰ ਹਾਲਾਤ ਪੈਦਾ ਕਰਨੇ ਸ਼ੁਰੂ ਕਰ ਦਿੱਤੇ। ਪੰਜਾਬ ਨੂੰ ਹਰ ਹਾਲਤ ਵਿਚ ਭਾਰਤ ਦੀ ਬਸਤੀ ਬਣਾਈ ਰੱਖਣਾ ਇਨ੍ਹਾਂ ਲਿਬਰਲ ਅਤੇ ਖੱਬੇ-ਪੱਖੀ ਹਲਕਿਆਂ ਦਾ ਮੁੱਖ ਮਕਸਦ ਸੀ। ਇਸ ਮਨਸੂਬੇ ਦੀ ਪੂਰਤੀ ਲਈ ਇਨ੍ਹਾਂ ਨੇ ਸਿੱਖਾਂ ਨੂੰ ਆਪਣੇ ਵੱਖਰੇ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਖਾਲਿਸਤਾਨ ਦੇ ਸੁਪਨੇ ਤੋਂ ਤੋੜਨ ਲਈ ਅੰਦਰੋਂ ਅਤੇ ਬਾਹਰੋਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਖਾਲਿਸਤਾਨ ਦੇ ਨਿਸ਼ਾਨੇ ਨੂੰ ਅੰਦਰੋਂ ਢਾਹ ਲਾਉਣ ਵਾਲੇ ਧੜੇ ਦਾ ਆਗੂ ਦਲਬੀਰ ਸਿੰਘ ਪੱਤਰਕਾਰ ਸੀ, ਜਿਸ ਦੇ ਸਾਥੀਆਂ ਵਿਚੋਂ ਮੁੱਖ ਕਾਮਰੇਡ ਗੱਜਾ ਸਿੰਘ ਅਤੇ ਨਕਸਲੀ ਆਗੂ ਅਜਮੇਰ ਸਿੰਘ ਸਨ। ਦਲਬੀਰ ਸਿੰਘ ਪੱਤਰਕਾਰ ਨੇ ਆਪਣੇ ਕੂਟਨੀਤਕ ਹੁਨਰ ਰਾਹੀਂ ਉਸ ਦੌਰ ਦੇ ਮੋਹਰੀ ਸਿੱਖ ਆਗੂਆਂ ਨੂੰ ਆਪਣੇ ਪ੍ਰਭਾਵ ਵਿਚ ਲੈ ਲਿਆ। 26 ਜਨਵਰੀ 1986 ਦੇ ਸਰਬੱਤ ਖਾਲਸਾ ਤੋਂ ਪਹਿਲਾਂ ਖਾਲਿਸਤਾਨ ਦੇ ਐਲਾਨ ਦੀ ਜ਼ੋਰਦਾਰ ਪੈਰਵਾਈ ਕਰਨ ਵਾਲੇ ਮੁੱਖ ਆਗੂ ਡਾ. ਸੋਹਣ ਸਿੰਘ ਸਨ। 25 ਜਨਵਰੀ 1986 ਨੂੰ ਸਰਬੱਤ ਖਾਲਸਾ ਦੇ ਮਤਿਆਂ ਬਾਰੇ ਹੋਈ ਬੈਠਕ ਵਿਚ ਡਾ. ਸੋਹਣ ਸਿੰਘ ਨੇ ਖਾਲਿਸਤਾਨ ਦਾ ਮਤਾ ਪੁਆ ਦਿੱਤਾ ਸੀ, ਪਰ ਅਗਲੇ ਦਿਨ ਜਦੋਂ ਸਰਬੱਤ ਖਾਲਸਾ ਦੇ ਮੰਚ ਤੋਂ ਮਤੇ ਪੜ੍ਹੇ ਗਏ ਤਾਂ ਖਾਲਿਸਤਾਨ ਦਾ ਮਤਾ ਗਾਇਬ ਸੀ। ਅਜਿਹਾ ਦਲਬੀਰ ਸਿੰਘ ਦੀ ਤਿਕੜਮਬਾਜ਼ੀ ਸਦਕਾ ਹੋਇਆ ਸੀ। ਇਸ ਪਿਛੋਂ 13 ਅਪਰੈਲ 1986 ਨੂੰ ਇੱਕ ਹੋਰ ਸਰਬੱਤ ਖਾਲਸਾ ਹੋਇਆ। ਡਾ. ਸੋਹਣ ਸਿੰਘ ਨੇ ਇਸ ਵਾਰ ਵੀ ਕੋਸ਼ਿਸ਼ ਕੀਤੀ ਕਿ ਸਰਬੱਤ ਖਾਲਸਾ ਦੇ ਮੰਚ ਤੋਂ ਖਾਲਿਸਤਾਨ ਦਾ ਐਲਾਨ ਕਰਵਾਇਆ ਜਾਵੇ, ਪਰ ਦਲਬੀਰ ਸਿੰਘ ਤੇ ਉਸ ਦੇ ਕਾਮਰੇਡ ਜੋਟੀਦਾਰ ਇੱਕ ਵਾਰ ਫਿਰ ਭਾਰੂ ਪੈ ਗਏ ਤੇ ਖਾਲਿਸਤਾਨ ਦਾ ਐਲਾਨ ਫਿਰ ਵੀ ਨਾ ਹੋਇਆ।

ਆਖਰ 29 ਅਪਰੈਲ 1986 ਨੂੰ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਡਾ. ਸੋਹਣ ਸਿੰਘ ਦੀ ਸਖਤ ਮਿਹਨਤ ਅਤੇ

***(ਬਾਕੀ ਸਫਾ 15 ਉਤੇ)***

***ਅੱਜ ਹਿੰਦੁਸਤਾਨ 'ਤੇ ਐਲਾਨੀਆ ਤੌਰ 'ਤੇ ਹਿੰਦੂ ਫਾਸ਼ੀਵਾਦੀ ਸਿਆਸੀ ਪਾਰਟੀ ਭਾਰਤੀ ਜਨਤਾ ਪਾਰਟੀ ਰਾਜ ਕਰ ਰਹੀ ਹੈ, ਪਰ 1984 ਵਿਚ ਅਜਿਹੀ ਕੋਈ ਗੱਲ ਨਹੀਂ ਸੀ। ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਉਣ ਦੇ ਨੇੜੇ-ਤੇੜੇ ਵੀ ਨਹੀਂ ਸੀ। ਸੈਕੂਲਰ ਹੋਣ ਦੀ ਦਾਅਵੇਦਾਰ ਇੰਡੀਅਨ ਨੈਸ਼ਨਲ ਕਾਂਗਰਸ ਹਿੰਦੁਸਤਾਨ 'ਤੇ ਰਾਜ ਕਰ ਰਹੀ ਸੀ। ਹਿੰਦੁਸਤਾਨ ਦੇ ਸਾਰੇ ਲਿਬਰਲ ਅਤੇ ਬਹੁਤੇ ਖੱਬੇ-ਪੱਖੀ ਕਾਂਗਰਸ ਦੇ ਪੱਕੇ ਹਮਾਇਤੀ ਸਨ। ਇਹ ਲਿਬਰਲ ਤੇ ਖੱਬੇ ਪੱਖੀ, ਕਾਂਗਰਸ ਅਤੇ ਭਾਰਤੀ ਹਕੂਮਤ ਦੀ ਅਸਲ ਤਾਕਤ ਸਨ। ਹਾਕਮ ਧਿਰ ਤੋਂ ਜ਼ਰਾ ਕੁ ਵਿੱਥ 'ਤੇ ਵਿਚਰਨ ਵਾਲੀਆਂ ਇਹ ਦੋਵੇਂ ਧਿਰਾਂ ਹਕੂਮਤੀ ਮਨਸੂਬੇ ਸਿਰੇ ਚਾੜ੍ਹਨ ਲਈ ਲੋੜੀਂਦਾ ਮਾਹੌਲ ਤਿਆਰ ਕਰਦੀਆਂ ਸਨ।***

# ਸਿੱਖ ਬੁਧੀਜੀਵੀਆਂ 'ਚ ਪ੍ਰਭਸ਼ਰਨ-ਭਰਾਵਾਂ ਦਾ ਸਥਾਨ ਅਤੇ ਮਹੱਤਤਾ

***ਪਿਛਲੇ ਕੁਝ ਸਮੇਂ ਤੋਂ ਪ੍ਰਭਸ਼ਰਨਦੀਪ ਸਿੰਘ ਅਤੇ ਪ੍ਰਭਸ਼ਰਨਬੀਰ ਸਿੰਘ ਸਿੱਖ ਹਲਕਿਆਂ ਅੰਦਰ ਆਪਣੀ ਗੰਭੀਰ ਹਾਜ਼ਰੀ ਲੁਆ ਰਹੇ ਹਨ। ਕਈਆਂ ਨੂੰ ਭਾਵੇਂ ਇਹ ਲੱਗ ਸਕਦਾ ਹੈ ਕਿ ਕਈ ਵਾਰ ਉਹ ਬਹਿਸ ਨੂੰ ਸਿਰਫ ਆਪਣੇ ਆਲੇ-ਦੁਆਲੇ ਤੱਕ ਹੀ ਸੀਮਤ ਕਰ ਲੈਂਦੇ ਹਨ, ਪਰ ਇਕ ਤੱਥ ਸਾਫ ਤੇ ਸਪਸ਼ਟ ਹੈ ਕਿ ਉਹ ਅਜਿਹੇ ਮੁੱਦਿਆਂ ਅਤੇ ਮਸਲਿਆਂ ਦੀ ਨਿਸ਼ਾਨਦੇਹੀ ਜ਼ਰੂਰ ਕਰ ਜਾਂਦੇ ਹਨ, ਜੋ ਸਮੇਂ ਦੇ ਹਾਣ ਮੁਤਾਬਿਕ ਬਹਿਸ ਅੰਦਰ ਸ਼ਾਮਿਲ ਹੋਣੇ ਬਹੁਤ ਜ਼ਰੂਰੀ ਹੁੰਦੇ ਹਨ। ਅੱਜ ਕੱਲ੍ਹ ਉਹ ਸਿੱਖ ਵਿਦਵਾਨ ਅਜਮੇਰ ਸਿੰਘ ਦੇ ਖਿਆਲਾਂ ਨੂੰ ਭਰਵੀਂ ਚੁਣੌਤੀ ਦੇ ਰਹੇ ਹਨ ਅਤੇ ਉਨ੍ਹਾਂ ਕੋਲੋਂ ਜਾਂ ਉਨ੍ਹਾਂ ਦੇ ਸਮਰਥਕਾਂ ਕੋਲੋਂ ਜਵਾਬ ਮੰਗ ਰਹੇ ਹਨ। ਬਹਿਸ ਅਰੰਭ ਕਰਨ ਦਾ ਇਹ ਵੀ ਇਕ ਰੂਪ ਹੈ। ਇਨ੍ਹਾਂ ਦੋਹਾਂ ਭਰਾਵਾਂ ਦੀ ਇਸੇ ਵਿਲੱਖਣਤਾ ਬਾਰੇ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਨੇ ਇਹ ਲਿਖਤ ਭੇਜੀ ਹੈ, ਜੋ ਅਸੀਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ***

ਹਾਲ ਵਿਚ ਆਕਸਫੋਰਡ ਯੂਨੀਵਰਸਿਟੀ ਦੇ ਰਿਸਰਚ ਸਕਾਲਰ ਪ੍ਰਭਸ਼ਰਨਦੀਪ ਸਿੰਘ ਨੇ 26 ਜਨਵਰੀ 1986 ਦੇ ਸਰਬੱਤ ਖਾਲਸਾ ਵਿਚ ਸਰਦਾਰ ਦਲਬੀਰ ਸਿੰਘ ਅਤੇ ਸਾਥੀਆਂ ਦੇ ਰੋਲ ਬਾਰੇ ਸੋਸ਼ਲ ਮੀਡੀਆ 'ਤੇ ਪੋਸਟ ਪਾਈ ਸੀ, ਜਿਸ ਉਤੇ ਕਾਫੀ ਲੰਮੀ ਚੌੜੀ ਬਹਿਸ ਹੋਈ। ਇਸ ਬਹਿਸ ਵਿਚ ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਅਤੇ ਗੁਰਬਚਨ ਸਿੰਘ ਦੇਸ ਪੰਜਾਬ ਵੀ ਸ਼ਾਮਲ ਹੋਏ। ਬਹੁਤੇ ਸੱਜਣ ਜੋ ਉਸ ਦੌਰ ਵਿਚ ਉਮਰ ਵਿਚ ਛੋਟੇ ਸਨ ਪਰ ਹੁਣ ਧੜਿਆਂ ਨਾਲ ਮੋਹ ਪਾਲਦੇ ਹਨ ਲੇਕਿਨ ਉਨ੍ਹਾਂ ਦੀਆਂ ਟਿੱਪਣੀਆਂ ਵਿਚ ਉਸ ਦੌਰ ਨੂੰ ਜਾਨਣ ਦੀ ਇੱਛਾ ਵਿਚ ਨਿਰਪੱਖਤਾ ਤੇ ਜਗਿਆਸਾ ਘੱਟ ਅਤੇ ਹਰ ਹਾਲਤ ਵਿਚ ਧੜੇ ਨਾਲ ਹੀ ਖਲੋਣ ਦੀ ਪੈਰਵੀ ਕਰਦਿਆਂ ਉਨ੍ਹਾਂ ਦੀਆਂ ਦਲੀਲਾਂ ਦੀ ਉਡਾਨ ਭਰਪੂਰ ਅਤੇ ਸਰਬ ਪੱਖੀ ਨਹੀਂ ਸੀ।



ਪ੍ਰਭਸ਼ਰਨਦੀਪ ਸਿੰਘ ਦੀ ਪੋਸਟ

**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: +91-99150-91063

ਵਿਚ ਸ. ਅਜਮੇਰ ਸਿੰਘ ਦੇ ਰੋਲ ਦਾ ਵੀ ਜ਼ਿਕਰ ਆਇਆ। ਜਦੋਂ ਵੀ ਇਸ ਦੌਰ ਜਾਂ ਪ੍ਰਭੂਤਾ ਸੰਪਨ ਸਿੱਖ ਸਟੇਟ ਬਾਰੇ ਬਹਿਸ ਚਲਦੀ ਹੈ ਤਾਂ ਮਿਹਣਿਆਂ ਕੁਮਿਹਣਿਆਂ ਦਾ ਰਸਤਾ ਅਖਤਿਆਰ ਕਰਦੀ ਹੋਈ ਬਹਿਸ ਨੂੰ ਕੜਿਤਣ ਦਾ ਰੰਗ ਦੇ ਕੇ ਖਤਮ ਹੋ ਜਾਂਦੀ ਹੈ। ਇਹ ਸਾਡੇ ਸਮਿਆਂ ਦਾ ਕੌੜਾ ਸੱਚ ਹੈ।

ਪਰ ਇਸ ਬਹਿਸ ਨਾਲ ਮੇਰੇ ਸਾਹਮਣੇ ਵੀ ਉਹ ਦੌਰ ਸਾਕਾਰ ਹੋ ਗਿਆ ਜਿਸ ਦਾ ਸਬੰਧ ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਤੁਰਤ ਪਿੱਛੋਂ ਵਾਪਰੀਆਂ ਕੁਝ ਅਹਿਮ ਘਟਨਾਵਾਂ ਅਤੇ ਵਰਤਾਰਿਆਂ ਨਾਲ ਹੈ। ਇਸ ਦੌਰ ਨੂੰ ਮੈਂ ਵੀ ਕਦੇ ਬਹੁਤ ਨੇੜੇ ਰਹਿ ਕੇ, ਕਦੇ ਦੂਰ ਰਹਿ ਕੇ ਵੇਖਿਆ ਅਤੇ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੇਰੇ ਲਈ ਇਸ ਦੌਰ ਨੂੰ ਸਮਝਣਾ ਕੋਈ ਬਹੁਤਾ ਔਖਾ ਵੀ ਨਹੀਂ ਸੀ ਕਿਉਂਕਿ ਜੂਨ-84 ਦੇ ਸਾਕੇ ਤੋਂ ਪਹਿਲਾਂ ਧਰਮ ਯੁੱਧ ਦੀਆਂ ਵਿਸ਼ੇਸ਼ ਘਟਨਾਵਾਂ ਨੂੰ ਵੀ ਪੰਜਾਬੀ ਟ੍ਰਿਬਿਊਨ ਵਿਚ ਪੱਤਰਕਾਰ ਵਜੋਂ ਕਵਰ ਕਰਦਾ ਰਿਹਾ ਹਾਂ ਅਤੇ ਧਰਮ ਯੁਧ ਵਿਚ ਸੰਤ ਜਰਨੈਲ ਸਿੰਘ ਦੀ ਚੜ੍ਹਤ ਦੇ ਕਾਰਨ ਵੀ ਮੇਰੇ ਵਿਸ਼ਲੇਸ਼ਣ ਦਾ ਆਧਾਰ ਬਣਦੇ ਰਹੇ ਹਨ। ਉਸ ਤੋਂ ਵੀ ਪਹਿਲਾਂ 1978 ਦੀ ਖੂਨੀ ਵਿਸਾਖੀ ਦਾ ਵਰਤਾਰਾ ਵੀ ਮੈਂ ਵੇਖਿਆ ਕਿਉਂਕਿ ਮੈਂ ਉਸ ਸਮੇਂ ਅੰਮ੍ਰਿਤਸਰ ਵਿਖੇ ਦੂਰਦਰਸ਼ਨ ਵਿਚ ਨਿਊਜ ਸੈਕਸ਼ਨ ਵਿਚ ਕੰਮ ਕਰਦਾ ਸੀ ਅਤੇ ਦਲਬੀਰ ਸਿੰਘ ਅੰਮ੍ਰਿਤਸਰ ਤੋਂ ਉਸ ਸਮੇਂ ਟ੍ਰਿਬਿਊਨ ਅਖਬਾਰ ਵਿਚ ਸਟਾਫ ਰਿਪੋਰਟਰ ਸਨ, ਤੇ ਸਾਡੇ ਨਿਊਜ਼ ਸੈਕਸ਼ਨ ਵਿਚ ਖਬਰਾਂ ਦਾ ਤਰਜਮਾ ਕਰਨ ਲਈ ਵੀ ਕਈ ਵਾਰ ਆ ਜਾਂਦੇ ਸਨ।

ਇਸੇ ਨਿਊਜ਼ ਸੈਕਸ਼ਨ ਵਿਚ ਉਹ ਜਦੋਂ ਇੱਕ ਦਿਨ ਸੰਤ ਜਰਨੈਲ ਸਿੰਘ ਦੀ ਲੰਮੀ ਇੰਟਰਵਿਊ ਕਰ ਕੇ ਆਏ ਤਾਂ ਮੇਰੇ ਨਾਲ ਗੱਲਾਂ ਕਰਦਿਆਂ ਉਨ੍ਹਾਂ ਭਵਿੱਖਬਾਣੀ ਕੀਤੀ ਕਿ ਇਹ ਸ਼ਖਸੀਅਤ ਸਿੱਖ ਇਤਿਹਾਸ ਵਿਚ ਕੋਈ ਵੱਡਾ ਰੋਲ ਅਦਾ ਕਰ ਸਕਦੀ ਹੈ।

ਉਸ ਦੀ ਪੇਸ਼ੀਨਗੋਈ ਸੱਚੀ ਹੋਈ।

ਇਤਫਾਕ ਵਸ ਜੂਨ 1984 ਤੋਂ ਪਿੱਛੋਂ ਚੱਲੀ ਹਥਿਆਰਬੰਦ ਜੁਝਾਰੂ ਲਹਿਰ ਦੀ ਚੜ੍ਹਤ ਅਤੇ ਪਤਨ ਨਾਲ ਜੁੜੀਆਂ ਕਈ ਇਤਿਹਾਸਕ ਘਟਨਾਵਾਂ ਦਾ ਵੀ ਮੈਂ ਗਵਾਹ ਹਾਂ। ਜੁਝਾਰੂ ਲਹਿਰ ਦੀਆਂ ਅਹਿਮ ਦਸਤਾਵੇਜ਼ਾਂ ਨੂੰ ਲੈ ਕੇ ਜੁਝਾਰੂ ਆਗੂ ਸਰਦਾਰ ਨਰੈਣ ਸਿੰਘ ਚੌੜਾ ਨਾਲ ਰਲ ਕੇ ਵੱਡ ਅਕਾਰੀ ਪੁਸਤਕ 'ਪੰਥਕ ਦਸਤਾਵੇਜ਼' ਦੇ ਨਾਂ ਥੱਲੇ ਵੀ ਜਾਰੀ ਕੀਤੀ ਗਈ ਹੈ। ਜੁਝਾਰੂ ਲਹਿਰ ਦੇ ਚੋਟੀ ਦੇ ਆਗੂਆਂ ਨੂੰ ਮਿਲ ਕੇ ਉਨ੍ਹਾਂ ਦੇ ਧੁਰ ਅੰਦਰ ਖਾਲਸਾ ਪੰਥ ਲਈ ਦਰਦ, ਪੀੜ ਅਤੇ ਕੁਰਬਾਨੀਆਂ ਨੂੰ ਮੈਂ ਆਪਣੇ ਅੰਦਰ ਵਸਾਇਆ ਹੋਇਆ ਹੈ ਅਤੇ ਇਸ ਦੌਰ ਬਾਰੇ ਦਰਜਨਾਂ ਲੇਖ ਲਿਖੇ ਹਨ। ਸੱਚ ਤਾਂ ਇਹ ਹੈ ਕਿ ਕਈ ਪਾਸਿਆਂ ਤੋਂ ਫੈਲੇ ਹੋਏ ਇਸ ਇਤਿਹਾਸਕ ਦੌਰ ਦਾ ਬਹੁਤ ਭਰੋਸੇਯੋਗ ਅਤੇ ਨਿਰਪੱਖ ਕਿਸਮ ਦੇ ਵਿਸ਼ਲੇਸ਼ਣ ਦੀ ਅਜੇ ਵੀ ਉਡੀਕ ਬਣੀ ਹੋਈ ਹੈ।

ਲੇਕਿਨ ਹੁਣ ਜਦੋਂ ਪ੍ਰਭਸ਼ਰਨ-ਭਰਾ ਡਟ ਕੇ ਵੱਖਰੇ ਮੰਚ 'ਤੇ ਖੜ੍ਹੇ ਨਜ਼ਰ ਆਉਂਦੇ ਹਨ ਤਾਂ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਉਹ ਵਿਚਾਰ ਤੇ ਵਿਹਾਰ ਪੱਖੋਂ ਆਪਣੇ ਸਮਕਾਲੀ ਵਿਦਵਾਨਾਂ ਨਾਲੋਂ ਕਿੰਨੇ ਕੁ ਵੱਖਰੇ ਅਤੇ ਵਿਸ਼ੇਸ਼ ਹਨ। ਦੂਜੇ ਸ਼ਬਦਾਂ ਵਿਚ ਦਲਬੀਰ ਸਿੰਘ, ਅਜਮੇਰ ਸਿੰਘ, ਸੁਖਦੇਵ ਸਿੰਘ, ਗੁਰਬਚਨ ਸਿੰਘ ਦੇਸ ਪੰਜਾਬ, ਡਾ. ਗੁਰਭਗਤ ਸਿੰਘ ਅਤੇ ਜਸਪਾਲ ਸਿੰਘ ਸਿੱਧੂ ਦੇ ਵਿਚਾਰਾਂ, ਝੁਕਾਵਾਂ ਅਤੇ ਪਹੁੰਚ ਨਾਲ ਕਿੱਥੇ-ਕਿੱਥੇ ਮਿਲਦੇ ਤੇ ਕਿੱਥੇ ਟਕਰਾਉਂਦੇ ਹਨ।

ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਵੀ ਦਰਬਾਰ ਸਾਹਿਬ ਦੇ ਸਾਕੇ ਕਾਰਨ ਉਨ੍ਹਾਂ ਦਿਨਾਂ ਵਿਚ ਹੋਰਨਾਂ ਅਨੇਕ ਲੋਕਾਂ ਵਾਂਗ ਬਹੁਤ ਉਦਾਸ ਹਾਲਤ ਵਿਚ ਵਿਚਰ ਰਹੇ ਸਨ ਪਰ ਉਂਜ ਅਜੇ ਮਾਰਕਸਵਾਦ ਦੇ ਜਾਲ ਵਿਚ ਰਹਿ ਕੇ ਹੀ ਸਿੱਖਾਂ ਦਾ ਭਵਿਖ 'ਰੌਸ਼ਨ' ਕਰਨਾ ਚਾਹੁੰਦੇ ਸਨ। ਹਾਲ ਵਿਚ ਹੀ ਉਨ੍ਹਾਂ ਦੀ ਇੱਕ ਇੰਟਰਵਿਊ ਇਸੇ ਤਰ੍ਹਾਂ ਦੀ ਕੈਦ ਵਿਚ ਰਹਿ ਕੇ ਹੀ ਪੰਜਾਬ ਮਸਲੇ ਨੂੰ ਵੇਖਦੀ ਤੇ ਪਰਖਦੀ ਹੈ। ਵੈਸੇ ਸਿੱਖ ਸਰਗਰਮੀਆਂ ਵਿਚ ਉਹ ਸਿੱਧੇ ਤੌਰ 'ਤੇ ਘੱਟ ਹੀ ਹਿੱਸਾ ਲੈਂਦੇ ਹਨ ਅਤੇ ਸਿੱਖਾਂ ਦੇ ਅੰਤਰੀਵ ਦਰਦ ਨੂੰ ਉਸ ਸੁਰ ਵਿਚ ਪੇਸ਼ ਨਹੀਂ ਕਰ ਸਕੇ ਜਿਵੇਂ ਸਿੱਖਾਂ ਦੀ ਮੁੱਖ ਧਾਰਾ ਚਾਹੁੰਦੀ ਹੈ।

ਮੈਂ ਇੱਥੇ ਹਰਸਿਮਰਨ ਸਿੰਘ, ਗੁਰਤੇਜ ਸਿੰਘ ਆਈ.ਏ.ਐਸ. ਅਤੇ ਡਾ. ਗੁਰਦਰਸ਼ਨ ਸਿੰਘ ਢਿੱਲੋਂ ਦਾ ਜ਼ਿਕਰ ਇਸ ਕਰ ਕੇ ਨਹੀਂ ਕਰ ਰਿਹਾ ਕਿਉਂਕਿ ਇਨ੍ਹਾਂ ਤਿੰਨਾਂ ਦਾ ਦਰਬਾਰ ਸਾਹਿਬ ਦੇ ਸਾਕੇ ਦੇ ਤੁਰਤ ਪਿੱਛੋਂ ਹੋਈਆਂ ਸਰਗਰਮੀਆਂ ਨਾਲ ਸਬੰਧ ਨਹੀਂ ਸੀ। ਹਰਸਿਮਰਨ ਸਿੰਘ ਜੇਲ੍ਹ ਵਿਚ ਨਜ਼ਰਬੰਦ ਸਨ, ਗੁਰਤੇਜ ਸਿੰਘ ਆਈ.ਏ.ਐਸ. ਰੂਪੋਸ਼ ਸਨ ਜਦਕਿ ਡਾ. ਗੁਰਦਰਸ਼ਨ ਸਿੰਘ ਛੇਤੀ ਹੀ ਕਿਸੇ ਨਾ ਕਿਸੇ ਤਰ੍ਹਾਂ ਵਿਦੇਸ਼ ਜਾਣ ਵਿਚ ਸਫਲ ਹੋ ਗਏ। ਵੈਸੇ ਇਨ੍ਹਾਂ ਵਿਦਵਾਨਾਂ ਦੇ ਇਤਿਹਾਸਕ ਰੋਲ ਬਾਰੇ ਵੱਖਰਾ ਅਤੇ ਮਹੱਤਵਪੂਰਨ ਲੇਖ ਮੈਂ ਬਾਅਦ ਵਿਚ ਲਿਖਾਂਗਾ।

ਪ੍ਰਭਸ਼ਰਨ-ਭਰਾਵਾਂ ਬਾਰੇ ਸੰਖੇਪ ਜਾਣਕਾਰੀ ਵੀ ਮੇਰੇ ਇਸ ਲੇਖ ਦਾ ਅਹਿਮ ਹਿੱਸਾ ਬਣਦੀ ਹੈ। ਇਸ ਨਾਲ ਹੋਰਨਾਂ ਵਿਦਵਾਨਾਂ ਨਾਲੋਂ ਉਨ੍ਹਾਂ ਦੀ ਭਿੰਨਤਾ ਅਤੇ ਵਖਰੇਵੇਂ ਦਾ ਵੀ ਪਤਾ ਲੱਗੇਗਾ ਅਤੇ ਚੇਤਨ ਸਰਗਰਮੀ ਦੇ ਨਵੇਂ ਤੇ ਸਿਰਜਣਾਤਮਕ ਦੌਰ ਆਰੰਭ ਹੋਣਗੇ ਤਾਂ ਜੋ ਆਲੋਚਨਾ ਦੀ ਭਾਸ਼ਾ ਵਿਚ ਸ਼ਬਦਾਂ ਨੂੰ ਰੌਲਾ ਪਾਉਣ ਲਈ ਅਤੇ ਰੌਲੇ ਤੱਕ ਹੀ ਸੀਮਤ ਰੱਖਣ ਲਈ ਇਸਤੇਮਾਲ ਨਾ ਕੀਤਾ ਜਾ ਸਕੇ।

ਪ੍ਰਭਸ਼ਰਨਦੀਪ ਸਿੰਘ ਅੰਗਰੇਜ਼ੀ ਵਿਸ਼ੇ ਵਿਚ ਐਮ.ਏ. ਹਨ ਅਤੇ ਲੰਡਨ ਤੋਂ ਵੀ ਉਨ੍ਹਾਂ ਨੇ ਇੱਕ ਹੋਰ ਐਮ.ਏ. (ਧਰਮ) ਕੀਤੀ ਹੋਈ ਹੈ। ਆਕਸਫੋਰਡ ਯੂਨੀਵਰਸਿਟੀ ਵਿਚ ਉਨ੍ਹਾਂ ਨੇ ਆਪਣੇ ਵਿਸ਼ੇ ਬਾਰੇ ਡਾ. ਆਫ ਫਿਲਾਸਫੀ ਦਾ ਥੀਸਸ ਹਾਲ ਵਿਚ ਹੀ ਜਮ੍ਹਾਂ ਕਰਵਾ ਦਿੱਤਾ ਹੈ, ਜਦਕਿ ਛੋਟਾ ਭਰਾ ਪ੍ਰਭਸ਼ਰਨਬੀਰ ਸਿੰਘ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਲੈਕਚਰਾਰ ਹੈ। ਉਸ ਨੇ ਵੀ ਪੀ.ਐਚ.ਡੀ. ਕੀਤੀ ਹੋਈ ਹੈ। ਦੋਵਾਂ ਭਰਾਵਾਂ ਦੀ ਫਿਲਾਸਫੀ ਦੇ ਵਿਸ਼ੇ ਵਿਚ ਖਾਸ ਰੁਚੀ ਹੈ-ਇੱਕ ਅਜਿਹਾ ਵਿਸ਼ਾ ਜਿਸ ਨੂੰ ਸਾਰੇ ਵਿਸ਼ਿਆਂ ਦੀ ਮਾਂ ਕਿਹਾ ਜਾਂਦਾ ਹੈ। ਪ੍ਰਭਸ਼ਰਨਬੀਰ ਸਿੰਘ ਪੰਜਾਬ ਯੂਨੀਵਰਸਿਟੀ ਤੋਂ ਫਿਲਾਸਫੀ ਵਿਚ ਪੋਸਟ ਗਰੈਜੂਏਟ ਕਰਨ ਪਿੱਛੋਂ ਹੀ ਕੈਨੇਡਾ ਗਏ। ਪ੍ਰਭਸ਼ਰਨਦੀਪ ਸਿੰਘ ਆਦਰਸ਼ਵਾਦ ਨਾਲ ਜੁੜੇ ਜਰਮਨ ਫਿਲਾਸਫਰ ਹੀਗਲ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ ਜਿਨ੍ਹਾਂ ਨੇ ਸੰਸਾਰ ਨੂੰ ਇਹ ਦੱਸਿਆ ਸੀ ਕਿ ਇਤਿਹਾਸ ਅਤੇ ਵਿਚਾਰਾਂ ਦਾ ਸਫਰ ਥੀਸਸ, ਐਂਟੀਥੀਸਿਸ ਵਿਚੋਂ ਲੰਘਦਾ ਹੋਇਆ ਕਿਵੇਂ ਸਿੰਥੇਥਿਸ ਪੜਾਅ ਉਤੇ ਪਹੁੰਚਦਾ ਹੈ। ਦੂਜੇ ਪਾਸੇ ਪ੍ਰਭਸ਼ਰਨਬੀਰ ਸਿੰਘ ਨੇ ਵੀਹਵੀਂ ਸਦੀ ਦੇ ਪ੍ਰਸਿੱਧ ਫਿਲਾਸਫਰ ਮਾਰਟਨ ਹੈਡੇਗਰ ਦੇ ਦਰਸ਼ਨ ਨੂੰ ਆਪਣੇ ਅਧਿਐਨ ਦਾ ਕੇਂਦਰ ਬਿੰਦੂ ਬਣਾਇਆ ਹੋਇਆ ਹੈ ਅਤੇ ਇਸ ਦਿਸ਼ਾ ਵਿਚ ਉਸ ਦਾ ਖੋਜ ਪੱਤਰ ਇਕ ਕੌਮਾਂਤਰੀ ਜਰਨਲ ਵਿਚ ਛਪਣ ਲਈ ਵੀ ਚੁਣਿਆ ਗਿਆ ਹੈ। ਹੈਡੇਗਰ ਕੰਟੀਨੈਂਟਲ ਫਿਲਾਸਫੀ ਦੇ ਇਤਿਹਾਸ ਦਾ ਸਭ ਤੋਂ ਵੱਡਾ ਥੰਮ੍ਹ ਮੰਨਿਆ ਜਾ ਰਿਹਾ ਹੈ।

ਦੋਵੇਂ ਭਰਾਵਾਂ ਨੇ ਨਿੱਠ ਕੇ ਅਤੇ ਢੇਰਮ-ਢੇਰ ਪੰਜਾਬੀ ਸਾਹਿਤ ਪੜ੍ਹਿਆ ਹੋਇਆ ਹੈ ਅਤੇ ਖਾਸ ਕਰ ਕੇ ਸਿੱਖ ਇਤਿਹਾਸ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ, ਸਿਰਦਾਰ ਕਪੂਰ ਸਿੰਘ, ਡਾ. ਗੁਰਭਗਤ ਸਿੰਘ ਅਤੇ ਹਰਿੰਦਰ ਸਿੰਘ ਮਹਿਬੂਬ ਦੇ ਯੋਗਦਾਨ ਬਾਰੇ ਆਪਣਾ ਮੌਲਿਕ ਦ੍ਰਿਸ਼ਟੀਕੋਣ ਬਣਾਇਆ ਹੋਇਆ ਹੈ। ਮੈਂ ਇਹ ਤਾਂ ਅਜੇ ਨਹੀਂ ਕਹਿੰਦਾ ਕਿ ਉਹ ਸੰਸਥਾ ਬਣ ਚੁੱਕੇ ਹਨ, ਫਿਰ ਵੀ ਸਿੱਖ ਮਾਮਲਿਆਂ ਬਾਰੇ ਉਨ੍ਹਾਂ ਦੀ ਚੇਤਨਾ ਬਹੁਪਰਤੀ ਵਿਵੇਕ ਉਤੇ ਆਧਾਰਿਤ ਹੈ ਜਿਸ ਵਿਚ ਮੌਲਿਕਤਾ, ਸੁਤੰਤਰਤਾ ਅਤੇ ਗੰਭੀਰਤਾ ਹੈ। ਖਾਲਸਾ ਪੰਥ ਦੀ ਵਰਤਮਾਨ ਹਾਲਤ ਅਤੇ ਖਾਸ ਕਰ ਕੇ ਰਾਜਨੀਤੀ ਵਿਚ ਆ ਰਹੇ ਉਤਰਾਵਾਂ-ਚੜ੍ਹਾਵਾਂ ਅਤੇ ਪੰਥਕ ਖਿਲਾਅ ਉਤੇ ਵੀ ਉਨ੍ਹਾਂ ਦੀ ਖਾਸ ਨਜ਼ਰ ਰਹਿੰਦੀ ਹੈ।

***ਅਜਮੇਰ ਸਿੰਘ ਬਹਿਸ ਵਿਚ ਆਏ ਬੁੱਧੀਜੀਵੀਆਂ ਨਾਲੋਂ ਅਸਲੋਂ ਹੀ ਵੱਖਰੇ ਧਰਾਤਲ 'ਤੇ ਖਲੋਤੇ ਨਜ਼ਰ ਆਉਂਦੇ ਹਨ। ਉਹ ਰੂਹਾਨੀਅਤ ਦਾ ਵਿਸ਼ਾ ਲੈ ਕੇ ਅੱਜਕੱਲ੍ਹ ਮੈਦਾਨ ਵਿਚ ਉਤਰੇ ਹਨ ਜਦਕਿ ਪਹਿਲੀਆਂ ਕਿਤਾਬਾਂ ਵਿਚ ਇਹ ਵਿਸ਼ਾ ਉਨ੍ਹਾਂ ਦੇ ਵਿਸ਼ਲੇਸ਼ਣ ਵਿਚ ਕਰੀਬ ਕਰੀਬ ਅਛੋਹ ਹੀ ਰਿਹਾ। ਉਨ੍ਹਾਂ ਦੀ ਧਾਰਨਾ ਹੈ ਕਿ ਸਿੱਖ ਸੰਘਰਸ਼ ਵਿਚ ਇਸ ਮਹਾਨ ਬਰਕਤ ਦੀ ਅਣਹੋਂਦ ਹੀ ਰਹੀ। ਵੈਸੇ ਰੂਹਾਨੀਅਤ ਦੀਆਂ ਡੂੰਘੀਆਂ ਰਮਜ਼ਾਂ ਨਾਲ ਨਾ ਤਾਂ ਉਨ੍ਹਾਂ ਨੇ ਲੈਕਚਰਾਂ ਰਾਹੀਂ ਕਿਤੇ ਸਾਂਝ ਪੁਆਈ ਅਤੇ ਨਾ ਹੀ ਜੁਝਾਰੂ ਲਹਿਰ ਵਿਚ ਕਈ ਥਾਵਾਂ ਤੇ ਵਾਪਰੇ ਅਲੌਕਿਕ ਨਜ਼ਾਰੇ ਉਨ੍ਹਾਂ ਦੇ ਵਿਸ਼ਲੇਸ਼ਣ 'ਚ ਹਾਜ਼ਰ ਨਾਜ਼ਰ ਰਹੇ।***

ਸੰਸਾਰ ਪੱਧਰ ਉਤੇ ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਖੇਤਰਾਂ ਵਿਚ ਆ ਰਹੀਆਂ ਤਬਦੀਲੀਆਂ, ਉਭਰ ਰਹੇ ਨਵੇਂ ਰੁਝਾਨ, ਖਤਰੇ ਅਤੇ ਖਾਸ ਕਰ ਕੇ ਕਰੋਨਾ ਵਰਤਾਰੇ ਦੇ ਬੀਤ ਜਾਣ ਪਿੱਛੋਂ ਮਾਨਵਤਾ ਦੇ ਭਵਿੱਖ ਨੂੰ ਉਹ ੧ਓ ਦੀ ਰੌਸ਼ਨੀ ਵਿਚ ਵੇਖਦੇ ਹਨ। ਇੰਜ ਇੱਕ ਨਿੱਕਾ ਜਿਹਾ ਵਰਤਾਰਾ ਤਾਂ ਵਜੂਦ ਵਿਚ ਆ ਹੀ ਰਿਹਾ ਹੈ ਜਿਸ ਨੂੰ ਜੀ ਆਇਆਂ ਕਹਿਣਾ ਚਾਹੀਦਾ ਹੈ ਪਰ ਇਹ ਸਮਾਂ ਹੀ ਦੱਸੇਗਾ ਕਿ ਉਹ ਇਸ ਵਰਤਾਰੇ ਨੂੰ ਕਿਸ ਗਹਿਰਾਈ ਤੇ ਬੁਲੰਦੀ ਉਤੇ ਲਿਜਾਂਦੇ ਹਨ। ਇਕ ਵੱਡੀ ਜ਼ਿੰਮੇਵਾਰੀ ਤਾਂ ਉਨ੍ਹਾਂ ਉਤੇ ਆ ਹੀ ਗਈ ਹੈ।

ਚਾਰ ਵੱਡੀਆਂ ਘਟਨਾਵਾਂ ਮੇਰੇ ਦਿਲ ਦਿਮਾਗ ਵਿਚ ਵੱਸ ਗਈਆਂ ਹਨ। ਇਹ ਨਿਕਲਣ ਦਾ ਨਾਂ ਹੀ ਨਹੀਂ ਲੈਂਦੀਆਂ। ਇਹ ਘਟਨਾਵਾਂ ਇਤਿਹਾਸ, ਗੁਰਬਾਣੀ ਅਤੇ ਵਿਅਕਤੀਆਂ ਨੂੰ ਅਸਲੋਂ ਹੀ ਨਵੇਂ ਸਿਰਿਓਂ ਵੇਖਣ ਤੇ ਸਮਝਣ ਦਾ ਇਲਾਹੀ ਪੈਗਾਮ ਦਿੰਦੀਆਂ ਹਨ।

ਕਿਹੜੀਆਂ ਹਨ ਇਹ ਘਟਨਾਵਾਂ?

1 ਧਰਮ ਯੁੱਧ ਮੋਰਚਾ

2 ਸੰਤ ਜਰਨੈਲ ਸਿੰਘ

3 ਜੂਨ ਚੁਰਾਸੀ: ਜੰਗ ਸਿੰਘਾਂ ਤੇ ਬਿਪਰਾਂ ਦੀ

4 ਜੁਝਾਰੂ ਲਹਿਰ।

ਵੀਹਵੀਂ ਸਦੀ ਵਿਚ ਹੋਰ ਵੀ ਵੱਡੀਆਂ ਘਟਨਾਵਾਂ ਵਾਪਰੀਆਂ ਹਨ ਜੋ ਅਲੌਕਿਕ ਹੋਣ ਦੇ ਵਰਗ ਵਿਚ ਰੱਖੀਆਂ ਜਾ ਸਕਦੀਆਂ ਹਨ। ਅਕਾਲੀਆਂ ਦੇ ਸ਼ਾਂਤਮਈ ਮੋਰਚਿਆਂ ਵਿਚ ਪੰਚਮ ਪਾਤਸ਼ਾਹ ਦੇ ਸ਼ਾਂਤਮਈ ਪੈਗਾਮ ਦੀ ਨੂਰੀ ਬਾਰਿਸ਼, ਗਦਰੀ ਬਾਬਿਆਂ ਤੇ ਬੱਬਰਾਂ ਦੀਆਂ ਸ਼ਹਾਦਤਾਂ ਦੇ ਰੋਸ ਅਤੇ ਉਲਾਂਭਿਆਂ ਦੀਆਂ ਆਵਾਜ਼ਾਂ ਦੀ ਸੱਚਖੰਡ ਤੱਕ ਪਹੁੰਚ ਤੇ ਹਿਲਜੁਲ। ਇਹ ਸਭ ਕਰਾਮਾਤਾਂ ਵਰਗੇ ਇਤਿਹਾਸਕ ਕਾਰਨਾਮੇ ਹੀ ਤਾਂ ਸਨ ਪਰ ਇਉਂ ਲੱਗਦਾ ਹੈ, ਜਿਵੇਂ ਇਨ੍ਹਾਂ ਘਟਨਾਵਾਂ ਦੀਆਂ ਯਾਦਾਂ ਉਪਰੋਕਤ ਚਾਰ ਘਟਨਾਵਾਂ ਵਿਚ ਇੱਕ ਮਿਕ ਹੋ ਗਈਆਂ ਸਨ, ਮੁਕੰਮਲ ਤੌਰ ਤੇ ਰਲ ਮਿਲ ਗਈਆਂ ਸਨ, ਨਵੇਂ ਅਰਥਾਂ ਵਿਚ ਅਗਵਾਈ ਕਰ ਰਹੀਆਂ ਸਨ।

ਇਨ੍ਹਾਂ ਚਾਰ ਘਟਨਾਵਾਂ ਨੇ ਹੀ ਇਹ ਫੈਸਲਾ ਕਰਨਾ ਹੈ ਕਿ ਭਾਰਤੀ ਸਟੇਟ ਨਾਲ ਭਵਿੱਖ ਵਿਚ ਸਾਡੇ ਰਿਸ਼ਤੇ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ? ਤੇ ਹੁਣ ਇਹ ਕਿਸ ਤਰ੍ਹਾਂ ਦੇ ਹਨ?

ਮੇਰਾ ਇਹ ਗਿਲਾ ਹੈ ਕਿ ਖਾਲਸਾ ਪੰਥ ਦੀਆਂ ਅਸਾਧਾਰਨ ਤੇ ਬੇਪਰਵਾਹ ਕਲਮਾਂ ਨੇ ਉਪਰੋਕਤ ਚਾਰ ਘਟਨਾਵਾਂ ਦੀ ਦਾਸਤਾਨ ਨੂੰ ਅਣਗੌਲਿਆਂ ਕਰ ਰੱਖਿਆ ਹੈ ਜਾਂ ਠੀਕ ਤਰ੍ਹਾਂ ਨਾਲ ਨਹੀਂ ਸਮਝਿਆ, ਜਾਂ ਅਜੇ ਸਮਝਣਾ ਹੈ। ਧਰਮ ਯੁੱਧ ਮੋਰਚੇ ਨੂੰ ਸੰਤ ਜਰਨੈਲ ਸਿੰਘ ਰਾਹੀਂ ਵੇਖਣ ਵਾਲੇ ਨਜ਼ਰੀਏ ਦੀ ਅਜੇ ਤੱਕ ਉਡੀਕ ਕੀਤੀ ਜਾ ਰਹੀ ਹੈ। ਮੇਰੀ ਇਹ ਚੰਗੀ ਕਿਸਮਤ ਹੀ ਸੀ ਕਿ ਮੇਰੇ ਰਿਸ਼ਤੇਦਾਰਾਂ ਦਾ ਘਰ ਤੇਜਾ ਸਿੰਘ ਸਮੁੰਦਰੀ ਹਾਲ ਵਾਲੀ ਇਮਾਰਤ ਦੀ ਪਿਛਲੀ ਦੀਵਾਰ ਨਾਲ ਲੱਗਦੀ ਗਲੀ ਵਿਚ ਸੀ ਜਿਸ ਨੂੰ ਬਾਗ ਵਾਲੀ ਗਲੀ ਕਿਹਾ ਜਾਂਦਾ ਸੀ। ਹਰ ਹਫਤੇ ਦਸ ਦਿਨ ਪਿੱਛੋਂ ਪੰਜਾਬੀ ਟ੍ਰਿਬਿਊਨ ਵਿਚੋਂ ਦੋ ਤਿੰਨ ਛੁੱਟੀਆਂ ਲੈ ਕੇ ਮੈਂ ਅੰਮ੍ਰਿਤਸਰ ਵੱਲ ਰਵਾਨਾ ਹੋ ਜਾਂਦਾ ਤੇ ਉਥੇ ਸਾਰਾ ਸਾਰਾ ਦਿਨ ਦਰਬਾਰ ਸਾਹਿਬ ਕੰਪਲੈਕਸ ਵਿਚ ਹੋ ਰਹੀਆਂ ਸਰਗਰਮੀਆਂ ਨੂੰ ਵੱਖ ਵੱਖ ਕੋਨਾਂ ਤੋਂ ਵੇਖਣ ਦੀ ਕੋਸ਼ਿਸ਼ ਕਰਦਾ ਪਰ ਗੱਭਰੂਆਂ ਤੇ ਬੀਬੀਆਂ ਦੇ ਕਦਮਾਂ ਦੀ ਇੱਕੋ ਇੱਕ ਮੰਜ਼ਿਲ ਸੰਤ ਜਰਨੈਲ ਸਿੰਘ ਨੂੰ ਜੀਅ ਭਰ ਕੇ ਦੇਖਣ ਤੇ ਸੁਣਨ ਦੀ ਰੀਝ ਹੁੰਦੀ ਸੀ। ਪਤਾ ਨਹੀਂ, ਤੁਸੀਂ ਮੰਨੋ ਜਾਂ ਨਾ ਮੰਨੋ ਪਰ ਦੂਰਅੰਦੇਸ਼ ਰਾਜਨੀਤੀ ਵਾਲੇ ਲੋਕ ਇਹ ਵੇਖ ਸਕਦੇ ਸਨ ਕਿ 'ਸੁਕੇ ਪੱਤਿਆਂ' ਦੇ ਹਾਣੀ ਸੰਤ ਲੌਂਗੋਵਾਲ ਵੱਲ ਜਾ ਰਹੇ ਸਨ ਜਦ ਕਿ 'ਹਰੀਆਂ ਟਾਹਣੀਆਂ' ਦੀ ਮੰਜ਼ਿਲ ਸੰਤ ਜਰਨੈਲ ਸਿੰਘ ਦਾ ਰਾਹ ਤੱਕਦੀ ਸੀ। ਦੇਸੀ ਵਿਦੇਸ਼ੀ ਪੱਤਰਕਾਰਾਂ ਦੀਆਂ ਟੋਲੀਆਂ ਵੀ ਜਾਣਦੀਆਂ ਸਨ ਕਿ ਉਨ੍ਹਾਂ ਦੀਆਂ ਖਬਰਾਂ ਦੀ ਪਹਿਲ ਤਾਜ਼ਗੀ ਦੇ ਦਰਸ਼ਨ ਦੀਦਾਰੇ ਵੀ ਗੁਰੂ ਨਾਨਕ ਨਿਵਾਸ ਦੀ ਛੱਤ ਉਤੇ ਹੀ ਹੋਣਗੇ। ਸੰਤ ਜਰਨੈਲ ਸਿੰਘ ਇਸ ਪੰਜਾਬ ਦੀ ਸ਼ਾਹਰਗ ਬਣ ਰਹੇ ਸਨ ਜਿੱਥੇ ਇਹ ਮਹਿਸੂਸ ਹੁੰਦਾ ਸੀ, ਜਿਵੇਂ ਦਰਬਾਰ ਸਾਹਿਬ ਕੰਪਲੈਕਸ ਵਿਚ ਹੋ ਰਹੇ ਇਕੱਠ ਖਾਲਸਾ ਪੰਥ ਦੀਆਂ ਰੀਝਾਂ ਦਾ ਅਨੁਵਾਦ ਹੋਵੇ।

ਮੇਰੀ ਕਲਮ ਏਨੀ ਜਾਨਦਾਰ ਤੇ ਜ਼ੋਰਾਵਰ ਤਾਂ ਨਹੀਂ ਕਿ ਉਹ ਉਸ ਦੌਰ ਦੇ ਭਰਪੂਰ ਨਜ਼ਾਰੇ ਇੰਨ ਬਿੰਨ ਪੇਸ਼ ਕਰ ਸਕੇ ਪਰ ਇਸਲਾਮ ਦੇ ਢਾਡੀ ਤੇ ਰੰਗ ਰੱਤੜੇ ਸ਼ਾਇਰ ਇਕਬਾਲ ਦੀ ਲੰਮੀ ਨਜ਼ਮ 'ਤਾਲੂਏ ਇਸਲਾਮ' ਵਿਚਲਾ ਇੱਕ ਸ਼ਿਅਰ ਉਸ ਦੌਰ ਦੇ ਰੂਹਾਨੀ ਦ੍ਰਿਸ਼ ਦੀ ਗਵਾਹੀ ਭਰੇਗਾ ਜੋ ਮੈਂ ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿ 'ਇਲਾਹੀ ਨਦਰ ਦੇ ਪੈਂਡੇ' ਵਿਚੋਂ ਲਿਆ ਹੈ ਅਤੇ ਜੋ ਕੁਝ ਇਸ ਤਰ੍ਹਾਂ ਤੁਹਾਡੀ ਰੂਹ ਨੂੰ ਵੀ ਸਰਸ਼ਾਰ ਕਰ ਦੇਵੇਗਾ:

'ਸੰਸਾਰ ਵਿਚ ਈਮਾਨ ਦੇ ਰੌਸ਼ਨ ਮੁਨਾਰੇ ਸੂਰਜ ਵਾਂਗ ਜ਼ਿੰਦਾ ਹੁੰਦੇ ਹਨ। ਕਦੇ ਇਸ ਪਾਸੇ ਡੁੱਬ ਕੇ ਉਧਰ ਜਾ ਚੜ੍ਹਦੇ ਹਨ ਅਤੇ ਕਦੇ ਉਧਰ ਡੁੱਬ ਕੇ ਏਧਰ ਵੱਲ ਉਦੈ ਹੁੰਦੇ ਹਨ'।

ਮੰਜੀ ਸਾਹਿਬ ਦੀਵਾਨ ਹਾਲ, ਤੇਜਾ ਸਿੰਘ ਸਮੁੰਦਰੀ ਹਾਲ, ਲੰਗਰ ਦੀ ਇਮਾਰਤ, ਗੁਰੂ ਨਾਨਕ ਨਿਵਾਸ ਅਤੇ ਸਰਾਵਾਂ ਦੀਆਂ ਰੌਣਕਾਂ ਤੋਂ ਇਹੋ ਮਹਿਸੂਸ ਹੁੰਦਾ ਸੀ, ਜਿਵੇਂ ਇਮਾਨ ਦੇ ਰੌਸ਼ਨ ਮੁਨਾਰਿਆਂ ਦਾ ਸੂਰਜ ਇੱਥੇ ਚੜ੍ਹ ਗਿਆ ਹੋਵੇ। ਇਹ ਨਜ਼ਾਰੇ ਦੇਖ ਕੇ ਇਉਂ ਵੀ ਮਹਿਸੂਸ ਹੁੰਦਾ ਸੀ ਕਿ ਜਿਨ੍ਹਾਂ ਬੀਰ ਰਸੀ ਅੰਦਾਜ਼ ਵਿਚ ਫਿਰਦੇ ਗੱਭਰੂਆਂ ਨੂੰ ਅੱਜ ਅਸੀਂ ਵੇਖ ਰਹੇ ਹਾਂ, ਉਹ ਕੱਲ੍ਹ ਨੂੰ ਨਹੀਂ ਰਹਿਣਗੇ। ਦਿਬ ਦ੍ਰਿਸ਼ਟੀ ਵਾਲੇ ਲੋਕਾਂ ਕੋਲ ਇਹ ਸੌਗਾਤ ਹੁੰਦੀ ਹੈ ਕਿ ਉਹ ਯੂਨਾਨੀ ਦੁਖਾਂਤ ਵਰਗੇ ਦ੍ਰਿਸ਼ ਪਹਿਲਾਂ ਹੀ ਦੇਖ ਲੈਂਦੇ ਹਨ ਜਦੋਂ ਅਜੇ ਸ਼ਹਾਦਤਾਂ ਦੀ ਝੜੀ ਲੱਗਣੀ ਹੁੰਦੀ ਹੈ। ਯੂਨਾਨੀ ਦੁਖਾਂਤ ਬਾਰੇ ਕਿਹਾ ਜਾਂਦਾ ਹੈ ਕਿ ਉਥੇ ਨਾਇਕ ਬਿਨਾਂ ਕਿਸੇ ਦੁਬਿਧਾ ਤੋਂ ਲਗਾਤਾਰ ਸ਼ਹਾਦਤ ਵੱਲ ਸਫਰ ਕਰਦਾ ਹੈ ਪਰ ਗਿਣਤੀ ਦੇ ਸੂਰਮਿਆਂ ਵਲੋਂ ਜਿਸ ਸਿਦਕ ਦ੍ਰਿੜਤਾ ਅਤੇ ਬਹਾਦਰੀ ਨਾਲ ਜੰਗ ਲੜੀ ਗਈ, ਉਸ ਦਲੇਰੀ ਦੀਆਂ ਅਣਗਿਣਤ ਪਰਤਾਂ ਵੇਖ ਸਕਣ ਵਾਲਾ ਨਜ਼ਰੀਆ ਵੀ ਅਜੇ ਸਾਹਮਣੇ ਨਹੀਂ ਆਇਆ ਅਤੇ ਜੁਝਾਰੂ ਲਹਿਰ ਨੂੰ ਵੇਖਣ ਵਾਲੀਆਂ ਉਨ੍ਹਾਂ ਸੂਖਮ ਨਿਗਾਹਾਂ ਦੀ ਵੀ ਤਲਾਸ਼ ਹੈ ਜੋ ਇਤਿਹਾਸ ਦੀ ਚਾਲ ਦੀ ਕਿਸੇ ਹੇਠਲੀ ਪਰਤ ਵਿਚ ਲੁਕੇ ਰਾਜ਼ ਦੀਆਂ ਹਾਣੀ ਬਣਦੀਆਂ ਹਨ।

ਉਪਰੋਕਤ ਚਾਰ ਘਟਨਾਵਾਂ ਦੀ ਸਮਝ ਦਾ ਉਹੀ ਰਾਜ਼ਦਾਨ ਬਣ ਸਕਦਾ ਹੈ ਜਿਸ ਕੋਲ ਘਟਨਾਵਾਂ, ਚੀਜ਼ਾਂ ਤੇ ਵਰਤਾਰਿਆਂ ਨੂੰ ਵੇਖਣ ਵਾਲੀ 'ਅਸਚਰਜ' ਨਿਗਾਹ ਹੋਵੇ, ਉਹ ਦ੍ਰਿਸ਼ਟੀਕੋਣ ਹੋਵੇ ਜਿਸ ਨੂੰ ਗੁਰਬਾਣੀ ਵਿਚ ਵਿਸਮਾਦ ਦਾ ਨਾਂ ਦਿੱਤਾ ਗਿਆ ਹੈ। ਵਿਸਮਾਦ ਆਪਣੇ ਆਪ ਵਿਚ ਇੱਕ ਨਿਜ਼ਾਮ ਹੈ, ਇੱਕ ਪ੍ਰਬੰਧ ਹੈ, ਇਹ ਪ੍ਰਧਾਨ-ਸੁਰ ਹੈ ਅਤੇ ਕਈ ਵਾਰ ਕੌਮ ਦੀ ਮੁੱਖ ਧਾਰਾ ਵੀ ਬਣ ਜਾਂਦੀ ਹੈ। ਪ੍ਰਭਸ਼ਰਨ-ਭਰਾਵਾਂ ਕੋਲ ਵਰਤਾਰਿਆਂ ਨੂੰ ਵੇਖਣ ਵਾਲੀ ਵਿਸਮਾਦ-ਨਜ਼ਰ ਵੀ ਹੈ ਅਤੇ ਉਹ ਦੁਨੀਆਂ ਵਿਚ ਅਣਗਿਣਤ ਰਸਤਿਆਂ ਉਤੇ ਤੁਰੇ ਜਾ ਰਹੇ ਲੋਕਾਂ ਦੇ ਪ੍ਰਮੁੱਖ ਤੇ ਸਾਂਝੇ ਮੁਹਾਣ ਨਾਲ ਵੀ ਜੁੜੇ ਹੋਏ ਹਨ। ਸੰਸਾਰ ਦੇ ਆਰਥਿਕ, ਰਾਜਨੀਤਕ, ਰੂਹਾਨੀ ਕੇਂਦਰਾਂ ਅਤੇ ਰੁਝਾਨਾਂ ਵਿਚ ਚੱਲ ਰਹੀਆਂ ਬਹਿਸਾਂ ਵਿਚ ਖਾਲਸਾ ਪੰਥ ਦਾ ਸਥਾਨ ਨਿਸ਼ਚਿਤ ਕਰਨ ਦੀ ਉਨ੍ਹਾਂ ਅੰਦਰ ਰੀਝ ਤੇ ਤਮੰਨਾ ਹੈ। ਬੱਸ ਇੱਥੇ ਹੀ ਪ੍ਰਭਸ਼ਰਨ-ਭਰਾ ਹੋਰ ਬੁੱਧੀਜੀਵੀਆਂ ਨਾਲੋਂ ਵੱਖਰੇ ਅਤੇ ਨਿਵੇਕਲੇ ਹੋ ਜਾਂਦੇ ਹਨ ਅਤੇ ਅਸਹਿਮਤ ਕਲਮਾਂ ਨਾਲ ਸੰਵਾਦ ਰਚਾਉਂਦੇ ਹਨ। ਇਹ ਸੰਵਾਦ ਬਿਨਾਂ ਸ਼ੱਕ ਕਦੇ ਤੀਬਰ, ਕਦੇ ਤੇਜ਼, ਕਦੇ ਕੌੜਾ ਮਿੱਠਾ, ਕਦੇ ਸਜੱਗ, ਕਦੇ ਪ੍ਰਚੰਡ, ਕਦੇ ਅਤਿ ਬਰੀਕ, ਕਦੇ ਸੰਵੇਦਨਸ਼ੀਲ ਅਤੇ ਕਦੇ ਉਚੀ ਸੁਰ ਵਿਚ ਹੋ ਸਕਦਾ ਹੈ ਪਰ ਕਿਸੇ ਉਘੇ ਲੇਖਕ ਮੁਤਾਬਕ ਇਤਿਹਾਸ ਸਦਾ ਹੀ ਘਾਹ ਵਾਂਗ ਹੀ ਚੁੱਪ-ਚਾਪ ਨਹੀਂ ਵਧਦਾ ਰਹਿੰਦਾ, ਕਦੇ ਕਦੇ ਇਸ ਦੇ ਕਿਸੇ ਪੜਾਅ ਵਿਚ ਗਰਜਵਾਂ ਨਾਦ ਵੀ ਹੁੰਦਾ ਹੈ। ਪ੍ਰਭਸ਼ਰਨ-ਭਰਾ ਇਸ ਗਰਜਵੇਂ ਨਾਦ ਦੀਆਂ ਕਈ ਪਰਤਾਂ ਦੇ ਗੰਭੀਰ ਰਾਜ਼ਦਾਨ ਹਨ ਅਤੇ ਆਪਣੀ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਦੇ, ਜ਼ਿੰਦਗੀ ਨੂੰ ਵਿੱਥ ਤੋਂ ਵੇਖਣ ਦਾ ਸ਼ੌਕ ਵੀ ਰੱਖਦੇ ਹਨ ਅਤੇ ਆਪਣਿਆਂ ਵਿਚ ਰਹਿ ਕੇ ਵੀ ਆਪਣੇ ਆਪ ਨੂੰ ਅਲੱਗ ਕਰ ਸਕਦੇ ਹਨ।

ਵੈਸੇ ਮੰਜ਼ਿਲਾਂ ਵਲ ਜਾਣ ਵਾਲੇ ਰਾਹ ਬਹੁਤੀ ਵਾਰ ਵਿੰਗੇ ਟੇਢੇ ਹੀ ਹੁੰਦੇ ਹਨ ਅਤੇ ਤੁਹਾਨੂੰ ਕੰਡਿਆਲੀਆਂ ਝਾੜੀਆਂ ਨਾਲ ਉਲਝਣਾ ਵੀ ਪੈਂਦਾ ਹੈ। ਅੱਜਕੱਲ੍ਹ ਪ੍ਰਭੂਤਾ ਸੰਪੰਨ ਸਿੱਖ ਸਟੇਟ ਖਾਲਿਸਤਾਨ ਬਾਰੇ ਸੋਸ਼ਲ ਮੀਡੀਆ ਉਤੇ ਚੱਲ ਰਹੀ ਗਰਮਾ-ਗਰਮ ਬਹਿਸ ਵਿਚ ਉਹ ਸਰਗਰਮ ਹਨ, ਸੁਚੇਤ ਹਨ, ਚੌਕਸ ਹਨ। ਉਂਜ ਝਗੜਾਲੂ ਸੁਭਾਵਾਂ ਵਾਲੇ ਲੋਕ ਵੀ ਬਹਿਸ ਵਿਚ ਆਉਂਦੇ ਜਾਂਦੇ ਹਨ। ਉਨ੍ਹਾਂ ਕੋਲ ਵਧੀਆ ਹੁਨਰ ਹੁੰਦਾ ਹੈ। ਉਹ ਸੂਈ ਵਾਂਗ ਅਛੋਪਲੇ ਬਹਿਸ ਦੇ ਵਿਹੜੇ ਵਿਚ ਵੜਦੇ ਹਨ ਅਤੇ ਵੇਖਦਿਆਂ-ਵੇਖਦਿਆਂ ਬੋਹੜ ਦੇ ਦਰੱਖਤ ਵਾਂਗ ਫੈਲ ਜਾਂਦੇ ਹਨ। ਇਹੋ ਜਿਹੇ ਵੀਰਾਂ ਨਾਲ ਵੀ ਨਜਿੱਠਣਾ ਪੈਂਦਾ ਹੈ ਤਾਂ ਜੋ ਬਹਿਸ ਅਕਾਦਮਕ ਦਾਇਰੇ ਵਿਚ ਹੀ ਰਹੇ ਅਤੇ ਮੰਜ਼ਿਲ ਵੱਲ ਸੇਧਿਤ ਰਹੇ।

ਜਦੋਂ ਮੈਂ ਵਿਸਮਾਦ ਨੂੰ ਜ਼ਿੰਦਗੀ ਦੇ ਵਰਤਾਰਿਆਂ ਨੂੰ ਦਿਸ਼ਾ ਦੇਣ ਲਈ ਨਜ਼ਰੀਏ ਦੇ ਤੌਰ ਤੇ ਵੇਖਦਾ ਹਾਂ ਤਾਂ ਮੇਰਾ ਇਹ ਯਕੀਨ ਹੁਣ ਪੱਕਾ ਹੁੰਦਾ ਜਾ ਰਿਹਾ ਹੈ ਕਿ ਇਸ ਤੋਂ ਅਗਲੇ ਧਰਮ ਯੁੱਧ ਜਾਂ ਸਿੱਖ ਸੰਘਰਸ਼ ਦੀ ਅਗਵਾਈ ਅਖੰਡ ਕੀਰਤਨੀ ਜਥਾ ਜਾਂ ਦਮਦਮੀ ਟਕਸਾਲ ਵਿਚੋਂ ਹੀ ਕੋਈ ਯੋਧਾ ਕਰੇਗਾ। ਇਸ ਧਾਰਨਾ ਦੇ

***(ਬਾਕੀ ਅਗਲੇ ਸਫੇ 'ਤੇ)***

# ਸਿੱਖ ਬੁਧੀਜੀਵੀਆਂ 'ਚ ਪ੍ਰਭਸ਼ਰਨ-ਭਰਾਵਾਂ ਦਾ ਸਥਾਨ ਅਤੇ ਮਹੱਤਤਾ

(ਪਿਛਲੇ ਸਫੇ ਦੀ ਬਾਕੀ)

ਠੋਸ ਆਧਾਰ ਇਸ ਲਈ ਮੌਜੂਦ ਹਨ, ਕਿਉਂਕਿ ਇਨ੍ਹਾਂ ਦੋਵਾਂ ਸੰਸਥਾਵਾਂ ਨਾਲ ਸਿੱਧੇ ਅਸਿੱਧੇ ਤੌਰ 'ਤੇ ਜੁੜੀਆਂ ਜਥੇਬੰਦੀਆਂ ਨੇ ਹੀ ਸਿੱਖ ਇਤਿਹਾਸ ਨੂੰ ਅਗਲੇ ਪੜਾਅ ਵਿਚ ਦਾਖਲ ਕੀਤਾ ਸੀ। ਇਨ੍ਹਾਂ ਹੀ ਜਥੇਬੰਦੀਆਂ ਕੋਲ ਉਸ ਡੂੰਘੀ ਪੀੜ ਅਤੇ ਦਰਦ ਦੇ ਵਿਸ਼ਾਲ ਅਨੁਭਵ ਅਤੇ ਤਜਰਬੇ ਹਨ ਜੋ ਇਨ੍ਹਾਂ ਨੇ ਹੱਡੀਂ ਹੰਢਾਏ ਹਨ। ਇਥੇ ਇਹ ਚੇਤੇ ਕਰਾਉਣਾ ਵੀ ਪ੍ਰਸੰਗ ਤੋਂ ਬਾਹਰਾ ਨਹੀਂ ਹੋਵੇਗਾ ਕਿ ਅਖੰਡ ਕੀਰਤਨੀ ਜਥਾ ਅਤੇ ਟਕਸਾਲ ਨਾਲ ਹਮਦਰਦੀ ਰੱਖਣ ਵਾਲੀਆਂ ਅਣਗਿਣਤ ਬੀਬੀਆਂ ਤੇ ਸਿੰਘ ਜਿੱਥੇ ਇੱਕ ਪਾਸੇ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਉਚੀਆਂ ਪੜ੍ਹਾਈਆਂ ਕਰ ਰਹੇ ਹਨ, ਉਥੇ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਅਤੇ ਪਿਛਲੇ ਸੰਘਰਸ਼ ਵਿਚ ਹੋਈਆਂ ਗੰਭੀਰ ਕਮੀਆਂ ਪੇਸ਼ੀਆਂ ਨੂੰ ਦੂਰ ਕਰ ਕੇ ਅਸਲੋਂ ਹੀ ਨਵੇਂ ਅੰਦਾਜ਼ ਵਿਚ ਨਵੀਂ ਰੌਸ਼ਨੀ ਵਿਚ ਸਿੱਖ ਕੌਮ ਦੀ ਅਗਵਾਈ ਕਰਨਗੇ ਅਤੇ ਆਜ਼ਾਦੀ ਲਈ ਪਹਿਰਾ ਦੇਣ ਵਾਲੀਆਂ ਤਮਾਮ ਰਾਜਸੀ ਤੇ ਧਾਰਮਿਕ ਜਥੇਬੰਦੀਆਂ ਇਨ੍ਹਾਂ ਸਿੰਘਾਂ ਦੀਆਂ ਸੰਗੀ ਸਾਥੀ ਹੋਣਗੀਆਂ। ਜਿੱਥੋਂ ਤੱਕ ਇਨ੍ਹਾਂ ਜਥੇਬੰਦੀਆਂ ਵਿਚ ਪਾਟੋ-ਧਾੜ ਦਾ ਮਸਲਾ ਹੈ, ਉਹ ਸਿਰਫ ਆਰਜ਼ੀ ਪੜਾਅ ਹੀ ਹੈ। ਜਿਵੇਂ ਖਾੜਕੂ ਸਿੰਘ ਚਰਨਜੀਤ ਸਿੰਘ ਚੰਨੀ ਅਤੇ ਭਾਈ ਅਨੋਖ ਸਿੰਘ ਦੀ ਗਲਵਕੜੀ ਨਾਲ ਨਵੀਂ ਪੰਥਕ ਕਮੇਟੀ ਨੇ ਨਵਾਂ ਇਤਿਹਾਸ ਸਿਰਜਿਆ ਸੀ, ਉਵੇਂ ਹੁਣ ਅਜਿਹੀ ਏਕਤਾ ਦੀਆਂ ਉਮੀਦਾਂ ਨੇ ਅਜੇ ਦਮ ਨਹੀਂ ਤੋੜਿਆ। ਮੈਨੂੰ ਉਮੀਦ ਹੈ ਕਿ ਇਨ੍ਹਾਂ ਜਥੇਬੰਦੀਆਂ ਨਾਲ ਜੁੜੇ ਦਾਨਿਸ਼ਵਰ ਸਮੇਂ ਦੀ ਨਬਜ਼ ਪਛਾਣ ਕੇ ਅਗੇ ਆਉਣਗੇ, ਕਿਉਂਕਿ ਉਹ ਜੁਝਾਰੂ ਲਹਿਰ ਦੀ ਵਿਰਾਸਤ ਹਨ।

ਇੱਕ ਹੋਰ ਗੱਲ ਵੀ ਹੋਰਨਾਂ ਬੁੱਧੀਜੀਵੀਆਂ ਨੂੰ ਪ੍ਰਭਸ਼ਰਨ-ਭਰਾਵਾਂ ਨਾਲੋਂ ਵੱਖ ਕਰਦੀ ਹੈ ਜਿਸ ਉਤੇ ਬਹਿਸ ਹੋ ਸਕਦੀ ਹੈ। ਜੇ ਇਨ੍ਹਾਂ ਬੁੱਧੀਜੀਵੀਆਂ ਦੀ ਸਿਧਾਂਤਕ ਜੜ੍ਹ ਨੂੰ ਫੜਿਆ ਜਾਵੇ ਅਤੇ ਪੱਤਿਆਂ ਤੇ ਟਾਹਣੀਆਂ ਤੋਂ ਹੀ ਆਪਣੀ ਅੰਤਿਮ ਰਾਏ ਨਾ ਬਣਾਈ ਜਾਵੇ ਤਾਂ ਪਤਾ ਲੱਗੇਗਾ ਕਿ ਸੁਖਦੇਵ ਸਿੰਘ, ਦਲਬੀਰ ਸਿੰਘ ਅਤੇ ਜਸਪਾਲ ਸਿੰਘ ਸਿੱਧੂ ਦਾ ਮਨ-ਮੰਦਰ ਘਟਨਾਵਾਂ ਅਤੇ ਵਰਤਾਰਿਆਂ ਨੂੰ ਵੇਖਣ ਵਿਚ ਬਾਹਰਮੁਖੀ ਦ੍ਰਿਸ਼ਟੀਕੋਣ ਹੀ ਅਪਣਾਉਂਦਾ ਹੈ ਅਤੇ ਇਹ ਦਾਨਿਸ਼ਵਰ ਅੰਤਰਮੁਖੀ ਦ੍ਰਿਸ਼ਟੀਕੋਣ ਵਲ ਕਦੇ-ਕਦੇ ਹੀ ਮੁੜਦੇ ਹਨ। ਜਦੋਂ ਕਦੇ ਕਿਤੇ ਮੁੜਦੇ ਵੀ ਹਨ ਤਾਂ ਮੁੜ ਕੇ ਵੀ ਬਾਹਰਮੁਖੀ ਦ੍ਰਿਸ਼ਟੀਕੋਣ ਦਾ ਪ੍ਰਭਾਵ ਵਧੇਰੇ ਕਬੂਲਦੇ ਹਨ। ਇਸ ਲਈ ਇਹ ਬੁੱਧੀਜੀਵੀ ਨਾ ਚਾਹੁੰਦਿਆਂ ਹੋਇਆਂ ਵੀ ਪਦਾਰਥਵਾਦ ਦੇ ਨਜ਼ਰੀਏ ਦੇ ਨਜ਼ਦੀਕ ਪਹੁੰਚ ਜਾਂਦੇ ਹਨ, ਭਾਵੇਂ ਉਸ ਨਜ਼ਰੀਏ ਪ੍ਰਤੀ ਉਲਾਰ ਵੀ ਨਹੀਂ ਹੁੰਦੇ। ਇਨ੍ਹਾਂ ਦੀ ਸਥਿਤੀ ਬਹੁਤ ਹੀ ਦੁਬਿਧਾ ਵਾਲੀ ਹੁੰਦੀ ਹੈ, ਕਿਉਂਕਿ ਇਹ ਸਿੱਖ ਘਟਨਾਵਾਂ ਅਤੇ ਵਰਤਾਰਿਆਂ ਨੂੰ ਵੀ ਬਾਹਰਮੁਖੀ ਨਜ਼ਰੀਏ ਤੋਂ ਹੀ ਪਰਖਦੇ ਹਨ। ਘਟਨਾਵਾਂ ਨੂੰ ਵਿਸਮਾਦ ਦੇ ਨਜ਼ਰੀਏ ਤੋਂ ਵੇਖਣਾ ਇਨ੍ਹਾਂ ਦੇ ਏਜੰਡੇ ਵਿਚ ਸ਼ਾਮਲ ਨਹੀਂ।

ਤੁਸੀਂ ਦੇਖਿਆ ਹੋਵੇਗਾ ਕਿ ਆਪਣੀ ਕਿਤਾਬ 'ਜੂਨ ਚੁਰਾਸੀ ਦੀ ਪੱਤਰਕਾਰੀ' ਵਿਚ ਜਸਪਾਲ ਸਿੰਘ ਸਿੱਧੂ ਘਟਨਾਵਾਂ ਦੇ ਇੰਨੇ ਨੇੜੇ ਹੁੰਦਿਆਂ ਹੋਇਆਂ ਵੀ ਘਟਨਾਵਾਂ ਵਿਚੋਂ ਵਿਸਮਾਦ ਜਾਂ ਅਸਚਰਜਤਾ ਦੀ ਖੁਸ਼ਬੂ ਦਾ ਅਨੁਭਵ ਨਹੀਂ ਕਰ ਸਕੇ ਅਤੇ ਨਾ ਹੀ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਨੂੰ ਦੂਰ ਦੀ ਅੱਖ ਨਾਲ ਵੇਖ ਸਕਣ ਦੀ ਰੀਝ ਪਾਲ ਸਕੇ। ਇਸੇ ਤਰ੍ਹਾਂ ਦਲਬੀਰ ਸਿੰਘ 'ਨੇੜਿਓਂ ਡਿੱਠੇ ਸੰਤ ਭਿੰਡਰਾਂ ਵਾਲੇ' ਅਤੇ ਹੋਰ ਕਿਤਾਬਾਂ ਲਿਖ ਕੇ ਵੀ ਉਸ ਨੇੜਤਾ ਦੀ ਥਾਹ ਨਾ ਪਾ ਸਕੇ ਜਿੱਥੇ ਰਹੱਸਮਈ ਇਨਕਲਾਬ ਦੇ ਕਿੰਨੇ ਫੁੱਲ ਖਿੜਦੇ ਰਹੇ ਸਨ। ਸੁਖਦੇਵ ਸਿੰਘ ਦੀਆਂ ਰਿਪੋਰਟਾਂ ਵਿਚ ਵੀ ਉਹ ਦਾਰਸ਼ਨਿਕ ਨੀਝ ਨਜ਼ਰ ਨਹੀਂ ਆਉਂਦੀ ਜਿਸ ਵਿਚ ਇਤਿਹਾਸ ਦੇ ਅਮੂਰਤ ਤੇ ਸਮੂਰਤ ਦ੍ਰਿਸ਼ ਇੱਕ ਥਾਂ ਤੇ ਮਿਲ ਗਏ ਹੋਣ।

ਇਤਿਹਾਸ ਨੂੰ ਵੇਖਣ ਵਾਲੀ ਉਹ ਨਜ਼ਰ ਚਾਹੀਦੀ ਹੈ ਜੋ ਭਾਈ ਨੰਦ ਲਾਲ ਜੀ ਕੋਲ ਸੀ ਜਿਸ ਨਾਲ ਉਹ ਦਸਮੇਸ਼ ਪਿਤਾ ਨੂੰ ਵੇਖ ਸਕੇ, ਸਮਝ ਸਕੇ ਜਦਕਿ ਹੋਰ ਕਈ ਲੋਕ ਨੇੜੇ ਰਹਿ ਕੇ ਵੀ ਉਸ ਤਰ੍ਹਾਂ ਨਾਲ ਨਹੀਂ ਵੇਖ ਸਕੇ। ਭਾਈ ਨੰਦ ਲਾਲ ਜੀ ਦਾ ਇਹ ਸ਼ਿਅਰ ਦੇਖੋ:

ਨਾਜ਼ਰਾਨਿ ਰੁਇ ਗੁਰੂ ਗੋਬਿੰਦ ਸਿੰਘ॥
ਮਸਤ ਹੱਕ ਦਰ ਕੂਏ ਗੁਰੂ ਗੋਬਿੰਦ ਸਿੰਘ॥

ਅਰਥਾਤ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਮੁੱਖ ਇੱਕ ਵਾਰ ਵੇਖ ਲਿਆ ਉਹ ਸਾਰੇ (ਅਨੰਦਪੁਰ ਦੀਆਂ ਗਲੀਆਂ ਵਿਚ) ਮਸਤਾਨੇ ਹੋ ਕੇ ਫਿਰੇ।

ਗੁਰਬਚਨ ਸਿੰਘ ਦੇਸ ਪੰਜਾਬ ਸਿੱਖ ਬੁਧੀਜੀਵੀਆਂ ਦੀਆਂ ਦੋਵਾਂ ਧਾਰਾਵਾਂ ਨਾਲੋਂ ਕੁਝ ਵੱਖਰੇ ਹਨ ਪਰ ਕੁਝ-ਕੁਝ ਪ੍ਰਭਸ਼ਰਨ-ਭਰਾਵਾਂ ਦੀਆਂ ਧਾਰਨਾਵਾਂ ਨਾਲ ਵੀ ਸਾਂਝ ਪਾਉਂਦੇ ਹਨ, ਜਦਕਿ ਬੁੱਧੀਜੀਵੀਆਂ ਦੀ ਦੂਜੀ ਵੰਨਗੀ ਦੇ ਲੱਛਣਾਂ ਨਾਲ ਵੀ ਉਨ੍ਹਾਂ ਦੀ ਨੇੜਤਾ ਹੈ। ਜਿਸ ਨੁਕਤੇ ਤੋਂ ਉਹ ਉਪਰੋਕਤ ਦੋਵਾਂ ਧਾਰਾਵਾਂ ਨਾਲੋਂ ਪੂਰੀ ਤਰ੍ਹਾਂ ਵੱਖਰੇ ਅਤੇ ਨਿਵੇਕਲੇ ਹਨ ਅਤੇ ਜਿੱਥੇ ਉਨ੍ਹਾਂ ਦਾ ਇਤਿਹਾਸਕ, ਯਾਦਗਾਰੀ ਤੇ ਮਾਣ ਕਰਨ ਵਾਲਾ ਸਥਾਨ ਹੈ ਅਤੇ ਜਿਹੜਾ ਅਜੇ ਤੱਕ ਪੰਥਕ ਸਫਾਂ ਅੰਦਰ ਅਣਗੌਲਿਆ ਤੇ ਅਣਪਛਾਤਾ ਹੈ, ਉਹ ਹੈ ਦਲਿਤਾਂ ਤੇ ਸਿੱਖਾਂ ਦੀ ਗਵਾਚੀ ਤੇ ਖੁਰ ਰਹੀ ਸਾਂਝ ਤੇ ਸ਼ਾਨ ਨੂੰ ਮੁੜ ਬਹਾਲ ਕਰਨਾ। ਉਨ੍ਹਾਂ ਦੀ ਦ੍ਰਿੜ ਧਾਰਨਾ ਹੈ ਕਿ ਇਨ੍ਹਾਂ ਦੋਵਾਂ ਦੀ ਸਾਂਝ ਨਾਲ ਹੀ ਪੰਜਾਬ ਆਰਥਿਕ ਤੇ ਰੂਹਾਨੀ ਖੁਸ਼ਹਾਲੀ ਵਲ ਅੱਗੇ ਵਧ ਸਕਦਾ ਹੈ। ਇਸ ਮਕਸਦ ਲਈ ਸਿੱਖੀ ਸਿਧਾਂਤਾਂ ਨੂੰ ਅਮਲ ਵਿਚ ਲਿਆਉਣ ਲਈ ਪਿਛਲੇ ਕਈ ਦਹਾਕਿਆਂ ਤੋਂ ਦਿਨ ਰਾਤ ਸਰਗਰਮ ਰਹਿਣਾ ਉਨ੍ਹਾਂ ਦੀ ਇੱਕੋ ਇੱਕ ਮੰਜ਼ਿਲ ਹੈ। ਵੈਸੇ ਇਹ ਹੈਰਾਨੀ ਤੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਸਬੰਧੀ ਅਜੇ ਹੋਰ ਕੋਈ ਸਕੂਲ ਆਫ ਥਾਟ ਉਭਰ ਕੇ ਸਾਹਮਣੇ ਨਹੀਂ ਆਇਆ ਜਿਸ ਨੇ ਦਲਿਤਾਂ ਤੇ ਸਿੱਖਾਂ ਦੀ ਸਾਂਝ ਪਵਾਉਣ ਲਈ ਕਿਸੇ ਠੋਸ ਨੀਤੀ ਨੂੰ ਅਮਲ ਵਿਚ ਲਿਆਂਦਾ ਹੋਵੇ ਜਾਂ ਕੋਈ ਵ੍ਹਾਈਟ ਪੇਪਰ ਹੀ ਵਜੂਦ ਵਿਚ ਆਇਆ ਹੋਵੇ। ਫਿਰ ਵੀ ਬਲਵਿੰਦਰ ਪਾਲ ਸਿੰਘ ਇਸ ਕਾਰਜ ਨੂੰ ਸੋਸ਼ਲ ਮੀਡੀਏ 'ਤੇ ਨੇਪਰੇ ਚਾੜ੍ਹਨ ਲਈ ਸੁਹਿਰਦ ਯਤਨ ਜ਼ਰੂਰ ਕਰ ਰਹੇ ਹਨ। ਉਂਜ ਸਰਦਾਰ ਜਗਜੀਤ ਸਿੰਘ (ਸਿੱਖ ਇਨਕਲਾਬ) ਦਾ ਸਿਧਾਂਤਕ ਪੱਖ ਤੋਂ ਇਸ ਮੁੱਦੇ ਤੇ ਵਿਸ਼ਲੇਸ਼ਣ ਕਮਾਲ ਦੀ ਹੱਦ ਤੱਕ ਪਹੁੰਚ ਗਿਆ ਹੈ।

ਗੁਰਬਚਨ ਸਿੰਘ ਦੇਸ ਪੰਜਾਬ ਜਿਸ ਨੁਕਤੇ ਤੋਂ ਪ੍ਰਭਸ਼ਰਨ-ਭਰਾਵਾਂ ਨਾਲ ਮਿਲਦੇ ਹਨ, ਉਹ ਹੈ ਖਾਲਿਸਤਾਨ ਪ੍ਰਤੀ ਉਨ੍ਹਾਂ ਦੀ ਵਿਚਾਰਧਾਰਕ ਹਮਦਰਦੀ ਤੇ ਪਿਆਰ। ਇਸ ਸਬੰਧ ਵਿਚ ਉਨ੍ਹਾਂ ਦੀ ਕਿਤਾਬ 'ਸੰਤ ਭਿੰਡਰਾਂ ਵਾਲੇ ਤੇ ਖਾਲਿਸਤਾਨੀ ਲਹਿਰ' ਵਿਚ ਬੇਗਮਪੁਰਾ ਤੇ ਹਲੀਮੀ ਰਾਜ ਦੀ ਵਿਆਖਿਆ ਕਰਨ ਵਿਚ ਉਨ੍ਹਾਂ ਦੇ ਯਤਨ ਭਾਵੇਂ ਮੁਕੰਮਲ ਤੇ ਬਹੁ-ਪਰਤੀ ਨਹੀਂ ਪਰ ਇਸ ਪਾਸੇ ਵੱਲ ਉਨ੍ਹਾਂ ਦਾ ਧਿਆਨ ਜਾਣਾ ਵੀ ਵਿਦਵਾਨਾਂ ਲਈ ਸ਼ੁਭ ਸ਼ਗਨ ਹੈ ਕਿਉਂਕਿ ਇਸ ਦਿਸ਼ਾ ਵਿਚ ਉਹ ਗੰਭੀਰ ਉਦਘਾਟਨ ਤਾਂ ਕਰ ਹੀ ਰਹੇ ਹਨ ਅਤੇ ਹੋਰ ਬੁੱਧੀਜੀਵੀਆਂ ਲਈ ਖਾਲਿਸਤਾਨ ਵਿਸ਼ੇ ਉਤੇ ਨਿੱਠ ਕੇ ਕੰਮ ਕਰਨ ਵਾਲੇ ਵਿਦਵਾਨਾਂ ਲਈ ਰਾਹ ਪੱਧਰਾ ਕਰ ਰਹੇ ਹਨ। ਗੁਰਬਚਨ ਸਿੰਘ ਦੀ ਪੁਸਤਕ ਰਾਜਨੀਤਕ ਸਮਝ ਨੂੰ ਆਪਣੇ ਹੀ ਢੰਗ ਨਾਲ ਖਾਲਿਸਤਾਨ ਵਲ ਲੈ ਕੇ ਜਾਂਦੀ ਹੈ। ਉਨ੍ਹਾਂ ਦੀ ਇਸ ਧਾਰਨਾ ਅੱਗੇ ਸਵਾਲ ਉਠਾਇਆ ਜਾ ਸਕਦਾ ਹੈ ਕਿ ਖਾਲਿਸਤਾਨੀ ਲਹਿਰ ਮਾਰਕਸਵਾਦੀ ਸ਼ਬਦਾਵਲੀ ਨਾਲ ਹੀ ਸੰਵਾਦ ਰਚਾ ਕੇ ਆਪਣੀ ਮੰਜ਼ਿਲ ਵਲ ਕਿਵੇ ਵਧ ਸਕਦੀ ਹੈ? ਇਸੇ ਤਰ੍ਹਾਂ ਕੁਦਰਤ ਦੇ ਸੰਕਲਪ ਅਤੇ ਇਸ ਦੀ ਮਹੱਤਤਾ ਬਾਰੇ ਵੀ ਉਨ੍ਹਾਂ ਦੇ ਵਿਚਾਰ ਗੰਭੀਰ ਬਹਿਸ ਦੀ ਮੰਗ ਕਰਦੇ ਹਨ। ਵੈਸੇ ਇਸ ਕਿਤਾਬ ਵਿਚ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਨੂੰ ਜਿਵੇਂ ਉਨ੍ਹਾਂ ਨੇ ਸੰਤ ਜੀ ਦੇ ਭਾਸ਼ਣਾਂ ਦੇ ਆਧਾਰ 'ਤੇ ਸਿਰਜਿਆ ਹੈ, ਉਹ ਅਜੇ ਤੱਕ ਕਿਸੇ ਹੋਰ ਲੇਖਕ ਦੇ ਹਿੱਸੇ ਨਹੀਂ ਆਇਆ।

ਵੈਸੇ 'ਹਿਸਟਰੀ ਆਫ ਸਿੱਖ ਸਟਰਗਲ' ਦੇ ਚਰਚਿਤ ਲੇਖਕ ਗੁਰਮੀਤ ਸਿੰਘ ਨੇ ਖਾਲਿਸਤਾਨ ਦੇ ਮੁੱਦੇ ਤੇ ਤੱਥਾਂ ਅਤੇ ਦਸਤਾਵੇਜ਼ਾਂ ਦੇ ਹਵਾਲਿਆਂ ਨਾਲ ਮਿਹਨਤ ਵਾਲਾ ਕੰਮ ਕੀਤਾ ਹੈ ਪਰ ਉਹ ਇਸ ਮਹਾਨ ਕਾਰਜ ਨੂੰ ਮੁਕੰਮਲ ਕਰਨ ਤੋਂ ਪਹਿਲਾਂ ਹੀ ਗੁਰੂ ਨੂੰ ਪਿਆਰੇ ਹੋ ਗਏ। ਨਿਊ ਜਰਸੀ ਤੋਂ ਸਰਦਾਰ ਯਾਦਵਿੰਦਰ ਸਿੰਘ ਨੇ ਹੁਣ ਇਸ ਗੰਭੀਰ ਪ੍ਰਾਜੈਕਟ ਨੂੰ ਮੁਕੰਮਲ ਕਰਨ ਦੀ ਜ਼ਿੰਮੇਵਾਰੀ ਲਈ ਹੈ। ਉਨ੍ਹਾਂ ਨਾਲ ਇੱਕ ਮੁਲਾਕਾਤ ਤੋਂ ਪਤਾ ਲੱਗਦਾ ਹੈ ਕਿ ਇਸ ਵਿਸ਼ੇ ਉਤੇ ਪੁਸਤਕ ਛੇਤੀ ਹੀ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਆਵੇਗੀ।

ਡਾ. ਅਮਰਜੀਤ ਸਿੰਘ ਪੰਥਕ ਕਮੇਟੀ ਤੋਂ ਵੀ ਉਮੀਦ ਹੈ ਕਿ ਉਹ ਵੀ ਇਸ ਅਣਗੌਲੇ ਮੁੱਦੇ 'ਤੇ ਵੱਡ ਆਕਾਰੀ ਪੁਸਤਕ ਪੰਥ ਨੂੰ ਭੇਟ ਕਰਨਗੇ, ਕਿਉਂਕਿ ਇਸ ਵਿਸ਼ੇ ਤੇ ਉਨ੍ਹਾਂ ਦਾ ਗੰਭੀਰ ਅਧਿਐਨ, ਵਿਸ਼ਾਲ ਅਨੁਭਵ ਤੇ ਅਣਥੱਕ ਘਾਲਣਾ ਦਾ ਸਫਰ ਬੇਹੱਦ ਪ੍ਰਸ਼ੰਸਾਯੋਗ ਹੈ।

ਡਾ. ਗੁਰਮੀਤ ਸਿੰਘ ਔਲਖ ਦੀ ਕਿਤਾਬ 'ਸਿੱਖ ਸਟਰਗਲ ਫਾਰ ਖਾਲਿਸਤਾਨ' ਦੋ ਜਿਲਦਾਂ ਵਿਚ ਮੁਕੰਮਲ ਕੀਤੀ ਗਈ ਹੈ ਅਤੇ ਇੰਟਰਨੈਸ਼ਨਲ ਸਿੱਖ ਆਰਗੇਨਾਈਜੇਸ਼ਨ ਨੇ ਛਾਪੀ ਹੈ। ਡਾ. ਔਲਖ ਹਾਵਰਡ ਮੈਡੀਕਲ ਸਕੂਲ, ਬੋਸਟਨ ਵਿਖੇ ਰਿਸਰਚ ਵਿਗਿਆਨੀ ਦੀ ਉਚੀ ਪਦਵੀ ਉਤੇ ਸਨ ਜਦੋਂ ਦਰਬਾਰ ਸਾਹਿਬ ਉਤੇ ਹਮਲੇ ਪਿੱਛੋਂ ਉਹ ਆਪਣੀ ਇਸ ਪਦਵੀ ਨੂੰ ਛੱਡ ਕੇ ਸਿੱਖਾਂ ਲਈ ਵੱਖਰੇ ਰਾਜ ਦੀ ਮੁਹਿੰਮ ਵਿਚ ਸ਼ਾਮਲ ਹੋ ਗਏ। ਇਸ ਉਦੇਸ਼ ਲਈ ਉਨ੍ਹਾਂ ਦੇ ਇਰਾਦੇ ਦੀ ਦ੍ਰਿੜਤਾ, ਲਗਨ, ਸਿਦਕ ਤੇ ਕਰੜੀ ਘਾਲਣਾ ਸੀ ਕਿ ਉਨ੍ਹਾਂ ਨੇ ਖਾਲਿਸਤਾਨ ਲਈ ਅਜਿਹੀ ਰਚਨਾ ਖਾਲਸਾ ਪੰਥ ਨੂੰ ਭੇਟ ਕੀਤੀ ਜਿਸ ਵਿਚ ਉਨੀ ਸੌ ਚੁਰਾਸੀ ਤੋਂ ਲੈ ਕੇ ਦੋ ਹਜ਼ਾਰ ਸੱਤ ਤੱਕ ਉਹ ਸਾਰੇ ਕੀਮਤੀ ਦਸਤਾਵੇਜ਼ ਸ਼ਾਮਲ ਹਨ, ਜਿਨ੍ਹਾਂ ਦਾ ਉਦੇਸ਼ ਅਮਰੀਕਾ ਦੀ ਪਾਰਲੀਮੈਂਟ (ਕਾਂਗਰਸ) ਵਿਚ ਖਾਲਿਸਤਾਨ ਦੀ ਮੰਜ਼ਿਲ ਲਈ ਹਮਾਇਤ ਵਾਸਤੇ ਤਕੜੀ ਲਾਬੀ ਤਿਆਰ ਕਰਨਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸਿਰਫ ਪ੍ਰਭੂਤਾ ਸੰਪੰਨ ਖਾਲਿਸਤਾਨ ਨਾਲ ਹੀ ਸਿੱਖ ਆਪਣੀ ਤਕਦੀਰ ਦੇ ਮਾਲਕ ਬਣ ਸਕਦੇ ਹਨ। ਇਹ ਰਚਨਾ ਖੋਜ ਵਿਦਿਆਰਥੀਆਂ ਅਤੇ ਅਮਰੀਕੀ ਕਾਂਗਰਸ ਵਿਚ ਪੇਸ਼ ਮਤਿਆਂ ਦਾ ਅਧਿਐਨ ਕਰਨ ਲਈ ਬੇਹੱਦ ਲਾਹੇਵੰਦ ਹੈ। ਇੱਥੇ ਇਹ ਵੀ ਚੇਤੇ ਕਰਾਇਆ ਜਾਂਦਾ ਹੈ ਕਿ ਡਾ. ਔਲਖ ਦੀਆਂ ਸੇਵਾਵਾਂ ਲਈ ਉਨ੍ਹਾਂ ਨੂੰ ਨੋਬਲ ਅਮਨ ਇਨਾਮ ਦੇਣ ਦੀ ਸਿਫਾਰਸ਼ ਕਰਦਾ ਮਤਾ ਵੀ ਅਮਰੀਕੀ ਕਾਂਗਰਸ ਵਿਚ ਪੇਸ਼ ਹੋਇਆ ਸੀ।

ਜਗਤਾਰ ਸਿੰਘ ਉਨ੍ਹਾਂ ਉਚ ਕੋਟੀ ਦੇ ਚੰਦ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਹਨ ਜਿਨ੍ਹਾਂ ਨੇ ਕਾਫੀ ਲੰਮਾ ਅਰਸਾ 'ਇੰਡੀਅਨ ਐਕਸਪ੍ਰੈੱਸ' ਵਿਚ ਕੰਮ ਕੀਤਾ। ਉਦੋਂ ਤੋਂ ਲੈ ਕੇ ਹੁਣ ਤੱਕ ਉਹ ਸਿੱਖ ਮਾਮਲਿਆਂ ਨਾਲ ਬਾਕਾਇਦਾ ਜੁੜੇ ਆ ਰਹੇ ਹਨ। ਉਨ੍ਹਾਂ ਦੀ ਪੁਸਤਕ 'ਖਾਲਿਸਤਾਨ ਸਟਰੱਗਲ-ਏ ਨਾਨ ਮੂਵਮੈਂਟ' ਅਸਲ ਵਿਚ ਉਨ੍ਹਾਂ ਦੇ ਨਿੱਜੀ ਅਨੁਭਵਾਂ ਅਤੇ ਖਾੜਕੂ ਲਹਿਰ ਦੀਆਂ ਘਟਨਾਵਾਂ ਦਾ ਸੰਗਮ ਹੈ। ਉਨ੍ਹਾਂ ਨੇ ਧਰਮ ਯੁੱਧ ਮੋਰਚੇ ਦੇ ਅਸਲ ਕੇਂਦਰ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਨੂੰ ਬਹੁਪਰਤੀ ਨਜ਼ਰੀਏ ਤੋਂ ਵੇਖਿਆ ਤੇ ਸਮਝਿਆ। ਇਸ ਤੋਂ ਇਲਾਵਾ ਉਹ ਸਰਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਨਜ਼ਦੀਕ ਰਹੇ ਹਨ ਜੋ ਖਾਲਿਸਤਾਨ ਦੇ ਨਿਸ਼ਾਨੇ ਤੋਂ ਦੂਰ ਰਹਿ ਕੇ ਵੀ ਅਤਿ ਨੇੜੇ ਸਨ। ਖਾੜਕੂ ਲਹਿਰ ਬਾਰੇ ਜਗਤਾਰ ਸਿੰਘ ਦੀ ਤਾਜ਼ਾ ਪੁਸਤਕ ਕਿਸੇ ਸਮੇਂ ਵੀ ਪਾਠਕਾਂ ਦੇ ਹੱਥਾਂ ਵਿਚ ਆ ਸਕਦੀ ਹੈ ਜਿਸ ਵਿਚ ਇਸ ਲਹਿਰ ਦੇ ਅਣਫੋਲੇ ਅਤੇ ਅਣਗੌਲੇ ਵਰਕੇ ਸਾਹਮਣੇ ਆਉਣਗੇ।

ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਦੀ ਪੁਸਤਕ 'ਨੀਂਹ ਰੱਖੀ ਗਈ' ਉਸ ਦੌਰ ਦੀਆਂ ਅਹਿਮ ਘਟਨਾਵਾਂ ਨਾਲ ਸਬੰਧਿਤ ਹੈ। ਇਹ ਪੱਤਰਕਾਰ ਜਲੰਧਰ ਸਥਿਤ ਅਕਾਲੀ ਪੱਤ੍ਰਿਕਾ ਅਖਬਾਰ ਨਾਲ ਜੁੜਿਆ ਹੋਇਆ ਸੀ ਜਿਸ ਵਿਚ ਧਰਮ ਯੁੱਧ ਮੋਰਚਾ ਤੇ ਵਿਸ਼ੇਸ਼ ਕਰ ਕੇ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਅਤੇ ਉਨ੍ਹਾਂ ਨਾਲ ਜੁੜੀਆਂ ਸਰਗਰਮੀਆਂ ਨੂੰ ਪ੍ਰਮੁੱਖ ਸਥਾਨ ਮਿਲਦਾ ਸੀ।

ਗੁਰਭਗਤ ਸਿੰਘ ਚਿੰਤਨ ਦੀ ਵਿਆਖਿਆ ਅਤੇ ਇਸ ਚਿੰਤਨ ਦਾ ਵੰਨ-ਸਵੰਨਾ ਸਫਰ ਬਿਆਨ ਕਰ ਸਕਣਾ ਵੀ ਦਿਲਚਸਪ ਅਤੇ ਮੁਸ਼ਕਿਲ ਕਾਰਜ ਹੈ। ਮੇਰਾ ਖਿਆਲ ਹੈ ਕਿ ਪੁਸਤਕ 'ਵਿਸਮਾਦੀ ਪੂੰਜੀ' ਉਨ੍ਹਾਂ ਦੇ ਚਿੰਤਨ ਦੀ ਸਿਖਰ ਹੈ। ਇਉਂ ਲੱਗਦਾ ਹੈ, ਜਿਵੇਂ ਗੁਰੂ ਗ੍ਰੰਥ ਸਾਹਿਬ ਦਾ ਤਰਜਮਾ ਕਰਨ ਸਮੇਂ ਉਹ 'ਅੰਦਰ' ਵੱਲ ਮੁੜੇ ਅਤੇ 'ਅੰਤਰਿ ਬਾਹਰਿ ਏਕੁ ਦਿਖਾਇਆ' ਦੀ ਤਹਿ-ਦਰ-ਤਹਿ ਅਵਸਥਾ ਦੀ ਯਾਤਰਾ ਕਰਦਿਆਂ ਵਿਸਮਾਦ ਦੀ ਅਵਸਥਾ ਤੱਕ ਪਹੁੰਚ ਗਏ ਅਤੇ ਇੰਜ 'ਵਿਸਮਾਦੀ ਪੂੰਜੀ' ਪੁਸਤਕ ਉਨ੍ਹਾਂ ਦੇ ਚਿੰਤਨ ਦੀ ਅਭੁੱਲ ਯਾਦਗਾਰ ਹੋ ਨਿੱਬੜੀ। ਜੇ ਪੂੰਜੀ (ਕੈਪੀਟਲ) ਦਾ ਰਿਸ਼ਤਾ ਨਫੇ ਦੀ ਥਾਂ ਕਿਤੇ ਵਿਸਮਾਦ ਨਾਲ ਜੁੜ ਜਾਵੇ ਤਾਂ ਇਸ ਨਾਲ ਹੈਰਾਨਗੀ ਦਾ ਆਲਮ ਸਮਾਜਿਕ ਤੇ ਰਾਜਨੀਤਕ ਰਿਸ਼ਤਿਆਂ ਵਿਚ ਚਮਤਕਾਰ ਵਾਪਰਨ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰ ਸਕਦਾ ਹੈ। ਸਿੱਖੀ ਦੇ ਆਰਥਕ ਤੇ ਰਾਜਨੀਤਕ ਸਫਰ ਨੂੰ ਜਿਵੇਂ ਉਨ੍ਹਾਂ ਨੇ ਵੇਖਣ ਦਾ ਨਿਵੇਕਲਾ ਵਿਚਾਰ ਸਾਹਮਣੇ ਲਿਆਂਦਾ ਅਤੇ ਇਸ ਉਦੇਸ਼ ਨੂੰ ਵਿਸ਼ੇਸ਼ ਤਰਜੀਹ ਦਿੱਤੀ, ਉਸ ਵਲ ਭਾਈ ਵੀਰ ਸਿੰਘ ਅਤੇ ਪ੍ਰੋਫੈਸਰ ਪੂਰਨ ਸਿੰਘ ਦਾ ਧਿਆਨ ਵੀ ਨਹੀਂ ਗਿਆ। ਦਰਬਾਰ ਸਾਹਿਬ ਦੇ ਸਾਕੇ ਦੇ ਨੇੜਲੇ ਦੌਰ ਵਿਚ ਉਹ 'ਪੰਜਾਬੀ ਕੌਮ' ਦੇ ਸੰਕਲਪ ਨੂੰ ਉਭਾਰ ਕੇ ਸਾਹਮਣੇ ਲਿਆ ਰਹੇ ਸਨ ਪਰ ਮਗਰਲੀਆਂ ਰਚਨਾਵਾਂ ਵਿਚ ਉਹ ਕਨਫੈਡਰੇਸ਼ਨ ਦੇ ਨਜ਼ਦੀਕ ਜਾਪਦੇ ਹਨ ਅਤੇ ਸਿੱਖ ਸਾਵਰਨ ਸਟੇਟ ਖਾਲਿਸਤਾਨ ਉਨ੍ਹਾਂ ਦੀ ਮੰਜ਼ਿਲ ਦਾ ਹਿੱਸਾ ਅਜੇ ਸ਼ਾਇਦ ਨਹੀਂ ਸੀ ਬਣੀ। ਵੈਸੇ 'ਅੰਮ੍ਰਿਤਸਰ ਐਲਾਨਨਾਮੇ' ਦਾ ਖਰੜਾ ਉਨ੍ਹਾਂ ਨੇ ਹੀ ਤਿਆਰ ਕੀਤਾ ਸੀ ਜਿਸ ਵਿਚ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਸਰਕਾਰ ਆਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਉਤਰੀ ਭਾਰਤ ਵਿਚ ਸਿੱਖਾਂ ਲਈ ਵਿਸ਼ੇਸ਼ ਸਥਾਨ ਦੇਣ ਦੇ ਆਪਣੇ ਵਾਅਦਿਆਂ ਨੂੰ ਪੂਰਾ ਨਹੀਂ ਕਰਦੀ ਤਾਂ ਸਿੱਖ ਕੌਮ ਸਾਵਰਨ ਸਿੱਖ ਸਟੇਟ ਦੀ ਮੰਗ ਕਰੇਗੀ।

ਅਜਮੇਰ ਸਿੰਘ ਬਹਿਸ ਵਿਚ ਆਏ ਬੁੱਧੀਜੀਵੀਆਂ ਨਾਲੋਂ ਅਸਲੋਂ ਹੀ ਵੱਖਰੇ ਧਰਾਤਲ 'ਤੇ ਖਲੋਤੇ ਨਜ਼ਰ ਆਉਂਦੇ ਹਨ। ਉਹ ਰੂਹਾਨੀਅਤ ਦਾ ਵਿਸ਼ਾ ਲੈ ਕੇ ਅੱਜਕੱਲ੍ਹ ਮੈਦਾਨ ਵਿਚ ਉਤਰੇ ਹਨ ਜਦਕਿ ਪਹਿਲੀਆਂ ਕਿਤਾਬਾਂ ਵਿਚ ਇਹ ਵਿਸ਼ਾ ਉਨ੍ਹਾਂ ਦੇ ਵਿਸ਼ਲੇਸ਼ਣ ਵਿਚ ਕਰੀਬ ਕਰੀਬ ਅਛੋਹ ਹੀ ਰਿਹਾ। ਉਨ੍ਹਾਂ ਦੀ ਧਾਰਨਾ ਹੈ ਕਿ ਸਿੱਖ ਸੰਘਰਸ਼ ਵਿਚ ਇਸ ਮਹਾਨ ਬਰਕਤ ਦੀ ਅਣਹੋਂਦ ਹੀ ਰਹੀ। ਵੈਸੇ ਰੂਹਾਨੀਅਤ ਦੀਆਂ ਡੂੰਘੀਆਂ ਰਮਜ਼ਾਂ ਨਾਲ ਨਾ ਤਾਂ ਉਨ੍ਹਾਂ ਨੇ ਲੈਕਚਰਾਂ ਰਾਹੀਂ ਕਿਤੇ ਸਾਂਝ ਪੁਆਈ ਅਤੇ ਨਾ ਹੀ ਜੁਝਾਰੂ ਲਹਿਰ ਵਿਚ ਕਈ ਥਾਵਾਂ ਤੇ ਵਾਪਰੇ ਅਲੌਕਿਕ ਨਜ਼ਾਰੇ ਉਨ੍ਹਾਂ ਦੇ ਵਿਸ਼ਲੇਸ਼ਣ ਵਿਚ ਹਾਜ਼ਰ ਨਾਜ਼ਰ ਰਹੇ। ਖੈਰ, ਰੂਹਾਨੀਅਤ ਸਿੱਖ ਸੰਘਰਸ਼ ਵਿਚ ਕਿਵੇਂ ਅਦਿਸ ਤੇ ਪ੍ਰਤੱਖ ਰੂਪ ਵਿਚ ਸਹਿਜ ਸੁਭਾਅ ਹੀ ਪ੍ਰਵੇਸ਼ ਕਰਦੀ ਹੈ, ਇਸ ਗੁੰਝਲਦਾਰ ਵਿਸ਼ੇ ਨੂੰ ਕਿਸੇ ਹੋਰ ਥਾਂ 'ਤੇ ਗੰਭੀਰ ਬਹਿਸ ਵਿਚ ਲਿਆਂਦਾ ਜਾਵੇਗਾ।

ਪਰ ਕੀ ਅਜਮੇਰ ਸਿੰਘ ਦੀਆਂ ਲਿਖਤਾਂ ਪਾਠਕਾਂ ਦੇ ਦਿਲਾਂ ਵਿਚ ਕੋਈ ਥਾਂ ਹੀ ਨਹੀਂ ਬਣਾਉਂਦੀਆਂ? ਕੀ ਇਤਿਹਾਸ ਵਿਚ ਉਨ੍ਹਾਂ ਦਾ ਕੋਈ ਸਥਾਨ ਹੀ ਨਹੀਂ? ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਈ ਪੂਰਾ ਚੌਕਸ ਰਹਿਣਾ ਪਵੇਗਾ, ਬੜੀ ਸਾਵਧਾਨੀ ਵਰਤਣੀ ਪਵੇਗੀ- ਅਜਿਹੀ ਸਾਵਧਾਨੀ ਜਿਸ ਵਿਚ ਸੁਹਿਰਦਤਾ ਵੀ ਹੋਵੇ, ਤੱਥ ਆਧਾਰਿਤ ਸ਼ੰਕੇ ਵੀ ਹੋਣ ਅਤੇ ਵੱਖ-ਵੱਖ ਪਾਠਕਾਂ ਦੀ ਸੋਚ-ਪੱਧਰ ਦੀਆਂ ਵੰਨਗੀਆਂ ਨੂੰ ਵੀ ਵਿਸ਼ਲੇਸ਼ਣ ਵਿਚ ਸ਼ਾਮਿਲ ਕੀਤਾ ਜਾਵੇ।

ਅਜਮੇਰ ਸਿੰਘ ਕੋਲ ਤੱਥਾਂ ਦੀ ਚੋਣ ਅਤੇ ਉਨ੍ਹਾਂ ਤੱਥਾਂ ਨੂੰ ਆਪਣੇ ਹੱਕ ਵਿਚ ਭਗਤਾਉਣ ਦਾ ਬਾਰੀਕ ਹੁਨਰ ਹੈ। ਇਸ ਹੁਨਰ ਨਾਲ ਉਹ ਜਜ਼ਬਿਆਂ ਦਾ ਮਾਹੌਲ ਸਿਰਜ ਕੇ ਹਰ ਵੰਨਗੀ ਦੇ ਪਾਠਕ ਨੂੰ ਆਪਣੇ ਵਲ ਖਿੱਚਦੇ ਹਨ ਅਤੇ ਇਸ ਹਦ ਤਕ ਖਿੱਚ ਲੈਂਦੇ ਹਨ ਕਿ ਆਪਣਾ ਹੀ ਬਣਾ ਲੈਂਦੇ ਹਨ ਪਰ ਉਚੀ ਪੱਧਰ ਦੀ ਰਾਜਨੀਤਕ ਵੰਨਗੀ ਨਾਲ ਜੁੜੇ ਸੁਘੜ ਸਿਆਣੇ ਇਨ੍ਹਾਂ ਜਜ਼ਬਿਆਂ ਤੋਂ ਅਣਭਿੱਜ ਵੀ ਰਹਿੰਦੇ ਹਨ। ਪ੍ਰਭਸ਼ਰਨ-ਭਰਾ ਇਸ ਵੰਨਗੀ ਨਾਲ ਜੁੜੇ ਹੋਏ ਹਨ ਅਤੇ ਆਪਣੇ ਢੰਗ ਨਾਲ ਅਗਵਾਈ ਵੀ ਕਰ ਰਹੇ ਹਨ। ਉਹ ਉਸ ਥਾਂ ਦੀ ਪੈੜ ਕੱਢ ਲੈਂਦੇ ਹਨ, ਜਿਥੋਂ ਸ. ਅਜਮੇਰ ਸਿੰਘ ਦਾ ਇਨ੍ਹਾਂ ਜਜ਼ਬਿਆਂ ਨੂੰ ਅੰਤਿਮ ਸੇਧ ਦੇਣ ਦਾ ਪ੍ਰਾਜੈਕਟ ਹੈ, ਜਿਸ ਬਾਰੇ ਪ੍ਰਭਸ਼ਰਨ-ਭਰਾਵਾਂ ਦੀ ਧਾਰਨਾ ਹੈ ਕਿ ਉਹ ਮਿਸ਼ਨ ਪਹਿਲੀ ਕਿਤਾਬ ਤੋਂ ਹੀ ਮਿਥਿਆ ਹੋਇਆ ਸੀ, ਹਾਲਾਂਕਿ ਮੈਂ ਇਸ ਧਾਰਨਾ ਨਾਲ ਅਜੇ ਪੂਰੀ ਤਰ੍ਹਾਂ ਸਹਿਮਤ ਨਹੀਂ। ਇਹ ਭਰਾ ਗੱਜ ਵੱਜ ਕੇ ਇਸੇ ਨੁਕਤੇ ਨੂੰ ਐਨ ਕੇਂਦਰ ਵਿਚ ਰੱਖ ਕੇ ਡਿਬੇਟ ਵਿਚ ਸਰਗਰਮ ਹਨ ਅਤੇ ਨਿਰਮਲ ਚੇਤਨਾ ਦਾ ਅਜਿਹਾ ਸੰਸਾਰ ਸਿਰਜਣਾ ਚਾਹੁੰਦੇ ਹਨ ਜਿਥੇ ਪਾਠਕ ਖੁੱਲ੍ਹੀਆਂ ਅੱਖਾਂ ਨਾਲ ਉਨ੍ਹਾਂ ਤਮਾਮ ਲਿਖਤਾਂ, ਸੁਭਾਵਾਂ, ਝੁਕਾਵਾਂ, ਬੰਦਿਆਂ ਅਤੇ ਵਰਤਾਰਿਆਂ ਨੂੰ ਪੜ੍ਹ ਸਕਣ, ਬੁਝ ਸਕਣ ਜੋ ਖੁਣਸੀ ਚੇਤਨਾ ਰਾਹੀਂ ਸਿੱਖ ਕੌਮ ਨੂੰ ਸਾਵਰਨ ਸਿੱਖ ਸਟੇਟ ਖਾਲਿਸਤਾਨ ਤੋਂ ਦੂਰ-ਦੂਰ ਰੱਖ ਰਹੇ ਹਨ। ਇਨ੍ਹਾਂ ਦੀ ਇਹ ਧਾਰਨਾ ਵੀ ਹੈ ਕਿ ਅਜਮੇਰ ਸਿੰਘ ਨੇ ਆਪਣੇ ਸਮਰਥਕਾਂ ਨੂੰ ਹੁਣ ਇਸ ਅਵਸਥਾ 'ਤੇ ਪੁਚਾ ਦਿੱਤਾ ਹੈ ਜਿਥੇ ਉਨ੍ਹਾਂ ਨੂੰ ਆਪਣੇ ਆਪ ਨੂੰ ਨਫਰਤ ਕਰਨ ਵਿਚ ਅਜੀਬ ਕਿਸਮ ਦਾ ਸਕੂਨ ਮਿਲਦਾ ਹੈ। ਪ੍ਰਭਸ਼ਰਨ-ਭਰਾ ਅਜਮੇਰ ਸਿੰਘ ਦੇ ਸਮਰਥਕਾਂ ਨੂੰ ਵੀ ਖੁੱਲ੍ਹੀ ਚੁਣੌਤੀ ਦੇ ਰਹੇ ਹਨ ਅਤੇ ਇਲਜ਼ਾਮ-ਤਰਾਸ਼ੀ ਦਾ ਸ਼ੌਕ ਪਾਲਣ ਵਾਲੇ ਭਰਾਵਾਂ ਨੂੰ ਵੀ ਮੁੱਦੇ ਉਤੇ ਲਿਆਉਣ ਅਤੇ ਮੁੱਦੇ ਉਤੇ ਗੰਭੀਰ ਬਹਿਸ ਕਰਨ ਦਾ ਸੱਦਾ ਦਿੰਦੇ ਹਨ। ਵੈਸੇ ਅਜੇ ਤੱਕ ਅਜਮੇਰ ਸਿੰਘ ਦਾ ਇੱਕ ਵੀ ਸਮਰਥਕ ਉਨ੍ਹਾਂ ਦੀਆਂ ਲਿਖਤਾਂ ਦੇ ਆਧਾਰ 'ਤੇ ਕੋਈ ਅਜਿਹੀ ਲਿਖਤ ਪੇਸ਼ ਨਹੀਂ ਕਰ ਸਕਿਆ ਜਿਸ ਵਿਚ ਉਨ੍ਹਾਂ ਵਲੋਂ ਖਾਲਿਸਤਾਨ ਤੋਂ ਦੂਰੀ ਬਣਾਉਣ ਦੇ ਠੋਸ ਆਧਾਰ ਸਿਰਜੇ ਹੋਣ ਅਤੇ ਨਾ ਹੀ ਉਨ੍ਹਾਂ ਦੀ ਸੁਨਹਿਰੀ ਚੁੱਪ ਨੂੰ ਅਜੇ ਕਿਸੇ ਨੇ ਢੁੱਕਵੇਂ ਸ਼ਬਦ ਦਿੱਤੇ ਹਨ।

ਗੁਰਬਚਨ ਸਿੰਘ ਦੇਸ਼ ਪੰਜਾਬ ਨੂੰ ਛੱਡ ਕੇ ਬਾਕੀ ਸਾਰੇ ਦਾਨਿਸ਼ਵਰ ਸਿੱਖ ਵਿਵੇਕ ਦੇ ਵੱਖ-ਵੱਖ ਪੜਾਵਾਂ ਉਤੇ ਖੜ੍ਹੇ ਹਨ। ਇਹ ਸਾਰੇ ਸੁਹਿਰਦ ਅਤੇ ਸੰਜੀਦਾ ਹਨ ਪਰ ਇਨ੍ਹਾਂ ਸਭਨਾਂ ਦੀ ਰਾਜਨੀਤਕ ਚੇਤਨਤਾ ਦਾ ਵਿਵੇਕ ਭਾਰਤ ਦੀ ਬਹੁਗਿਣਤੀ ਦੇ ਗਿਆਨ-ਪ੍ਰਬੰਧ ਦੇ ਪ੍ਰਭਾਵ/ਦਬਾਅ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ, ਭਾਵੇਂ ਇਹ ਵੀ ਹਕੀਕਤ ਹੈ ਕਿ ਸਿੱਖੀ ਦੇ ਨਿਰਮਲ ਸਰੂਪ ਨੂੰ ਤਰੋਤਾਜ਼ਾ ਰੱਖਣ ਲਈ ਉਹ ਪੰਥ ਦੀ ਵੱਖਰੀ ਹੋਂਦ ਨੂੰ ਵਾਰ-ਵਾਰ ਜਤਲਾਉਂਦੇ ਰਹਿੰਦੇ ਹਨ ਪਰ ਖਿੰਡੇ ਰੂਪ ਵਿਚ ਅਤੇ ਅੰਤ ਨੂੰ ਬਹੁ ਗਿਣਤੀ ਦੀ ਤਰਜ਼ੇ-ਜ਼ਿੰਦਗੀ ਦੇ ਵੱਡੇ ਬੋਹੜ ਹੇਠ ਹੀ ਵੱਡੇ ਹੋਣਾ ਚਾਹੁੰਦੇ ਹਨ। ਇਹ ਉਨ੍ਹਾਂ ਦੀ ਦਰਦਨਾਕ ਸੀਮਾ ਅਤੇ ਬੇਵਸੀ ਹੈ ਅਤੇ ਇਹ ਵੀ ਦਿਲਚਸਪ ਹਕੀਕਤ ਹੈ ਕਿ ਆਪਣੀ ਇਸ ਸੀਮਾ ਅਤੇ ਬੇਵਸੀ ਨੂੰ ਸਿੱਧ ਕਰਨ ਲਈ ਉਨ੍ਹਾਂ ਕੋਲ ਵੰਨ-ਸਵੰਨੀਆਂ ਦਲੀਲਾਂ ਦੀ ਭਰਮਾਰ ਹੁੰਦੀ ਹੈ।

ਬਸ, ਇਥੇ ਹੀ ਪ੍ਰਭਸ਼ਰਨ-ਭਰਾ ਸਿੱਖ ਦਾਨਿਸ਼ਵਰਾਂ ਨਾਲੋਂ ਵਖਰੇ ਅਤੇ ਨਿਵੇਕਲੇ ਨਜ਼ਰ ਆਉਂਦੇ ਹਨ ਪਰ ਦਾਨਿਸ਼ਵਰਾਂ ਵਿਚਕਾਰ ਸਿਹਤਮੰਦ ਮੁਕਾਬਲੇ ਹੁੰਦੇ ਰਹਿਣੇ ਚਾਹੀਦੇ ਹਨ। ਬਹਿਸ ਦੀ ਅੰਤਿਮ ਸਿਖਰ ਨੂੰ ਛੂਹਣ ਵਾਲੇ ਦੌਰ ਆਉਣੇ ਚਾਹੀਦੇ ਹਨ। ਸਿਰਫ ਅਜਿਹਾ ਕਰਨ ਨਾਲ ਹੀ ਮਨੁੱਖਾਂ ਦੇ ਸੂਖਮ ਗੁਣ ਬਾਹਰ ਆ ਸਕਣਗੇ।

# ਜੂਨ 84 ਦਾ ਘੱਲੂਘਾਰਾ: ਸਰੀਰਕ ਤੇ ਬਿਰਤਾਂਤਕ ਹਿੰਸਾ ਨੂੰ ਸਮਝਦਿਆਂ

(ਸਫਾ 13 ਦੀ ਬਾਕੀ)

ਪ੍ਰਤੀਬੱਧਤਾ ਦੀ ਇਸ ਐਲਾਨ ਪਿੱਛੇ ਵੱਡੀ ਭੂਮਿਕਾ ਸੀ। ਖਾਲਿਸਤਾਨ ਦੇ ਨਿਸ਼ਾਨੇ 'ਤੇ ਬਾਹਰੋਂ ਹਮਲੇ ਕਰਨ ਵਾਲਿਆਂ ਵਿਚ ਹਿੰਦੂ ਅਤੇ ਖੱਬੇ-ਪੱਖੀ ਧਿਰਾਂ ਦੇ ਅਨੇਕ ਜਥੇਬੰਦੀਆਂ ਅਤੇ ਅਦਾਰੇ ਸਰਗਰਮ ਸਨ। ਇਨ੍ਹਾਂ ਵਿਚ ਨਵਾਂ ਜ਼ਮਾਨਾ ਅਤੇ ਸੁਰਖ ਰੇਖਾ ਤੋਂ ਬਿਨਾ ਅਨੇਕ ਵੱਡੇ-ਛੋਟੇ ਅਖਬਾਰ ਤੇ ਰਸਾਲੇ ਇਸ ਪਾਸੇ ਲੱਗੇ ਹੋਏ ਸਨ। ਇਨ੍ਹਾਂ ਦਾ ਨਿਸ਼ਾਨਾ ਸਿੱਖ ਜਨਤਾ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਪਾਸੇ ਲਿਜਾਣਾ ਸੀ। ਜਦੋਂ ਕਿ ਲਹਿਰ ਦੇ ਅੰਦਰ ਵੜੇ ਕਾਮਰੇਡਾਂ ਦਾ ਮਕਸਦ ਸਿੱਖ ਆਗੂਆਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾਉਣਾ ਸੀ।

ਸਿੱਖਾਂ ਦੀ ਘਾਟ ਇਹ ਰਹੀ ਕਿ ਉਨ੍ਹਾਂ ਨੇ ਇਨ੍ਹਾਂ ਬਿਰਤਾਂਤਕ ਹਮਲਿਆਂ ਦੀ ਗੰਭੀਰਤਾ ਦਾ ਅਹਿਸਾਸ ਨਹੀਂ ਕੀਤਾ। ਇਨ੍ਹਾਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਵਲੋਂ ਲੱਗਭੱਗ ਕੋਈ ਕੋਸ਼ਿਸ਼ ਨਹੀਂ ਹੋਈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਤੇ ਡਾ. ਗੁਰਭਗਤ ਸਿੰਘ ਵਰਗੇ ਦੋ ਮਹਾਨ ਚਿੰਤਕ, ਸਿੱਖਾਂ ਦੇ ਹੱਕ ਵਿਚ ਜ਼ਰੂਰ ਖੜ੍ਹੇ ਹੋਏ। ਇਨ੍ਹਾਂ ਦੋਹਾਂ ਵਿਦਵਾਨਾਂ ਦੇ ਕੰਮ ਦਾ ਸਿੱਖਾਂ ਨੂੰ ਲਾਭ ਵੀ ਬਹੁਤ ਹੋਇਆ, ਪਰ ਸਮੇਂ ਦੀ ਲੋੜ ਇਸ ਤੋਂ ਕਿਤੇ ਵਡੇਰੀ ਸੀ। ਸਿੱਖਾਂ ਨੂੰ ਇੱਕ-ਦੋ ਵਿਦਵਾਨ ਨਹੀਂ, ਦੋ ਵੱਡੀਆਂ ਲਹਿਰਾਂ ਦੀ ਲੋੜ ਸੀ-ਪਹਿਲੀ ਬੌਧਿਕ ਅਤੇ ਦੂਜੀ ਸਾਹਿਤਕ। ਇਹ ਖੱਪੇ ਭਰਨ ਵਿਚ ਸਿੱਖ ਅੱਜ ਤੱਕ ਕਾਮਯਾਬ ਨਹੀਂ ਹੋ ਸਕੇ। ਸਿੱਟੇ ਵਜੋਂ, ਦਰਮਿਆਨੀ ਪੁਜ਼ੀਸ਼ਨ ਦਾ ਪ੍ਰਭਾਵ ਦੇਣ ਵਾਲੇ ਲਿਬਰਲ ਅਤੇ ਖੱਬੇ-ਪੱਖੀ ਉਹ ਕੰਮ ਕਰ ਗਏ, ਜੋ ਸਿੱਖਾਂ ਨਾਲ ਸਿੱਧੀ ਲੜਾਈ ਵਿਚ ਉਲਝੀ ਭਾਰਤੀ ਹਕੂਮਤ ਕਦੇ ਨਹੀਂ ਸੀ ਕਰ ਸਕਦੀ।

ਅੱਜ ਉਸ ਘੱਲੂਘਾਰੇ ਤੋਂ ਛੱਤੀ ਵਰ੍ਹੇ ਬਾਅਦ ਸਿੱਖਾਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਬੌਧਿਕ ਅਗਵਾਈ ਬਿਨਾ ਸਿਆਸੀ ਅਗਵਾਈ ਨਿਤਾਣੀ ਹੋ ਕੇ ਰਹਿ ਜਾਂਦੀ ਹੈ। ਸਿੱਖਾਂ ਨੂੰ ਵਿਦਵਾਨਾਂ ਅਤੇ ਸਾਹਿਤਕਾਰਾਂ ਦੇ ਨਵੇਂ ਪੋਚ ਤਿਆਰ ਕਰਨੇ ਚਾਹੀਦੇ ਹਨ। ਸਿੱਖਾਂ ਅੰਦਰ ਸ੍ਰੀ ਦਰਬਾਰ ਸਾਹਿਬ ਦੀ ਪਾਵਨਤਾ ਨਾਲ ਜੁੜੇ ਅਹਿਸਾਸ ਅਤੇ ਉਨ੍ਹਾਂ ਉਤੇ ਪਏ ਜ਼ਖਮ ਅੱਜ ਵੀ ਤਾਜ਼ੇ ਹਨ। ਸਿੱਖਾਂ ਅੰਦਰੋਂ ਆਪਣਾ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਹਾਸਲ ਕਰਨ ਦਾ ਸੁਪਨਾ ਵੀ ਅਜੇ ਜਿਉਂਦਾ ਹੈ, ਪਰ ਦੁਸ਼ਮਣ ਸਾਨੂੰ ਇਨ੍ਹਾਂ ਅਹਿਸਾਸਾਂ ਤੋਂ ਵਿਰਵੇ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਨਵਉਦਾਰਵਾਦ ਤੇ ਸੰਸਾਰੀਕਰਨ ਪਿਛੋਂ ਆਈਆਂ ਸਭਿਆਚਾਰਕ ਤਬਦੀਲੀਆਂ ਵੀ ਸਾਡੇ ਵਿਰੋਧੀਆਂ ਨੂੰ ਹੀ ਰਾਸ ਆਉਂਦੀਆਂ ਹਨ। ਅਜਿਹੀ ਸਥਿਤੀ ਵਿਚ ਇਹ ਜ਼ਰੂਰੀ ਹੈ ਕਿ ਸਿੱਖ ਸਾਹਿਤ ਅਤੇ ਫਲਸਫੇ ਰਾਹੀਂ ਆਪਣੇ ਅਹਿਸਾਸ ਤੇ ਖਿਆਲਾਂ ਦੀ ਪੇਸ਼ਕਾਰੀ ਖੁਦ ਕਰਨ। ਰਾਤ ਬਹੁਤ ਲੰਮੀ ਅਤੇ ਕਾਲੀ-ਬੋਲੀ ਹੈ, ਪਰ ਦਿਨ ਤਾਂ ਉਦੋਂ ਹੀ ਨਹੀਂ ਚੜ੍ਹਨਾ, ਜਦੋਂ ਪਰਲੋ ਆ ਕੇ ਦੁਨੀਆਂ ਖਤਮ ਹੋ ਗਈ। ਸੰਸਰ ਜਿਉਂਦਾ ਹੈ, ਜ਼ਿੰਦਗੀ ਧੜਕ ਰਹੀ ਹੈ, ਤੇ ਦਿਨ ਚੜ੍ਹਨਾ ਹੀ ਚੜ੍ਹਨਾ ਹੈ।

# ਟੋਰਾਂਟੋ ਕਤਲ ਕਾਂਡ

***ਪਰਦੇਸੀ ਧਰਤੀ ਉਤੇ ਵੱਖ-ਵੱਖ ਸਮਿਆਂ ਦੌਰਾਨ ਗੁਰਦੁਆਰਿਆਂ ਦੀ ਭੂਮਿਕਾ ਬਹੁਤ ਅਹਿਮ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਧੜੇਬੰਦੀਆਂ ਪੈਦਾ ਹੋਣ ਕਾਰਨ ਲੜਾਈ-ਝਗੜੇ ਵੀ ਹੁੰਦੇ ਰਹੇ। ਅਮਰੀਕਾ ਵੱਸਦੇ ਉਘੇ ਲਿਖਾਰੀ ਹਰਮਹਿੰਦਰ ਚਾਹਿਲ ਨੇ ਇਸ ਲੇਖ ਵਿਚ 1982 ਵਿਚ ਹੋਏ ਟੋਰਾਂਟੋ ਕਤਲ ਕਾਂਡ ਦੀ ਤਫਸੀਲ ਪੇਸ਼ ਕੀਤੀ ਹੈ, ਜਿਸ ਵਿਚ ਗੁਰਦੁਆਰਿਆਂ ਦੀ ਸਿਆਸਤ ਨਾਲ ਜੁੜੀਆਂ ਕੜੀਆਂ ਇਕ-ਇਕ ਕਰ ਕੇ ਖੁੱਲ੍ਹਦੀਆਂ ਜਾਂਦੀਆਂ ਹਨ। -ਸੰਪਾਦਕ***

1982 ਦੇ ਮਾਰਚ ਮਹੀਨੇ ਦੀ ਅਠਾਰਾਂ ਤਾਰੀਖ ਸੀ। ਟੋਰਾਂਟੋ ਡਾਊਨ-ਟਾਊਨ ਵਿਚ ਕੁਈਨ ਸਟਰੀਟ ਅਤੇ ਯੂਨੀਵਰਸਿਟੀ ਐਵੇਨਿਊ 'ਤੇ ਪੈਂਦੀ ਚਾਰ ਮੰਜ਼ਿਲੀ ਲਾਲ ਰੰਗੀ ਇਮਾਰਤ, ਮਿੱਠੀ-ਮਿੱਠੀ ਧੁੱਪ ਵਿਚ ਗੂੜ੍ਹੀ ਲਾਲ ਦਿਸ ਰਹੀ ਸੀ। ਇਸ ਇਮਾਰਤ ਦੇ ਅੰਦਰ ਛੋਟੇ-ਵੱਡੇ ਅਨੇਕਾਂ ਕਮਰੇ ਸਨ। ਇਨ੍ਹਾਂ ਵਿਚੋਂ ਹੀ ਦੂਜੀ ਮੰਜ਼ਿਲ 'ਤੇ ਸਥਿਤ, ਔਸਗੁੱਡ ਹਾਲ ਕੋਰਟ ਰੂਮ ਵਿਚ, ਓਂਟਾਰੀਓ ਸੁਪਰੀਮ ਕੋਰਟ ਦੇ ਜੱਜ ਜੌਹਨ ਔਸਲਰ ਦੀ ਅਦਾਲਤ ਲੱਗੀ ਹੋਈ ਸੀ।

ਉਨ੍ਹੀਂ ਦਿਨੀਂ ਸਿਕਿਉਰਿਟੀ ਦੀ ਕੋਈ ਜ਼ਿਆਦਾ ਲੋੜ ਨਹੀਂ ਸੀ ਹੁੰਦੀ। ਅਦਾਲਤਾਂ ਅੰਦਰ ਇਕ ਅੱਧ ਸਿਪਾਹੀ ਹੁੰਦਾ ਸੀ, ਉਹ ਵੀ ਬਿਨਾ ਕਿਸੇ ਹਥਿਆਰ ਦੇ। ਬਿਲਡਿੰਗ ਦੇ ਬਾਹਰ ਵੀ ਗਿਣਤੀ ਦੇ ਪੁਲਿਸ ਵਾਲੇ ਤੁਰੇ ਫਿਰਦੇ ਸਨ। ਉਨ੍ਹਾਂ ਕੋਲ ਵੀ ਹਥਿਆਰ ਵਗੈਰਾ ਘੱਟ ਹੀ ਹੁੰਦੇ ਸਨ। ਉਸ ਦਿਨ ਜੱਜ ਸਾਹਮਣੇ ਜੋ ਕੇਸ ਸੀ, ਉਹ ਕੋਈ ਵੱਡਾ ਮਾਮਲਾ ਨਹੀਂ ਸੀ। ਦਰਅਸਲ, ਟੋਰਾਂਟੋ ਦੇ ਪੇਪ ਐਵੇਨਿਊ ਵਾਲੇ ਗੁਰਦੁਆਰੇ ਦੀ ਚੋਣ



**ਹਰਮਹਿੰਦਰ ਚਾਹਿਲ**
**ਫੋਨ: 703-362-3239**
**chahals57@yahoo.com**

ਦਾ ਮਸਲਾ ਸੀ। ਅੱਗੇ ਗੁਰਦੁਆਰਾ ਕਮੇਟੀ ਦੀ ਚੋਣ ਆ ਰਹੀ ਸੀ। ਇਕ ਧਿਰ ਨੇ ਇਹ ਚੋਣ ਰੋਕਣ ਲਈ ਜੱਜ ਦੇ ਪਟੀਸ਼ਨ ਪਾਈ ਹੋਈ ਸੀ। ਉਸ ਦਿਨ ਇਸੇ ਪਟੀਸ਼ਨ ਦਾ ਫੈਸਲਾ ਹੋਣਾ ਸੀ।

ਉਸ ਵੇਲੇ ਅਦਾਲਤ ਅੰਦਰ ਗਿਣਤੀ ਦੇ ਹੀ ਲੋਕ ਸਨ। ਕੁਝ ਕੁ ਤਾਂ ਇਸ ਕੇਸ ਨਾਲ ਸਬੰਧਤ ਸਨ। ਇਨ੍ਹਾਂ ਵਿਚ ਇਕ, ਗੁਰਦੁਆਰੇ ਦਾ ਮੌਜੂਦਾ ਪ੍ਰਧਾਨ (ਉਸ ਸਮੇਂ) ਅਮਰਜੀਤ ਸਿੰਘ ਤੱਤਲਾ ਸੀ, ਜਿਸ ਨੇ ਆਪਣੇ ਨਾਲ ਪ੍ਰਬੰਧਕੀ ਰਿਕਾਰਡ ਚੁੱਕਿਆ ਹੋਇਆ ਸੀ। ਉਸ ਨਾਲ ਉਸ ਦਾ ਵਕੀਲ ਔਸਕਾਰ ਫੌਨਸਿਕਾ ਸੀ। ਦੂਜੇ ਪਾਸੇ ਭੁਪਿੰਦਰ ਸਿੰਘ ਪੰਨੂ ਬੈਠਾ ਸੀ। ਪੰਨੂ ਦਾ ਇਸ ਕੇਸ ਨਾਲ ਕੋਈ ਲੈਣ-ਦੇਣ ਨਹੀਂ ਸੀ। ਉਸ ਦੀ ਕਿਸੇ ਹੋਰ ਅਦਾਲਤ ਵਿਚ ਸ਼ਾਮ ਵੇਲੇ ਸੁਣਵਾਈ ਹੋਣੀ ਸੀ। ਉਹ ਤਾਂ ਇਹ ਕੇਸ ਸੁਣਨ ਲਈ ਸਿਰਫ ਦਰਸ਼ਕ ਵਜੋਂ ਆ ਬੈਠਾ ਸੀ। ਕੁੱਲ ਮਿਲਾ ਕੇ ਛੇ-ਸੱਤ ਕੁ ਜਣੇ ਅਦਾਲਤ ਵਿਚ ਮੌਜੂਦ ਸਨ।

ਪਟੀਸ਼ਨ ਕਰਤਾ ਕੁਲਦੀਪ ਸਿੰਘ ਸਮਰਾ ਬੜਾ ਬੇਚੈਨ ਸੀ। ਉਹ ਕਦੇ ਉਠ ਕੇ ਬਾਹਰ ਚਲਾ ਜਾਂਦਾ ਤੇ ਫਿਰ ਅੰਦਰ ਆ ਬੈਠਦਾ। ਕਦੇ ਉਹ ਅੰਦਰ ਹੀ ਗੇੜੇ ਕੱਢਣ ਲੱਗਦਾ। ਇੰਨੇ ਨੂੰ ਪਿਛਲੇ ਦਰਵਾਜਿਉਂ ਜੱਜ ਜੌਹਨ ਔਸਲਰ ਅਦਾਲਤ ਅੰਦਰ ਆਇਆ। ਸਭ ਉਸ ਦੇ ਮਾਣ 'ਚ ਉਠ ਕੇ ਖੜ੍ਹੇ ਹੋ ਗਏ। ਸਭ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਜੱਜ ਨੇ ਵੀ ਕੁਰਸੀ ਮੱਲ ਲਈ। ਕਲਰਕ ਨੇ ਉਸ ਦੇ ਸਾਹਮਣੇ ਫਾਈਲ ਲਿਆ ਰੱਖੀ। ਜੱਜ ਫਾਈਲ 'ਤੇ ਸਰਸਰੀ ਜਿਹੀ ਨਜ਼ਰ ਮਾਰਨ ਲੱਗਾ। ਉਧਰ, ਕੁਲਦੀਪ ਸਿੰਘ ਸਮਰਾ ਜੱਜ ਵਲ ਬੜੇ ਗਹੁ ਨਾਲ ਵੇਖ ਰਿਹਾ ਸੀ। ਜੱਜ ਨੇ ਪੈੱਨ ਚੁੱਕਿਆ ਅਤੇ ਕੁਝ ਲਿਖਦਿਆਂ ਫਾਈਲ ਬੰਦ ਕਰ ਦਿੱਤੀ। ਐਨਕ ਲਾਹੁੰਦਿਆਂ ਫਾਈਲ ਪਾਸੇ ਸਰਕਾਈ ਤੇ ਸਾਹਮਣੇ ਬੈਠੇ ਬੰਦਿਆਂ ਵਲ ਦੇਖਿਆ। ਕੁਲਦੀਪ ਸਿੰਘ ਸਮਰਾ ਸਮਝ ਗਿਆ ਕਿ ਹੁਣ ਜੱਜ ਫੈਸਲਾ ਸੁਣਾਏਗਾ। ਉਹ ਸਾਹ ਰੋਕ ਕੇ ਜੱਜ ਵਲ ਦੇਖਣ ਲੱਗਾ। ਉਦੋਂ ਹੀ ਜੱਜ ਬੋਲਿਆ, "ਜੈਂਟਲਮੈਨ, ਮੈਂ ਇਹ ਪਟੀਸ਼ਨ ਰੱਦ ਕਰਦਾ ਹਾਂ। ਤੁਸੀਂ ਬਾਅਦ ਵਿਚ ਕੇਸ ਦੇ ਫੈਸਲੇ ਦੀ ਕਾਪੀ ਅਦਾਲਤ ਦੇ ਕਲਰਕ ਤੋਂ ਲੈ ਸਕਦੇ ਹੋ।"

ਸਾਹਮਣੇ ਬੈਠੇ ਕੁਲਦੀਪ ਸਿੰਘ ਸਮਰਾ ਦੇ ਮੱਥੇ 'ਤੇ ਤਿਉੜੀ ਉਭਰੀ ਤੇ ਉਹ ਉਠ ਕੇ ਖੜ੍ਹਾ ਹੋ ਗਿਆ। ਜੱਜ ਐਨਕ ਲਾ ਕੇ ਉਠਣ ਹੀ ਲੱਗਾ ਸੀ ਕਿ ਉਸ ਦੀ ਨਜ਼ਰ ਸਾਹਮਣੇ ਖੜ੍ਹੇ ਕੁਲਦੀਪ ਸਿੰਘ ਸਮਰਾ ਵਲ ਗਈ। ਸਮਰਾ ਉਸ ਵੇਲੇ ਜੈਕਟ ਦੀ ਜੇਬ ਵਲ ਹੱਥ ਵਧਾ ਰਿਹਾ ਸੀ। ਅੱਖ ਝਪਕਦਿਆਂ ਹੀ ਸਮਰੇ ਨੇ ਤਿੰਨ ਸੌ ਪਚਵੰਜਾ ਬੋਰ ਦਾ ਪਿਸਤੌਲ ਕੱਢਿਆ ਅਤੇ ਜੱਜ ਵਲ ਸਿੱਧਾ ਕੀਤਾ, ਪਰ ਜਦੋਂ ਨੂੰ ਉਸ ਨੇ ਫਾਇਰ ਕੀਤਾ, ਜੱਜ ਨੀਵਾਂ ਹੁੰਦਾ ਕਾਊਂਟਰ ਦੇ ਹੇਠਾਂ ਹੋ ਗਿਆ। ਸਮਰੇ ਨੇ ਗੋਲੀ ਚਲਾਈ, ਇਹ ਜੱਜ ਦੇ ਨਾ ਲੱਗੀ। ਇਕ ਗੋਲੀ ਹੋਰ ਚੱਲੀ ਤਾਂ ਨੇੜੇ ਬੈਠਾ ਵਕੀਲ ਔਸਕਾਰ ਫੌਨਸਿਕਾ ਸਮਰੇ ਵਲ ਵਧਦਾ ਬੋਲਿਆ, "ਮਿਸਟਰ ਸਮਰਾ, ਪਲੀਜ਼ ਗੋਲੀ ਨਾ ਚਲਾ...ਹਟ ਜਾਹ, ਗੋਲੀ ਨਾ ਚਲਾ...।" ਪਰ ਸਮਰੇ ਨੇ ਰੁਕਣ ਦੀ ਥਾਂ ਗੋਲੀ ਸਿੱਧੀ ਫੌਨਸਿਕਾ ਦੇ ਹੀ ਸਿਰ 'ਚ ਮਾਰੀ। ਇੱਕ ਗੋਲੀ ਉਸ ਨੇ ਮੌਜੂਦਾ ਪ੍ਰਧਾਨ ਅਮਰਜੀਤ ਸਿੰਘ ਤੱਤਲਾ ਵਲ ਚਲਾਈ। ਪਾਸੇ ਬੈਠੇ ਭੁਪਿੰਦਰ ਸਿੰਘ ਪੰਨੂੰ ਦੇ ਵੀ ਗੋਲੀ ਲੱਗ ਗਈ। ਵਕੀਲ ਔਸਕਾਰ ਫੌਨਸਿਕਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਭੁਪਿੰਦਰ ਸਿੰਘ ਪੰਨੂ ਦੋ ਘੰਟੇ ਪਿਛੋਂ ਦਮ ਤੋੜ ਗਿਆ। ਅਮਰਜੀਤ ਸਿੰਘ ਤੱਤਲਾ ਜ਼ਖਮੀ ਹੋਇਆ ਉਥੇ ਹੀ ਡਿੱਗ ਪਿਆ।

ਇਹ ਸਭ ਕੁਝ ਸੈਕਿੰਡਾਂ ਵਿਚ ਹੀ ਵਾਪਰ ਗਿਆ। ਕੁਲਦੀਪ ਸਿੰਘ ਸਮਰਾ ਆਪਣੀ ਖੂਨੀ ਖੇਡ ਖਤਮ ਕਰਦਿਆਂ ਬਾਹਰ ਨਿਕਲਿਆ। ਉਹ ਭੱਜਦਾ ਪੌੜੀਆਂ ਉਤਰ ਕੇ ਕੁਝ ਸੈਕਿੰਡਾਂ ਵਿਚ ਹੀ ਬਿਲਡਿੰਗ 'ਚੋਂ ਬਾਹਰ ਨਿਕਲ ਗਿਆ। ਹੇਠਾਂ ਉਸ ਦਾ ਸਾਥੀ ਇਕ ਪਾਸੇ ਕਾਰ ਲਾ ਕੇ ਉਸ ਦੀ ਉਡੀਕ ਕਰ ਰਿਹਾ ਸੀ। ਸਮਰਾ ਉਸ ਨਾਲ ਕਾਰ 'ਚ ਬੈਠਿਆ ਅਤੇ ਪਲਾਂ ਛਿਣਾਂ ਵਿਚ ਹੀ ਕਿਧਰੇ ਲੋਪ ਹੋ ਗਿਆ।



***ਭਾਰਤ ਤੋਂ ਸਪੁਰਦਗੀ ਪਿਛੋਂ ਸੁਰੱਖਿਆ ਅਫਸਰਾਂ ਨਾਲ ਟੋਰਾਂਟੋ ਹਵਾਈ ਅੱਡੇ ਉਤੇ ਲਿਆਂਦਾ ਜਾ ਰਿਹਾ ਟੋਰਾਂਟੋ ਕਤਲ ਕਾਂਡ ਨਾਲ ਸਬੰਧਤ ਕੁਲਦੀਪ ਸਿੰਘ ਸਮਰਾ।***




***ਟੋਰਾਂਟੋ ਵਿਚ ਪੇਪ ਐਵੇਨਿਊ ਵਾਲਾ ਗੁਰਦੁਆਰਾ, ਜਿਸ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਸੀ। ਗੁਰਦੁਆਰੇ ਦੀ ਇਹ ਤਸਵੀਰ 1976 ਦੀ ਹੈ।***

ਕੌਣ ਸੀ ਇਹ ਕੁਲਦੀਪ ਸਿੰਘ ਸਮਰਾ ਅਤੇ ਉਸ ਨੇ ਇੱਡਾ ਵੱਡਾ ਕਦਮ ਕਿਉਂ ਚੁੱਕਿਆ? ਆਉ ਇਸ ਬਾਰੇ ਜਾਣੀਏਂ...।

ਕੁਲਦੀਪ ਸਿੰਘ ਸਮਰਾ ਨੇ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਬੀ. ਐਸ. ਸੀ. ਦੀ ਪੜ੍ਹਾਈ ਕੀਤੀ। ਇਸ ਪਿੱਛੋਂ ਉਹ 1970 'ਚ ਕੈਨੇਡਾ ਆ ਗਿਆ। ਇੱਥੇ ਆ ਕੇ ਉਸ ਨੇ ਆਪਣੀ ਡਿਗਰੀ ਦੇ ਹਿਸਾਬ ਨਾਲ ਨੌਕਰੀ ਲੱਭਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਇਸ ਵਿਚ ਕਾਮਯਾਬੀ ਨਾ ਮਿਲੀ ਤਾਂ ਉਸ ਨੇ ਕਿਸੇ ਫੈਕਟਰੀ 'ਚ ਜਾਬ ਸ਼ੁਰੂ ਕਰ ਦਿੱਤੀ। ਇਸ ਨੌਕਰੀ ਦੌਰਾਨ ਉਸ ਦਾ ਐਕਸੀਡੈਂਟ ਹੋ ਗਿਆ, ਜਿਸ ਵਿਚ ਉਸ ਦਾ ਸੱਜੇ ਹੱਥ ਦਾ ਅੰਗੂਠਾ ਕੱਟਿਆ ਗਿਆ। ਇਸ ਪਿਛੋਂ ਉਹ ਬੇਰੁਜ਼ਗਾਰੀ ਭੱਤਾ ਲੈਂਦਿਆਂ ਗੁਜ਼ਾਰਾ ਕਰਨ ਲੱਗਾ। ਇਹ ਉਹ ਵੇਲਾ ਸੀ, ਜਦੋਂ ਕੈਨੇਡਾ ਵਿਚ ਨਸਲੀ ਵਿਤਕਰਾ ਜ਼ੋਰਾਂ 'ਤੇ ਸੀ। ਸਥਾਨਕ ਬਾਸ਼ਿੰਦਿਆਂ ਵਲੋਂ ਏਸ਼ੀਅਨਜ਼, ਖਾਸ ਕਰ ਭਾਰਤੀ ਲੋਕਾਂ ਨੂੰ 'ਪਾਕੀ' ਕਹਿ ਕੇ ਗਾਲ੍ਹਾਂ ਦੇਣੀਆਂ ਨਿੱਤ ਦਾ ਕੰਮ ਸੀ। ਸਕੂਲਾਂ ਵਿਚ ਭਾਰਤੀ ਮੂਲ ਦੇ ਬੱਚਿਆਂ ਨੂੰ ਗਾਲ੍ਹਾਂ ਕੱਢਣੀਆਂ, ਦੇਸੀ ਢੰਗ ਨਾਲ ਕੱਪੜਾ ਪਹਿਨੇ ਲੋਕਾਂ 'ਤੇ ਤਨਜ਼ਾਂ ਕੱਸਣੀਆਂ ਜਾਂ ਭੈੜੇ ਨਾਮਾਂ ਨਾਲ ਪੁਕਾਰਨਾ ਆਮ ਜਿਹੀ ਗੱਲ ਸੀ।

ਆਲੇ-ਦੁਆਲੇ ਵਾਪਰ ਰਹੇ ਇਸ ਨਸਲੀ ਵਿਤਕਰੇ ਨੇ ਕੁਲਦੀਪ ਸਿੰਘ ਸਮਰੇ ਨੂੰ ਵੀ ਬੇਚੈਨ ਕਰ ਦਿੱਤਾ। ਉਹ ਅਜਿਹੇ ਕੇਸਾਂ ਨੂੰ ਗਹੁ ਨਾਲ ਦੇਖਣ ਲੱਗਾ। ਉਸ ਦੇ ਅੰਦਰੋਂ ਖਿਆਲ ਉਠਿਆ ਕਿ ਇਸ ਬਾਰੇ ਉਸ ਨੂੰ ਵੀ ਕੁਝ ਕਰਨਾ ਚਾਹੀਦਾ ਹੈ। ਇਸ ਸੋਚ-ਵਿਚਾਰ ਦੌਰਾਨ ਹੀ ਉਸ ਦੀ ਨਜ਼ਰ ਆਲੇ-ਦੁਆਲੇ ਗਈ। ਉਥੇ ਖੱਬੇ ਪੱਖੀ ਵਿਚਾਰਾਂ ਵਾਲੀ 'ਈਸਟ ਇੰਡੀਅਨ ਡਿਫੈਂਸ ਕਮੇਟੀ' ਨਾਮੀ ਸੰਸਥਾ ਨਸਲੀ ਵਿਤਕਰੇ ਵਿਰੁਧ ਕੰਮ ਕਰ ਰਹੀ ਸੀ। ਕੁਲਦੀਪ ਸਿੰਘ ਸਮਰਾ ਪਹਿਲਾਂ ਤੋਂ ਹੀ ਖੱਬੇ ਪੱਖੀ ਵਿਚਾਰਧਾਰਾ ਦਾ ਹਮਾਇਤੀ ਸੀ। ਇਥੇ ਵੀ ਜਲਦੀ ਹੀ ਉਸ ਨੇ ਇਸ ਸੰਸਥਾ ਨਾਲ ਨਾਤਾ ਜੋੜ ਲਿਆ। ਉਸ ਨੇ ਆਪਣੇ ਘਰੇ ਹੀ ਫੋਨ ਲਾਈਨ ਸਥਾਪਤ ਕਰ ਲਈ, ਜਿਸ ਰਾਹੀਂ ਉਹ ਨਸਲੀ ਵਿਤਕਰੇ ਬਾਰੇ ਰਿਪੋਰਟਾਂ ਇਕੱਠੀਆਂ ਕਰਨ ਲੱਗਾ।

ਆਪਣੀ ਮਾਰਕਸਵਾਦੀ ਵਿਚਾਰਧਾਰਾ ਕਾਰਨ ਇਕ ਪੜਾਅ 'ਤੇ ਜਾ ਕੇ ਇਸ ਸੰਸਥਾ ਨੇ ਹਿੰਸਾ ਦਾ ਜੁਆਬ ਹਿੰਸਾ ਨਾਲ ਦੇਣ ਦਾ ਤਹੱਈਆ ਕਰ ਲਿਆ, ਪਰ ਇਸ ਨਵੇਂ ਪੈਂਤੜੇ ਕਾਰਨ ਇਹ ਸੰਸਥਾ, ਪੁਲਿਸ ਅਤੇ ਖੁਫੀਆ ਏਜੰਸੀਆਂ ਦੀਆਂ ਨਜ਼ਰਾਂ ਹੇਠ ਆ ਗਈ। ਲੋਕਲ ਪੁਲਿਸ ਤੋਂ ਲੈ ਕੇ ਨੈਸ਼ਨਲ ਪੁਲਿਸ ਤੱਕ ਇਸ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲੱਗ ਪਈ। ਨੇੜੇ ਤੋਂ ਘੋਖ-ਪੜਤਾਲ ਕਰਦਿਆਂ ਸਿਕਿਉਰਿਟੀ ਸਰਵਿਸਿਜ਼ ਨੂੰ ਪਤਾ ਲੱਗਾ ਕਿ ਸਮਰੇ ਨੇ ਆਪਣੇ ਆਲੇ-ਦੁਆਲੇ ਗਰਮ ਖਿਆਲ ਨੌਜਵਾਨਾਂ ਦਾ ਗਰੁੱਪ ਬਣਾਇਆ ਹੋਇਆ ਹੈ, ਜੋ ਉਸ ਦੇ ਇੱਕ ਇਸ਼ਾਰੇ 'ਤੇ ਕੋਈ ਵੀ ਹਿੰਸਾ ਕਰਨ ਲਈ ਤਿਆਰ ਰਹਿੰਦੇ ਹਨ। ਰੋਸ ਮੁਜਾਹਰਿਆਂ ਦੌਰਾਨ ਆਲੇ-ਦੁਆਲੇ ਮਾਰ-ਧਾੜ ਕਰਨੀ ਇਨ੍ਹਾਂ ਨੌਜਵਾਨਾਂ ਦਾ ਆਮ ਜਿਹਾ ਕੰਮ ਬਣ ਗਿਆ। ਕਈ ਵਾਰੀ ਤਾਂ ਉਹ ਪੁਲਿਸ ਨਾਲ ਵੀ ਉਲਝ ਜਾਂਦੇ ਸਨ।

ਕਿਸੇ ਐਸੇ ਹੀ ਮੁਜਾਹਰੇ ਦੌਰਾਨ ਪੁਲਿਸ ਅਫਸਰ 'ਤੇ ਹਮਲਾ ਕਰਨ ਦੇ ਦੋਸ਼ ਹੇਠ ਇਕ ਵਾਰ ਸਮਰੇ ਨੂੰ ਵੀ ਗ੍ਰਿਫਤਾਰ ਕਰ ਲਿਆ ਸੀ। ਉਸ ਦੇ ਇਸ ਵਤੀਰੇ ਕਾਰਨ ਪੁਲਿਸ ਮਹਿਕਮਾ ਉਸ ਨੂੰ ਨਫਰਤ ਦੀ ਨਿਗ੍ਹਾ ਨਾਲ ਦੇਖਣ ਲੱਗਾ। ਇਸ ਦੌਰਾਨ ਹੀ ਸਮਰੇ ਦੀ ਜਾਣ-ਪਛਾਣ ਦਾ ਘੇਰਾ ਵਧ ਗਿਆ ਤੇ ਹੋਰਨਾਂ ਭਾਈਚਾਰਿਆਂ 'ਚ ਵੀ ਉਸ ਦੀ ਚੰਗੀ ਸਾਖ ਬਣ ਗਈ। ਇਨ੍ਹਾਂ ਹਾਲਾਤ ਦਾ ਫਾਇਦਾ ਉਠਾਉਂਦਿਆਂ ਉਸ ਨੇ ਰੀਅਲ ਐਸਟੇਟ ਏਜੰਟ ਦਾ ਲਾਈਸੈਂਸ ਲੈ ਗਿਆ। ਇਸ ਖੇਤਰ ਵਿਚ ਉਸ ਦਾ ਕੰਮ ਬੜੀ ਛੇਤੀ ਚੱਲ ਪਿਆ ਤੇ ਉਹ ਵੱਡੇ-ਵੱਡੇ ਅਮੀਰ ਲੋਕਾਂ ਦੇ ਸੰਪਰਕ ਵਿਚ ਆ ਗਿਆ। ਇਨ੍ਹਾਂ ਲੋਕਾਂ ਨਾਲ ਨਿਤ ਦਿਨ ਪਾਰਟੀਆਂ ਕਰਨੀਆਂ, ਮਹਿੰਗੀਆਂ ਸ਼ਰਾਬਾਂ ਪੀਣੀਆਂ ਉਸ ਦਾ ਸ਼ੌਕ ਬਣ ਗਿਆ। ਅਜਿਹੇ ਹੀ ਕਿਸੇ ਮਿਲੀਅਨੇਅਰ ਦੋਸਤ ਰਾਹੀਂ ਉਸ ਦਾ ਸਬੰਧ ਦਵਿੰਦਰ ਸਿੰਘ ਆਹਲੂਵਾਲੀਆ ਨਾਲ ਬਣ ਗਿਆ। ਆਹਲੂਵਾਲੀਆ ਭਾਰਤੀ ਸਫਾਰਤਖਾਨੇ ਵਿਚ ਡਿਪਟੀ ਕੌਂਸਲਰ ਦੇ ਅਹੁਦੇ 'ਤੇ ਤਾਇਨਾਤ ਸੀ। ਇਉਂ ਕੁਲਦੀਪ ਸਿੰਘ ਸਮਰਾ ਅੱਗੇ ਹੀ ਅੱਗੇ ਵਧਦਾ ਗਿਆ।

ਉਸ ਵੇਲੇ ਟੋਰਾਂਟੋ ਵਿਚ ਇਕੋ-ਇਕ ਗੁਰਦੁਆਰਾ ਸੀ, ਜੋ ਪੇਪ ਐਵੇਨਿਊ 'ਤੇ ਸਥਿਤ ਸੀ। ਮੋਟੇ ਚੜ੍ਹਾਵੇ ਤੋਂ ਬਿਨਾ ਇਸ ਗੁਰਦੁਆਰੇ ਕੋਲ ਕਈ ਮਿਲੀਅਨ ਡਾਲਰ ਦੀ ਜਾਇਦਾਦ ਸੀ। ਇਲਾਕੇ ਦੀ ਸਾਰੀ ਸਿੱਖ ਰਾਜਨੀਤੀ ਵੀ ਇਸੇ ਗੁਰਦੁਆਰੇ ਤੋਂ ਚੱਲਦੀ ਸੀ। ਇਥੇ ਹੀ ਕਦੇ ਜਗਜੀਤ ਸਿੰਘ ਚੌਹਾਨ ਨੇ ਆ ਕੇ ਖਾਲਿਸਤਾਨ ਵਿਚਾਰਧਾਰਾ ਨੂੰ ਅੱਗੇ ਵਧਾਇਆ ਸੀ। ਇਸ ਪਿੱਛੋਂ ਹੌਲੀ-ਹੌਲੀ ਲੋਕ ਖਾਲਿਸਤਾਨੀ ਵਿਚਾਰਾਂ ਵਲ ਉਲਾਰ ਹੋਣ ਲੱਗ ਪਏ, ਪਰ ਸਮਰਾ ਖੱਬੇ ਪੱਖੀ ਸੀ; ਇਸ ਕਰਕੇ ਉਹ ਸ਼ੁਰੂ ਤੋਂ ਹੀ ਇਸ ਵਿਚਾਰਧਾਰਾ ਦਾ ਵਿਰੋਧੀ ਸੀ। ਉਸ ਦੇ ਇਸ ਵਿਰੋਧ ਵਿਚੋਂ ਹੀ ਭਾਰਤੀ ਅੰਬੈਸੀ ਨੂੰ ਆਪਣੇ ਹੱਕ ਦਾ ਬੰਦਾ ਦਿਸਿਆ। ਉਨ੍ਹਾਂ ਨੇ ਉਸ ਨੂੰ ਵਰਤਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਕੁਝ ਉਸ ਦੀ ਆਪਣੀ ਸੋਚ ਅਤੇ ਕੁਝ ਅੰਬੈਸੀ ਵਲੋਂ ਯਤਨਾਂ ਕਾਰਨ ਉਸ ਦੇ ਸਾਥੀਆਂ ਨੇ ਉਸ ਨੂੰ ਪੇਪ ਐਵੇਨਿਊ ਗੁਰਦੁਆਰੇ ਦੀ ਰਾਜਨੀਤੀ ਵਿਚ ਦਖਲ ਦੇਣ ਦਾ ਜ਼ੋਰ ਪਾਇਆ। ਅਣਮੰਨੇ ਜਿਹੇ ਮਨ ਨਾਲ ਉਹ ਅਗਾਂਹ ਵਧਿਆ, ਪਰ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ 1975 ਵਿਚ ਉਹ ਸਕੱਤਰ ਅਤੇ ਖਜਾਨਚੀ ਦੀ ਚੋਣ ਜਿੱਤ ਗਿਆ। ਅੱਗੇ ਚੱਲ ਕੇ 1977 ਅਤੇ 1978 ਵਿਚ ਉਸ ਨੇ ਪ੍ਰਧਾਨਗੀ ਪਦ ਲਈ ਚੋਣ ਲੜੀ, ਪਰ ਦੋਨੋਂ ਵਾਰ ਉਹ ਚੋਣ ਹਾਰ ਗਿਆ। ਫਿਰ 1982 ਵਿਚ ਉਸ ਦਾ ਗਰੁੱਪ ਸਾਰੀਆਂ ਚੋਣਾਂ ਜਿੱਤ ਕੇ ਗੁਰਦੁਆਰੇ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਿਆ। ਉਂਜ ਇਹ ਸਾਰਾ ਗਰੁੱਪ ਖਾਲਿਸਤਾਨ ਵਿਰੋਧੀ ਸੀ। ਸਮਰੇ ਵਲੋਂ ਇਹ ਵਿਰੋਧ ਉਦੋਂ ਤੱਕ ਜਾਰੀ ਰਿਹਾ, ਜਦੋਂ ਤੱਕ ਉਹ ਖਾਲਿਸਤਾਨ ਦੇ ਆਪੇ ਬਣੇ ਰਾਸ਼ਟਰਪਤੀ ਜਗਜੀਤ ਸਿੰਘ ਚੌਹਾਨ ਨੂੰ ਨਹੀਂ ਮਿਲਿਆ।

ਉਦੋਂ ਜਗਜੀਤ ਸਿੰਘ ਚੌਹਾਨ ਖਾਲਿਸਤਾਨੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਕੈਨੇਡਾ ਆਇਆ ਸੀ। ਉਸ ਨੂੰ ਕੁਲਦੀਪ ਸਿੰਘ ਸਮਰੇ ਬਾਰੇ ਪਹਿਲਾਂ ਹੀ ਪਤਾ ਸੀ। ਫਿਰ ਵੀ ਉਸ ਨੇ ਆਪਣੇ ਸਥਾਨਕ ਦੋਸਤ ਅਤੇ ਰਾਜਨੀਤਕ ਸਲਾਹਕਾਰ, ਪ੍ਰੀਤਮ ਸਿੰਘ ਨਾਲ ਸਮਰੇ ਬਾਰੇ ਗੱਲਬਾਤ ਕੀਤੀ। ਪ੍ਰੀਤਮ ਸਿੰਘ ਨੇ ਦੱਸਿਆ ਕਿ ਜੇ ਸਮਰੇ ਦੀ ਖਾਲਿਸਤਾਨ ਵਿਰੋਧੀ ਵਿਚਾਰਧਾਰਾ ਨੂੰ ਛੱਡ ਦੇਈਏ ਤਾਂ ਉਹ ਚੰਗਾ ਸਮਾਜ ਸੇਵਕ ਹੈ। ਪ੍ਰੀਤਮ ਸਿੰਘ ਮੁਤਾਬਕ ਸਮਰਾ ਪਿਛਲੇ ਕਿੰਨੇ ਹੀ ਸਾਲਾਂ ਤੋਂ ਈਸਟ ਇੰਡੀਅਨ ਰਫਿਊਜ਼ੀ ਏਡ ਕਮੇਟੀ ਰਾਹੀਂ ਕਰੀਬ ਦੋ ਹਜ਼ਾਰ ਸਿੱਖਾਂ ਦੀ ਮਦਦ ਕਰ ਰਿਹਾ ਹੈ, ਜੋ ਸਿਆਸੀ ਪਨਾਹ ਲਈ ਲੜ ਰਹੇ ਹਨ। ਇਸ ਤੋਂ ਇਲਾਵਾ ਸਿੱਖਾਂ ਦੇ ਹਰ ਮਸਲੇ, ਭਾਵ ਇਮੀਗ੍ਰੇਸ਼ਨ, ਪਰਿਵਾਰਕ, ਵਿੱਤੀ ਆਦਿ ਸਮੱਸਿਆਵਾਂ ਵਿਚ ਖੁੱਲ੍ਹ ਕੇ ਮਦਦ ਕਰਦਾ ਹੈ। ਇਸ ਦੇ ਨਾਲ ਹੀ ਪ੍ਰੀਤਮ ਸਿੰਘ ਨੇ ਚੌਹਾਨ ਨੂੰ ਸਮਝਾਇਆ ਕਿ ਸਮਰਾ ਕਦੇ ਵੀ ਭਾਰਤ ਵਿਰੋਧੀ ਕਿਸੇ ਕੰਮ ਵਿਚ ਮਦਦਗਾਰ ਨਹੀਂ ਬਣ ਸਕਦਾ। ਪ੍ਰੀਤਮ ਸਿੰਘ ਦੀਆਂ ਗੱਲਾਂ ਸੁਣਨ ਪਿਛੋਂ ਜਗਜੀਤ ਸਿੰਘ ਚੌਹਾਨ ਨੇ ਕਿਸੇ ਹੋਰ ਹੀ ਤਰ੍ਹਾਂ ਸੋਚਿਆ। ਉਸ ਨੂੰ ਖਿਆਲ ਆਇਆ ਕਿ ਜੇ ਉਹ ਸਮਰੇ ਨੂੰ ਆਪਣੇ ਨਾਲ ਮਿਲਾ ਲਵੇ ਤਾਂ ਉਸ ਦੇ ਬੜੇ ਕੰਮ ਸੰਵਾਰੇਗਾ। ਪ੍ਰੀਤਮ ਸਿੰਘ ਨੂੰ ਕਹਿ ਕੇ ਉਸ ਨੇ ਕੁਲਦੀਪ ਸਿੰਘ ਸਮਰੇ ਨੂੰ ਮਿਲਣ ਦਾ ਇੰਤਜ਼ਾਮ ਕਰਵਾ ਲਿਆ।

ਪਹਿਲੀ ਮੁਲਾਕਾਤ ਉਨ੍ਹਾਂ ਖੁੱਲ੍ਹੇ ਵਿਚ ਕੀਤੀ। ਜਗਜੀਤ ਸਿੰਘ ਚੌਹਾਨ ਹੋਰਨਾਂ ਲੋਕਾਂ ਸਮੇਤ ਸਮਰੇ ਨੂੰ 'ਪੰਜਾਬੀ ਵਿਲੇਜ' ਨਾਮੀ ਰੈਸਟੋਰੈਂਟ ਵਿਚ ਮਿਲਿਆ। ਉਸ ਨੇ ਸਭ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ। ਮੀਟਿੰਗ ਪਿੱਛੋਂ ਸਮਰੇ ਨੇ ਚੌਹਾਨ ਨੂੰ ਕਿਹਾ ਕਿ ਇਥੇ ਮੀਟਿੰਗ ਕਰਨਾ ਠੀਕ ਨਹੀਂ ਸੀ, ਕਿਉਂਕਿ ਇਥੇ ਭਾਰਤੀ ਖੁਫੀਆ ਏਜੰਸੀ 'ਰਾਅ' ਦੇ ਬੰਦੇ ਗੁਪਤ ਰੂਪ 'ਚ ਘੁੰਮ ਰਹੇ ਸਨ। ਸਮਰੇ ਦੀ ਇਹ ਗੱਲ ਠੀਕ ਵੀ ਸੀ, ਕਿਉਂਕਿ ਅੰਬੈਸੀ ਦੇ ਸਬੰਧਾਂ ਕਾਰਨ ਉਹ ਸਭ ਨੂੰ ਜਾਣਦਾ ਸੀ, ਪਰ ਚੌਹਾਨ ਨੇ ਕਿਹਾ ਕਿ ਇਹ ਸਭ ਉਸ ਨੇ ਜਾਣ-ਬੁੱਝ ਕੇ ਇੰਡੀਅਨ ਏਜੰਸੀਆਂ ਦੇ ਅੱਖੀਂ ਘੱਟਾ ਪਾਉਣ ਲਈ ਕੀਤਾ ਹੈ ਅਤੇ ਅਸਲੀ ਮੁਲਾਕਾਤ ਤਾਂ ਉਹ ਕਿਧਰੇ ਹੋਰ ਕਰਨਗੇ। ਫਿਰ ਉਸੇ ਸ਼ਾਮ ਚੌਹਾਨ ਨੇ ਪ੍ਰੀਤਮ ਸਿੰਘ ਦੇ ਘਰ, ਇਕੱਲੇ ਸਮਰੇ ਨਾਲ ਮੁਲਾਕਾਤ ਕੀਤੀ। ਉਹ ਦੋ ਘੰਟੇ ਤੱਕ ਵਿਚਾਰ-ਚਰਚਾ ਕਰਦੇ ਰਹੇ। ਇਸ ਦੌਰਾਨ ਚੌਹਾਨ ਨੇ ਸਮਰੇ ਨੂੰ ਕਰੀਬ ਆਪਣੇ ਨਾਲ ਸਹਿਮਤ ਕਰ ਲਿਆ। ਮੁਲਾਕਾਤ ਪਿੱਛੋਂ ਸਮਰੇ ਨੇ ਕਿਹਾ ਕਿ ਹੁਣ ਉਹ ਬਿਲਕੁਲ ਬਦਲ ਗਿਆ। ਇਸ ਪਿੱਛੋਂ ਉਹ ਜੋ ਵੀ ਕਰੇਗਾ, ਖਾਲਸੇ ਦੀ ਸੇਵਾ ਲਈ ਕਰੇਗਾ। ਉਸ ਨੇ ਖਾਲਿਸਤਾਨ ਦੀ ਮਦਦ ਕਰਨ ਦੀ ਸਹੁੰ ਚੁੱਕੀ।

ਸਮਰੇ ਦੇ ਤੁਰ ਜਾਣ ਪਿਛੋਂ ਪ੍ਰੀਤਮ ਸਿੰਘ ਨੇ ਪੁੱਛਿਆ ਕਿ ਮੀਟਿੰਗ ਕਿਵੇਂ ਰਹੀ ਤਾਂ ਚੌਹਾਨ ਨੇ ਥੋੜ੍ਹਾ ਤੌਖਲਾ ਜਾਹਰ ਕੀਤਾ। ਉਸ ਮੁਤਾਬਕ ਉਸ ਨੇ ਸਮਰੇ ਨਾਲ ਗੱਲਬਾਤ ਦੌਰਾਨ ਅੰਦਾਜ਼ਾ ਲਾਇਆ ਕਿ ਇਹ ਬੰਦਾ ਭਰੋਸੇਯੋਗ ਨਹੀਂ ਹੈ। ਉਸ ਨੇ ਹੋਰ ਕਿਹਾ ਕਿ ਸਮਰੇ ਦੀ ਸ਼ਖਸੀਅਤ ਹਿੰਸਕ ਜਾਪਦੀ ਹੈ ਤੇ ਇਹ ਬੰਦਾ ਕਿਸੇ ਵੇਲੇ ਵੀ ਮਾਰ-ਧਾੜ 'ਤੇ ਉਤਾਰੂ ਹੋ ਸਕਦਾ ਹੈ। ਚੌਹਾਨ ਮੁਤਾਬਕ ਕਿਉਂਕਿ ਸਮਰੇ ਦੀ ਹੁਣ ਤੱਕ ਦੀ ਜ਼ਿੰਦਗੀ ਖੱਬੇ ਪੱਖੀ ਵਿਚਾਰਧਾਰਕ ਹੈ, ਇਸ ਕਰ ਕੇ ਉਹ ਇਸ ਨੂੰ ਕਦੇ ਵੀ ਮਨ 'ਚੋਂ ਨਹੀਂ ਕੱਢ ਸਕੇਗਾ; ਤੇ ਸਮਰੇ ਦੇ ਲੰਮੇ ਸਮੇਂ ਤੋਂ ਭਾਰਤੀ ਅੰਬੈਸੀ ਵਾਲਿਆਂ ਨਾਲ ਸਬੰਧ ਹਨ, ਇਸ ਕਰ ਕੇ ਉਹ ਕਦੇ ਵੀ ਇਸ ਨੂੰ ਨਹੀਂ ਛੱਡਣਗੇ। ਇਹ ਵੀ ਉਨ੍ਹਾਂ ਤੋਂ ਦੂਰ ਨਹੀਂ ਹੋਵੇਗਾ। ਉਧਰ, ਸਮਰਾ ਦੂਹਰੀ ਬਿਆਨਬਾਜ਼ੀ ਕਰਨ ਲੱਗ ਪਿਆ। ਖਾਲਿਸਤਾਨੀ ਲੋਕਾਂ ਸਾਹਮਣੇ ਉਹ ਉਨ੍ਹਾਂ ਜਿਹੀਆਂ ਗੱਲਾਂ ਕਰਦਾ ਤੇ ਆਪਣੇ ਸਮਰਥਕਾਂ ਮੂਹਰੇ ਉਹ ਖਾਲਿਸਤਾਨ ਦਾ ਕੱਟੜ ਵਿਰੋਧੀ ਬਣਿਆ ਰਹਿੰਦਾ।

ਸਮਰੇ ਦੇ ਇਸ ਦੂਹਰੇ ਸਟੈਂਡ ਕਾਰਨ ਉਸ ਦਾ ਅਕਸ ਖਰਾਬ ਹੋਣ ਲੱਗਾ। ਉਸ ਵੇਲੇ ਉਸ ਦੇ ਪੱਖ ਵਾਲੇ ਲੋਕ ਹੀ ਗੁਰਦੁਆਰੇ 'ਤੇ ਕਾਬਜ਼ ਸਨ। ਉਸ ਦੀ ਸੋਚ ਸੀ ਕਿ ਜੇ ਚੋਣ ਹੋ ਗਈ ਤਾਂ ਉਸ ਦੇ ਹੱਥੋਂ ਗੁਰਦੁਆਰਾ ਨਿਕਲ ਜਾਵੇਗਾ। ਉਹ ਆਉਣ ਵਾਲੀ ਚੋਣ ਕਿਸੇ ਵੀ ਤਰੀਕੇ ਰੋਕਣਾ ਚਾਹੁੰਦਾ ਸੀ। ਉਂਜ ਉਹ ਕੈਨੇਡਾ ਦੇ ਅਦਾਲਤੀ ਸਿਸਟਮ 'ਤੇ ਖਫਾ ਸੀ। ਪਹਿਲਾਂ ਇਕ ਵਾਰ ਗੁਰਦੁਆਰੇ ਕਾਰਨ ਹੋਈ ਲੜਾਈ ਦਰਮਿਆਨ ਉਹ ਅਤੇ ਉਸ ਦਾ ਭਰਾ ਗੰਭੀਰ ਜ਼ਖਮੀ ਹੋ ਗਏ ਸਨ। ਉਸ ਨੇ ਰਿਪੋਰਟ ਕੀਤੀ ਅਤੇ ਕੇਸ ਕੋਰਟ 'ਚ ਲੈ ਕੇ ਗਿਆ, ਪਰ ਅਦਾਲਤ ਨੇ ਸਬੂਤਾਂ ਦੀ ਘਾਟ ਕਹਿੰਦਿਆਂ ਦੋਸ਼ੀ ਬਰੀ ਕਰ ਦਿੱਤੇ। ਹੁਣ

***(ਬਾਕੀ ਅਗਲੇ ਸਫੇ 'ਤੇ)***

# ਸਿੱਖ ਹੋ? ਤਾਂ ਕਿਤੇ ਵੀ ਕੁਝ ਵੇਖੋ, ਜ਼ਰੂਰ ਕੁਝ ਬੋਲੋ

## ਵਿਚਾਰ-ਚਰਚਾ

ਨਿਊ ਯਾਰਕ ਵਿਚ ਐਮ. ਟੀ. ਏ. ਅਧੀਨ ਪੈਂਦੇ ਸਾਰੇ ਆਵਾਜਾਈ ਦੇ ਸਿਸਟਮਾਂ ਵਿਚ ਇਕ ਗੱਲ ਜੋ ਤੁਹਾਨੂੰ ਵਾਰ-ਵਾਰ ਨਜ਼ਰ ਪੈਂਦੀ ਹੈ, ਉਹ ਹੈ, "If you see something, say something." ਅਰਥ ਬਹੁਤ ਹੀ ਸੌਖੇ ਹਨ, "ਜੇ ਤੁਸੀਂ ਕੁਝ ਵੀ ਸ਼ੱਕੀ ਵੇਖੋ, ਤਾਂ ਕੁਝ ਜਰੂਰ ਬੋਲੋ ਯਾਨਿ ਰਿਪੋਰਟ ਕਰੋ।" ਇਹ ਸਭ ਤਾਜਾ ਵਰਤਾਰਾ ਹੈ, ਪਰ ਗੁਰੂ ਨਾਨਕ ਨੇ 550 ਸਾਲ ਪਹਿਲਾਂ ਹੀ ਉਸ ਵੇਲੇ ਦੇ ਸਮਾਜ ਵਿਚ ਕਿਤੇ ਗਲਤ ਹੁੰਦਾ ਵੇਖਿਆ, ਉਨ੍ਹਾਂ ਨੇ ਨਿਰਭਉ ਹੋ ਕੇ ਉਸ ਖਿਲਾਫ ਆਪਣੀ ਅਵਾਜ਼ ਬੁਲੰਦ ਕੀਤੀ। ਇਹ ਵਰਤਾਰਾ ਇਕ ਵਾਰ ਨਹੀਂ, ਸਗੋਂ ਕਈ ਵਾਰ ਦੁਹਰਾਇਆ ਗਿਆ। ਅੱਜ ਗੁਰੂ ਨਾਨਕ ਦੇ ਸਿੱਖਾਂ ਨੂੰ ਆਪਣੇ ਹੀ ਸਮਕਾਲੀ ਸਿੱਖਾਂ ਦੇ ਗਲਤ ਕਦਮਾਂ ਵਿਰੁਧ ਅਵਾਜ਼ ਉਠਾਉਣੀ ਮੁਸ਼ਕਿਲ ਲੱਗ ਰਹੀ ਹੈ।

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਇਹ ਘਟਨਾ ਸਾਲ 1978 ਦੀ ਹੈ, ਮੈਂ ਉਸ ਵਕਤ ਕਲਕੱਤੇ ਤੋਂ ਛਪਦੀ ਰੋਜ਼ਾਨਾ ਅਖਬਾਰ 'ਨਵੀਂ ਪ੍ਰਭਾਤ' ਵਿਚ ਸਬ-ਐਡੀਟਰ ਵਜੋਂ ਕੰਮ ਕਰਦਾ ਹੁੰਦਾ ਸਾਂ। ਮੇਰੀ ਉਮਰ ਕੋਈ 24 ਸਾਲ ਦੀ ਸੀ। ਅਖਬਾਰ ਛੋਟੀ ਸੀ, ਇਸ ਕਰਕੇ ਉਥੇ ਐਡੀਟੋਰੀਅਲ ਵਿਭਾਗ ਵਿਚ ਹਰ ਕਿਸੇ ਨੂੰ ਖਬਰ ਲਿਖਣ, ਟਰਾਂਸਲੇਟ ਕਰਨ ਤੇ ਸੰਪਾਦਕੀ ਲਿਖਣ ਤਕ-ਹਰ ਕਿਸਮ ਦਾ ਕੰਮ ਕਰਨਾ ਪੈਂਦਾ ਸੀ। ਭਾਵੇਂ ਕਲਕੱਤੇ ਦਾ ਵੱਡਾ ਤੇ ਪੁਰਾਣਾ ਗੁਰਦੁਆਰਾ ਜਗਤ ਸੁਧਾਰ, ਰਾਸ ਬਿਹਾਰੀ ਬਹੁਤਾ ਦੂਰ ਨਹੀਂ ਸੀ, ਪਰ ਮਿੰਟ ਕਾਲੋਨੀ ਵਿਚ ਰਹਿਣ ਕਾਰਨ ਸਾਡੀ ਮੁਹਾੜ ਸਥਾਨਕ ਗੁਰਦੁਆਰਾ ਸਾਹਿਬ ਬਿਹਾਲਾ ਵੱਲ ਨੂੰ ਵੱਧ ਸੀ। ਉਨ੍ਹੀਂ ਦਿਨੀਂ ਪੰਜਾਬ ਦੇ ਜਿਲਾ ਰੋਪੜ ਅਧੀਨ ਪੈਂਦੇ ਪਿੰਡ ਦੁਹੂਰੀਆ ਤੋਂ ਇਕ ਸਾਧ, ਜਿਸ ਦਾ ਨਾਮ ਸੰਤ ਬਖਸ਼ੀਸ਼ ਸਿੰਘ ਸੀ, ਕਲਕੱਤੇ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਆਪਣੀ ਗੁਰਬਾਨੀ ਵਿਦਵਤਾ ਦਾ ਪ੍ਰਚਾਰ ਕਰ ਰਿਹਾ ਸੀ। ਉਹ ਇਕ ਹਫਤੇ ਲਈ ਗੁਰਦੁਆਰਾ ਬਿਹਾਲਾ ਵਿਖੇ ਕਥਾ ਦੇ ਪ੍ਰਵਾਹ ਚਲਾ ਰਿਹਾ ਸੀ।

ਇਸੇ ਦੌਰਾਨ ਇਕ ਸਥਾਨਕ ਸਿੱਖ ਕਾਰੋਬਾਰੀ ਸੋਹਨ ਸਿੰਘ ਸੀਹਰਾ ਨੇ ਸ਼ਰਧਾ ਵੱਸ ਸੰਤ ਬਖਸ਼ੀਸ਼ ਸਿੰਘ ਨੂੰ ਆਪਣੇ ਘਰ ਦੁਪਹਿਰ ਦਾ ਪ੍ਰਸ਼ਾਦਾ ਛਕਣ ਲਈ ਸੱਦਾ ਦਿੱਤਾ। ਮੇਰੇ ਮਿੱਤਰ ਹੋਣ ਕਾਰਨ ਸ. ਸੀਹਰਾ ਨੇ ਮੈਨੂੰ ਵੀ ਆਉਣ ਲਈ ਕਿਹਾ। ਮੈਂ ਜਦੋਂ ਉਨ੍ਹਾਂ ਦੇ ਘਰ ਪਹੁੰਚਿਆ ਤਾਂ ਮੈਂ ਵੇਖ ਕੇ ਹੈਰਾਨ ਰਹਿ ਗਿਆ ਕਿ ਸੰਤ ਜੀ ਕੁਝ ਬੀਬੀਆਂ ਦੀ ਸੰਗਤ ਵਿਚ ਕ੍ਰਿਸ਼ਨ ਵਾਂਗ ਵਾਰਤਾਲਾਪ ਕਰ ਰਹੇ ਹਨ, ਜੋ ਮੇਰੇ ਅਨੁਸਾਰ ਸੰਤ ਦਾ ਲਕਬ ਧਾਰਨ ਕਰਨ ਵਾਲੇ ਕਿਸੇ ਪੁਰਸ਼ ਲਈ ਵਾਜਿਬ ਨਹੀਂ। ਮੈਨੂੰ ਸੰਤ ਦੇ ਲੱਛਣ ਚੰਗੇ ਨਾ ਲੱਗੇ।

ਇਸ ਘਟਨਾ ਪਿਛੋਂ ਪੈਂਦੇ ਐਤਵਾਰ ਨੂੰ ਸੰਤ ਬਖਸ਼ੀਸ਼ ਸਿੰਘ ਦੇ ਆਚਰਣ ਬਾਰੇ, ਜੋ ਕੁਝ ਮੈਨੂੰ ਨਾ-ਗਵਾਰ ਗੁਜ਼ਰਿਆ ਸੀ, ਬਾਰੇ ਮੈਂ 'ਨਵੀਂ ਪ੍ਰਭਾਤ' ਵਿਚ ਸੰਪਾਦਕੀ ਲਿਖ ਦਿੱਤਾ। ਇਸ ਲੇਖ ਦਾ ਸੰਤ ਦੇ ਪ੍ਰੇਮੀਆਂ ਨੇ ਕਾਫੀ ਗੁੱਸਾ ਮਨਾਇਆ। ਮੈਂ ਜਦੋਂ ਗੁਰਦੁਆਰੇ ਤੋਂ ਦੀਵਾਨ ਦੀ ਸਮਾਪਤੀ ਉਪਰੰਤ ਘਰ ਜਾਣ ਲਈ ਬਾਹਰ ਨਿਕਲਿਆ ਤਾਂ ਕਾਫੀ ਲੋਕਾਂ ਨੇ ਘੇਰ ਲਿਆ ਤੇ ਮੇਰੇ ਉਪਰ ਪੰਥ ਦੇ ਪ੍ਰਸਿੱਧ ਸੰਤ ਦੇ ਚਰਿੱਤਰ ਹਨਨ ਦਾ ਦੋਸ਼ ਲਾਇਆ। ਮੇਰੇ ਲਈ ਇਹ ਸਥਿਤੀ ਕਾਫੀ ਔਖੀ ਬਣ ਗਈ। ਮੈਂ ਆਪਣੀ ਤਰਫੋਂ ਬਥੇਰੀ ਸਫਾਈ ਦਿੱਤੀ ਕਿ ਜੋ ਮੈਂ ਅੱਖੀਂ ਡਿੱਠਾ ਹੈ ਤੇ ਜੋ ਮੈਨੂੰ ਠੀਕ ਨਹੀਂ ਲੱਗਾ, ਉਹੋ ਲਿਖਿਆ ਹੈ; ਪਰ ਕੁਝ ਅੰਧ ਭਗਤ ਤਾਂ ਇਹ ਮੰਨਣ ਲਈ ਹੀ ਤਿਆਰ ਨਹੀਂ ਸਨ ਕਿ 'ਸੰਤ ਜੀ ਇੰਜ ਵੀ ਕਰ ਸਕਦੇ ਹਨ।' ਅਜਿਹੇ ਭੇਡੂਆਂ ਨੂੰ ਕੌਣ ਸਮਝਾਵੇ?

ਮੈਂ ਤਾਂ ਸੋਚਿਆ ਸੀ ਕਿ ਮੈਂ ਗੁਰੂ ਨਾਨਕ ਦੇਵ ਦਾ ਸਿੱਖ ਹੋਣ ਦਾ ਫਰਜ਼ ਨਿਭਾਇਆ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਧਰਮ ਅਤੇ ਸਮਾਜ ਵਿਚ ਕਿਤੇ ਵੀ ਗਲਤ ਹੁੰਦਾ ਵੇਖਿਆ, ਉਨ੍ਹਾਂ ਨਿਸੰਗ ਅਵਾਜ਼ ਉਠਾਈ ਹੈ। ਮੈਂ ਤਾਂ ਸੋਚਿਆ ਸੀ ਕਿ ਮੇਰੇ ਇਸ ਕਦਮ ਦੀ ਸ਼ਲਾਘਾ ਹੋਏਗੀ, ਪਰ ਹੋ ਰਿਹਾ ਸੀ ਬਿਲਕੁਲ ਉਲਟ। ਮੈਂ ਅਜੇ ਸ਼ਸ਼ੋਪੰਜ ਵਿਚ ਹੀ ਸਾਂ ਕਿ ਇਸ ਅਣਕਿਆਸੀ ਸਥਿਤੀ ਵਿਚੋਂ ਕਿਵੇਂ ਨਿਕਲਿਆ ਜਾਵੇ ਕਿ ਅਚਾਨਕ 'ਨਵੀਂ ਪ੍ਰਭਾਤ' ਵਿਚ ਕੰਮ ਕਰਨ ਵਾਲਾ ਮੇਰਾ ਸਹਿਕਰਮੀ ਸੁਰਜੀਤ ਸਿੰਘ ਆ ਗਿਆ ਤੇ ਉਸ ਨੇ ਸੰਤ ਦੇ ਭਗਤਾਂ ਨੂੰ ਕਿਹਾ, "ਜੋ ਮੁਲਤਾਨੀ ਨੂੰ ਠੀਕ ਲੱਗਾ, ਉਸ ਨੇ ਲਿਖਿਆ, ਇਹ ਉਸ ਦਾ ਹੱਕ ਹੈ। ਤੁਹਾਨੂੰ ਉਹ ਸਭ ਚੰਗਾ ਨਹੀਂ ਲੱਗਾ, ਤੁਸੀਂ ਉਸ ਨੂੰ ਨਾ ਮੰਨੋ; ਇਹ ਤੁਹਾਡਾ ਹੱਕ ਹੈ। ਕਿਸੇ ਨੂੰ ਵੀ ਜਬਰੀ ਇਕ ਦੂਜੇ 'ਤੇ ਕੁਝ ਥੋਪਣ ਦਾ ਹੱਕ ਨਹੀਂ ਹੈ।" ਇੰਨੀ ਗੱਲ ਕਰਕੇ ਸੁਰਜੀਤ ਮੈਨੂੰ ਬਾਹੋਂ ਫੜ ਕੇ ਦੂਜੇ ਪਾਸੇ ਨੂੰ ਲੈ ਗਿਆ ਤੇ ਸੰਤ ਦੇ ਚੇਲਿਆਂ ਤੋਂ ਬਚਾਇਆ।

ਸੁਰਜੀਤ ਨੇ ਮੈਨੂੰ ਦੱਸਿਆ ਕਿ ਮੈਂ ਜਦੋਂ ਸਵੇਰੇ ਸੰਪਾਦਕੀ ਪੜ੍ਹਿਆ ਤਾਂ ਸਮਝ ਗਿਆ ਸਾਂ, ਅੱਜ ਤੇਰੀ ਕੁੱਤੇ ਖਾਣੀ ਹੋਣੀ ਨਿਸ਼ਚਿਤ ਹੈ, ਕਿਉਂਕਿ ਮੁਲਤਾਨੀ ਨੇ ਸੋਚਣਾ ਹੈ ਕਿ ਉਸ ਨੇ ਸੰਤ ਬਾਰੇ ਲੋਕਾਂ ਨੂੰ ਸਚੇਤ ਕਰ ਕੇ ਬੜਾ ਵੱਡਾ ਕੰਮ ਕੀਤਾ ਹੈ, ਪਰ ਸਿੱਖਾਂ ਦੀ ਸੌੜੀ ਤੇ ਜੰਗਾਲੀ ਮਾਨਸਿਕਤਾ ਨੂੰ ਇਹ ਸਭ ਮਨਜ਼ੂਰ ਨਹੀਂ। ਜੋ ਤੇਰੇ ਨਾਲ ਹੋਇਆ, ਮੈਨੂੰ ਇਸ ਸਭ ਦਾ ਅੰਦੇਸ਼ਾ ਸੀ। ਮੈਂ ਵੀ ਜਦੋਂ ਤੇਰੇ ਵਾਂਗ ਨਵਾਂ ਸਾਂ, ਮੈਂ ਵੀ ਇੰਜ ਹੀ ਲਿਖਿਆ ਸੀ। ਮੇਰੇ ਨਾਲ ਵੀ ਇਹ ਸਭ ਹੋਇਆ ਸੀ। (ਸੁਰਜੀਤ ਸਿੰਘ ਹੁਣ ਕੈਲੀਫੋਰਨੀਆ ਰਹਿੰਦਾ ਹੈ)। ਇਸ ਘਟਨਾ ਦੇ ਕਰੀਬ ਇਕ ਮਹੀਨਾ ਬਾਅਦ ਖਬਰ ਮਿਲੀ ਕਿ ਉਹੀ ਸੰਤ ਬਖਸ਼ੀਸ਼ ਸਿੰਘ ਦੁਹੂਰੀਆ ਕਲਕੱਤਾ ਅਤੇ ਆਸਨਸੋਲ ਦੇ ਦਰਮਿਆਨ ਪੈਂਦੇ ਬਰਦਮਾਨ ਤੋਂ ਕਿਸੇ ਆਪਣੇ ਅੰਧ ਭਗਤ ਦੀ ਘਰ ਵਾਲੀ ਨੂੰ ਲੈ ਕੇ ਤਿੱਤਰ ਹੋ ਗਿਆ ਹੈ।

1977 ਤੋਂ ਲੈ ਕੇ 2020 ਤੱਕ ਸਿੱਖਾਂ ਦੇ ਧਾਰਮਿਕ ਆਚਾਰ ਵਿਹਾਰ ਵਿਚ ਸੁਧਾਰ ਤਾਂ ਕੀ ਹੋਣਾ ਸੀ, ਹੁਣ ਤਾਂ ਹਾਲਾਤ ਇਹ ਹਨ ਕਿ 'ਜੇ ਤੂੰ ਹੈਂ ਨਾਨਕ ਦਾ ਸਿੱਖ ਤਾਂ ਦੜ ਵੱਟ, ਜ਼ਮਾਨਾ ਕੱਟ!' ਬਾਬੇ ਨਾਨਕ ਦੇ ਸਿੱਖਾਂ ਵਾਲੇ ਦਿਨ ਸ਼ਾਇਦ ਹੀ ਹੁਣ ਆਉਣਗੇ। ਪੁਜਾਰੀਆਂ (ਗ੍ਰੰਥੀਆਂ) ਨੇ ਹੌਲੀ-ਹੌਲੀ ਮਰਿਆਦਾਵਾਂ ਦੇ ਨਾਮ ਗੁਰੂ ਗ੍ਰੰਥ ਸਾਹਿਬ ਜਿਹੇ ਸਮਰੱਥ ਨੂੰ ਵੀ ਬ੍ਰਾਹਮਣਾਂ ਦੇ ਠਾਕਰ ਜਿਹਾ ਬਣਾ ਲਿਆ ਹੈ, ਜਿਸ ਨੂੰ ਪੁਜਾਰੀ ਆਪਣੇ ਜਿਹੀ ਹੀ ਬੋਲੀ ਬੁਲਵਾ ਲੈਂਦੇ ਹਨ। ਅਕਾਲ ਤਖਤ ਦੇ ਜਥੇਦਾਰ ਤੋਂ ਲੈ ਕੇ ਗੁਰਦੁਅਰਿਆਂ ਦੇ ਗ੍ਰੰਥੀਆਂ ਤੱਕ ਦੀਆਂ ਦਸਤਾਰਾਂ 'ਤੇ ਨਜ਼ਰ ਮਾਰੋ, ਕਿਵੇਂ ਲੜ ਚਿਣੇ ਹੁੰਦੇ ਹਨ। ਉਹ ਸਭ ਵੱਖਰੇ ਹੀ ਨਜ਼ਰ ਆਉਂਦੇ ਹਨ। ਹਰ ਗਲੀ, ਮੁਹੱਲੇ ਵਿਚ ਫਿਰਕੇ ਅਤੇ ਜਾਤਾਂ ਦੇ ਨਾਮ 'ਤੇ ਗੁਰਦੁਆਰਿਆਂ ਦੀ ਧੜਾਧੜ ਉਸਾਰੀਆਂ ਹੋ ਰਹੀਆਂ ਹਨ।

ਪਿਛਲੇ ਦਿਨੀਂ ਨਵੀਂ ਦਿੱਲੀ ਸਥਿਤ ਸਿੱਖ ਗੁਰਮਤਿ ਕਾਲਜ ਦੇ ਮੁਖੀ ਹਰਿੰਦਰਪਾਲ ਸਿੰਘ ਨਾਲ ਜੋ ਹੋਇਆ ਹੈ, ਬੇਹੱਦ ਗਲਤ ਤੇ ਉਦਾਸ ਕਰਨ ਵਾਲਾ ਹੈ। ਅੱਜ ਸਿੱਖ ਅਖਵਾਉਣ ਵਾਲੇ ਲੋਕ ਕਿੰਨੇ ਅੰਧ ਵਿਸ਼ਵਾਸੀ ਬਣ ਗਏ ਹਨ, ਸੋਚ ਕੇ ਖਰਾਬ ਲੱਗਦਾ ਹੈ। ਵਧੇਰੇ ਸਿੱਖ ਹੁਣ ਸ਼ੋਸ਼ਲ ਮੀਡੀਆ ਦੀ ਬਦੌਲਤ ਆਪਣੇ ਆਪ ਵਿਚ ਅਖੌਤੀ ਗਿਆਨੀ ਬਣ ਬੈਠੇ ਹਨ। ਇਨ੍ਹਾਂ ਨੂੰ ਗੋਲ ਪੱਗਾਂ ਵਾਲੇ ਸ਼ੋਸ਼ਲ ਮੀਡੀਆ ਵਾਲੇ ਗਿਆਨੀ ਵਧੇਰੇ ਗਿਆਨਵਾਨ ਲੱਗਦੇ ਹਨ। ਆਮ ਸਵਰੂਪ ਵਾਲੇ ਵਿਦਵਾਨ ਸਿੱਖ ਇਨ੍ਹਾਂ ਨੂੰ ਐਵੇਂ ਦੇ ਹੀ ਲੱਗਦੇ ਹਨ। ਚੁੱਪ ਚੁਪੀਤੇ ਧਰਮ ਸੰਸਕਾਰਾਂ ਦੇ ਨਾਮ 'ਤੇ ਬਹੁਤਾਤ ਵਿਚ ਹਨੇਰੇ ਵੱਲ ਨੂੰ ਧੱਕਣ ਵਾਲੇ ਇਹ ਗੋਲ ਪੱਗਾਂ ਵਾਲੇ ਗੱਗੜ ਗਿਆਨੀ ਸਿੱਖਾਂ ਨੂੰ ਬਹੁਤ ਆਪਣੇ ਲੱਗਦੇ ਹਨ। ਸੱਚ ਦੱਸਣ ਵਾਲੇ, ਭੇਖਾਂ ਤੋਂ ਮੁਕਤ ਆਮ ਵਿਦਵਾਨ ਸਿੱਖ ਅਤੇ ਉਨ੍ਹਾਂ ਦੇ ਵਿਚਾਰ ਸਿੱਖਾਂ ਨੂੰ ਸੁਆਦੀ ਨਹੀਂ ਲੱਗਦੇ, ਜੋ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਮੈਂ ਸੋਚਦਾਂ, ਗੁਰੂ ਨਾਨਕ ਸਾਹਿਬ ਵੇਲੇ ਹੋਰਨਾਂ ਧਰਮਾਂ, ਜਿਨ੍ਹਾਂ ਦੀਆਂ ਊਣਤਾਈਆਂ 'ਤੇ ਗੁਰੂ ਸਾਹਿਬ ਨੇ ਸਵਾਲ ਖੜੇ ਕੀਤੇ ਸਨ, ਦੇ ਲੋਕ ਅੱਜ ਦੇ ਸਿੱਖਾਂ ਨਾਲੋਂ ਮਾਨਸਿਕ ਤੇ ਬੌਧਿਕ ਤੌਰ 'ਤੇ ਕਿਤੇ ਵੱਧ ਠਰੰਮੇ ਵਾਲੇ ਹੋਣਗੇ, ਜਿਨ੍ਹਾਂ ਨੇ ਆਪਣੇ ਧਰਮ ਪ੍ਰਤੀ ਅਸੁਖਾਂਵੀਆਂ ਗੱਲਾਂ ਸੁਣ ਕੇ ਵੀ ਸੰਵਾਦ ਰਚਨ ਤੇ ਸੰਵਾਦ ਵਿਚ ਹਿੱਸਾ ਲੈਣ ਨੂੰ ਵਧੇਰੇ ਤਰਜੀਹ ਦਿੱਤੀ ਅਤੇ ਸੱਚ ਨੂੰ ਮੰਨਿਆ ਤੇ ਗੁਰੂ ਨਾਨਕ ਸਾਹਿਬ ਦੀ ਅਗਵਾਈ ਕਬੂਲੀ। ਜੇ ਉਹ ਲੋਕ ਵੀ ਮੌਜੂਦਾ ਦੌਰ ਦੇ ਅਖੌਤੀ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਤੇ ਹੋਰਨਾਂ ਵਾਂਗ ਅੰਧ ਧਰਮੀ ਹੁੰਦੇ ਤਾਂ ਗੁਰੂ ਨਾਨਕ ਦੀਆਂ ਉਦਾਸੀਆਂ ਦਾ ਸਵਰੂਪ ਸ਼ਾਇਦ ਕੁਝ ਹੋਰ ਹੀ ਹੁੰਦਾ!

# ਟੋਰਾਂਟੋ ਕਤਲ ਕਾਂਡ

*(ਪਿਛਲੇ ਸਫੇ ਦੀ ਬਾਕੀ)*

ਗੁਰਦੁਆਰੇ ਦੀ ਚੋਣ ਦੇ ਮਾਮਲੇ 'ਚ ਉਸ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਉਸ ਨੇ ਕਾਫੀ ਸਾਰੇ ਸੰਭਵ ਸਬੂਤ ਇਕੱਠੇ ਕੀਤੇ ਅਤੇ ਹਰ ਕੋਸ਼ਿਸ਼ ਕੀਤੀ। ਕੋਰਟ 'ਚ ਕੇਸ ਗਿਆ, ਪਰ ਉਸ ਦਿਨ, 18 ਮਾਰਚ 1982 ਦੇ ਦਿਨ ਜੱਜ ਜੌਹਨ ਔਸਲਰ ਨੇ ਉਸ ਵਲੋਂ ਫਾਈਲ ਕੀਤੀ ਪਟੀਸ਼ਨ ਰੱਦ ਕਰ ਦਿੱਤੀ। ਇਸ ਕਾਰਨ ਉਹ ਗੁੱਸੇ ਨਾਲ ਭਰ ਉਠਿਆ ਅਤੇ ਗੋਲੀਆਂ ਚਲਾਉਂਦਿਆਂ ਦੋ ਨੂੰ ਮਾਰ ਮੁਕਾਇਆ ਤੇ ਕਈ ਸਖਤ ਜ਼ਖਮੀ ਹੋ ਗਏ। ਇਸ ਪਿੱਛੋਂ ਉਹ ਆਪਣੇ ਦੋਸਤ ਨਾਲ ਕਾਰ 'ਚ ਬਹਿੰਦਿਆਂ ਭੱਜ ਨਿਕਲਿਆ ਸੀ...।

ਜਿਸ ਬੰਦੇ ਨਾਲ ਸਮਰਾ ਭੱਜਿਆ, ਉਸ ਦਾ ਨਾਂ ਬਿੱਲਾ ਸੀ। ਬਿੱਲਾ ਪਹਿਲਾਂ ਤੋਂ ਹੀ ਇਸ ਸਭ ਲਈ ਤਿਆਰ ਸੀ। ਉਸ ਨੇ ਅਦਾਲਤ ਤੋਂ ਬਾਹਰ ਨਿਵੇਕਲੇ ਜਿਹੇ ਆਪਣੀ ਕਾਰ ਰੋਕੀ ਹੋਈ ਸੀ। ਸਮਰੇ ਨੂੰ ਪਤਾ ਸੀ ਕਿ ਕਾਰ ਕਿਥੇ ਹੈ। ਇਸੇ ਕਰ ਕੇ ਉਹ ਸਿੱਧਾ ਕਾਰ 'ਚ ਜਾ ਬੈਠਾ ਸੀ। ਬਿੱਲੇ ਨੇ ਸਮਰੇ ਨੂੰ ਟੋਰਾਂਟੋ ਸ਼ਹਿਰ ਤੋਂ ਬਾਹਰ ਵਲ ਇਕ ਅਪਾਰਟਮੈਂਟ ਬਿਲਡਿੰਗ ਮੂਹਰੇ ਉਤਾਰ ਦਿੱਤਾ। ਇਥੇ ਲੁਕਣ ਦਾ ਪ੍ਰਬੰਧ ਵੀ ਸਮਰੇ ਨੇ ਪਹਿਲਾਂ ਹੀ ਕਰਵਾਇਆ ਹੋਇਆ ਸੀ। ਉਹ ਪੌੜੀਆਂ ਚੜ੍ਹਦਿਆਂ ਕਿਸੇ ਅਪਾਰਟਮੈਂਟ 'ਚ ਜਾ ਕੇ ਛੁਪ ਗਿਆ, ਪਰ ਪੁਲਿਸ ਨੂੰ ਛੇਤੀ ਹੀ ਸਮਰੇ ਦੀ ਛੁਪਣਗਾਹ ਦਾ ਪਤਾ ਲੱਗ ਗਿਆ। ਪੁਲਿਸ ਨੇ ਛਾਪਾ ਮਾਰਿਆ ਤਾਂ ਉਦੋਂ ਨੂੰ ਸਮਰਾ ਇਥੋਂ ਨਿਕਲ ਚੁਕਾ ਸੀ। ਅੱਗੇ ਉਹ ਹੋਰ ਬਿਲਡਿੰਗ 'ਚ ਜਾ ਲੁਕਿਆ ਤਾਂ ਉਥੇ ਵੀ ਪੁਲਿਸ ਅੱਪੜ ਗਈ, ਪਰ ਪੁਲਿਸ ਦੇ ਹੱਥ ਖਾਲੀ ਰਹੇ। ਅਸਲ 'ਚ ਜਿੰਨੇ ਤੇਜ਼ ਪੁਲਿਸ ਸੂਤਰ ਸਮਰੇ ਦਾ ਪਿੱਛਾ ਕਰ ਰਹੇ ਸਨ, ਸਮਰਾ ਉਨ੍ਹਾਂ ਤੋਂ ਤੇਜ਼ ਸੀ। ਜਦੋਂ ਨੂੰ ਪੁਲਿਸ ਕਿਤੇ ਪਹੁੰਚਦੀ ਤਾਂ ਸਮਰਾ ਅੱਗੇ ਨਿਕਲ ਗਿਆ ਹੁੰਦਾ। ਇਸ ਤਰ੍ਹਾਂ ਲੁਕਾ-ਛੁਪੀ ਖੇਡਦਿਆਂ ਸਮਰਾ ਮੌਂਟਰੀਅਲ ਜਾ ਪਹੁੰਚਿਆ। ਕੁਝ ਦੇਰ ਇਥੇ ਰਹਿੰਦਿਆਂ ਸਮਰੇ ਨੇ ਵੈਨਕੂਵਰ ਲਈ ਫਲਾਈਟ ਫੜ ਲਈ। ਉਸ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸੇ ਫਲਾਈਟ 'ਤੇ ਕੈਨੇਡਾ ਦਾ ਇਕ ਪੁਲਿਸ ਅਫਸਰ ਉਸੇ ਦਾ ਪਿੱਛਾ ਕਰਦਾ ਹੋਇਆ ਚੜ੍ਹ ਗਿਆ। ਖਾਨ ਨਾਮੀ ਇਹ ਪੁਲਿਸ ਅਫਸਰ ਉਦੋਂ ਅਚੰਭਿਤ ਰਹਿ ਗਿਆ, ਜਦੋਂ ਵੈਨਕੂਵਰ ਪਹੁੰਚਦਿਆਂ ਸਮਰਾ ਉਸ ਦੀਆਂ ਅੱਖਾਂ ਤੋਂ ਓਝਲ ਹੋ ਗਿਆ। ਖਾਨ ਖਾਲੀ ਹੱਥ ਟੋਰਾਂਟੋ ਵਾਪਸ ਮੁੜ ਗਿਆ।

ਉਧਰ, ਸਮਰਾ ਕਿਸੇ ਸੁਰੱਖਿਅਤ ਥਾਂ ਜਾ ਬੈਠਾ। ਬੜੀ ਭੱਜ-ਨੱਠ ਪਿਛੋਂ ਵੀ ਪੁਲਿਸ ਖਾਲੀ ਹੱਥ ਸੀ। ਫਿਰ ਪੁਲਿਸ ਮਹਿਕਮੇ ਨੂੰ ਸ਼ੱਕ ਹੋਇਆ ਕਿ ਕੁਲਦੀਪ ਸਿੰਘ ਸਮਰਾ ਕਿਧਰੇ ਅਮਰੀਕਾ ਨੂੰ ਹੀ ਨਾ ਭੱਜ ਜਾਵੇ। ਇਸ ਖਿਆਲ ਦੇ ਮੱਦੇਨਜ਼ਰ ਅਮਰੀਕਾ ਜਾਣ ਵਾਲੇ ਸਾਰੇ ਏਅਰਪੋਰਟ ਅਤੇ ਸੜਕੀ ਰਸਤੇ ਚੌਕਸ ਕਰ ਦਿੱਤੇ ਗਏ। ਥਾਂ ਪਰ ਥਾਂ ਬੜੀ ਸਖਤੀ ਨਾਲ ਸਮਰੇ ਨੂੰ ਲੱਭਿਆ ਜਾਣ ਲੱਗ ਪਿਆ, ਪਰ ਸਮਰਾ ਤਾਂ ਸ਼ਾਇਦ ਛਲੇਡਾ ਬਣ ਚੁਕਾ ਸੀ। ਕੈਨੇਡਾ ਪੁਲਿਸ ਏਅਰਪੋਰਟਾਂ ਜਾਂ ਸਰਹੱਦੀ ਰਸਤਿਆਂ 'ਤੇ ਸਖਤੀ ਕਰਦੀ ਰਹਿ ਗਈ ਤੇ ਸਮਰਾ ਯੂਬਾ ਸਿਟੀ (ਅਮਰੀਕਾ) ਜਾ ਪਹੁੰਚਿਆ।

ਹੋਇਆ ਇਹ ਕਿ ਕੁਲਦੀਪ ਸਿੰਘ ਸਮਰਾ ਨੇ ਉਸ ਸਰਹੱਦ ਰਾਹੀਂ ਹੀ ਪਾਰ ਜਾਣ ਦਾ ਰਸਤਾ ਲੱਭਿਆ, ਜਿਸ 'ਤੇ ਕੈਨੇਡਾ ਨੇ ਸਭ ਤੋਂ ਵੱਧ ਸਖਤੀ ਕੀਤੀ ਹੋਈ ਸੀ। ਉਸ ਦਿਨ ਦੋ ਵੈਨਾਂ ਵੈਨਕੂਵਰ ਡਾਊਨ ਟਾਊਨ ਤੋਂ ਸਰਹੱਦ ਵਲ ਤੁਰੀਆਂ। ਦੋਹਾਂ ਵੈਨਾਂ ਵਿਚ ਅੱਠ-ਅੱਠ ਬੰਦੇ ਬੈਠੇ ਸਨ। ਸਾਰੇ ਦੇ ਸਾਰੇ ਪੂਰਨ ਰੂਪ 'ਚ ਸਿੱਖੀ ਪਹਿਰਾਵੇ ਵਿਚ ਸਨ। ਸਭ ਦੇ ਇਕੋ ਰੰਗ ਦੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਦੇ ਦਾੜ੍ਹੇ ਖੁੱਲ੍ਹੇ ਛੱਡੇ ਸਨ ਤੇ ਇਕੋ ਜਿਹੇ ਚਿੱਟੇ ਕੁੜਤੇ ਪਜ਼ਾਮੇ ਪਾਏ ਹੋਏ ਸਨ। ਸਮਰਾ, ਉਸ ਵੇਲੇ ਦੂਜੀ ਵੈਨ ਵਿਚ ਸੀ ਤੇ ਪਹਿਲੀ ਵੈਨ ਥੋੜ੍ਹਾ ਜਿਹਾ ਪਹਿਲਾਂ ਸਰੱਹਦੀ ਚੈਕ ਪੋਸਟ ਦੀ ਇਕ ਨੰਬਰ ਲਾਈਨ ਵਿਚ ਜਾ ਲੱਗੀ। ਇਮੀਗ੍ਰੇਸ਼ਨ ਵਾਲੇ ਨੇ ਪਹਿਲੀ ਵੈਨ ਵਾਲਿਆਂ ਦੇ ਪਾਸਪੋਰਟ ਵਗੈਰਾ ਚੈਕ ਕਰਕੇ ਅੱਗੇ ਤੁਰਨ ਦਾ ਇਸ਼ਾਰਾ ਕੀਤਾ। ਉਦੋਂ ਹੀ ਦੂਜੀ ਵੈਨ, ਨਾਲ ਵਾਲੀ ਦੋ ਨੰਬਰ ਲਾਈਨ ਵਲ ਆਈ। ਦੋ ਨੰਬਰ ਲਾਈਨ 'ਚ ਅਜੇ ਕੋਈ ਹੋਰ ਕਾਰ ਖੜ੍ਹੀ ਸੀ। ਪਹਿਲਾਂ ਮਿੱਥੀ ਸਕੀਮ ਮੁਤਾਬਕ ਦੂਜੀ ਵੈਨ ਦੇ ਡਰਾਈਵਰ ਨੇ ਵੈਨ ਲਿਆ ਕੇ ਮੂਹਰੇ ਖੜ੍ਹੀ ਕਾਰ ਵਿਚ ਮਾਰੀ। ਐਕਸੀਡੈਂਟ ਹੋ ਗਿਆ ਤਾਂ ਥੋੜ੍ਹੀ ਭੱਜ-ਨੱਸ ਜਿਹੀ ਮੱਚ ਗਈ। ਇਮੀਗ੍ਰੇਸ਼ਨ ਵਾਲਿਆਂ ਆਪਣਾ ਕੰਮ ਰੋਕ ਕੇ ਉਧਰ ਦੇਖਿਆ। ਦੋ-ਚਾਰ ਪੁਲਿਸ ਵਾਲੇ ਐਕਸੀਡੈਂਟ ਵਾਲੀ ਥਾਂ ਪਹੁੰਚ ਗਏ। ਪਹਿਲੀ ਵੈਨ ਵਾਲਿਆਂ ਵੀ ਅੱਗੇ ਤੁਰਨ ਦੀ ਥਾਂ ਵੈਨ ਜਿੱਥੇ ਸੀ, ਉਥੇ ਹੀ ਰੋਕ ਦਿੱਤੀ। ਸਾਰੇ ਬੰਦੇ ਬਾਹਰ ਨਿਕਲੇ ਤੇ ਐਕਸੀਡੈਂਟ ਵਾਲੀ ਥਾਂ ਵਲ ਤੁਰ ਪਏ। ਉਧਰ, ਦੂਜੀ ਵੈਨ 'ਚੋਂ ਪਹਿਲਾਂ ਹੀ ਸਾਰੇ ਬੰਦੇ ਬਾਹਰ ਆ ਗਏ ਸਨ। ਸਭ ਐਕਸੀਡੈਂਟ ਵਾਲੀ ਥਾਂ ਦੁਆਲੇ ਘੁੰਮਣ ਲੱਗੇ। ਉਦੋਂ ਹੀ ਦੂਜੀ ਵੈਨ ਵਾਲਿਆਂ 'ਚੋਂ ਕੁਲਦੀਪ ਸਿੰਘ ਸਮਰਾ, ਹੌਲੀ-ਹੌਲੀ ਪਹਿਲੀ ਵੈਨ ਦੇ ਮੁਸਾਫਰਾਂ 'ਚ ਰਲ ਗਿਆ ਤੇ ਪਹਿਲੀ ਵੈਨ ਦਾ ਇੱਕ ਜਣਾ ਦੂਜੀ ਵੈਨ ਵਲ ਹੋ ਗਿਆ। ਮੁਸਾਫਰਾਂ ਦਾ ਵਟਾਂਦਰਾ ਹੋਇਆ ਤੇ ਸਮਰਾ ਪਹਿਲੀ ਵੈਨ 'ਚ ਜਾ ਬੈਠਾ। ਇਮੀਗ੍ਰੇਸ਼ਨ ਜਾਂ ਪੁਲਿਸ ਵਾਲਿਆਂ ਨੂੰ ਕੋਈ ਪਤਾ ਨਾ ਲੱਗਾ। ਉਨ੍ਹਾਂ ਨੂੰ ਤਾਂ ਸਾਰੇ ਇੱਕੋ ਜਿਹੇ ਹੀ ਲੱਗਦੇ ਸਨ। ਸਮਰੇ ਦੇ ਬਹਿੰਦਿਆਂ ਹੀ ਪਹਿਲੀ ਵੈਨ ਅਮਰੀਕਾ ਵਲ ਅੱਗੇ ਲੰਘ ਗਈ। ਉਧਰ, ਪਿਛਲੀ ਵੈਨ ਵਾਲੇ ਇਹ ਕਹਿੰਦਿਆਂ ਪਿਛਾਂਹ ਹੀ ਮੁੜ ਗਏ ਕਿ ਐਕਸੀਡੈਂਟ ਹੋ ਗਿਆ ਹੈ, ਇਸ ਹਾਲਤ 'ਚ ਉਹ ਅੱਗੇ ਨਹੀਂ ਜਾਣਗੇ। ਸਮਰੇ ਦਾ ਡਰਾਮਾ ਕਾਮਯਾਬ ਰਿਹਾ ਤੇ ਉਹ ਅਮਰੀਕਾ ਦੇ ਯੂਬਾ ਸਿਟੀ ਪਹੁੰਚ ਕੇ ਕਿਸੇ ਦੇ ਘਰ ਜਾ ਛੁਪਿਆ।



ਜਗਜੀਤ ਸਿੰਘ ਚੌਹਾਨ ਦੀ ਇਕ ਪੁਰਾਣੀ ਤਸਵੀਰ

***ਸਮਰੇ ਦੇ ਤੁਰ ਜਾਣ ਪਿਛੋਂ ਪ੍ਰੀਤਮ ਸਿੰਘ ਨੇ ਪੁੱਛਿਆ ਕਿ ਮੀਟਿੰਗ ਕਿਵੇਂ ਰਹੀ ਤਾਂ ਚੌਹਾਨ ਨੇ ਥੋੜ੍ਹਾ ਤੌਖਲਾ ਜਾਹਰ ਕੀਤਾ। ਉਸ ਮੁਤਾਬਕ ਉਸ ਨੇ ਸਮਰੇ ਨਾਲ ਗੱਲਬਾਤ ਦੌਰਾਨ ਅੰਦਾਜ਼ਾ ਲਾਇਆ ਕਿ ਇਹ ਬੰਦਾ ਭਰੋਸੇਯੋਗ ਨਹੀਂ ਹੈ। ਉਸ ਨੇ ਹੋਰ ਕਿਹਾ ਕਿ ਸਮਰੇ ਦੀ ਸ਼ਖਸੀਅਤ ਹਿੰਸਕ ਜਾਪਦੀ ਹੈ ਤੇ ਇਹ ਬੰਦਾ ਕਿਸੇ ਵੇਲੇ ਵੀ ਮਾਰ-ਧਾੜ 'ਤੇ ਉਤਾਰੂ ਹੋ ਸਕਦਾ ਹੈ। ਚੌਹਾਨ ਮੁਤਾਬਕ ਕਿਉਂਕਿ ਸਮਰੇ ਦੀ ਹੁਣ ਤੱਕ ਦੀ ਜ਼ਿੰਦਗੀ ਖੱਬੇ ਪੱਖੀ ਵਿਚਾਰਧਾਰਕ ਹੈ, ਇਸ ਕਰ ਕੇ ਉਹ ਇਸ ਨੂੰ ਕਦੇ ਵੀ ਮਨ 'ਚੋਂ ਨਹੀਂ ਕੱਢ ਸਕੇਗਾ; ਤੇ ਸਮਰੇ ਦੇ ਲੰਮੇ ਸਮੇਂ ਤੋਂ ਭਾਰਤੀ ਅੰਬੈਸੀ ਵਾਲਿਆਂ ਨਾਲ ਸਬੰਧ ਹਨ, ਇਸ ਕਰ ਕੇ ਉਹ ਕਦੇ ਵੀ ਇਸ ਨੂੰ ਨਹੀਂ ਛੱਡਣਗੇ। ਇਹ ਵੀ ਉਨ੍ਹਾਂ ਤੋਂ ਦੂਰ ਨਹੀਂ ਹੋਵੇਗਾ। ਉਧਰ, ਸਮਰਾ ਦੂਹਰੀ ਬਿਆਨਬਾਜ਼ੀ ਕਰਨ ਲੱਗ ਪਿਆ। ਖਾਲਿਸਤਾਨੀ ਲੋਕਾਂ ਸਾਹਮਣੇ ਉਹ ਉਨ੍ਹਾਂ ਜਿਹੀਆਂ ਗੱਲਾਂ ਕਰਦਾ ਤੇ ਆਪਣੇ ਸਮਰਥਕਾਂ ਮੂਹਰੇ ਉਹ ਖਾਲਿਸਤਾਨ ਦਾ ਕੱਟੜ ਵਿਰੋਧੀ ਬਣਿਆ ਰਹਿੰਦਾ।***

ਅਗਲੇ ਦਿਨ ਤੱਕ ਕੈਨੇਡਾ ਪੁਲਿਸ ਦੇ ਸੂਤਰਾਂ ਨੇ ਇਤਲਾਹ ਦਿੱਤੀ ਕਿ ਕੁਲਦੀਪ ਸਿੰਘ ਸਮਰਾ ਯੂਬਾ ਸਿਟੀ ਪਹੁੰਚ ਗਿਆ ਹੈ। ਉਨ੍ਹਾਂ ਉਥੇ ਦੇ ਪੁਲਿਸ ਮਹਿਕਮੇ ਨਾਲ ਰਾਬਤਾ ਕਾਇਮ ਕੀਤਾ। ਅੱਗਿਓਂ ਯੂਬਾ ਸਿਟੀ ਪੁਲਿਸ ਮਹਿਕਮੇ ਨੇ ਦੱਸਿਆ ਕਿ ਜੇ ਸਮਰਾ ਇਥੇ ਹੈ ਤਾਂ ਇਹ ਭੁੱਲ ਜਾਵੋ ਕਿ ਉਹ ਲੱਭ ਜਾਵੇਗਾ। ਉਨ੍ਹਾਂ ਕਿਹਾ ਕਿ ਯੂਬਾ ਸਿਟੀ ਵਿਚ ਬਹੁਤੀ ਵਸੋਂ ਸਿੱਖਾਂ ਦੀ ਹੈ, ਤੇ ਪੁਲਿਸ ਨੂੰ ਉਹ ਸਭ ਇਕੋ ਜਿਹੇ ਜਾਪਦੇ ਹਨ। ਇਸ ਕਰਕੇ ਸਮਰੇ ਨੂੰ ਲੱਭਣਾ ਬਹੁਤ ਮੁਸ਼ਕਿਲ ਹੈ। ਅਜੇ ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਸਮਰਾ ਅਮਰੀਕੀ ਸਰਹੱਦ ਦੇ ਉਸ ਪਾਰ, ਭਾਵ ਮੈਕਸੀਕੋ ਜਾ ਵੜਿਆ। ਹੁਣ ਉਸ ਨੂੰ ਲੱਭਣ ਦੀਆਂ ਸਭ ਉਮੀਦਾਂ ਕਰੀਬ ਨਾਂਹ ਦੇ ਬਰਾਬਰ ਸਨ। ਕੈਨੇਡਾ ਪੁਲਿਸ ਨੇ ਇੰਟਰਪੋਲ ਨਾਲ ਰਾਬਤਾ ਬਣਾਉਂਦਿਆਂ ਸਮਰੇ ਨੂੰ ਫੜਨ ਲਈ ਕਿਹਾ। ਇੰਟਰੋਪਲ ਨੇ ਸਭ ਏਅਰਪੋਰਟ ਅਲਰਟ ਕਰ ਦਿੱਤੇ, ਪਰ ਸਮਰੇ ਨੂੰ ਕੋਈ ਡਰ ਨਹੀਂ ਸੀ, ਕਿਉਂਕਿ ਉਸ ਕੋਲ ਕਿਸੇ ਹੋਰ ਨਾਂ ਹੇਠ ਬਣਿਆ ਪਾਸਪੋਰਟ ਸੀ। ਇਸੇ ਪਾਸਪੋਰਟ 'ਤੇ ਉਹ ਮੈਕਸੀਕੋ ਤੋਂ ਦੁੱਬਈ ਚਲਾ ਗਿਆ। ਉਥੇ ਉਹ ਕੁਝ ਦੇਰ ਰੁਕਿਆ। ਅੱਗੇ ਉਸ ਨੇ ਭਾਰਤ ਵਿਚ ਦਾਖਲ ਹੋਣਾ ਸੀ, ਪਰ ਉਹ ਕਿਸੇ ਏਅਰਪੋਰਟ ਰਾਹੀਂ ਦਾਖਲ ਹੋਣ ਦਾ ਖਤਰਾ ਨਹੀਂ ਸੀ ਲੈਣਾ ਚਾਹੁੰਦਾ। ਸੂਤਰਾਂ ਮੁਤਾਬਕ ਅੱਗੇ ਉਸ ਦੀ ਮਦਦ ਹਾਜੀ ਮਸਤਾਨ ਨਾਂ ਦੇ ਵੱਡੇ ਸਮੱਗਲਰ ਨੇ ਕੀਤੀ। ਉਹ ਸਮਰੇ ਨੂੰ ਆਪਣੇ ਪ੍ਰਾਈਵੇਟ ਸ਼ਿਪ ਰਾਹੀਂ ਬੰਬਈ ਲੈ ਗਿਆ। ਬੰਬਈ ਤੋਂ ਸਮਰਾ ਪੰਜਾਬ ਪਹੁੰਚ ਗਿਆ। ਸਭ ਕੁਝ ਜਾਣਦਿਆਂ ਵੀ ਪੰਜਾਬ ਪੁਲਿਸ ਨੇ ਸਮਰੇ ਦੀ ਗ੍ਰਿਫਤਾਰੀ ਲਈ ਕੋਈ ਰੁਚੀ ਨਾ ਦਿਖਾਈ। ਇੰਜ ਕੁਲਦੀਪ ਸਮਰਾ ਆਪਣੀ ਸਭ ਤੋਂ ਸੁਰੱਖਿਅਤ ਜਗ੍ਹਾ, ਪੰਜਾਬ ਜਾ ਬੈਠਾ।

ਇੱਧਰ ਕੈਨੇਡਾ ਪੁਲਿਸ ਨੂੰ ਪਤਾ ਲੱਗ ਗਿਆ ਸੀ ਕਿ ਸਮਰਾ ਪੰਜਾਬ ਜਾ ਚੁਕਾ ਹੈ। ਕੈਨੇਡਾ ਸਰਕਾਰ ਇਸ ਗੱਲ 'ਤੇ ਹੈਰਾਨ ਸੀ ਕਿ ਇੰਨੀ ਸਿਕਿਉਰਿਟੀ ਹੁੰਦਿਆਂ ਕਿਵੇਂ ਕੋਈ ਮੁਲਕ ਛੱਡ ਕੇ ਭੱਜ ਸਕਦਾ ਹੈ! ਹੌਲੀ-ਹੌਲੀ ਉਸ ਨੂੰ ਇਹ ਗੱਲ ਸਮਝ ਵਿਚ ਆਈ ਕਿ ਸਿੱਧੇ ਜਾਂ ਲੁਕਵੇਂ ਢੰਗ ਨਾਲ ਭਾਰਤੀ ਅੰਬੈਸੀ ਦੁਆਰਾ ਕੀਤੀ ਮਦਦ ਕਾਰਨ ਹੀ ਸਮਰਾ ਪੰਜਾਬ ਪਹੁੰਚਣ ਵਿਚ ਕਾਮਯਾਬ ਹੋਇਆ। ਫਿਰ ਕੈਨੇਡਾ ਸਰਕਾਰ ਨੇ ਰਾਜਨੀਤਕ ਤਰੀਕਾ ਅਪਨਾਉਣ ਦਾ ਕਦਮ ਚੁੱਕਿਆ। ਭਾਰਤੀ ਵਿਦੇਸ਼ ਮੰਤਰਾਲੇ ਨਾਲ ਸੰਪਰਕ ਸਾਧਦਿਆਂ ਉਸ ਨੂੰ ਗ੍ਰਿਫਤਾਰ ਕਰਨ ਦੀ ਬੇਨਤੀ ਕੀਤੀ। ਪਹਿਲਾਂ ਤਾਂ ਭਾਰਤ ਸਰਕਾਰ ਨੇ ਕੋਈ ਲੜ ਹੀ ਨਾ ਫੜਾਇਆ, ਪਰ ਜਦੋਂ ਹੁੰਗਾਰਾ ਭਰਿਆ ਤਾਂ ਭਾਰਤ ਨੇ ਬੜੀ ਅਜੀਬ ਮੰਗ ਰੱਖੀ। ਉਦੋਂ ਖਾਲਿਸਤਾਨੀ ਸਮਰਥਕ ਤਲਵਿੰਦਰ ਸਿੰਘ ਪਰਮਾਰ ਕੈਨੇਡਾ ਵਿਚ ਸ਼ੱਰੇਆਮ ਵਿਚਰ ਰਿਹਾ ਸੀ। ਉਸ 'ਤੇ ਪੰਜਾਬ ਵਿਚ ਦੋ ਪੁਲਿਸ ਮੁਲਾਜ਼ਮਾਂ ਦੇ ਕਤਲ ਦਾ ਚਾਰਜ ਵੀ ਲੱਗਾ ਹੋਇਆ ਸੀ। ਭਾਰਤ ਸਰਕਾਰ ਨੇ ਕਿਹਾ ਕਿ ਜੇ ਕੈਨੇਡਾ ਤਲਵਿੰਦਰ ਸਿੰਘ ਪਰਮਾਰ ਨੂੰ ਫੜ ਕੇ ਸਾਡੇ ਹਵਾਲੇ ਕਰੇ ਤਾਂ ਅਸੀਂ ਵੀ ਸਮਰੇ ਨੂੰ ਗ੍ਰਿਫਤਾਰ ਕਰਦਿਆਂ ਕੈਨੇਡਾ ਨੂੰ ਸੌਂਪ ਦੇਵਾਂਗੇ। ਕੈਨੇਡਾ ਨੇ ਇਹ ਮੰਗ ਠੁਕਰਾ ਦਿੱਤੀ। ਨਾਲ ਹੀ ਕੈਨੇਡੀਅਨ ਸਰਕਾਰ ਦਾ ਇਹ ਖਦਸ਼ਾ ਪੱਕਾ ਹੋ ਗਿਆ ਕਿ ਕੁਲਦੀਪ ਸਿੰਘ ਸਮਰਾ ਅਸਲ ਵਿਚ ਭਾਰਤੀ ਅੰਬੈਸੀ ਦੇ ਕਿਸੇ ਲੁਕਵੇਂ ਏਜੰਡੇ ਦਾ ਹਿੱਸਾ ਸੀ। ਸਮਰਾ ਉਦੋਂ ਤੱਕ ਪੰਜਾਬ ਵਿਚ ਹੀ ਸੀ। ਫਿਰ ਕੈਨੇਡਾ ਸਰਕਾਰ ਹੌਲੀ-ਹੌਲੀ ਢਿੱਲੀ ਪੈ ਗਈ। ਉਧਰ ਸਮਰੇ ਨੇ ਵੀ ਕੋਈ ਨਵੀਂ ਥਾਂ ਲੱਭ ਲਈ। ਮੁੜ ਕੇ ਕੋਈ ਉਘ-ਸੁਘ ਨਾ ਮਿਲੀ ਕਿ ਦੋ ਕਤਲਾਂ ਦਾ ਦੋਸ਼ੀ ਅਤੇ ਕੈਨੇਡਾ ਸਰਕਾਰ ਦਾ ਭਗੌੜਾ, ਕੁਲਦੀਪ ਸਿੰਘ ਸਮਰਾ ਇਸ ਭਰੀ ਦੁਨੀਆਂ ਵਿਚ ਕਿੱਧਰ ਲੋਪ ਹੋ ਗਿਆ? ਸਮਰਾ ਭਾਵੇਂ ਬਚ ਨਿਕਲਿਆ, ਪਰ ਉਸ ਦੇ ਕਾਰਿਆਂ ਨੇ ਸਿੱਖ ਭਾਈਚਾਰੇ ਨੂੰ ਬਦਨਾਮੀ ਦਿਵਾਈ। ਕੈਨੇਡੀਅਨ ਮੀਡੀਆ ਨੇ ਨਾਂਹ ਪੱਖੀ ਵਤੀਰਾ ਅਪਨਾਉਂਦਿਆਂ ਉਨ੍ਹਾਂ ਨੂੰ ਹਿੰਸਕ ਲੋਕ ਦੱਸਿਆ। ਕੈਨੇਡਾ ਵਿਚ ਹਰ ਸਿੱਖ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ ਅਤੇ ਇਸ ਵਰਤਾਰੇ ਨੇ ਅਗਾਂਹ ਸਿੱਖ ਭਾਈਚਾਰੇ ਨੂੰ ਵੱਡੀ ਢਾਹ ਲਾਈ।

# ਹਮਸਾਏ ਹੋਣ ਦਾ ਦਰਦ

ਕਲਾ ਪਰਿਕਰਮਾ

ਕਸ਼ਮੀਰ ਨੂੰ ਲੈ ਕੇ ਪਹਿਲੀ ਭਾਰਤ-ਪਾਕਿਸਤਾਨ ਜੰਗ 22 ਅਕਤੂਬਰ 1947 ਤੋਂ 5 ਜਨਵਰੀ 1949 ਤੱਕ ਚੱਲਦੀ ਰਹੀ। ਇਹ ਜੰਮੂ ਕਸ਼ਮੀਰ ਦੀਆਂ ਹੱਦਾਂ ਤਕ ਹੀ ਸੀਮਤ ਰਹੀ। ਬਾਕੀ ਸਰਹੱਦਾਂ ਤਕ ਨਹੀਂ ਫੈਲੀ। ਦਰਅਸਲ, ਦੋਵਾਂ ਮੁਲਕਾਂ ਕੋਲ ਨਾ ਸਾਰੀਆਂ ਸਰਹੱਦਾਂ 'ਤੇ ਜੰਗ ਲੜਨ ਦੇ ਸਾਧਨ ਸਨ ਅਤੇ ਨਾ ਹੀ ਜਿਗਰਾ। ਵੰਡ ਨੇ ਆਰਥਿਕ, ਸਿਆਸੀ, ਸਮਾਜਿਕ, ਧਾਰਮਿਕ ਅਤੇ ਸਭ ਤੋਂ ਵੱਧ ਮਾਨਵੀ ਸਮੱਸਿਆਵਾਂ ਹੀ ਇੰਨੀਆਂ ਜ਼ਿਆਦਾ ਪੈਦਾ ਕਰ ਦਿੱਤੀਆਂ ਸਨ ਕਿ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਉਨ੍ਹਾਂ ਦਾ ਹੱਲ ਲੱਭਣ ਲਈ ਵੱਧ ਮਸਰੂਫ ਸਨ।



ਇਸੇ ਲਈ ਜੰਗ ਦੌਰਾਨ ਵੀ ਦੋਵਾਂ ਮੁਲਕਾਂ ਦਰਮਿਆਨ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਦਾ ਅਮਲ ਜਾਰੀ ਰਿਹਾ। ਸ਼ਰਨਾਰਥੀਆਂ ਦੇ ਪੁਨਰਵਾਸ, ਉਨ੍ਹਾਂ ਦੀ

**ਸੁਰਿੰਦਰ ਸਿੰਘ ਤੇਜ**


ਜਾਇਦਾਦ ਦੇ ਤਬਾਦਲੇ, ਘੱਟਗਿਣਤੀ ਫਿਰਕਿਆਂ ਦੇ ਮੈਂਬਰਾਂ ਦੀ ਰਾਖੀ, ਵਿਛੜੀਆਂ ਧੀਆਂ-ਭੈਣਾਂ ਜਾਂ ਹੋਰ ਪਰਿਵਾਰਕ ਜੀਆਂ ਦੀ ਵਾਪਸੀ ਅਤੇ ਅਜਿਹੇ ਹੋਰ ਇਨਸਾਨੀ ਮਸਲਿਆਂ ਬਾਰੇ ਸੰਧੀਆਂ-ਸਮਝੌਤਿਆਂ ਦੀ ਰੂਪ-ਰੇਖਾ ਵੀ ਇਨ੍ਹਾਂ ਦਿਨਾਂ ਦੌਰਾਨ ਤੈਅ ਹੋਈ। ਪਾਕਿਸਤਾਨ ਕੋਲ ਉਸ ਸਮੇਂ ਨਾ ਆਪਣੀ ਕਰੰਸੀ ਸੀ ਅਤੇ ਨਾ ਹੀ ਡਾਕ ਟਿਕਟਾਂ ਤੇ ਅਸ਼ਟਾਮ। ਇਨ੍ਹਾਂ ਨੂੰ ਤਿਆਰ ਕਰਨ ਵਾਲੇ ਟਕਸਾਲ ਤੇ ਛਾਪੇਖਾਨੇ ਭਾਰਤ ਵਿਚ ਸਨ। ਲਿਹਾਜ਼ਾ, 1950 ਤਕ ਪਾਕਿਸਤਾਨ ਵਿਚ ਕਰੰਸੀ ਵੀ ਭਾਰਤੀ ਚਲਦੀ ਰਹੀ ਅਤੇ ਡਾਕ ਟਿਕਟਾਂ ਵੀ। ਅਸ਼ਟਾਮ ਪੇਪਰ ਤਾਂ 1953 ਤਕ ਭਾਰਤੀ ਰਾਸ਼ਟਰੀ ਚਿੰਨ੍ਹਾਂ ਵਾਲੇ ਰਹੇ। ਬਸ ਉਨ੍ਹਾਂ ਉਪਰ ਕਾਲੀ ਸਿਆਹੀ ਵਾਲੀ ਇਕ ਸਤਰ ਛਪੀ ਹੁੰਦੀ ਸੀ: 'ਪਾਕਿਸਤਾਨ ਵਿਚ ਵਰਤੋਂ ਲਈ'।

ਕਸ਼ਮੀਰ ਵਿਚ ਜੰਗ ਚਲਦੀ ਹੋਣ ਦੇ ਬਾਵਜੂਦ ਭਾਰਤ ਨੇ ਪਾਕਿਸਤਾਨ ਨੂੰ 55 ਕਰੋੜ ਰੁਪਏ ਦੀ ਰਕਮ ਤਾਰੀ। ਪੰਡਿਤ ਜਵਾਹਰ ਲਾਲ ਨਹਿਰੂ ਦੀ ਸਰਕਾਰ ਇਹ ਰਕਮ ਅਦਾ ਕਰਨ ਤੋਂ ਝਿਜਕਦੀ ਆ ਰਹੀ ਸੀ ਪਰ 13 ਜਨਵਰੀ 1948 ਨੂੰ ਮਹਾਤਮਾ ਗਾਂਧੀ ਨੇ ਪਾਕਿਸਤਾਨ ਨਾਲ 'ਵਾਅਦਾ ਖਿਲਾਫੀ' ਰੁਕਵਾਉਣ ਲਈ ਵਰਤ ਸ਼ੁਰੂ ਕਰ ਦਿੱਤਾ। ਛੇ ਦਿਨਾਂ ਬਾਅਦ ਨਹਿਰੂ ਸਰਕਾਰ ਨੂੰ ਝੁਕਣਾ ਪਿਆ। 55 ਕਰੋੜ ਰੁਪਏ ਦੀ ਰਕਮ ਭਾਰਤੀ ਰਿਜ਼ਰਵ ਬੈਂਕ ਦੇ ਅਸਾਸਿਆਂ (ਜਾਇਦਾਦਾਂ) ਦੀ ਵੰਡ ਅਧੀਨ ਪਾਕਿਸਤਾਨ ਨੂੰ ਅਦਾ ਕੀਤੀ ਜਾਣ ਵਾਲੇ 75 ਕਰੋੜ ਰੁਪਏ ਦੀ ਦੂਜੀ ਤੇ ਤੀਜੀ ਕਿਸ਼ਤ ਦੇ ਰੂਪ ਵਿਚ ਸੀ। ਪਹਿਲੀ ਕਿਸ਼ਤ (20 ਕਰੋੜ) 14 ਅਗਸਤ 1947 ਨੂੰ ਅਦਾ ਕਰ ਦਿੱਤੀ ਗਈ ਸੀ ਪਰ ਅਗਲੀਆਂ ਦੋ ਕਿਸ਼ਤਾਂ ਦੀ ਅਦਾਇਗੀ ਕਸ਼ਮੀਰ ਉਤੇ ਹਮਲਾਵਰ ਮੁਲਕ ਨੂੰ ਜੰਗੀ ਸਾਜ਼ੋ-ਸਾਮਾਨ ਵਾਸਤੇ ਮਾਇਕ ਖੇਪ ਦੇਣ ਵਾਂਗ ਸੀ। ਇਸ ਲਈ ਜੋ ਅਦਾਇਗੀ ਅਗਲੇ ਦੋ ਮਹੀਨਿਆਂ ਅੰਦਰ ਕੀਤੀ ਜਾਣੀ ਚਾਹੀਦੀ ਸੀ, ਉਹ ਜਾਣ-ਬੁੱਝ ਕੇ ਲਟਕਾ ਦਿੱਤੀ ਗਈ। ਮਹਾਤਮਾ ਨੇ ਇਸ ਦੇਰੀ ਨੂੰ ਬਦਇਖ਼ਲਾਕੀ ਦੱਸਿਆ ਅਤੇ ਇਸ ਦੇ ਖਿਲਾਫ ਡਟ ਗਿਆ।

ਅਜਿਹੇ ਹੀ ਦੌਰ ਦੌਰਾਨ ਪਹਿਲੀ ਅਪਰੈਲ 1948 ਨੂੰ ਚੜ੍ਹਦੇ (ਭਾਰਤੀ) ਪੰਜਾਬ ਦੇ ਪ੍ਰੀਮੀਅਰ (ਉਦੋਂ 'ਮੁੱਖ ਮੰਤਰੀ' ਵਾਲਾ ਰੁਤਬਾ ਵਜੂਦ 'ਚ ਨਹੀਂ ਸੀ ਆਇਆ) ਗੋਪੀ ਚੰਦ ਭਾਰਗਵ ਨੇ ਲਹਿੰਦੇ (ਪਾਕਿਸਤਾਨੀ) ਪੰਜਾਬ ਨੂੰ ਨਹਿਰੀ ਪਾਣੀਆਂ ਦੀ ਸਪਲਾਈ ਬੰਦ ਕਰ ਦਿੱਤੀ। ਇਹ ਕਾਰਵਾਈ ਇਸ ਆਧਾਰ 'ਤੇ ਕੀਤੀ ਗਈ ਕਿ 31 ਮਾਰਚ 1948 ਤੋਂ ਬਾਅਦ ਪਾਕਿਸਤਾਨ ਨੂੰ ਪਾਣੀ ਦੇਣ ਬਾਰੇ ਕੋਈ ਸਮਝੌਤਾ ਹੋਂਦ ਵਿਚ ਨਹੀਂ ਸੀ ਆਇਆ। ਕੇਂਦਰੀ ਸਰਕਾਰ ਦੇ ਦਖਲ ਮਗਰੋਂ ਭਾਰਗਵ ਨਹਿਰੀ ਪਾਣੀ ਛੱਡਣ ਬਾਰੇ ਰਾਜ਼ੀ ਜ਼ਰੂਰ ਹੋਇਆ ਪਰ ਇਸ ਬਦਲੇ ਆਬਿਆਨੇ ਦੇ ਵਸੂਲੀ ਯਕੀਨੀ ਬਣਾ ਕੇ। ਇਸ ਘਟਨਾਕ੍ਰਮ ਨੇ ਭਾਰਤ ਤੇ ਪਾਕਿਸਤਾਨ ਦਰਮਿਆਨ 1960 ਵਿਚ ਸਿਰੇ ਚੜ੍ਹੇ ਸਿੰਧੂ ਜਲ ਸਮਝੌਤੇ ਦਾ ਮੁੱਢ ਬੰਨ੍ਹਿਆ। ਇਹ ਵੱਖਰੀ ਗੱਲ ਹੈ ਕਿ ਉਸ ਸਮਝੌਤੇ ਰਾਹੀਂ ਜਿੱਥੇ ਪਾਕਿਸਤਾਨ ਨੂੰ ਤਿੰਨ ਹਿਮਾਲਿਆਈ ਦਰਿਆਵਾਂ (ਸਿੰਧ, ਜਿਹਲਮ ਤੇ ਚਨਾਬ) ਦੇ ਪਾਣੀਆਂ ਉਪਰ ਮਾਲਕੀ ਹੱਕ ਹਾਸਲ ਹੋਏ, ਉੱਥੇ ਪਾਕਿਸਤਾਨੀ ਪੰਜਾਬ ਵਿਚ ਨਵਾਂ ਨਹਿਰੀ ਪ੍ਰਬੰਧ ਤਿਆਰ ਕਰਨ ਲਈ ਭਾਰਤ ਨੇ ਪਾਕਿਸਤਾਨ ਨੂੰ 6.20 ਕਰੋੜ ਪੌਂਡ (ਜੋ ਉਨ੍ਹੀਂ ਦਿਨੀਂ ਕਾਫੀ ਵੱਡੀ ਰਕਮ ਸੀ) ਵੀ ਅਦਾ ਕੀਤੇ।



ਟੀ.ਸੀ.ਏ. ਰਾਘਵਨ




*ਟੀ.ਸੀ.ਏ. ਰਾਘਵਨ ਦੀ ਕਿਤਾਬ 'ਦਿ ਪੀਪਲ ਨੈਕਸਟ ਡੋਰ' ਦਾ ਮੁਖੜਾ।*

ਅਜਿਹੇ ਦਰਜਨਾਂ ਜਾਣੇ-ਅਣਜਾਣੇ ਤੱਥਾਂ ਦਾ ਸੰਗ੍ਰਹਿ ਹੈ ਸਾਬਕਾ ਵਿਦੇਸ਼ ਸਕੱਤਰ ਟੀ.ਸੀ.ਏ. ਰਾਘਵਨ ਦੀ ਕਿਤਾਬ 'ਦਿ ਪੀਪਲ ਨੈਕਸਟ ਡੋਰ'। ਇਹ ਕਿਤਾਬ 2018 ਵਿਚ ਛਪੀ ਸੀ। ਉਸ ਵਰ੍ਹੇ ਪਾਕਿਸਤਾਨ ਬਾਰੇ ਕਿਤਾਬਾਂ ਵੱਡੀ ਤਾਦਾਦ ਵਿਚ ਆਈਆਂ ਸਨ। ਇਸੇ ਲਈ ਰਾਘਵਨ ਦੀ ਕਿਤਾਬ ਭੀੜ 'ਚ ਗੁਆਚ ਕੇ ਰਹਿ ਗਈ। ਖੋਜਕਾਰੀ ਤੇ ਨਿਰਪੱਖਤਾ ਦਾ ਨਮੂਨਾ ਹੈ ਇਹ ਕਿਤਾਬ। ਇਤਿਹਾਸ ਦਾ ਖੋਜਾਰਥੀ ਹੈ ਰਾਘਵਨ। ਇਸ ਮੁਹਾਰਤ ਅਤੇ ਭਾਰਤੀ ਵਿਦੇਸ਼ ਸੇਵਾ ਵਿਚ ਬਿਤਾਏ 34 ਵਰ੍ਹਿਆਂ ਦੇ ਤਜਰਬੇ ਦੀ ਬਦੌਲਤ ਉਸ ਨੇ ਭਾਰਤ-ਪਾਕਿ ਸਬੰਧਾਂ ਦੀਆਂ ਪੇਚੀਦਗੀਆਂ ਤੇ ਗੁੰਝਲਾਂ ਦਾ ਇਤਿਹਾਸ ਬਾਖ਼ੂਬੀ ਪੇਸ਼ ਕੀਤਾ ਹੈ। ਕਿਤਾਬ ਦਰਸਾਉਂਦੀ ਹੈ ਕਿ ਫੌਜੀ ਤਾਨਸ਼ਾਹਾਂ ਦੇ ਰਾਜ ਕਾਲ ਦੌਰਾਨ ਪਾਕਿਸਤਾਨ ਦੇ ਭਾਰਤ ਨਾਲ ਸਬੰਧ ਮੁਕਾਬਲਤਨ ਬਿਹਤਰ ਰਹੇ। ਇਹ ਵੀ ਦੱਸਦੀ ਹੈ ਕਿ 1953 ਤੋਂ 1960 ਦੇ ਸਮੇਂ ਦੌਰਾਨ ਦੋਵਾਂ ਮੁਲਕਾਂ ਦਰਮਿਆਨ ਰਿਸ਼ਤਾ ਬਾਕੀ ਦੇ ਵਰ੍ਹਿਆਂ ਦੇ ਮੁਕਾਬਲਤਨ ਕਾਫੀ ਖੁਸ਼ਗਵਾਰ ਰਿਹਾ। ਇਹ ਵੀ ਤੱਥ ਸਾਹਮਣੇ ਆਉਂਦਾ ਹੈ ਕਿ ਕਸ਼ਮੀਰ ਅੰਦਰਲੀ ਜੰਗਬੰਦੀ ਰੇਖਾ (ਹੁਣ ਕੰਟਰੋਲ ਰੇਖਾ ਜਾਂ ਐਲ.ਓ.ਸੀ.) ਨੂੰ ਸਥਾਈ ਸਰਹੱਦ ਵਿਚ ਬਦਲਣ ਦੀ ਤਜਵੀਜ਼ ਸਭ ਤੋਂ ਪਹਿਲਾਂ 1953 ਵਿਚ ਤਤਕਾਲੀ ਪਾਕਿਸਤਾਨੀ ਵਜ਼ੀਰੇ-ਆਜ਼ਮ ਮੁਹੰਮਦ ਅਲੀ ਬੋਗਰਾ ਨੇ ਪੇਸ਼ ਕੀਤੀ ਸੀ। ਬਾਅਦ ਵਿਚ ਇਹੋ ਤਜਵੀਜ਼ 1960 ਵਿਚ ਨਹਿਰੂ-ਅਯੂਬ ਵਾਰਤਾਲਾਪ ਦੌਰਾਨ ਵੀ ਵਿਚਾਰੀ ਗਈ, ਪਰ ਦੋਵੇਂ ਨੇਤਾ ਇਸ ਉੱਤੇ ਸਹੀ ਪਾਉਣ ਦੀ ਜੁਰਅਤ ਨਾ ਦਿਖਾ ਸਕੇ। ਇਹੋ ਹਸ਼ਰ 2005 ਵਿਚ ਮਨਮੋਹਨ ਸਿੰਘ-ਮੁਸ਼ੱਰਫ ਸਿਖਰ ਵਾਰਤਾ ਦੌਰਾਨ ਹੋਇਆ।

ਭਾਰਤ ਤੇ ਪਾਕਿਸਤਾਨ ਦਰਮਿਆਨ ਦੋ ਜੰਗਾਂ ਭਾਵੇਂ ਫੌਜੀ ਤਾਨਾਸ਼ਾਹਾਂ (ਅਯੂਬ ਖਾਨ ਤੇ ਯਾਹੀਆ ਖਾਨ) ਦੇ ਸਮਿਆਂ ਦੌਰਾਨ 1965 ਤੇ 1971 ਵਿਚ ਹੋਈਆਂ, ਪਰ ਤਕਰੀਬਨ ਸਾਰੇ ਤਾਨਾਸ਼ਾਹ ਜੰਗ ਛੇੜਨ ਤੋਂ ਸਿੱਧੇ-ਅਸਿੱਧੇ ਤੌਰ 'ਤੇ ਝਿਜਕਦੇ ਰਹੇ। ਅਯੂਬ ਖਾਨ ਨੂੰ ਵੀ ਭਾਰਤ ਖਿਲਾਫ ਜੰਗ ਵਿਚ ਸ਼ਾਤਿਰ ਸਿਆਸਤਦਾਨ ਜ਼ੁਲਫਿਕਾਰ ਅਲੀ ਭੁੱਟੋ ਨੇ ਧੱਕਿਆ ਅਤੇ ਯਾਹੀਆ ਖਾਨ ਨੂੰ ਵੀ। ਇਨ੍ਹਾਂ ਜੰਗਾਂ ਰਾਹੀਂ ਦੋਵਾਂ ਦੇ ਪਤਨ ਦਾ ਲਾਭ ਵੀ ਭੁੱਟੋ ਨੇ ਹੀ ਲਿਆ। ਅਯੂਬ ਦੇ ਰੁਖ ਦਾ ਅੰਦਾਜ਼ਾ 1962 ਦੇ ਹਿੰਦ-ਚੀਨ ਯੁੱਧ ਦੇ ਸਮੇਂ ਤੋਂ ਹੋ ਜਾਂਦਾ ਹੈ। ਉਸ ਨੂੰ ਕਈ ਸਲਾਹਕਾਰਾਂ ਨੇ ਭਾਰਤ ਉਤੇ ਹਮਲੇ ਲਈ ਉਕਸਾਇਆ, ਪਰ ਉਸ ਦਾ ਜਵਾਬ ਸੀ: "ਜ਼ਖਮੀ ਦੁਸ਼ਮਣ 'ਤੇ ਵਾਰ ਨਹੀਂ ਕੀਤਾ ਜਾਣਾ ਚਾਹੀਦਾ। ਇਹ ਦਲੇਰੀ ਦੀ ਨਿਸ਼ਾਨੀ ਨਹੀਂ।" ਜਨਰਲ ਜ਼ਿਆ-ਉਲ-ਹੱਕ ਨੇ ਦਹਿਸ਼ਤਗਰਦੀ ਤੇ ਘੁਸਪੈਠ ਰਾਹੀਂ ਭਾਰਤ ਨੂੰ 'ਹਜ਼ਾਰਾਂ ਫੱਟ' ਲਾਉਣ ਦੀ ਰਣਨੀਤੀ ਅਪਣਾਈ (ਜੋ ਹੁਣ ਦੇ ਹਾਕਮਾਂ ਵਲੋਂ ਵੀ ਜਾਰੀ ਹੈ), ਪਰ ਸਿੱਧੇ ਹਮਲੇ ਤੋਂ ਉਹ ਸਦਾ ਹੀ ਬਚਦਾ ਰਿਹਾ। ਸਿੱਧੀ ਜੰਗ ਦੀ ਹਰ ਸੰਭਾਵਨਾ ਨੂੰ ਉਹ ਭਾਰਤ ਦੀਆਂ ਅਚਨਚੇਤੀ ਫੇਰੀਆਂ ਰਾਹੀਂ ਟਾਲਦਾ ਰਿਹਾ। ਉਹ ਇਕੋ-ਇਕ ਪਾਕਿਸਤਾਨੀ ਹੁਕਮਰਾਨ ਸੀ ਜਿਹੜਾ ਛੇ ਵਾਰ ਭਾਰਤ ਆਇਆ।

ਰਾਘਵਨ ਦੀ ਸੋਚ ਤੇ ਪਹੁੰਚ ਅਸਲਵਾਦੀ ਹੈ। ਦੱਖਣ ਭਾਰਤੀ ਹੋਣ ਦੇ ਬਾਵਜੂਦ ਉਸ ਦੀ ਪਰਵਰਿਸ਼ ਜੰਮੂ ਵਿਚ ਹੋਈ (ਪਿਤਾ ਜੰਮੂ ਦਾ ਡਿਵੀਜ਼ਨਲ ਕਮਿਸ਼ਨਰ ਤੇ ਹੋਰ ਉਚ ਅਹੁਦਿਆਂ ਉਤੇ ਰਿਹਾ)। ਉਹ ਦੋਵਾਂ ਪੰਜਾਬਾਂ ਦੇ ਜਜ਼ਬਾਤੀ ਵਲਵਲਿਆਂ ਨੂੰ ਵੀ ਸਮਝਦਾ ਹੈ। ਫਿਰ ਵੀ, ਅਤੀਤ ਦੀਆਂ ਘਟਨਾਵਲੀਆਂ ਦੇ ਆਧਾਰ 'ਤੇ ਉਹ ਇਕੋ ਹੀ ਨਤੀਜੇ ਉਤੇ ਪਹੁੰਚਿਆ ਹੈ ਕਿ ਹਿੰਦ-ਪਾਕਿ ਦੇ ਪ੍ਰਸੰਗ ਵਿਚ ਜੋ ਸੱਤਰ ਸਾਲਾਂ ਤੋਂ ਚਲਦਾ ਆ ਰਿਹਾ ਹੈ, ਉਹ ਅਗਲੇ ਤੀਹ ਸਾਲ ਵੀ ਮੁੱਕਣ ਵਾਲਾ ਨਹੀਂ। ਐਨ ਗੁਆਂਢ ਵਸੇ ਦੋ ਮੁਲਕਾਂ ਲਈ ਇਸ ਤੋਂ ਵੱਡਾ ਦੁਖਾਂਤ ਹੋਰ ਕੋਈ ਨਹੀਂ ਹੋ ਸਕਦਾ।


ਗੈਬਰੀਅਲ ਗਰਸ਼ੀਆ ਮਾਰਖੇਜ਼: ਨੋਬੇਲ ਪੁਰਸਕਾਰ ਜੇਤੂ ਲਾਤੀਨੀ ਅਮਰੀਕੀ ਲੇਖਕ ਗੈਬਰੀਅਲ ਗਰਸ਼ੀਆ ਮਾਰਖੇਜ਼ (ਆਮ ਉਚਾਰਣ ਮਾਰਕੇਜ਼) ਦੀਆਂ ਅਣਛਪੀਆਂ ਲੇਖਣੀਆਂ ਦਾ ਇਕ ਸੰਗ੍ਰਹਿ 'ਦਿ ਸਕੈਂਡਲ ਆਫ ਦਿ ਸੈਂਚੁਰੀ ਐਂਡ ਅਦਰ ਰਾਈਟਿੰਗਜ਼' ਹੁਣੇ ਜਿਹੇ ਉਪਲਬਧ ਹੋਇਆ ਹੈ। ਇਸ ਵਿਚ ਨੋਬੇਲ ਅਦਬੀ ਪੁਰਸਕਾਰਾਂ ਬਾਰੇ 42 ਪੰਨਿਆਂ ਦਾ ਇਕ ਮਜ਼ਮੂਨ ਬੜਾ ਦਿਲਚਸਪ ਹੈ। ਮਾਰਖੇਜ਼ ਅਦਬੀ ਇਨਾਮਾਂ ਦਾ ਤਿੱਖਾ ਆਲੋਚਕ ਰਿਹਾ ਹੈ। 1980 ਵਿਚ ਉਸ ਨੇ ਇਕ ਲੰਮੇ ਲੇਖ ਰਾਹੀਂ ਨੋਬੇਲ ਪੁਰਸਕਾਰ ਦੀ ਵੀ ਨੁਕਤਾਚੀਨੀ ਕੀਤੀ ਸੀ। ਨਾਲ ਹੀ ਇਹ ਕਾਰਨ ਬਿਆਨ ਕੀਤੇ ਸਨ ਕਿ ਮਹਾਨ ਅਰਜਨਟੀਨੀ ਲੇਖਕ ਜੋਰਜ ਲੁਇਸ ਬੋਰਜਸ ਨੂੰ ਕਦੇ ਵੀ ਨੋਬੇਲ ਪੁਰਸਕਾਰ ਕਿਉਂ ਨਹੀਂ ਮਿਲੇਗਾ।

ਉਸੇ ਵਰ੍ਹੇ ਸਟਾਕਹੋਮ (ਸਵੀਡਨ) ਵਿਚ ਮਾਰਖੇਜ਼ ਦੀ ਮੁਲਾਕਾਤ ਨੋਬੇਲ ਇਨਾਮ ਵਾਲੀ ਸਵੀਡਿਸ਼ ਕਮੇਟੀ ਦੇ ਇਕੋ-ਇਕ ਅਜਿਹੇ ਜਿਊਰੀ ਮੈਂਬਰ ਆਰਥੁਰ ਲੰਗਕੁਇਸਟ ਨਾਲ ਹੋਈ ਜੋ ਸਪੇਨੀ ਭਾਸ਼ਾ ਪੜ੍ਹਨੀ ਜਾਣਦਾ ਸੀ। ਲੰਗਕੁਇਸਟ, ਮਾਰਖੇਜ਼ ਨੂੰ ਆਪਣੀ ਲਾਇਬਰੇਰੀ ਵਿਚ ਲੈ ਲਿਆ। ਉੱਥੇ ਲਾਤੀਨੀ ਅਮਰੀਕੀ ਲੇਖਕਾਂ ਦੀਆਂ ਦਰਜਨਾਂ ਕਿਤਾਬਾਂ ਮੌਜੂਦ ਸਨ ਜਿਨ੍ਹਾਂ ਨੂੰ ਭੇਟ ਕਰਨ ਵਾਲਿਆਂ ਨੇ ਲੰਗਕੁਇਸਟ ਲਈ ਬੜੇ ਭਾਵਪੂਰਤ (ਤੇ ਝੋਲੀਚੁੱਕੀ ਨਾਲ ਲਬਰੇਜ਼) ਸੁਨੇਹੇ ਦਰਜ ਕੀਤੇ ਹੋਏ ਸਨ। ਮਾਰਖੇਜ਼ ਨੂੰ ਸਿਰਫ 'ਸ਼ੁਭ ਇਛਾਵਾਂ ਸਹਿਤ' ਲਿਖ ਕੇ ਆਪਣੇ ਦਸਤਖਤ ਕਰਨ ਦੀ ਆਦਤ ਸੀ। ਆਪਣੀ ਕਿਤਾਬ ਭੇਟ ਕਰਨ ਲੱਗਿਆਂ ਉਹ ਆਦਤਨ ਉਪਰੋਕਤ ਕਾਰਵਾਈ ਕਰਨ ਲੱਗਿਆ, ਪਰ ਅਚਾਨਕ ਉਸ ਨੂੰ ਜਾਪਿਆ ਕਿ ਉਸ ਨੂੰ ਵੀ ਤਾਰੀਫ ਦੇ ਕੁਝ ਸ਼ਬਦ ਜ਼ਰੂਰ ਦਰਜ ਕਰਨੇ ਚਾਹੀਦੇ ਹਨ। ਉਸ ਨੇ ਅਜਿਹਾ ਹੀ ਕੀਤਾ। ਦੋ ਸਾਲ ਬਾਅਦ ਉਸ ਨੂੰ ਨੋਬੇਲ ਪੁਰਸਕਾਰ ਮਿਲ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜੁਲਾਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-437



*ਮਾਈਆਂ ਜੋ ਰੱਬ ਦਾ ਨਾਮ ਲੈ ਕੇ ਤੜਕੇ ਉਠ ਕੇ ਝੋਂਦੀਆਂ ਚੱਕੀਆਂ ਸੀ।*
*ਸਖਤ ਮਿਹਨਤਾਂ ਤੇ ਮੁਸ਼ੱਕਤਾਂ ਨੂੰ ਸਾਰੀ ਉਮਰ ਨਾ ਕਰਦੀਆਂ ਥੱਕੀਆਂ ਸੀ!*

## ਕੈਪਸ਼ਨ ਮੁਕਾਬਲਾ-435



ਦਸਤਾਰ ਸਜਾਉਣ ਦੇ ਹੋਏ ਮੁਕਾਬਲੇ
ਭੁਝੰਗੀ ਆਣ ਕੇ ਡੱਟਿਆ।
ਬੰਨ੍ਹੀ ਕੇਸਕੀ, ਪਾ ਕੇ ਗਾਤਰਾ
ਜੋ ਕੁਰਬਾਨੀਆਂ ਨਾਲ ਹੈ ਖੱਟਿਆ।
ਕੇਸਰੀ ਰੰਗ ਦਸਤਾਰ ਸਜਾਵੇ
ਲੜ ਵਲ ਸ਼ੀਸ਼ੇ ਮੂਹਰੇ ਹੈ ਖੜ੍ਹਿਆ।
ਪੋਚਵੀਂ ਪੱਗ ਬੰਨ੍ਹ ਕੇ ਖਾਲਸਾ
ਤਿਆਰ ਬਰ ਤਿਆਰ ਹੈ ਖੜ੍ਹਿਆ।
**-ਸੇਵਾ ਸਿੰਘ ਨੂਰਪੁਰੀ**

---

ਪੰਜਾਬੀ ਗੱਭਰੂ, ਸੋਹਣਾ ਮੁਖੜਾ
ਸਿਰ ਦਸਤਾਰ ਸਜਾਈ ਜਾਵੇ।
ਸਭ ਨਿਯਮਾਂ ਦੀ ਕਰ ਪਾਲਣਾ
ਚਿਣ ਚਿਣ ਕੇ ਪੇਚ ਲਗਾਵੇ।
ਝੰਡੀ ਪੁੱਟਣ ਦਾ ਧਾਰ ਇਰਾਦਾ
ਵਿਰਾਸਤ ਵਾਲੇ ਰੰਗ ਦਿਖਾਵੇ।
**-ਜਗਮੀਤ ਸਿੰਘ ਪੰਧੇਰ**

---

ਭਾਵੇਂ ਕਿਤੇ ਰਹਾਂ, ਪਰ ਹਾਂ ਗੁਰੂ ਦਾ ਸਿੱਖ।
ਵੱਖਰੀ ਪਛਾਣ ਮੇਰੀ, ਵੱਖਰੀ ਹੈ ਦਿੱਖ।
ਸ਼ਾਨ ਨਾਲ ਗੁਰੂ ਦੀ ਦਸਤਾਰ ਸਜਾਵਾਂ
ਹੋਰਨਾਂ ਨੂੰ ਵੀ ਸਿੱਖ ਧਰਮ ਸਮਝਾਂਵਾਂ।
**-ਇੰਦਰਜੀਤ ਮੰਗਾ ਪਿਟਸਬਰਗ**

---

ਗੁੜ੍ਹਤੀ ਵਿਚ ਮਿਲੀ ਹੈ ਸਿੱਖੀ
ਕਾਇਮ ਰੱਖਾਂਗਾ ਮੈਂ ਇਸ ਦੀ ਸ਼ਾਨ।
ਚਾਅ ਨਾਲ ਦਸਤਾਰ ਸਜਾਵਾਂ
ਵੱਖਰੀ ਹੈ ਜਿਸ ਨਾਲ ਸਾਡੀ ਪਛਾਣ।
**-ਦਵਿੰਦਰ ਕੌਰ**

---

ਸੰਘਰਸ਼ਾਂ ਪਿਛੋਂ ਬਖਸ਼ੀ ਪੱਗ ਗੁਰਾਂ ਨੇ
ਭਾਵੇਂ ਬੰਨ੍ਹਦੀ ਸੀ ਦੁਨੀਆਂ ਸਾਰੀ।
ਚੰਗੇ ਭਾਗੀਂ ਸੰਸਕਾਰ ਉਨ੍ਹਾਂ ਬੱਚਿਆਂ ਦੇ
ਜਿਨ੍ਹਾਂ ਸਿੱਖੀ ਸਰੂਪ ਨਾਲ ਦਿੱਖ ਸੰਵਾਰੀ।
ਲੱਖਾਂ 'ਚੋਂ ਪਛਾਣਿਆ ਜਾਵੇ ਖਾਲਸਾ,
ਗੁਰ-ਅਸੂਲਾਂ ਮੁਤਾਬਿਕ ਉਹਦੀ ਹਸਤੀ ਨਿਆਰੀ।
**-ਅਮਰਜੀਤ ਸਿੰਘ ਤੂਰ**

---

ਪੱਗ ਪਛਾਣ ਹੈ ਸਭਿਆਚਾਰਕ
ਸਿਆਹਫਾਮ ਜਿਵੇਂ ਪਾਉਂਦੇ ਮੀਢੀਆਂ।
ਸ਼ਰਮ ਨਹੀਂ, ਭਰਮ ਨਹੀਂ, ਫਰਕ ਨਹੀਂ
ਚੱਲਿਆ ਆ ਰਿਹਾ, ਚੱਲਿਆ ਹੀ ਰਹੇ ਜੇ,
ਆਪਣਾ ਆਪਣਾ ਸ਼ੌਕ ਹੈ ਭਾਵੇਂ।
ਜੁਆਕ ਨੂੰ ਪੱਗ ਬੰਨਦਿਆਂ ਦੇਖ
ਬਜ਼ੁਰਗ, ਹੋਰ ਲਾਣਾ ਫੁੱਲਿਆ ਨਾ ਸਮਾਵੇ।
**-ਦਰਸ਼ਨਪਾਲ ਦੋਸਾਂਝ**

---

ਮੈਂ ਹਾਂ ਗੁਰੂ ਵਾਲੜਾ
ਸਿੱਖੀ ਵਿਚ ਪੂਰਾ ਵਿਸ਼ਵਾਸ।
ਬੰਨ ਕੇ ਕੇਸਰੀ ਪਗੜੀ
ਆਮ ਨਾਲੋਂ ਲੱਗਾਂ ਖਾਸ।
ਮੇਰੀ ਪਛਾਣ ਹੈ ਦਸਤਾਰ
ਨਾਲੇ ਪੰਜ ਕੱਕਾਰ।
ਸੇਵਾ ਭਾਵਨਾ ਰੱਖੀਦੀ
ਪਖੰਡ ਦਿੱਤੇ ਮਨੋਂ ਵਿਸਾਰ।
ਵਾਧ-ਘਾਟ ਨਹੀਂ ਰੱਖੀਦੀ
ਸਭ ਨਾਲ ਦਿਲੋਂ ਪਿਆਰ।
ਹੱਕ-ਸੱਚ ਲਈ ਲੜਨਾ
ਗੁਰਾਂ ਇਹੋ ਦਿੱਤਾ ਵਿਚਾਰ।
ਵੈਰੀ ਪਹਿਲਾ ਵਾਰ ਕਰੇ
ਕਦੇ ਨਹੀਂ ਕੀਤਾ ਪਹਿਲਾ ਵਾਰ।
ਸਾਹਮਣੇ ਹੋ ਕੇ ਲੜਨਾ
ਪਿੱਠ ਪਿਛੇ ਨਹੀਂ ਕਰੀਦਾ ਵਾਰ।
ਕਦੇ ਸਿੰਘ ਮੈਦਾਨ 'ਚੋਂ ਨਾ ਭੱਜਦੇ
ਭਾਵੇਂ ਜਾਨ ਦੇਣੀ ਪਵੇ ਵਾਰ।
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਚਾਰ ਜੁਲਾਈ ਅਤੇ ਅਮਰੀਕਾ ਸਾਡੇ ਕੀ ਲੱਗਦੇ ਨੇ?

**ਅਮਰੀਕਾ ਦੇ ਆਜ਼ਾਦੀ ਦਿਵਸ 'ਤੇ ਵਿਸ਼ੇਸ਼**

***4 ਜੁਲਾਈ 1776 ਨੂੰ ਆਜ਼ਾਦੀ ਦੇ ਐਲਾਨਨਾਮੇ ਵਾਲਾ ਦਸਤਾਵੇਜ਼ ਜਾਰੀ ਕੀਤਾ ਗਿਆ ਸੀ। ਐਤਕੀਂ ਅਮਰੀਕਾ ਦੇ ਇਸ ਆਜ਼ਾਦੀ ਦਿਵਸ ਮੌਕੇ ਉਘੇ ਵਿਦਵਾਨ ਡਾ. ਸੁਖਪਾਲ ਸੰਘੇੜਾ ਨੇ ਇਸ ਲੇਖ ਵਿਚ ਆਪਣੇ ਪੰਜਾਬੀ ਭਾਈਚਾਰੇ ਨਾਲ ਕੁਝ ਗੱਲਾਂ ਕੀਤੀਆਂ ਹਨ ਅਤੇ ਕੁਝ ਅਹਿਮ ਸਵਾਲ ਵੀ ਸਾਂਝੇ ਕੀਤੇ ਹਨ। ਇਹ ਉਹ ਸਵਾਲ ਹਨ, ਜੋ ਅਮਰੀਕਾ ਵਿਚ ਵੱਸਦੀਆਂ ਸਾਡੀਆਂ ਵਖ-ਵਖ ਪੀੜ੍ਹੀਆਂ ਵਿਚਾਲੇ ਪਏ ਪਾੜੇ ਦੂਰ ਕਰ ਸਕਦੇ ਹਨ; ਇਹ ਉਹ ਸਵਾਲ ਹਨ, ਜਿਨ੍ਹਾਂ ਵਲ ਆਪਣੇ ਲੋਕ ਬਹੁਤਾ ਧਿਆਨ ਨਹੀਂ ਦਿੰਦੇ, ਪਰ ਮੁੱਕਦੀ ਗੱਲ ਇਹ ਹੈ ਕਿ ਇਨ੍ਹਾਂ ਸਵਾਲਾਂ ਨੂੰ ਗੌਲੇ ਬਿਨਾ ਨਾ ਮਾਪੇ ਅਤੇ ਨਾ ਬੱਚੇ ਉਚੀ ਉਡਾਣ ਭਰ ਸਕਦੇ ਹਨ। -ਸੰਪਾਦਕ***

ਅਮਰੀਕੀ ਲੋਕਾਂ ਵਲੋਂ ਹਰ ਵਰ੍ਹੇ ਮਨਾਇਆ ਜਾਣ ਵਾਲਾ ਦਿਵਸ, 4 ਜੁਲਾਈ, ਇਸ ਸਾਲ ਸ਼ਨਿਚਰਵਾਰ ਨੂੰ ਪੈਂਦਾ ਹੈ। ਆਮ ਹਾਲਾਤ ਵਿਚ ਇਹ ਸ਼ੁੱਕਰਵਾਰ ਤੋਂ ਐਤਵਾਰ ਤੱਕ ਲੰਮੇ ਵੀਕਐਂਡ ਦੇ ਤੌਰ 'ਤੇ ਮਨਾਇਆ ਜਾਣਾ ਸੀ; ਪਰੇਡਾਂ, ਆਤਿਸਬਾਜ਼ੀਆਂ, ਬਾਰਬਿਕਯੂ ਪਿਕਨਿਕਾਂ, ਪਾਰਕਾਂ ਤੇ ਬੀਚਾਂ 'ਤੇ ਲੱਗੀਆਂ ਰੌਣਕਾਂ ਅਤੇ ਚਮਕਦੇ ਤਾਰਿਆਂ ਨਾਲ ਸਜੇ ਲਾਲ-ਚਿੱਟੇ-ਨੀਲੇ ਫਰੇਰਿਆਂ ਤੇ ਉਨ੍ਹਾਂ ਦੇ ਨਿਸ਼ਾਨਾਂ ਦੇ ਆਏ ਹੜ੍ਹ ਸੰਗ। ਇਸ ਵਰ੍ਹੇ ਕਰੋਨਾ ਵਾਇਰਸ ਦੌਰਾਨ, ਜਦੋਂ ਆਲਮ ਵੀਕਐਂਡ ਤੇ ਵੀਕਡੇਜ਼, ਲੌਕਡਾਊਨ ਤੇ ਲੌਕਓਪਨ, ਮਾਸਕ ਤੇ ਨੋ-ਮਾਸਕ, ਸੋਸ਼ਲ ਡਿਸਟੈਂਸ ਤੇ ਨੋ-ਡਿਸਟੈਂਸ ਆਦਿ ਦੇ ਮਿਲਗੋਭੇ ਦੀ ਅਨਿਸ਼ਚਿਤਤਾ ਨਾਲ ਭਰਭੂਰ ਹੈ, ਇਹ ਦੇਖਣਾ ਬਾਕੀ ਹੈ ਕਿ 4 ਜੁਲਾਈ ਕਿੰਜ ਮਨਾਇਆ ਜਾਂਦਾ ਹੈ।

**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਅਮਰੀਕਾ ਵਿਚ 4 ਜੁਲਾਈ 1776 ਨੂੰ 'ਆਜ਼ਾਦੀ ਦਾ ਐਲਾਨਨਾਮਾ' ਦਸਤਾਵੇਜ਼ ਜਾਰੀ ਕਰ ਕੇ ਇੰਗਲੈਂਡ ਤੋਂ ਆਜ਼ਾਦ ਹੋਣ ਦਾ ਐਲਾਨ ਕਰ ਦਿੱਤਾ ਗਿਆ ਸੀ। ਇਸ ਦਸਤਾਵੇਜ਼ ਦੇ ਸ਼ੁਰੂ ਵਿਚ ਹੀ ਇਹ ਮਸ਼ਹੂਰ ਲਾਈਨ ਦਰਜ ਹੈ, "ਅਸੀਂ ਇਹ ਸੱਚਾਈ ਆਪਣੇ ਆਪ ਵਿਚ ਪ੍ਰਮਾਣਿਕ ਮੰਨਦੇ ਹਾਂ ਕਿ ਸਾਰੇ ਮਨੁੱਖ ਬਰਾਬਰ ਰਚੇ ਗਏ ਹਨ ਤੇ ਉਹ ਸਾਰੇ ਆਪਣੇ ਰਚਣਹਾਰੇ ਵਲੋਂ ਕੁਝ ਖਾਸ ਅਟੱਲ ਹੱਕਾਂ ਨਾਲ ਨਿਵਾਜੇ ਗਏ ਨੇ, ਜਿਨ੍ਹਾਂ ਵਿਚੋਂ ਕੁਝ ਹਨ-ਜ਼ਿੰਦਗੀ, ਸੁਤੰਤਰਤਾ ਤੇ ਖੁਸ਼ੀ ਦੀ ਭਾਲ।"

ਆਜ਼ਾਦੀ ਦਾ ਇਹ ਐਲਾਨਨਾਮਾ ਆਜ਼ਾਦੀ ਘੁਲਾਟੀਏ ਥੌਮਸ ਜੈਫਰਸਨ ਵਲੋਂ ਹੋਰ ਆਜ਼ਾਦੀ ਘੁਲਾਟੀਆਂ ਦੀ ਸਲਾਹ ਨਾਲ ਲਿਖਿਆ ਗਿਆ ਸੀ। ਇਹਨੂੰ ਜਾਰੀ ਕਰਨ ਵੇਲੇ ਆਜ਼ਾਦੀ ਦਾ ਯੁੱਧ, ਜਿਸ ਨੂੰ ਇਨਕਲਾਬੀ ਯੁੱਧ ਵੀ ਕਿਹਾ ਜਾਂਦਾ ਹੈ, ਪਹਿਲਾਂ ਹੀ ਸ਼ੁਰੂ ਹੋ ਚੁਕਾ ਸੀ, ਅਮਰੀਕੀ ਫੌਜ ਦੇ ਕਮਾਂਡਰ ਜੌਰਜ ਵਾਸ਼ਿੰਗਟਨ ਦੀ ਅਗਵਾਈ ਵਿਚ। ਯੁੱਧ ਜਿੱਤਣ ਪਿਛੋਂ ਆਪਣੇ ਆਪ ਨੂੰ ਬਾਦਸ਼ਾਹ ਐਲਾਨਣ ਦੀ ਥਾਂ ਜੌਰਜ ਵਾਸ਼ਿੰਗਟਨ ਨੇ ਜਮਹੂਰੀਅਤ (ਲੋਕਤੰਤਰ) ਲਾਗੂ ਕਰਨ ਦਾ ਐਲਾਨ ਕੀਤਾ, ਜਿਸ ਤਹਿਤ ਉਹ (ਜੌਰਜ ਵਾਸ਼ਿੰਗਟਨ) ਇਸ ਦੇਸ਼ ਦੇ ਪਹਿਲੇ (1788-89) ਅਤੇ ਥੌਮਸ ਜੈਫਰਸਨ ਤੀਜੇ (1800) ਪ੍ਰਧਾਨ (ਰਾਸ਼ਟਰਪਤੀ) ਚੁਣੇ ਗਏ।

ਇਸ ਲੇਖ ਦੇ ਸ਼ੁਰੂ ਵਿਚ ਜਦੋਂ ਮੈਂ ਕਿਹਾ ਕਿ "ਅਮਰੀਕੀ ਲੋਕਾਂ ਵਲੋਂ ਹਰ ਵਰ੍ਹੇ ਮਨਾਇਆ ਜਾਣ ਵਾਲਾ ਦਿਵਸ, 4 ਜੁਲਾਈ, ਇਸ ਸਾਲ ਸ਼ਨਿਚਰਵਾਰ ਨੂੰ ਪੈਂਦਾ ਹੈ", ਤਾਂ ਅਮਰੀਕਾ ਵਿਚ ਵਸਦੇ ਪੰਜਾਬੀਆਂ 'ਚੋਂ ਭਾਰੀ ਬਹੁ-ਗਿਣਤੀ ਨੇ ਆਪਣੇ ਆਪ ਨੂੰ "ਅਮਰੀਕੀ ਲੋਕਾਂ" ਵਿਚ ਸ਼ਾਮਲ ਨਹੀਂ ਕੀਤਾ ਹੋਵੇਗਾ। ਇਸ ਲੇਖ ਵਿਚ ਮੈਂ ਖਾਸ ਕਰ ਉਨ੍ਹਾਂ ਪੰਜਾਬੀਆਂ ਨਾਲ ਗੱਲ ਕਰ ਰਿਹਾ ਹਾਂ, ਜਿਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲ ਚੁਕੀ ਹੈ। ਆਓ, ਉਸ ਦਿਨ ਤੋਂ ਹੀ ਸ਼ੁਰੂ ਕਰੀਏ, ਜਿਸ ਦਿਨ ਨਾਗਰਿਕਤਾ (ਸਿਟੀਜ਼ਨਸ਼ਿਪ) ਮਿਲੀ ਸੀ। ਮਿਸਾਲ ਵਜੋਂ, ਜਦੋਂ ਮੈਨੂੰ ਅਮਰੀਕੀ ਨਾਗਰਿਕਤਾ ਮਿਲਣੀ ਤਾਂ ਮੈਂ ਉਸ ਦਿਨ, ਜਦ ਅਮਰੀਕੀ ਨਾਗਰਿਕਤਾ ਦੀ ਸਹੁੰ ਖਾਣ ਦੀ ਰਸਮ ਵਿਚ ਹਾਜ਼ਰੀ ਭਰੀ ਸੀ, ਤਾਂ ਸਹੁੰ ਚੁਕਾਉਣ ਵਾਲੇ ਜੱਜ ਨੇ ਸਾਨੂੰ ਸਾਰੇ ਸਹੁੰ-ਖਾਣਿਆਂ ਨੂੰ ਸੰਬੋਧਿਤ ਕਰਦਿਆਂ ਕਿਹਾ, "ਹੁਣ ਤੋਂ ਤੁਸੀਂ ਸਾਰੇ ਅਮਰੀਕੀ ਹੋ; ਯੂਰਪੀਅਨ-ਅਮਰੀਕੀ, ਇੰਡੀਅਨ-ਅਮਰੀਕੀ, ਇਟੈਲੀਅਨ-ਅਮਰੀਕੀ, ਚਾਇਨੀਜ਼-ਅਮਰੀਕੀ ਆਦਿ ਨਹੀਂ, ਸਗੋਂ ਅਮਰੀਕੀ।"

ਇਸ ਪਿਛੋਂ ਉਸ ਸਮੇਂ ਦੇ ਅਮਰੀਕਨ ਪ੍ਰਧਾਨ ਦਾ ਰਸਮੀ ਖਤ ਮਿਲਿਆ, ਜਿਸ ਵਿਚ ਪ੍ਰਧਾਨ ਨੇ ਮੈਨੂੰ 'ਮੇਰਾ ਸੰਗੀ ਅਮਰੀਕੀ' (ਮਾਈ ਫੈਲੋ ਅਮੈਰਿਕਨ) ਕਹਿ ਕੇ ਸੰਬੋਧਨ ਕੀਤਾ ਸੀ। ਮੈਂ ਸ਼ਰਤ ਲਾ ਕੇ ਕਹਿ ਸਕਦਾਂ ਕਿ ਸਿਰਫ ਬਾਕੀ ਪੰਜਾਬੀਆਂ ਦਾ ਹੀ ਨਹੀਂ, ਸਗੋਂ ਅਮਰੀਕੀ ਨਾਗਰਿਕਤਾ ਦੀ ਸਹੁੰ ਚੁੱਕਣ ਵਾਲੇ ਹਰ ਬੰਦੇ ਦਾ ਤਜਰਬਾ ਉਨੀ-ਇੱਕੀ ਦੇ ਫਰਕ ਨਾਲ ਇਹੀ ਹੋਵੇਗਾ। ਅਸੀਂ ਅਮਰੀਕੀ ਨਾਗਰਿਕਤਾ ਦਾ ਕਾਰਡ/ਸਰਟੀਫਿਕੇਟ ਅਤੇ ਉਸ ਉਪਰ ਆਧਾਰਿਤ ਸੋਸ਼ਲ ਸਿਕਿਓਰਿਟੀ ਕਾਰਡ ਤੇ ਪਾਸਪੋਰਟ ਤਾਂ ਸਾਂਭ-ਸਾਂਭ ਰੱਖਦੇ ਹਾਂ, ਪਰ ਸਾਡੇ ਵਿਚੋਂ ਬਹੁਤੇ ਸਾਨੂੰ ਦੱਸੀ ਇਹ ਗੱਲ ਭੁੱਲ ਜਾਂਦੇ ਨੇ ਜਾਂ ਨਜ਼ਰ-ਅੰਦਾਜ਼ ਕਰ ਜਾਂਦੇ ਨੇ ਕਿ ਅਮਰੀਕੀ ਨਾਗਰਿਕ ਬਣਨ ਦੇ ਰਸਮੀ ਜਸ਼ਨ ਪਿਛੋਂ ਅਸੀਂ ਵੀ ਅਮਰੀਕਨ ਹਾਂ। ਅਸੀਂ ਜੋ ਇਸ ਦੇਸ਼ ਵਿਚ ਨਹੀਂ ਜੰਮੇ, ਇਸ ਦੇਸ਼ ਵਿਚ ਆਪਣੇ ਖਾਨਦਾਨ ਵਿਚ ਪਹਿਲੀ ਪੀੜ੍ਹੀ ਦੇ ਅਮਰੀਕੀ ਹਾਂ ਅਤੇ ਆਪਣੀ ਕਾਬਲੀਅਤ ਦੇ ਹਿਸਾਬ ਨਾਲ ਇਸ ਦੇਸ਼ ਦੇ ਪ੍ਰਧਾਨ ਤੇ ਉਪ-ਪ੍ਰਧਾਨ ਤੋਂ ਸਿਵਾਏ ਕੁਝ ਵੀ ਬਣਨ ਦੀ ਕੋਸ਼ਿਸ਼ ਕਰ ਸਕਦੇ ਹਾਂ; ਪਰ ਅਸੀਂ ਅਮਰੀਕੀ ਨਾਗਰਿਕ ਹੁੰਦੇ ਹੋਏ ਵੀ 'ਅਮਰੀਕੀ ਲੋਕਾਂ' ਦਾ ਹਵਾਲਾ 'ਇਥੋਂ ਦੇ ਲੋਕ' ਜਾਂ 'ਅਮੈਰਿਕਨ' ਆਦਿ ਨਾਂਵਾਂ ਨਾਲ ਦਿੰਦੇ ਹਾਂ, ਜਿਨ੍ਹਾਂ ਵਿਚ ਅਸੀਂ ਆਪਣੇ ਆਪ ਨੂੰ ਤਾਂ ਕੀ, ਆਪਣੇ ਇਧਰ ਜੰਮੇ-ਪਲੇ ਬੱਚਿਆਂ ਨੂੰ ਵੀ ਸ਼ਾਮਲ ਨਹੀਂ ਕਰਦੇ। ਆਪਾਂ ਵਿਚੋਂ ਕੁਝ ਤਾਂ ਸਿਰਫ 'ਗੋਰੇ', ਭਾਵ ਯੂਰਪੀਅਨ ਮੂਲ ਵਾਲੇ, ਲੋਕਾਂ ਨੂੰ ਹੀ ਅਮਰੀਕਨ ਸਮਝਦੇ ਨੇ। ਇਸ ਤਰ੍ਹਾਂ ਦਾ ਰਵੱਈਆ ਆਮ ਪੰਜਾਬੀ ਅਮਰੀਕਨਾਂ ਤੱਕ ਸੀਮਤ ਨਾ ਰਹਿ ਕੇ ਪੰਜਾਬੀ ਅਮਰੀਕਨਾਂ ਦੇ ਬੁੱਧੀਜੀਵੀ/ਲੇਖਕ ਤਬਕੇ ਦੇ ਵੱਡੇ ਹਿੱਸੇ ਵਿਚ ਵੀ ਘਰ ਕਰ ਚੁਕਾ ਹੈ; ਇਸ ਹਿੱਸੇ ਦੇ ਲੇਖਕ ਆਪਣੀਆਂ ਰਚਨਾਵਾਂ ਵਿਚ ਇਸ ਰਵੱਈਏ ਨੂੰ ਖੂਬ ਪੱਠੇ ਪਾਉਂਦੇ ਰਹਿੰਦੇ ਨੇ।

ਅਸਲ ਵਿਚ ਜੇ ਹਕੀਕਤ ਦਾ ਪੱਲਾ ਫੜੀ ਰੱਖੀਏ ਤਾਂ ਇਹ ਵਿਸ਼ਾ ਜਾਂ ਮੁੱਦਾ ਇੰਨਾ ਜਟਿਲ ਵੀ ਨਹੀਂ। ਜਦੋਂ ਬੰਦਾ ਇਕ ਦੇਸ਼ ਵਿਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿਚ ਆਣ ਵਸੇ, ਤੇ ਉਹਦੀ ਨਾਗਰਿਕਤਾ ਹਾਸਲ ਕਰ ਲਵੇ ਤਾਂ ਇਹ ਦੂਜਾ ਦੇਸ਼ ਬੰਦੇ ਦਾ ਦੇਸ਼ ਬਣ ਜਾਂਦਾ ਹੈ, ਜਿਹਨੂੰ ਆਪਣੀ ਮਰਜ਼ੀ ਜਾਂ ਆਪਣੀ ਚੋਣ ਦਾ ਦੇਸ਼ (ਕੰਟਰੀ ਆਫ ਚੁਆਇਸ) ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ ਦੇਸ਼ ਜਾਂ ਮੁੱਢਲਾ ਦੇਸ਼ ਕਿਹਾ ਜਾਂਦਾ ਹੈ। ਇਕ ਪਿੱਛੇ ਰਹਿ ਗਿਆ ਜਨਮ-ਦੇਸ਼, ਤੇ ਇਕ ਹੁਣ ਦਾ ਦੇਸ਼; ਪਰਦੇਸ ਕੋਈ ਨਹੀਂ। ਇਹ ਇਸ ਹਾਲਤ ਪ੍ਰਤੀ ਵਾਜਬ ਤੇ ਸਹਿਜ ਪਹੁੰਚ ਹੈ, ਜੋ ਹਕੀਕਤ 'ਤੇ ਆਧਾਰਿਤ ਹੈ, ਪਰ ਇਸ ਪਹੁੰਚ ਦੇ ਸਮਰਥਕ ਪੰਜਾਬੀ ਲੋਕਾਂ ਤੇ ਲੇਖਕਾਂ ਵਿਚ ਬਹੁਤ ਘੱਟ ਗਿਣਤੀ ਵਿਚ ਨੇ, ਆਟੇ ਵਿਚ ਲੂਣ ਬਰਾਬਰ। ਬਾਹਲੇ ਪੰਜਾਬ 'ਚ ਜੰਮੇ ਤੇ ਦੂਜੇ ਦੇਸ਼ਾਂ ਵਿਚ ਆ ਵਸੇ ਪੰਜਾਬੀ, ਦੂਜੇ ਨੂੰ ਵਿਦੇਸ਼ ਸਮਝ ਕੇ ਆਪੇ ਸਿਰਜਿਆ ਪਰਵਾਸੀ/ਵਿਦੇਸ਼ੀ ਹੋਣੇ ਦਾ ਸੰਤਾਪ ਰਹਿੰਦੀ ਜ਼ਿੰਦਗੀ ਭੋਗਦੇ ਰਹਿੰਦੇ ਨੇ। ਆਪਣੀ ਚੋਣ ਦੇ ਦੇਸ਼ ਵਿਚ ਪਰਵਾਸੀ, ਉਸ ਦੇਸ਼ ਦੇ ਸਿਸਟਮ ਦੇ ਪਲਦੇ, ਪੜ੍ਹਦੇ, ਨੌਕਰੀਆਂ ਕਰਦੇ ਆਪਣੇ ਬੱਚਿਆਂ ਵਿਚਕਾਰ ਪਰਵਾਸੀ।

ਉਧਰ ਪੰਜਾਬ ਵਿਚ ਰਹਿੰਦੇ ਬਾਹਲੇ ਲੇਖਕ ਤੇ ਆਲੋਚਕ ਦੂਜੇ ਦੇਸ਼ੀਂ ਆਣ ਵਸੇ ਲੇਖਕਾਂ ਨੂੰ ਪਰਵਾਸੀ/ਵਿਦੇਸ਼ੀ ਹੋਣ ਦਾ ਖਿਤਾਬ ਦੇ ਦੇ ਕੇ ਉਨ੍ਹਾਂ ਦੀਆਂ ਰਚਨਾਵਾਂ 'ਚੋਂ ਉਨ੍ਹਾਂ ਦਾ ਪਿਛੋਕੜ ਲੱਭਦੇ ਰਹਿੰਦੇ ਹਨ, "ਇਸ ਰਚਨਾ 'ਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ।" ਪੰਜਾਬ ਵਿਚ ਇਕ ਦੂਜੇ ਦੀਆਂ ਰਚਨਾਵਾਂ ਨੂੰ ਦੇਖ ਕੇ ਵਾਰਿਸ਼ ਸ਼ਾਹ ਅਤੇ ਸ਼ਿਵ ਵਰਗਿਆਂ ਨੂੰ ਹਾਕਾਂ ਮਾਰਨ ਲੱਗਦੇ ਨੇ। ਸ਼ਾਇਦ ਸਾਡੀ ਮਹਿਕ ਜਾਂ ਗਿਆਨ ਇੰਦਰੀ ਵਿਚੋਂ 'ਹੁਣ' ਦੀ ਮਹਿਕ ਜਾਂ ਸੋਚ ਦਾ ਸੈਂਸਰ ਗਾਇਬ ਹੈ। ਇਹ ਹਕੀਕਤ ਸ਼ਾਇਦ ਇਸ ਗੱਲ ਦੀ ਹੀ ਤਰਜਮਾਨੀ ਕਰਦੀ ਹੈ ਕਿ ਅਸੀਂ ਪੰਜਾਬੀ ਲੋਕ ਕਿੰਜ ਅੱਜ ਜਾਂ ਭਲਕ ਦੇ ਵਿਚਾਰਾਂ ਅਤੇ ਸੋਚ ਤੋਂ ਕੰਨੀ ਕਤਰਾ ਕੇ ਭੂਤ-ਮੁਖੀ ਸੋਚ ਤੇ ਪਹੁੰਚ ਅਪਨਾਉਂਦਿਆਂ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਆਪਣੇ ਪਿਛੋਕੜ ਵਿਚੋਂ ਲੱਭਣ ਤੁਰ ਪੈਂਦੇ ਹਾਂ। ਮੁੱਕਦੀ ਗੱਲ, ਬਾਹਲੇ ਪੰਜਾਬ ਵਿਚਲੇ ਅਤੇ ਪੰਜਾਬੋਂ ਬਾਹਰ ਦੂਜੇ ਦੇਸ਼ਾਂ ਵਿਚ ਆ ਵਸੇ ਪੰਜਾਬੀ ਲੇਖਕਾਂ ਵਲੋਂ 'ਪਰਵਾਸੀ' ਸ਼ਬਦ ਦਾ ਅਰਥ ਕੁਝ ਇਸ ਤਰ੍ਹਾਂ ਦਾ ਚਿਤਰਿਆਂ ਤੇ ਉਭਾਰਿਆਂ ਜਾਂਦਾ ਹੈ: ਵਿਦੇਸ਼ੀ, ਨਾ ਘਰ ਦੇ ਨਾ ਘਾਟ ਦੇ, ਖਾਨਾ-ਬਦੋਸ਼, ਵਿਚਾਰੇ, ਇਨ੍ਹਾਂ ਵਲੋਂ ਖੁਦ ਚੁਣਿਆ ਹੋਇਆ ਦੇਸ਼ ਇਨ੍ਹਾਂ ਦਾ ਦੇਸ਼ ਨਹੀਂ, ਇਨ੍ਹਾਂ ਨੂੰ ਮਿਲੀ ਸਜ਼ਾ ਵਾਂਗੂ ਜੱਗੋਂ ਬਾਹਰੀ ਸਖਤ ਮਿਹਨਤ ਕਰਨੀ ਪੈਂਦੀ ਹੈ, ਵਗੈਰਾ-ਵਗੈਰਾ।

ਪਰਵਾਸੀ ਸ਼ਬਦ ਦਫਤਰੀ ਤੌਰ 'ਤੇ ਅੰਗਰੇਜ਼ੀ ਦੇ ਸ਼ਬਦ ਇਮੀਗਰੈਂਟ ਦਾ ਉਲਥਾ ਹੈ, ਪਰ ਜਿਵੇਂ ਉਪਰ ਬਿਆਨ ਕੀਤਾ ਹੈ, ਅਸੀਂ ਇਹਦਾ ਹੋਰ ਹੀ ਕੁਝ ਬਣਾ ਛੱਡਿਆ ਹੈ। ਇਹ ਵਿਗੜਿਆ ਅਰਥ ਅਸੀਂ ਆਪਣੇ ਜਨਮ ਦੇਸ਼ ਤੋਂ ਹੀ ਲੈ ਆਉਂਦੇ ਹਾਂ, ਜਿਥੇ ਬਿਹਾਰ ਤੋਂ ਪੰਜਾਬ ਕੰਮ ਕਰਨ ਪੁੱਜਿਆ ਬੰਦਾ ਆਪਣੇ ਹੀ ਦੇਸ਼ ਵਿਚ 'ਬਿਹਾਰ ਦਾ ਪਰਵਾਸੀ ਭਈਆ' ਬਣ ਜਾਂਦਾ ਹੈ। ਤੁਸੀਂ ਇਧਰ ਅਮਰੀਕਾ (ਜਾਂ ਕੈਨੇਡਾ) ਵਿਚ ਕੰਮ ਜਾਂ ਕਿਸੇ ਹੋਰ ਕਾਰਨ ਇੱਕ ਤੋਂ ਦੂਜੇ ਸੂਬੇ ਨੂੰ ਜਾਣ ਵਾਲੇ ਬੰਦੇ ਜਾਂ ਪਰਿਵਾਰ ਉਤੇ ਕੀ ਕਦੀ ਪਰਵਾਸੀ ਹੋਣ ਦਾ ਠੱਪਾ ਲੱਗਦਿਆਂ ਦੇਖਿਆ ਹੈ?

ਅੱਜ ਜਿਸ ਤਰ੍ਹਾਂ ਦਾ ਵੀ ਹੈ, ਇਹ ਦੇਸ਼ (ਅਮਰੀਕਾ) ਇਮੀਗਰੈਂਟਾਂ ਨੇ ਸ਼ੁਰੂ ਕੀਤਾ ਅਤੇ ਉਸਾਰਿਆ ਹੈ। ਆਦਿਵਾਸੀ ਅਮਰੀਕੀਆਂ ਤੋਂ ਇਲਾਵਾ, ਅੱਜ ਵੀ ਇਸ ਦੇਸ਼ ਦਾ ਹਰ ਵਿਅਕਤੀ ਜਾਂ ਟੱਬਰ ਜਾਂ ਤਾਂ ਇਮੀਗਰੈਂਟ ਹੈ, ਤੇ ਜਾਂ ਉਹਦੀਆਂ ਜੜ੍ਹਾਂ ਇਸ ਦੇਸ਼ ਵਿਚ ਇਮੀਗਰੈਂਟ ਵਿਅਕਤੀ ਜਾਂ ਟੱਬਰ ਤੱਕ ਪਹੁੰਚਦੀਆਂ ਹਨ। ਇਥੇ ਪਹਿਲੇ ਇਮੀਗਰੈਂਟ ਲੜਾਈਆਂ ਦੇ ਨੋਚੇ ਹੋਏ ਯੂਰਪ ਵਿਚੋਂ ਚੰਗੇਰੀ ਜ਼ਿੰਦਗੀ ਦੀ ਭਾਲ ਕਰਦੇ ਸੰਨ 1620 ਵਿਚ ਆਉਣੇ ਸ਼ੁਰੂ ਹੋਏ, ਜਦੋਂ 'ਮੇਅ ਫਲਾਵਰ' ਨਾਂ ਦੇ ਸਮੁੰਦਰੀ ਜਹਾਜ 'ਤੇ ਪਹਿਲੇ 102 ਯਾਤਰੀ ਅਮਰੀਕਾ ਦੇ ਪੂਰਬੀ ਤੱਟ 'ਤੇ ਉਤਰੇ, ਜਿਨ੍ਹਾਂ ਨੂੰ ਅਮਰੀਕੀ ਇਤਿਹਾਸ ਵਿਚ ਸਤਿਕਾਰ ਨਾਲ ਫਸਟ ਸੈਟਲਰਜ਼ ਜਾਂ ਪਿਲਗਰਿਮਜ਼ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਇਸ ਜ਼ਮੀਨ ਨੂੰ ਆਪਣੀ ਸਮਝ ਕੇ ਪਿਛਲ-ਝਾਤ ਦੀ ਥਾਂ ਅਗਾਂਹ-ਮੁਖੀ ਸੋਚ ਅਪਨਾਉਂਦਿਆਂ ਇਥੇ ਆਪਣੇ ਪਰਿਵਾਰ ਵਸਾਏ ਅਤੇ ਇਸ ਦੇਸ਼ ਦੀ ਉਸਾਰੀ ਅਰੰਭੀ। ਫਿਰ ਉਨ੍ਹਾਂ ਪਿਛੋਂ ਹੌਲੀ-ਹੌਲੀ ਸੰਸਾਰ ਦੇ ਵਖ-ਵਖ ਭਾਗਾਂ 'ਚੋਂ ਆਉਣ ਵਾਲੇ ਇਮੀਗਰੈਂਟਾਂ ਤੇ ਇਮੀਗਰੈਂਟਾਂ ਦੀ ਔਲਾਦ ਦੀਆਂ ਪੀੜ੍ਹੀਆਂ ਨੇ ਇਹ ਉਸਾਰੀ ਜਾਰੀ ਰੱਖੀ। ਇਹ ਕੰਮ ਇਮੀਗਰੈਂਟਾਂ ਨੇ ਅਕਸਰ ਇਸ ਦੇਸ਼ ਨੂੰ ਆਪਣਾ ਦੇਸ਼ ਸਮਝ ਕੇ ਭਵਿਖ-ਮੁਖੀ ਪਹੁੰਚ ਅਪਨਾਉਂਦਿਆਂ ਕੀਤਾ।

ਯਾਦ ਰਹੇ, ਇਮੀਗਰੈਂਟਾਂ, ਭਾਵ ਪਹਿਲੀ ਪੀੜ੍ਹੀ ਅਮਰੀਕੀਆਂ ਨੇ ਅਮਰੀਕੀ ਆਜ਼ਾਦੀ ਦੇ ਇਨਕਲਾਬੀ ਯੁੱਧ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਦੇਸ਼ ਵਿਚ ਇਮੀਗਰੈਂਟਾਂ ਦਾ ਇਹ ਅਰਥ ਅਤੇ ਰੋਲ ਰਿਹਾ ਹੈ। ਇਹ ਅਰਥ ਪਰਵਾਸੀ ਸ਼ਬਦ ਉਪਰ ਚਰਚਿਤ ਉਨ੍ਹਾਂ ਅਰਥਾਂ ਤੋਂ ਵੱਖਰੇ ਹਨ, ਜੋ ਸਾਡੇ ਵਿਚੋਂ ਬਾਹਲੇ ਪੰਜਾਬੀ ਅਮਰੀਕਨ ਲੇਖਕ ਵਰਤਦੇ ਤੇ ਹੰਢਾਉਂਦੇ ਨੇ। ਇਹ ਅਰਥ ਸਾਡੇ ਵਿਚੋਂ ਬਾਹਲੇ ਪੰਜਾਬੀ ਅਮਰੀਕਨਾਂ ਦੇ 'ਅਮਰੀਕਾ' ਤੇ 'ਅਮਰੀਕਨ' ਪ੍ਰਤੀ ਧਾਰੇ ਜਾਂ ਅਪਨਾਏ ਰਵੱਈਏ ਤੋਂ ਵੀ ਵੱਖਰੇ ਨੇ, ਜਿਸ ਰਵੱਈਏ ਦੀ ਮੈਂ ਹਥਲੇ ਲੇਖ ਵਿਚ ਗੱਲ ਕਰ ਰਿਹਾਂ। ਇਥੇ ਮੈਂ ਇਹ ਗੱਲ ਸਪਸ਼ਟ ਕਰ ਦਿਆਂ ਕਿ ਮੇਰੇ ਮਨ ਵਿਚ ਭੋਰਾ ਭਰ ਵੀ ਸ਼ੱਕ ਨਹੀਂ ਕਿ ਅਸੀਂ ਪੰਜਾਬੀ ਇਮੀਗਰੈਂਟਾਂ ਨੇ ਇਥੇ ਆਪਣੇ ਸੌ ਸਾਲਾਂ ਤੋਂ ਵੀ ਲੰਮੇ ਇਤਿਹਾਸ ਦੌਰਾਨ ਇਸ ਦੇਸ਼ ਦੀ ਉਸਾਰੀ ਵਿਚ ਆਪਣਾ ਅਹਿਮ ਹਿੱਸਾ ਪਾਇਆ ਹੈ, ਹੋਰਨਾਂ ਭਾਈਚਾਰਿਆਂ ਵਾਂਗੂ ਹੀ; ਪਰ ਇਸ ਲੇਖ ਵਿਚ ਮੈਂ ਇਸ ਰਵੱਈਏ ਦੀ ਗੱਲ ਤਾਂ ਕਰ ਰਿਹਾਂ, ਕਿਉਂਕਿ ਇਸ ਰਵੱਈਏ ਦੇ ਵੀ ਅਮਲੀ ਨਤੀਜੇ ਨਿਕਲਦੇ ਹਨ, ਜੋ ਸਾਡੀ ਜ਼ਿੰਦਗੀ 'ਤੇ ਮਾਰੂ ਅਸਰ ਪਾਉਂਦੇ ਹਨ।

ਇਹ ਮਾਰੂ ਅਸਰ ਘਰ ਤੋਂ ਸ਼ੁਰੂ ਹੁੰਦੇ ਨੇ। ਜਦੋਂ ਅਸੀਂ ਇਸ ਦੇਸ਼ ਨੂੰ ਆਪਣਾ ਨਾ ਸਮਝਦਿਆਂ ਇਹਦੇ ਵਿਸ਼ਾਲ ਵਿਭਿੰਨਤਾ ਵਾਲੇ ਸਮਾਜਕ ਤੇ ਰਾਜਨੀਤਕ ਜੀਵਨ ਵਿਚ ਦਿਲਚਸਪੀ ਨਹੀਂ ਲੈਂਦੇ ਅਤੇ ਆਪਣੇ ਤੰਗ ਭਾਈਚਾਰੇ ਤੱਕ ਹੀ ਸੀਮਿਤ ਰਹਿੰਦੇ ਹਾਂ, ਤਾਂ ਇਸ ਦੇਸ਼ ਦੇ ਸਿਸਟਮ ਵਿਚ ਪਲਦੀ, ਪੜ੍ਹਦੀ ਤੇ ਨੌਕਰੀਆਂ ਕਰਦੀ ਆਪਣੀ ਔਲਾਦ ਦੀ ਸਮਝ ਤੇ ਆਪਣੀ ਸਮਝ ਵਿਚਾਲੇ ਬੇਸਮਝੀ ਦੀ ਖਾਈ ਪੁੱਟ ਲੈਂਦੇ ਹਾਂ। ਸਾਡੇ ਵਿਚੋਂ ਚੋਖੀ ਗਿਣਤੀ ਵਿਚ ਕਈ ਆਪਣੀ ਰਹਿੰਦੀ ਉਮਰ ਖਾਈ ਦੇ ਇਸ ਪਾਰ ਖੜ੍ਹੋ, ਖਾਈ ਦੇ ਉਸ ਪਾਰ ਖੜ੍ਹੀ ਆਪਣੀ ਔਲਾਦ ਨਾਲ ਖਹਿਬੜਦੇ ਬਿਤਾ ਦਿੰਦੇ ਨੇ, ਜਾਂ ਕੁਝ ਦਬਾਅ ਪਾ ਕੇ ਔਲਾਦ ਨੂੰ ਆਪਣੇ ਪਾਸੇ ਧੂਹਣ ਵਿਚ ਕਾਮਯਾਬ ਹੋ ਜਾਂਦੇ ਹਨ। ਇਸ ਕਾਮਯਾਬੀ 'ਤੇ ਚਾਹੇ ਅਸੀਂ ਲੱਖ ਪਿੱਠਾਂ ਜਾਂ ਹਿੱਕਾਂ ਥਾਪੜਦੇ ਜੇਤੂ ਬਣ-ਬਣ ਫਿਰੀਏ, ਕੌੜਾ ਸੱਚ ਤਾਂ ਇਹ ਹੈ ਕਿ ਸਾਡੀ ਇਹ 'ਜਿੱਤ' ਬੇਸਮਝੀ ਦੀ ਖਾਈ ਨੂੰ ਧੱਕ ਕੇ ਸਾਡੀ ਔਲਾਦ ਅਤੇ ਬਾਹਰਲੇ ਵਿਸ਼ਾਲ ਸਮਾਜ ਵਿਚਾਲੇ ਕਰ ਦਿੰਦੀ ਹੈ, ਇੰਜ ਔਲਾਦ ਦੇ ਭਵਿਖ ਵਿਚ ਕੰਡੇ ਬੀਜ ਦਿੰਦੀ ਹੈ। ਔਲਾਦ ਨੂੰ ਇਹ ਖਾਈ ਬਾਅਦ ਦੀ ਜ਼ਿੰਦਗੀ ਦੇ ਧੌਲ-ਧੱਫੇ ਖਾ ਕੇ ਹੌਲੀ-ਹੌਲੀ ਆਪ ਹੀ ਪਾਰ ਕਰਨੀ ਪੈਂਦੀ ਹੈ ਜਾਂ ਸਾਰੀ ਜ਼ਿੰਦਗੀ ਇਸ ਖਾਈ ਦੀ ਸਜ਼ਾ ਅਸਫਲਤਾਵਾਂ ਦੇ ਰੂਪ ਵਿਚ ਭੁਗਤਣੀ ਪੈਂਦੀ ਹੈ।

ਮੈਂ ਇਸ ਗੱਲ ਤੋਂ ਵੀ ਭਲੀਭਾਂਤ ਜਾਣੂ ਹਾਂ ਕਿ ਇਮੀਗਰੈਂਟਾਂ, ਭਾਵ ਪਹਿਲੀ ਪੀੜ੍ਹੀ ਦੇ ਅਮੈਰਿਕਨਾਂ ਦੇ ਕੁਝ ਆਪਣੇ ਹੀ ਅਲੱਗ ਮੁੱਦੇ ਅਤੇ ਮਸਲੇ ਹੁੰਦੇ ਨੇ, ਜਿਵੇਂ ਪਿੱਛੇ ਰਹਿ ਗਏ ਜਨਮ ਦੇਸ਼ ਦਾ ਹੇਰਵਾ ਤੇ ਆਪਣੇ ਨਵੇਂ ਦੇਸ਼ ਵਿਚ ਵਸਣ ਦੀ ਪ੍ਰਕ੍ਰਿਆ ਦੌਰਾਨ ਆਉਂਦੀਆਂ ਮੁਸ਼ਕਿਲਾਂ; ਪਰ ਜਿਸ ਰਵੱਈਏ ਦੀ ਮੈਂ ਉਪਰ ਗੱਲ ਕੀਤੀ ਹੈ, ਉਹ ਰਵੱਈਆ ਇਨ੍ਹਾਂ ਮੁਸ਼ਕਿਲਾਂ ਦੇ ਹੱਲ ਕੱਢਣ ਵਿਚ ਮਦਦ ਕਰਨ ਦੀ ਥਾਂ ਇਨ੍ਹਾਂ ਮੁਸ਼ਕਿਲਾਂ ਨੂੰ ਵਧਾਉਂਦਾ ਹੀ ਹੈ। ਇਹ ਵੀ ਸੱਚ ਕਿ ਹੋਰ ਦੇਸ਼ਾਂ ਵਾਂਗ ਇਸ ਦੇਸ਼ ਦੇ ਇਤਿਹਾਸ ਵਿਚ ਵੀ ਹਮੇਸ਼ਾ ਸਭ ਕੁਝ ਠੀਕ ਨਹੀਂ ਰਿਹਾ। ਸਮੇਂ ਸਮੇਂ ਵਖ-ਵਖ ਇਮੀਗਰੈਂਟ ਗਰੁੱਪਾਂ ਨਾਲ ਵਿਤਕਰੇ ਹੁੰਦੇ ਰਹੇ ਅਤੇ ਅੱਜ ਵੀ ਹੋ ਰਹੇ ਨੇ, ਪਰ ਇਹ ਸਮੱਸਿਆਵਾਂ ਵੀ ਇਸ ਲੇਖ ਵਿਚ ਚਰਚਿਤ ਰਵੱਈਆ ਅਪਨਾ ਕੇ ਨਹੀਂ, ਸਗੋਂ ਇਸ ਦੇਸ਼ ਦੇ ਸਮਾਜਕ ਤੇ ਰਾਜਨੀਤਕ ਜੀਵਨ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈ ਕੇ ਹੱਲ ਕੀਤੀਆਂ ਜਾਂਦੀਆਂ ਨੇ। ਇਸ ਦੇਸ਼ ਨੂੰ ਆਪਣਾ ਸਮਝ ਕੇ, ਨਾ ਅਪਨਾਉਣਾ ਤਾਂ ਮੁੱਢੋਂ ਢੇਰੀ ਢਾਹੁਣ ਵਾਲੀ ਗੱਲ ਹੈ।

ਇਸ ਲੇਖ ਵਿਚ ਜੋ ਮੈਂ ਹੁਣ ਤੱਕ ਕਿਹਾ, ਉਹਦੇ ਪ੍ਰਸੰਗ ਵਿਚ ਇੱਕ ਲੇਖਕ ਹੋਣ ਦੇ ਨਾਤੇ ਮੇਰਾ ਬਹੁਤ ਜੀਅ ਕਰਦਾ ਹੈ, ਜਾਂ ਇੰਜ ਸਮਝੋ ਕਿ ਜੇ ਮੇਰਾ ਵੱਸ ਚੱਲੇ ਤਾਂ ਮੈਂ ਆਪਣੇ ਸੰਗੀ ਪੰਜਾਬੀ ਅਮਰੀਕਨ ਲੇਖਕਾਂ ਨੂੰ ਕਹਾਂ, "ਆਓ, ਆਪਣੀ ਚੋਣ ਦੇ, ਆਪਣੇ ਅਪਨਾਏ ਹੋਏ, ਆਪਣੇ ਇਸ ਦੇਸ਼ ਦੀ ਜ਼ਮੀਨ ਉਪਰ ਆਪੇ ਰਚੀ ਵਿਦੇਸ਼ੀ/ਪਰਵਾਸੀ ਸੋਗ ਸਭਾ ਦੀ ਵਿਛਾਈ ਦਰੀ ਲਪੇਟ ਲਈਏ।" ਪੰਜਾਬੀ ਬੰਦਾ ਹੋਣ ਦੇ ਨਾਤੇ ਮੇਰਾ ਬਹੁਤ ਜੀਅ ਕਰਦਾ ਹੈ ਕਿ ਮੈਂ ਆਪਣੇ ਸੰਗੀ ਪੰਜਾਬੀ ਅਮਰੀਕਨਾਂ ਨੂੰ ਕਹਾਂ, "ਆਓ, ਆਪਣੀ ਚੋਣ ਦੇ, ਆਪਣੇ ਅਪਨਾਏ ਹੋਏ, ਆਪਣੇ ਇਸ ਦੇਸ਼ ਅਮਰੀਕਾ, ਇਹਦੇ ਕੌਮੀ ਤਿਉਹਾਰਾਂ ਤੇ ਇਹਦੇ ਹੋਰ ਲੋਕਾਂ ਨੂੰ ਸੌਕਣਾਂ ਵਾਂਗ ਦੇਖਣ ਦੀ ਥਾਂ ਉਨ੍ਹਾਂ ਨੂੰ ਅਸਲ ਵਿਚ ਅਪਨਾਈਏ।"

ਅਪਨਾਉਣ ਦਾ ਇਹ ਮਤਲਬ ਨਹੀਂ ਹੁੰਦਾ ਕਿ ਆਪਣਾ ਸਭ ਕੁਝ ਛੱਡ ਦੇਈਏ। ਇਥੇ ਅਪਨਾਉਣ ਦਾ ਮਤਲਬ ਹੈ, ਇਹਦੀਆਂ ਵਾਦੀਆਂ, ਪਹਾੜਾਂ, ਰੁੱਤਾਂ, ਬਰਫਾਂ, ਧੁੰਦਾਂ ਤੇ ਬਾਰਿਸ਼ਾਂ ਸਮੇਤ ਅਮਰੀਕਾ ਨੂੰ ਆਪਣਾ ਦੇਸ਼ ਸਮਝੀਏ; ਤੇ ਇਥੇ ਰਹਿਣ ਵਾਲੇ ਹੋਰ ਲੋਕਾਂ ਨੂੰ ਆਪਣੇ ਦੇਸ਼ ਵਾਸੀ। ਅਪਨਾਉਣ ਦਾ ਮਤਲਬ ਹੁੰਦਾ ਹੈ ਕਿ ਆਪਣੇ ਪੰਜਾਬੀ ਭਾਈਚਾਰੇ ਬਾਹਰਲੇ ਆਪਣੇ ਦੇਸ਼ ਵਾਸੀਆਂ ਨਾਲ ਆਪਣੇ ਵਿਚਾਰ, ਰਿਵਾਜ਼, ਤਿਉਹਾਰ ਆਦਿ ਸਾਂਝੇ ਕਰੀਏ ਅਤੇ ਉਨ੍ਹਾਂ ਦੇ ਵਿਚਾਰਾਂ, ਰਿਵਾਜ਼ਾਂ, ਤਿਉਹਾਰਾਂ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਅਪਨਾਉਣ ਦਾ ਮਤਲਬ ਹੈ ਕਿ ਆਪਣੇ ਪੰਜਾਬੀ ਭਾਈਚਾਰੇ ਦੀਆਂ ਮੁਸ਼ਕਿਲਾਂ, ਹੋਰ ਭਾਈਚਾਰਿਆਂ ਦੀਆਂ ਮੁਸ਼ਕਿਲਾਂ ਤੇ ਆਪਣੇ ਦੇਸ਼ ਅਮਰੀਕਾ ਦੀਆਂ ਕੌਮੀ ਮੁਸ਼ਕਿਲਾਂ ਤੋਂ ਜਾਣੂ ਰਹੀਏ ਅਤੇ ਇਨ੍ਹਾਂ ਮੁਸ਼ਕਿਲਾਂ ਦੇ ਹੱਲ ਲਈ ਆਪਣੇ ਵਿੱਤ ਮੁਜਬ ਇਸ ਦੇਸ਼ ਦੇ ਸਮਾਜਕ ਤੇ ਰਾਜਨੀਤਕ ਜੀਵਨ ਦੀਆਂ ਗਤੀਵਿਧੀਆਂ ਵਿਚ ਹਿੱਸਾ ਲਈਏ। ਇਹੋ ਜਿਹਾ ਆਪਣੇਪਣ ਦਾ ਰਵੱਈਆ ਸਾਨੂੰ ਆਪਣੀ ਇਥੇ ਜੰਮੀ/ਪਲੀ ਔਲਾਦ ਨੂੰ ਵੀ ਹੋਰ ਚੰਗੀ ਤਰ੍ਹਾਂ ਸਮਝਣ ਅਤੇ ਉਸ ਨਾਲ ਨੇੜਤਾ ਵਧਾਉਣ ਵਿਚ ਵੀ ਸਹਾਈ ਹੋਏਗਾ।

ਅਮਰੀਕਾ ਵਿਚ 4 ਜੁਲਾਈ ਵਰਗੇ ਦਿਨਾਂ-ਸੁਦਾਂ ਉਪਰ ਆਮ ਗਾਇਆ ਜਾਣ ਵਾਲਾ ਗੀਤ ਹੈ, ਜੋ ਇਸ ਦੇਸ਼ ਵਿਚ ਸਦਾ ਬਹਾਰ, ਪ੍ਰਸਿੱਧ ਤੇ ਮਨਭਾਉਂਦੇ ਗੀਤਾਂ ਵਿਚੋਂ ਕੌਮੀ ਗੀਤ ਦੇ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ। ਇਹ ਗੀਤ ਅਮਰੀਕੀ ਲੋਕ ਗੀਤਕਾਰ ਤੇ ਗਾਇਕ ਵੂਡੀ ਗੱਥਰੀ (14 ਜੁਲਾਈ 1912-3 ਅਕਤੂਬਰ 1967) ਨੇ ਲਿਖਿਆ ਤੇ ਪਹਿਲੀ ਵਾਰ ਗਾਇਆ। ਇਹ ਗੀਤ ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦਾ ਹੈ,

This land is your land, this land is my land.
From the California to the New York island.
From the Redwood Forest, to the gulf stream waters
This land was made for you and me.

ਹੇਠਾਂ ਇਨ੍ਹਾਂ ਸਤਰਾਂ ਦਾ ਮੈਂ ਇੰਜ ਉਲਥਾ ਕਰਦਾ ਹਾਂ,

ਕੈਲੀਫੋਰਨੀਆ ਤੋਂ ਨਿਊ ਯਾਰਕ ਦੀਪ ਤੱਕ
ਇਹ ਜੋ ਬਥੇਰੀ ਹੈ:
ਇਹ ਜ਼ਮੀਂ ਤੇਰੀ ਹੈ,
ਇਹ ਜ਼ਮੀਂ ਮੇਰੀ ਹੈ।
ਰੈੱਡਵੁੱਡ ਜੰਗਲ ਤੋਂ ਖਾੜੀ ਦੇ ਪਾਣੀ ਤੱਕ
ਬਣਾਈ ਗਈ ਸੀ:
ਇਹ ਜ਼ਮੀਂ ਤੇਰੇ ਲਈ,
ਇਹ ਜ਼ਮੀਂ ਮੇਰੇ ਲਈ।

ਫੋਰਥ ਆਫ ਜੁਲਾਈ ਦੇ ਇਸ ਲੰਮੇ ਵੀਕਐਂਡ 'ਤੇ ਇਸ ਗੀਤ ਦੀ ਰੂਹ ਨਾਲ ਕੈਲੀਫੋਰਨੀਆ ਦੀ ਸਿਲੀਕਾਨ ਵਾਦੀ ਤੇ ਕੇਂਦਰੀ ਵਾਦੀ (ਯੂਬਾ ਸਿਟੀ, ਸੈਕਰਾਮੈਂਟੋ, ਫਰਿਜ਼ਨੋ, ਬੇਕਰਜ਼ਫੀਲਡ) ਤੋਂ ਜੈਕਸਨ ਹਾਈਟ/ਨਿਊ ਯਾਰਕ ਅਤੇ ਸ਼ਾਂਤ ਮਹਾਂਸਾਗਰ ਤੋਂ ਐਟਲਾਂਟਿਕ ਮਹਾਂਸਾਗਰ ਤੱਕ ਖਿੱਚੀ ਇਸ ਲਕੀਰ ਦੇ ਉਤਰ ਤੋਂ ਦੱਖਣ ਤੱਕ ਇਸ ਦੇਸ਼ ਵਿਚ ਵਸੇ ਆਪਣੇ ਸੰਗੀ ਪੰਜਾਬੀਆਂ ਨੂੰ ਮੈਂ ਕਹਿੰਦਾ ਹਾਂ: ਚਾਰ ਜੁਲਾਈ ਮੁਬਾਰਕ। ਆਓ, ਆਪਾਂ ਸਾਰੇ ਸ਼ਬਦ ਦੇ ਸਹੀ ਅਰਥਾਂ ਵਿਚ ਇਸ ਦੇਸ਼ ਨੂੰ ਆਪਣਾ ਦੇਸ਼ ਸਮਝੀਏ, ਕਿਉਂਕਿ ਇਹ ਦੇਸ਼ ਜਿੰਨਾ ਹੋਰ ਦੇਸ਼ ਵਾਸੀਆਂ ਦਾ ਹੈ, ਓਨਾ ਆਪਣਾ ਵੀ ਹੈ; ਇਸ ਦੇਸ਼ ਵਿਚ ਵਿਦੇਸ਼ੀ ਬਣ ਕੇ ਨਹੀਂ, ਸਗੋਂ ਦੇਸ਼-ਵਾਸੀਆਂ ਭਾਵ ਨਾਗਰਿਕਾਂ ਵਾਂਗ ਰਹੀਏ, ਕਿਉਂਕਿ ਅਸੀਂ ਨਾਗਰਿਕ ਹਾਂ; ਬਾਕੀ ਦੇਸ਼ਾਂ ਵਾਂਗ ਇਸ ਦੇਸ਼ ਦੀਆਂ ਵੀ ਆਪਣੀਆਂ ਸਮੱਸਿਆਵਾਂ ਹਨ ਤੇ ਇਸ ਦੇਸ਼ ਵਿਚ ਵਸਦੇ ਹੋਰ ਭਾਈਚਾਰਿਆਂ ਵਾਂਗ ਪੰਜਾਬੀ ਭਾਈਚਾਰੇ ਨੂੰ ਵੀ ਮੁਸ਼ਕਿਲਾਂ ਪੇਸ਼ ਆ ਸਕਦੀਆਂ ਹਨ ਤੇ ਆਉਂਦੀਆਂ ਨੇ; ਉਨ੍ਹਾਂ ਮਸ਼ਕਿਲਾਂ ਨੂੰ ਨਜਿੱਠੀਏ, ਨਾਗਰਿਕਾਂ ਵਾਂਗ ਇਸ ਦੇਸ਼ ਦੇ ਸਮਾਜਕ ਤੇ ਰਾਜਨੀਤਕ ਜੀਵਨ ਵਿਚ ਹਿੱਸਾ ਲੈ ਕੇ; ਜਦੋਂ ਅਸੀਂ ਨਾਗਰਿਕ, ਭਾਵ ਅਮਰੀਕਨ ਬਣ ਕੇ ਪੇਸ਼ ਆਉਣ ਦੀ ਥਾਂ ਇਹ ਮਿੱਥ ਕੇ ਤੁਰਦੇ ਹਾਂ ਕਿ ਅਸੀਂ ਅਮਰੀਕਨ ਨਾ ਹੋ ਕੇ ਵਿਦੇਸ਼ੀ ਜਿਹੇ ਹਾਂ, ਤਾਂ ਅਸੀਂ ਪਹਿਲਾ ਕਦਮ ਚੁੱਕਣ ਤੋਂ ਪਹਿਲਾਂ ਹੀ ਹਾਰ ਜਾਂਦੇ ਹਾਂ। ਸੋ, ਆਓ ਚਾਰ ਜੁਲਾਈ, ਥੈਂਕਸਗਿਵਿੰਗ, ਸਟੇਟ ਫੇਅਰ, ਕਾਊਂਟੀ ਫੇਅਰਜ਼ ਤੇ ਇਸ ਦੇਸ਼ ਦੇ ਹੋਰ ਤਿਓਹਾਰ ਇਸ ਦੇ ਨਾਗਰਿਕਾਂ ਵਾਂਗ ਮਨਾਈਏ; ਓਨੇ ਹੀ ਉਤਸ਼ਾਹ ਨਾਲ, ਜਿੰਨੇ ਉਤਸ਼ਾਹ ਨਾਲ ਅਸੀਂ ਭਾਰਤ ਦਾ ਆਜ਼ਾਦੀ ਦਿਵਸ 15 ਅਗਸਤ, ਲੋਹੜੀ, ਹੋਲੀ ਤੇ ਦੀਵਾਲੀ ਆਦਿ ਮਨਾਉਂਦੇ ਹਾਂ।

ਇਸ ਸਾਲ ਕਰੋਨਾ ਦੇ ਦੌਰ ਵਿਚ ਆਪੋ-ਆਪਣੇ ਹਾਲਾਤ ਅਨੁਸਾਰ, ਚਾਰ ਜੁਲਾਈ ਜਿਵੇਂ ਕਿਵੇਂ ਵੀ ਮਨਾਈਏ, ਪਰ ਚਾਰ ਜੁਲਾਈ ਦਾ ਮੂਲ-ਮੰਤਰ ਹਮੇਸ਼ਾ ਯਾਦ ਰੱਖੀਏ: ਥੌਮਸ ਜੈਫਰਸਨ ਦੇ ਸ਼ਬਦਾਂ ਵਿਚ "ਸਾਰੇ ਮਨੁੱਖ ਬਰਾਬਰ ਹਨ", ਭਗਤ ਕਬੀਰ ਦੇ ਕਹੇ ਅਨੁਸਾਰ "ਏਕ ਨੂਰ ਤੇ ਸਭੁ ਜਗੁ ਉਪਜਿਆ ਕੁਦਰਤਿ ਕੇ ਸਭ ਬੰਦੇ" ਅਤੇ ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਵਿਚ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।"

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਮੌਲਿਕਤਾ ਦਾ ਮੰਤਰ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੇਸ਼ਰਮੀ ਨੂੰ ਸ਼ਰਮਸਾਰ ਕਰਦਿਆਂ ਕਿਹਾ ਸੀ, "ਸ਼ਰਮ ਜਦ ਬੇਸ਼ਰਮੀ ਵੱਲ ਅਹੁਲਦੀ ਤਾਂ ਇਸ ਦੀ ਕੋਈ ਹੱਦ ਨਹੀਂ ਰਹਿੰਦੀ। ਇਹ ਨਿਵਾਣ ਵੱਲ ਖਿਸਕਦੀ, ਗਰਕਣੀ ਭਰੇ ਜੀਵਨ-ਰਾਹ ਨੂੰ ਚੁਣਨ ਲਈ ਮਜਬੂਰ ਹੋ ਜਾਂਦੀ, ਜੋ ਸਿਰਫ ਨਰਕ ਵੰਨੀਂ ਜਾਂਦਾ। ਇਸ ਤੋਂ ਪਹਿਲਾਂ ਕਿ ਸਾਡੇ ਪੈਰ ਬੇਸ਼ਰਮੀ ਵੱਲ ਵੱਧਣ, ਲੋੜ ਹੈ ਕਿ ਬੇਸ਼ਰਮੀ ਦੀਆਂ ਅਲਾਮਤਾਂ ਤੋਂ ਜਾਣੂ ਜਰੂਰ ਹੋਈਏ।" ਹਥਲੇ ਲੇਖ ਵਿਚ ਉਨ੍ਹਾਂ ਮੌਲਿਕਤਾ ਦੇ ਮੌਲਦੇ ਬੂਟੇ ਦੀ ਬਾਤ ਪਾਈ ਹੈ। ਡਾ. ਭੰਡਾਲ ਨੇ ਕਿਆ ਖੂਬ ਕਿਹਾ ਹੈ, "ਮੌਲਿਕਤਾ ਸਦਾ ਜਿਉਂਦੀ। ਹਾਜ਼ਰ-ਨਾਜਰ। ਕਦੇ ਨਹੀਂ ਮਰਦੀ ਅਤੇ ਨਾ ਹੀ ਇਸ ਨੂੰ ਕੋਈ ਮਾਰ ਸਕਦਾ। ਚਾਹੇ ਹਾਲਾਤ, ਸਮਾਜ ਜਾਂ ਚੌਗਿਰਦਾ ਮੌਲਿਕਤਾ ਦੀ ਸੰਘੀ ਘੁੱਟਣ ਲਈ ਪੂਰੀ ਵਾਹ ਲਾਵੇ।" ਉਹ ਆਖਦੇ ਹਨ, "ਮੌਲਿਕਤਾ ਦੇ ਮਾਲਕ ਖੁਦ ਨੂੰ ਰਹੁਰੀਤਾਂ, ਮਰਿਆਦਾਵਾਂ, ਬੰਧਨਾਂ ਜਾਂ ਬੰਦਿਸ਼ਾਂ ਵਿਚ ਨਹੀਂ ਜਕੜਦੇ, ਸਗੋਂ ਉਹ ਆਜ਼ਾਦ ਪਰਿੰਦੇ ਹੁੰਦੇ। ਆਪਣੇ ਹਿੱਸੇ ਦੀ ਉਡਾਣ ਭਰਦੇ ਤੇ ਅੰਬਰ ਗਾਹੁੰਦੇ। ਤਾਰਿਆਂ ਨਾਲ ਗੱਲਾਂ ਕਰਦੇ, ਚਾਨਣਾਂ ਦੀ ਬਾਤ ਫਿਜ਼ਾ ਦੇ ਪਿੰਡੇ 'ਤੇ ਉਕਰਾਉਂਦੇ।" ਤਾਂ ਹੀ ਡਾ. ਭੰਡਾਲ ਨਸੀਹਤ ਕਰਦੇ ਹਨ, "ਮੌਲਿਕਤਾ ਨੂੰ ਮੌਲਣ ਦਿਓ। ਇਸ ਦੀ ਉਡਾਣ ਨੂੰ ਸੀਮਤ ਨਾ ਕਰੋ। ਨਾ ਹੀ ਇਸ ਦੇ ਜਗਦੇ ਚਿਰਾਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰੋ, ਸਗੋਂ ਹਵਾ ਦੀ ਰੁਮਕਣੀ ਇਸ ਦੇ ਨਾਮ ਕਰੋ ਤਾਂ ਕਿ ਮੌਲਿਕਤਾ ਦਾ ਦੀਵਾ ਹਮੇਸ਼ਾ ਜਗਦੇ ਰਹੇ।" -ਸੰਪਾਦਕ*

ਮੌਲਿਕਤਾ, ਅੱਡਰਾਪਣ, ਵਿਲੱਖਣਤਾ, ਵਿਕੋਲਿਤਰਾਪਣ, ਨਿਵੇਕਲਾਪਣ, ਨਿੰਗਰਤਾ ਅਤੇ ਨਵੀਨਤਮ ਮੁਹਾਂਦਰਾ। ਮੌਲਿਕਤਾ, ਵਿਸ਼ੇਸ਼ ਤੇ ਵੱਖਰੇ ਕੋਣ ਤੋਂ ਕਿਸੇ ਵਸਤ, ਵਰਤਾਰੇ ਜਾਂ ਵਿਅਕਤੀ ਨੂੰ ਵਾਚਣ, ਸੋਚਣ, ਸਮਝਣ ਅਤੇ ਬਹੁ-ਪਰਤਾਂ ਨੂੰ ਫਰੋਲਣ ਦਾ ਨਾਮ।

ਮੌਲਿਕਤਾ, ਵਿਚਾਰ, ਸੋਚ, ਸਮਝ, ਸੰਵੇਦਨਾ, ਸਾਧਨਾ, ਸੰਭਾਵਨਾਵਾਂ ਅਤੇ ਸੁਪਨਿਆਂ ਨੂੰ ਵੱਖਰੀ ਤਰ੍ਹਾਂ ਵਿਉਂਤਣ ਅਤੇ ਪੂਰਨਤਾ ਦੇ ਆਖਰੀ ਅੰਜ਼ਾਮ ਤੀਕ ਪਹੁੰਚਾਉਣ ਦਾ ਰੂਪ।

ਮੌਲਿਕਤਾ, ਮੂਲਿਕ ਤੇ ਮੌਖਿਕ ਵੀ, ਸ਼ਾਬਦਿਕ ਤੇ ਸੰਕੇਤਕ ਵੀ ਅਤੇ ਕਲਾਮਈ ਤੇ ਕਿਰਤਕਾਰੀ ਵੀ। ਜੀਵਨ-ਜਾਚ ਦਾ ਨਿਵੇਕਲਾ ਰੰਗ-ਢੰਗ, ਚਾਲ-ਢਾਲ ਅਤੇ ਦ੍ਰਿੱਖ-ਦ੍ਰਿਸ਼ਟੀਕੋਣ। ਬਹੁਤ ਸਾਰੇ ਨੇ ਇਸ ਦੇ ਰੂਪ ਤੇ ਪ੍ਰਤੀਰੂਪ। ਮੌਲਿਕਤਾ ਨੂੰ ਕਿਸ ਨਜ਼ਰੀਏ ਨਾਲ ਦੇਖਣਾ ਅਤੇ ਇਸ 'ਚੋਂ ਪਨਪਦੇ ਨਿੱਘ ਨਾਲ ਕੋਸੇ ਪਲਾਂ ਦਾ ਵਣਜ ਕਿਵੇਂ ਕਰਨਾ, ਇਹ ਤਾਂ ਹਰ ਮਨੁੱਖ ਦੀ ਨਿੱਜਤਾ 'ਤੇ ਨਿਰਭਰ।

ਮੌਲਿਕਤਾ ਭੀੜ ਦਾ ਹਿੱਸਾ ਨਹੀਂ ਹੁੰਦੀ, ਸਗੋਂ ਅੱਡਰੀ ਹੁੰਦੀ; ਭਾਵੇਂ ਇਸ 'ਚ ਬੰਦਾ ਖੁਦ ਹੀ ਹਾਜ਼ਰ ਹੋਵੇ। 'ਕੱਲਾ ਬੰਦਾ ਹੀ ਕਾਫਲਿਆਂ ਦਾ ਜਨਮਦਾਤਾ ਹੁੰਦਾ। ਮੌਲਿਕਤਾ ਨਵੀਆਂ ਪ੍ਰਾਪਤੀਆਂ, ਨਰੋਈ ਪਛਾਣ, ਨਵੇਂ ਸਿਰਲੇਖਾਂ, ਸ਼ਿਲਾਲੇਖਾਂ ਤੇ ਸਿਰਨਾਵਿਆਂ ਦਾ ਸੰਗਮ। ਇਸ ਵਿਚੋਂ ਹੀ ਅਜਿਹੇ ਸੁਪਨਿਆਂ ਨੂੰ ਪਰਵਾਜ਼ ਤੇ ਪਛਾਣ ਮਿਲਦੀ, ਜੋ ਆਮ ਲੋਕਾਂ ਦੇ ਚਿੱਤ-ਚੇਤਿਆਂ ਵਿਚ ਵੀ ਨਹੀਂ ਹੁੰਦੀ।

ਮੌਲਿਕਤਾ ਨੂੰ ਜਿਉਣ ਸਾਧਨ ਤੇ ਸਾਧਨਾ ਬਣਾਉਣ ਵਾਲੇ ਲੋਕ ਹੀ ਲੋਕ-ਚੇਤਿਆਂ ਵਿਚ ਚਿਰੰਜੀਵ ਰਹਿੰਦੇ ਅਤੇ ਇਤਿਹਾਸ ਨੂੰ ਨਵੀਆਂ ਬੁਲੰਦੀਆਂ ਦੀ ਵਰਣਮਾਲਾ ਬਣਾਉਂਦੇ।

ਮੌਲਿਕਤਾ ਸਦਾ ਜਿਉਂਦੀ। ਹਾਜ਼ਰ-ਨਾਜਰ। ਕਦੇ ਨਹੀਂ ਮਰਦੀ ਅਤੇ ਨਾ ਹੀ ਇਸ ਨੂੰ ਕੋਈ ਮਾਰ ਸਕਦਾ। ਚਾਹੇ ਹਾਲਾਤ, ਸਮਾਜ ਜਾਂ ਚੌਗਿਰਦਾ ਮੌਲਿਕਤਾ ਦੀ ਸੰਘੀ ਘੁੱਟਣ ਲਈ ਪੂਰੀ ਵਾਹ ਲਾਵੇ। ਮੌਲਿਕਤਾ ਵੱਖਰੀ ਅਤੇ ਨਰੋਈ ਪਛਾਣ ਦੀ ਪ੍ਰਤੀਕ। ਮਨੁੱਖ ਨੂੰ ਨਵੀਂ ਪ੍ਰੇਰਨਾ ਤੇ ਪ੍ਰਾਪਤੀ ਦਾ ਅਭਾਸ ਅਤੇ ਅਹਿਸਾਸ ਹੁੰਦਾ।

ਮੌਲਿਕਤਾ ਨੂੰ ਮਾਣਨ ਵਾਲੇ ਲੋਕ ਮਹਾਨ, ਮਾਣਮੱਤੇ, ਮਨ-ਮੌਜੀ ਅਤੇ ਮਸਤੀ ਦਾ ਮਾਣ ਹੁੰਦੇ। ਉਹ ਸਵੈ-ਸਿਰਜੇ ਸੰਸਾਰ ਵਿਚ ਜਿਉਂਦੇ। ਆਪਣੀ ਮਾਨਸਿਕ ਉਡਾਣ, ਉਮੀਦ, ਉਮੰਗ ਤੇ ਉਸਾਰੂਪਣ ਨੂੰ ਸੂਹਜ ਅਤੇ ਸਹਿਜ ਨਾਲ ਪਛਾਣਨ ਤੇ ਪਰਖਣ ਦੇ ਯੋਗ ਹੁੰਦੇ।

ਮੌਲਿਕਤਾ ਦੇ ਬਹੁਤ ਸਾਰੇ ਰੂਪ, ਪਰਤਾਂ ਅਤੇ ਪਰਖਾਂ। ਇਸ ਦੀ ਬਾਰੀਕ-ਬੀਨੀ ਵਿਚੋਂ ਮਨੁੱਖੀ ਸੋਚਾਂ, ਖਿਆਲ ਅਤੇ ਖੁਆਬ ਨਵੇਂ ਅੰਬਰਾਂ ਵਿਚ ਉਡਾਣ ਭਰਦੇ। ਮਨ ਵਿਚ ਲੁਤਫ-ਲੋਚਾ ਦੀ ਚਾਹਨਾ ਪੈਦਾ ਹੁੰਦੀ।

ਮੌਲਿਕਤਾ ਨੂੰ ਪੈਦਾ ਨਹੀਂ ਕੀਤਾ ਜਾ ਸਕਦਾ। ਨਾ ਹੀ ਇਸ ਦਾ ਕੋਈ ਕੋਰਸ, ਪੜ੍ਹਾਈ ਜਾਂ ਤਕਨੀਕ। ਇਹ ਤਾਂ ਮਨ ਦਾ ਆਵੇਸ਼। ਇਸ ਵਿਚੋਂ ਹੀ ਨਵੇਂ ਪੈਂਡੇ ਸਰ ਹੁੰਦੇ ਅਤੇ ਪਗਡੰਡੀਆਂ, ਪਹਿਆਂ ਦਾ ਰੂਪ ਧਾਰਦੀਆਂ। ਫਿਰ ਆਉਣ ਵਾਲੀਆਂ ਨਸਲਾਂ ਉਨ੍ਹਾਂ ਰਾਹਾਂ ਦੀਆਂ ਮਾਰਗ-ਦਰਸ਼ਨਾ ਵਿਚੋਂ ਆਪਣੇ ਜੀਵਨ ਨੂੰ ਸਾਰਥਿਕ ਕਰਨ ਦੀ ਕੋਸ਼ਿਸ਼ ਕਰਦੀਆਂ।

ਮੌਲਿਕਤਾ ਨੂੰ ਸੀਮਤ ਦਾਇਰਿਆਂ, ਵਿਗੜੀ ਵਿਚਾਰਧਾਰਾ, ਤੰਗ ਵਲਗਣਾਂ, ਪ੍ਰਚਲਿਤ ਸਿਧਾਤਾਂ ਅਤੇ ਰੂੜੀਵਾਦ ਵਿਚੋਂ ਨਹੀਂ ਦੇਖਿਆ ਜਾ ਸਕਦਾ। ਇਸ ਨੂੰ ਸਮਝਣ ਅਤੇ ਅਪਨਾਉਣ ਲਈ ਨਵੇਂ ਸਿਧਾਂਤ, ਨਵਾਂ ਸ਼ਾਸ਼ਤਰ ਅਤੇ ਨਵਾਂ ਵਿਧਾਨ ਸਿਰਜਣਾ ਪੈਂਦਾ। ਇਹ ਭਾਵੇਂ ਕੋਈ ਲਿਖਤ, ਕਵਿਤਾ, ਕਲਾ-ਕਿਰਤ, ਖੋਜ ਜਾਂ ਵਿਚਾਰਧਾਰਾ ਹੋਵੇ। ਬੰਦਿਆਈ ਤੇ ਭਲਿਆਈ ਨੂੰ ਨਵੀਂ ਤਸ਼ਬੀਹ ਦੇਣੀ ਹੋਵੇ ਜਾਂ ਸਮਾਜ ਨੂੰ ਕਿਸੇ ਹੋਰ ਨਜ਼ਰੀਏ ਤੋਂ ਸਮਝਣ, ਵਿਚਾਰਨ ਜਾਂ ਘੋਖਣ ਦੀ ਤਾਂਘ ਹੋਵੇ।

ਮੌਲਿਕਤਾ ਦੇ ਮਾਲਕ ਖੁਦ ਨੂੰ ਰਹੁਰੀਤਾਂ, ਮਰਿਆਦਾਵਾਂ, ਬੰਧਨਾਂ ਜਾਂ ਬੰਦਿਸ਼ਾਂ ਵਿਚ ਨਹੀਂ ਜਕੜਦੇ, ਸਗੋਂ ਉਹ ਆਜ਼ਾਦ ਪਰਿੰਦੇ ਹੁੰਦੇ। ਆਪਣੇ ਹਿੱਸੇ ਦੀ ਉਡਾਣ ਭਰਦੇ, ਆਪਣੇ ਹਿੱਸੇ ਦਾ ਅੰਬਰ ਗਾਹੁੰਦੇ। ਤਾਰਿਆਂ ਨਾਲ ਗੱਲਾਂ ਕਰਦੇ, ਚਾਨਣਾਂ ਦੀ ਬਾਤ ਫਿਜ਼ਾ ਦੇ ਪਿੰਡੇ 'ਤੇ ਉਕਰਾਉਂਦੇ।

ਮੌਲਿਕਤਾ ਨੂੰ ਜੀਵਨ-ਆਧਾਰ ਬਣਾਉਣ ਵਾਲੇ ਲੋਕ ਹੀ ਮਹਾਨ ਵਿਗਿਆਨੀ, ਭਗਤ, ਯੋਗੀ, ਪ੍ਰਚਾਰਕ, ਧਰਮ ਦੇ ਬਾਨੀ, ਬਹਾਦਰ ਯੋਧੇ, ਲੋਕ-ਪੱਖੀ ਨਾਇਕ ਜਾਂ ਜਨਤਾ ਦੇ ਪਾਲਕ ਹੁੰਦੇ। ਨਵੇਂ ਸਮਾਜ ਦੇ ਸਿਰਜਣਹਾਰੇ ਬਣ ਕੇ ਤਵਾਰੀਖ ਨੂੰ ਆਪਣੇ ਨਾਮ ਕਰਦੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀ ਦੇਣ ਨੂੰ ਨਤਮਸਤਕ ਹੁੰਦੀਆਂ।

ਮੌਲਿਕਤਾ ਜੀਵਨ ਦੇ ਹਰ ਪੜਾਅ, ਜੀਵਨੀ-ਸਫਰ ਦੇ ਹਰ ਮੋੜ 'ਤੇ ਜੀਵਨ-ਜਾਚ ਨੂੰ ਨਿਰਧਾਰਤ ਕਰਦੀ। ਇਹ ਮੌਲਿਕਤਾ ਹੀ ਹੁੰਦੀ, ਜੋ ਦੂਰੋਂ ਪਛਾਣੀ ਜਾਂਦੀ, ਜਿਸ ਦੇ ਮੁਖੜੇ 'ਚੋਂ ਕਿਰਨਾਂ ਦਾ ਪਹੁ-ਫੁਟਾਲਾ ਹੁੰਦਾ। ਇਹ ਰੌਸ਼ਨ-ਆਭਾ ਬਣ ਕੇ ਜੀਵਨ-ਬਗੀਚੇ ਨੂੰ ਬਹਾਰ ਅਤੇ ਬੰਦਗੀ ਨਾਲ ਲਬਰੇਜ਼ ਕਰਦੀ।

ਮੌਲਿਕਤਾ ਹਰ ਇਕ ਦੇ ਹਿੱਸੇ ਨਹੀਂ ਆਉਂਦੀ। ਬਹੁਤ ਘੱਟ ਲੋਕ ਇਸ ਦੇ ਆਗੋਸ਼ ਦਾ ਨਿੱਘ ਮਾਣਦੇ। ਇਹ ਕੁਦਰਤੀ ਦਾਤ ਅਤੇ ਅਨਾਇਤ। ਮਨੁੱਖ ਇਸ ਮੌਲਿਕਤਾ ਨੂੰ ਉਸਾਰੂ ਜਾਂ ਨਕਾਰਾਤਮਕ ਪਾਸੇ ਮੋੜਦਾ, ਇਹ ਮਨੁੱਖੀ ਸ਼ਖਸੀਅਤ ਅਤੇ ਦਿੱਬ-ਦ੍ਰਿਸ਼ਟੀ 'ਤੇ ਨਿਰਭਰ।

ਮੌਲਿਕਤਾ ਨੂੰ ਮੌਲਣ ਦਿਓ। ਇਸ ਦੀ ਉਡਾਣ ਨੂੰ ਸੀਮਤ ਨਾ ਕਰੋ। ਨਾ ਹੀ ਇਸ ਦੇ ਜਗਦੇ ਚਿਰਾਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰੋ, ਸਗੋਂ ਹਵਾ ਦੀ ਰੁਮਕਣੀ ਇਸ ਦੇ ਨਾਮ ਕਰੋ ਤਾਂ ਕਿ ਮੌਲਿਕਤਾ ਦਾ ਦੀਵਾ ਹਮੇਸ਼ਾ ਜਗਦੇ ਰਹੇ।

ਮੌਲਿਕਤਾ ਉਮੀਦ, ਉਦਾਸੀ, ਉਮਾਹ ਅਤੇ ਉਗਮਣ ਵਿਚ ਵੀ ਹੁੰਦੀ, ਜੋ ਜੀਵਨ ਨੂੰ ਨਵੀਂ ਤਰਤੀਬ ਦੇ ਕੇ ਇਸ ਦੀ ਸਾਰਥਕਤਾ ਨੂੰ ਪਰਿਭਾਸ਼ਤ ਕਰਦੀ। ਮੌਲਿਕਤਾ, ਉਸਾਰੂ, ਉਜਵਲ ਅਤੇ ਉਤਮ ਵੀ।

ਮੌਲਿਕਤਾ ਤਾਂ ਆਸ, ਅਰਦਾਸ, ਅੰਦਾਜ਼, ਅਪਣੱਤ, ਅਜ਼ੀਮਤਾ, ਅਰਪਿਤਾ, ਆਸਥਾ, ਆਗਮਨ, ਆਤਮਿਕ ਗਿਆਨ ਜਾਂ ਅੰਤਰੀਵਤਾ ਵਿਚ ਵੀ ਹੁੰਦੀ; ਇਸ ਨੂੰ ਕੀ ਅਰਥ ਦੇਣੇ, ਇਹ ਮਨੁੱਖੀ ਸੰਵੇਦਨਾ 'ਤੇ ਨਿਰਭਰ।

ਮੌਲਿਕਤਾ ਸ਼ਬਦ, ਸ਼ਬਦ-ਸੰਚਾਰ, ਸੰਵੇਦਨਾ, ਸਿਰਜਣਾ, ਸੁਪਨਾ, ਸਫਲਤਾ, ਸਰੋਕਾਰ, ਸੰਗੀਤ, ਸੁਰ, ਸਿਆਣਪ, ਸਾਂਝੀਵਾਲਤਾ ਅਤੇ ਸਮਝਦਾਰੀ ਵਿਚ ਹੋਵੇ ਤਾਂ ਜ਼ਿੰਦਗੀ ਨੂੰ ਨਵੀਆਂ ਉਪਲਬਧੀਆਂ ਦਾ ਮਾਣ ਬਣਾਇਆ ਜਾ ਸਕਦਾ।

ਮੌਲਿਕਤਾ ਹਾਸੇ, ਹਾਵੇ, ਹਾਣ, ਹਰਫਨਮੌਲਤਾ, ਹਾਜ਼ਰ-ਜਵਾਬੀ, ਹਾਸਲਤਾ, ਹੁੰਗਾਰੇ ਜਾਂ ਹਮਸਫਰੀ ਵਿਚ ਹੋਵੇ ਤਾਂ ਮਨੁੱਖ ਦਾ ਵਡੱਪਣ, ਵੰਨਗੀਆਂ ਦੀ ਲੋਕਧਾਰਾ ਸਿਰਜਦਾ।

ਮੌਲਿਕਤਾ ਕਲਮ, ਕਵਿਤਾ, ਕਿਤਾਬ, ਕਲਾ, ਕਿਰਤ, ਕਰਮ, ਕਹਾਣੀ, ਕਹਿਣੀ, ਕਥਨੀ ਕਰਨੀ, ਕਰਮਯੋਗਤਾ, ਕਮਾਈ ਜਾਂ ਕੀਰਤੀ ਵਿਚ ਹੋਵੇ ਤਾਂ ਕਰਮਾਂ ਦੀਆਂ ਰੇਖਾਵਾਂ ਵਿਚੋਂ ਸਤਰੰਗੀ ਫੁੱਟਦੀ। ਮੌਲਿਕਤਾ ਖਿਆਲ, ਖੁਆਬ, ਖਬਤ, ਖੁਸ਼ੀ, ਖੇੜੇ, ਖਾਣ, ਖਲਬਲੀ, ਖੇਡ ਜਾਂ ਖਿਡਾਰੀ ਵਿਚ ਹੋਵੇ ਤਾਂ ਸੋਚ ਨੂੰ ਖੰਭ ਲੱਗਦੇ, ਜਿਨ੍ਹਾਂ ਨਾਲ ਅੰਬਰਾਂ ਨੂੰ ਗਾਹਿਆ ਜਾ ਸਕਦਾ।

ਮੌਲਿਕਤਾ ਗਿਆਨ, ਗੋਸ਼ਟਿ, ਗ੍ਰੰਥ, ਗੁਰ-ਸ਼ਬਦ, ਗੁਰ-ਮੰਤਰ, ਗੁਰ-ਦੱਖਣਾ, ਗੁਰ-ਜੋਦੜੀ, ਗੱਲਬਾਤ, ਗਲੱਵਕੜੀ, ਗੰਭੀਰਤਾ, ਗਮ, ਗਰੀਬੀ ਜਾਂ ਗਹਿਰਾਈ ਵਿਚ ਹੋਵੇ ਤਾਂ ਜ਼ਿੰਦਗੀ ਦੇ ਅੰਦਰੂਨੀ ਅਰਥਾਂ ਵਿਚੋਂ ਹੀ ਜੀਵਨ ਨੂੰ ਪਰਿਭਾਸ਼ਤ ਕੀਤਾ ਜਾ ਸਕਦਾ ਅਤੇ ਮੁਹਾਂਦਰੇ ਨੂੰ ਰੁਸ਼ਨਾਇਆ ਜਾ ਸਕਦਾ।

ਮੌਲਿਕਤਾ ਘਰ, ਘਟਨਾਵਾਂ, ਘਾਲਣਾ, ਘੁੰਮਣ, ਘਣਘੋਰਤਾ, ਘਰ ਵਾਲੀ ਜਾਂ ਘਰ ਵਾਲਿਆਂ ਵਿਚ ਹੋਵੇ ਤਾਂ ਇਹ ਮਨੁੱਖ ਨੂੰ ਆਪਣੇ ਕਲਾਵੇ ਵਿਚ ਲੈਂਦੀ ਅਤੇ ਅਛੋਹ ਸਿੱਖਰਾਂ ਉਸ ਦਾ ਹਾਣ ਲੋਚਦੀਆਂ।

ਮੌਲਿਕਤਾ ਚਾਅ, ਚਹਿਕਣੀ, ਚਾਹਨਾ, ਚੋਭ, ਚਮਕ, ਚਿਰਾਗ, ਚੰਗਿਆਈ, ਚੰਗੇਰ, ਚੁਲਬੁਲੇਪਣ, ਚੌਧਰ ਜਾਂ ਚਮਨ ਵਿਚ ਹੋਵੇ ਤਾਂ ਵਿਅਕਤੀ ਨੂੰ ਵਸਤ-ਵਰਤਾਰਿਆਂ ਨੂੰ ਵੱਖਰੀ ਦ੍ਰਿਸ਼ਟੀ ਤੋਂ ਦੇਖਣ ਦੀ ਆਦਤ ਪੈ ਜਾਂਦੀ।

ਮੌਲਿਕਤਾ ਜਿਗਿਆਸਾ, ਜਜ਼ਬਾ, ਜਜ਼ਬਾਤ, ਜਾਗਰੂਕਤਾ, ਜਾਗਣ, ਜਗਾਉਣ, ਜੁਬਾਨ, ਜੁਰਅਤ, ਜੁਗਲਬੰਦੀ, ਜਸ਼ਨ, ਜ਼ਬਤ ਜਾਂ ਜਨੂੰਨ ਵਿਚ ਹੋਵੇ ਤਾਂ ਮਨੁੱਖੀ ਮਿਕਨਾਤੀਸੀ ਨੂੰ ਮਾਣ ਮਿਲਦਾ।

ਮੌਲਿਕਤਾ ਝੂਮਣ, ਝੁਕਣ, ਝੁਕਾਉਣ, ਝੁਰਮਟ, ਝਮਕਣ, ਝਾਂਜਰ, ਝਕਾਨੀ ਜਾਂ ਝੁੰਡ ਵਿਚ ਹੋਵੇ ਤਾਂ ਵਿਅਕਤੀ ਵਿਚਲੀ ਨਰਮਾਈ ਤੇ ਕੋਮਲਤਾ ਉਸ ਨੂੰ ਆਪਣੀ ਆਪਣੀ ਲੱਗਦੀ ਅਤੇ ਉਸ ਦੇ ਮੁਖਾਰਬਿੰਦ ਵਿਚੋਂ ਝਰਦੀ।

ਮੌਲਿਕਤਾ ਟਹਿਲਣ, ਟਹਿਕਣ, ਟੁਣਕਾਰ, ਟਿਮਕਣ ਅਤੇ ਟੌਹਰ ਵਿਚ ਹੋਵੇ ਤਾਂ ਸ਼ਖਸੀਅਤ ਵਿਚਲੇ ਮੀਰੀ ਗੁਣਾਂ ਨੂੰ ਪ੍ਰਗਟਾਉਣ ਦਾ ਵੱਲ ਆਉਂਦਾ।

ਮੌਲਿਕਤਾ ਠਹਿਰ, ਠੁਮਕਣਾ, ਠਰੰਮਾ, ਠੰਢ-ਠੰਡੋਰਾ, ਠਕੋਰਨ ਜਾਂ ਠਾਣ ਲੈਣ ਵਿਚ ਹੋਵੇ ਤਾਂ ਮਨੁੱਖ ਨੂੰ ਆਪਣੇ ਕੋਲ ਜਾਣ ਦਾ ਮੌਕਾ ਮਿਲਦਾ, ਕਿਉਂਕਿ ਬਹੁਤ ਚੰਗਾ ਹੁੰਦਾ ਏ, ਕਿਸੇ ਚੰਗੇਰੇ ਕਾਰਜ ਲਈ ਖੁਦ ਨੂੰ ਠਕੋਰਨਾ।

> *ਮੌਲਿਕਤਾ ਭੀੜ ਦਾ ਹਿੱਸਾ ਨਹੀਂ ਹੁੰਦੀ, ਸਗੋਂ ਅੱਡਰੀ ਹੁੰਦੀ; ਭਾਵੇਂ ਇਸ 'ਚ ਬੰਦਾ ਖੁਦ ਹੀ ਹਾਜ਼ਰ ਹੋਵੇ। 'ਕੱਲਾ ਬੰਦਾ ਹੀ ਕਾਫਲਿਆਂ ਦਾ ਜਨਮਦਾਤਾ ਹੁੰਦਾ। ਮੌਲਿਕਤਾ ਨਵੀਆਂ ਪ੍ਰਾਪਤੀਆਂ, ਨਰੋਈ ਪਛਾਣ, ਨਵੇਂ ਸਿਰਲੇਖਾਂ, ਸ਼ਿਲਾਲੇਖਾਂ ਤੇ ਸਿਰਨਾਵਿਆਂ ਦਾ ਸੰਗਮ। ਇਸ ਵਿਚੋਂ ਹੀ ਅਜਿਹੇ ਸੁਪਨਿਆਂ ਨੂੰ ਪਰਵਾਜ਼ ਤੇ ਪਛਾਣ ਮਿਲਦੀ, ਜੋ ਆਮ ਲੋਕਾਂ ਦੇ ਚਿੱਤ-ਚੇਤਿਆਂ ਵਿਚ ਵੀ ਨਹੀਂ ਹੁੰਦੀ।...ਮੌਲਿਕਤਾ ਨੂੰ ਸੀਮਤ ਦਾਇਰਿਆਂ, ਵਿਗੜੀ ਵਿਚਾਰਧਾਰਾ, ਤੰਗ ਵਲਗਣਾਂ, ਪ੍ਰਚਲਿਤ ਸਿਧਾਤਾਂ ਅਤੇ ਰੂੜੀਵਾਦ ਵਿਚੋਂ ਨਹੀਂ ਦੇਖਿਆ ਜਾ ਸਕਦਾ। ਇਸ ਨੂੰ ਸਮਝਣ ਅਤੇ ਅਪਨਾਉਣ ਲਈ ਨਵੇਂ ਸਿਧਾਂਤ, ਨਵਾਂ ਸ਼ਾਸ਼ਤਰ ਅਤੇ ਨਵਾਂ ਵਿਧਾਨ ਸਿਰਜਣਾ ਪੈਂਦਾ।*

ਮੌਲਿਕਤਾ ਡਰ, ਡਹਿਲ, ਡਗਮਗਾਉਣ, ਡੇਰੇਦਾਰ, ਡਗਰ, ਡੰਗਣ ਜਾਂ ਡੰਗੋਰੀ ਵਿਚ ਹੋਵੇ ਤਾਂ ਨੇਕ ਸਲਾਹਾਂ ਦੀ ਵਗਦੀ ਨਦੀ ਵਿਚ ਖੁਦ ਨੂੰ ਪਾਕ ਕਰਨ ਦਾ ਮੌਕਾ ਮਿਲਦਾ। ਅਕਸਰ ਮਨੁੱਖ ਤਾਂ ਸਾਰੀ ਉਮਰ ਹੀ ਪਲੀਤਪੁਣਾ ਢੋਂਦਾ।

ਮੌਲਿਕਤਾ ਢਲਣ, ਢਲਕਣਾ, ਢੋਲ ਵਜਾਉਣਾ, ਢੋਲ ਜਾਂ ਢਿਮਰੀ ਵਿਚ ਹੋਵੇ ਤਾਂ ਬੋਲੇ ਕੰਨ ਵੀ ਸੁਣਨ ਲਈ ਉਚੇਚ ਕਰਦੇ, ਸ਼ੁਭ ਬੋਲਾਂ ਵਿਚੋਂ ਤਰਕ-ਸੰਗਤਾ ਭਾਲ, ਜਿਉਣਾ ਸਫਲ ਕਰਦੇ।

ਮੌਲਿਕਤਾ ਬਹੁਤ ਜਰੂਰੀ ਏ-ਤੜਫ, ਤਾਂਘ, ਤੋਰ, ਤੋਲਣ, ਤਰਸ, ਤਮੰਨਾ, ਤਕਦੀਰ, ਤਲਿੱਸਮ, ਤਾਸੀਰ, ਤਹਿਜ਼ੀਬ, ਤਵਾਰੀਖ, ਤਰਜ਼ੀਹ, ਤਕੜਾਈ, ਤਕਦੀਰ ਜਾਂ ਤਸ਼ਬੀਹ ਵਿਚ ਹੋਵੇ ਤਾਂ ਹੀ ਕੁਝ ਚੰਗੇਰਾ ਤੇ ਉਸਾਰੂ ਸਮਾਜ ਦੇ ਨਾਮ ਕੀਤਾ ਜਾ ਸਕਦਾ।

ਮੌਲਿਕਤਾ ਬਹੁਤ ਹੀ ਅਹਿਮ ਹੈ-ਥਰਕਣ, ਥਪਕੀ, ਥੰਮਣ, ਥਕਾਵਟ, ਥਰਥਰਾਹਟ ਜਾਂ ਥੰਧਿਆਈ ਵਿਚ ਤਾਂ ਕਿ ਜੀਵਨ ਦੀਆਂ ਤਰਜ਼ੀਹਾਂ ਨੂੰ ਨਵੇਂ ਸਿਰੇ ਤੋਂ ਵਿਉਂਤਿਆ ਜਾ ਸਕੇ।

ਮੌਲਿਕਤਾ ਦਿੱਖ, ਦਰਦ, ਦਰਿਆ-ਦਿਲੀ, ਦੀਘਰ, ਦੀਰਘ, ਦੀਪਕ, ਦਿੱਬ-ਦ੍ਰਿਸ਼ਟੀ, ਦੇਖਣ, ਦਸਤੂਰ, ਦਿਸਹੱਦੇ, ਦਕਸ਼ਣਾ ਜਾਂ ਦੂਰ-ਅੰਦੇਸ਼ੀ ਵਿਚ ਹੋਵੇ ਤਾਂ ਹੀ ਭਵਿੱਖ ਨੂੰ ਸੁਚੱਜੇ ਅਤੇ ਸੁੰਦਰ ਰੂਪ ਨਾਲ ਵਿਉਂਤਣ ਵੰਨੀਂ ਪਹਿਲ ਕਰ ਸਕਦੇ ਹਾਂ।

ਮੌਲਿਕਤਾ ਜੇ ਧਰਮ, ਧੜਕਣ, ਧਮਕਾਰ, ਧਮਕੀ ਜਾਂ ਧਰਾਤਲ ਵਿਚ ਹੋਵੇ ਤਾਂ ਜੀਵਨ ਨੂੰ ਧਰਤੀ ਜਿਹੀ ਹੋਣ ਅਤੇ ਇਸ ਦੀ ਤਾਸੀਰ ਨੂੰ ਆਪਣੇ ਵਿਚ ਰਮਾਉਣ ਦੀ ਸੋਝੀ ਮਿਲਦੀ।

ਮੌਲਿਕਤਾ ਨਿਮਰਤਾ, ਨਰਮਾਈ, ਨੇਕਨੀਤੀ, ਨਿੱਤਨੇਮ, ਨਿਰਮੋਹੇਪਣ, ਨਰੋਏਪਣ, ਨਿੱਗਰਤਾ, ਨਿਆਰੇਪਣ, ਨਿਵੇਕਲੇਪਣ ਜਾਂ ਨਵੀਨਤਾ ਵਿਚ ਹੋਵੇ ਤਾਂ ਨਵੇਂ ਸੁਪਨ-ਸੰਸਾਰ ਦੀ ਉਸਾਰੀ ਪ੍ਰਤੀ ਰੁਚੀ ਅਤੇ ਪ੍ਰੇਰਨਾ ਉਤਪੰਨ ਹੁੰਦੀ।

ਮੌਲਿਕਤਾ ਪਿਆਰ, ਪਾਕੀਜ਼ਗੀ, ਪਾਹੁਲ, ਪਗਡੰਡੀ, ਪਹਿਰਾਵੇ, ਪਵਿੱਤਰਤਾ, ਪਹੇ, ਪਕੜ, ਪਲੋਸਣ, ਪ੍ਰਗਟਾਅ, ਪਸੰਦ ਜਾਂ ਪਛਾਣ ਵਿਚ ਹੋਵੇ ਤਾਂ ਭੀੜ ਵਿਚੋਂ ਵੀ ਪਛਾਣਿਆ ਜਾਂਦਾ ਏ ਵਿਅਕਤੀ।

ਮੌਲਿਕਤਾ ਫਰਮਾਇਸ਼, ਫਰਾਖਦਿਲੀ, ਫੱਕਰਤਾ, ਫੁੱਲ, ਫਰਮਾਬਰਦਾਰੀ ਜਾਂ ਫੈਲਾਅ ਵਿਚ ਹੋਏ ਤਾਂ ਅੰਬਰ ਦਾ ਹਾਣ ਮਿਲਦਾ। ਇਸ ਦੇ ਸਾਥ ਵਿਚੋਂ ਜੀਵਨ ਨੂੰ ਨਵੇਂ ਸਿਰਨਾਵਿਆਂ ਦੀ ਸੇਧ ਮਿਲਦੀ।

ਮੌਲਿਕਤਾ ਬੰਦਗੀ, ਬੰਦਿਆਈ, ਬਗਲਗੀਰੀ, ਬੁੱਕਲ, ਬਹਾਦਰੀ, ਬਾਦਸ਼ਾਹੀ, ਬੇਤਾਬੀ, ਬੇਫਿਕਰੀ, ਬੇਗਾਨਗੀ, ਬਖਸ਼ਿਸ਼, ਬਹੁਲਤਾ ਜਾਂ ਬੰਦੇ ਵਿਚ ਹੋਵੇ ਤਾਂ ਰੂਹ ਵਿਚ ਸ਼ੁਕਰਗੁਜਾਰੀ ਦਾ ਨਾਦ ਗੂੰਜਦਾ।

ਮੌਲਿਕਤਾ ਭਲਿਆਈ, ਭਰਮਣ, ਭਗਤੀ, ਭੈਅ, ਭਰਾਤਰੀ-ਭਾਵ, ਭੈਅਭੀਤੀ, ਭਰਮ ਜਾਂ ਭਜਨ ਵਿਚ ਹੋਵੇ ਤਾਂ ਸੁੱਚਮ, ਸੁੱਚਿਆਰੇਪਣ ਦਾ ਸਾਥ ਮਾਣਦਾ।

ਮੌਲਿਕਤਾ ਮਾਣ, ਮੁਹੱਬਤ, ਮਰਦਾਨਗੀ, ਮਲੂਕਤਾ, ਮਿਕਨਾਤੀਸੀ, ਮਰਿਆਦਾ, ਮਾਨਤਾ, ਮਦਦ ਜਾਂ ਮਿਹਨਤਾਨੇ ਵਿਚ ਹੋਵੇ ਤਾਂ ਜੀਵਨ-ਮੁਹਾਂਦਰੇ ਦੀ ਦਿੱਖ ਆਲੇ-ਦੁਆਲੇ ਨੂੰ ਚੁੰਧਿਆਉਂਦੀ। ਮੌਲਿਕਤਾ ਕਦੇ ਵੀ ਮੰਗਵੀਂ, ਮਿਹਰਬਾਨੀ ਜਾਂ ਮਿੰਨਤ ਨਹੀਂ ਹੁੰਦੀ।

ਮੌਲਿਕਤਾ ਯਾਰੀ, ਯਾਦਦਾਸ਼ਤ, ਯੁੱਧ ਜਾਂ ਯੋਜਨਾਬੰਦੀ ਵਿਚ ਹੋਵੇ ਤਾਂ ਭਵਿੱਖੀ ਚੁਣੌਤੀਆਂ ਨੂੰ ਸਮਝਣ, ਇਨ੍ਹਾਂ ਦਾ ਮੁਕਾਬਲਾ ਕਰਨ ਅਤੇ ਇਨ੍ਹਾਂ ਵਿਚੋਂ ਉਭਰਨ ਦਾ ਵੱਲ, ਮਨੁੱਖ ਦਾ ਹਾਸਲ ਹੁੰਦਾ।

ਮੌਲਿਕਤਾ ਰੂਹ, ਰਵਾਨਗੀ, ਰਾਜ਼ਦਾਰੀ, ਰਜ਼ਾਮੰਦੀ, ਰਮਜ਼, ਰੰਗਰੇਜ਼ਤਾ, ਰੂਹਾਨੀਅਤ, ਰੁਮਕਣ, ਰੀਝ, ਰੀਤ, ਰੰਗ, ਰਾਗ, ਰਾਜ਼, ਰਮਣੀਕਤਾ ਜਾਂ ਰੰਗ-ਸਾਜ਼ੀ ਵਿਚ ਹੋਵੇ ਤਾਂ ਸੁਰਖ ਤੇ ਸੰਦਲੀ ਰੰਗਾਂ ਵਿਚ ਭਿੱਜ ਕੇ ਜੀਵਨ ਰੰਗੀਨੀਆਂ ਨੂੰ ਮਾਣਦੇ ਹਾਂ। ਫਿਰ ਅੰਤਰੀਵੀ ਸੰਵਾਦ ਨਾਲ ਰੂਹੀ ਖੇੜਿਆਂ ਨੂੰ ਹਾਸਲ ਕੀਤਾ ਜਾ ਸਕਦਾ।

ਮੌਲਿਕਤਾ ਲਗਨ, ਲੱਜ਼ਤਾ, ਲੱਜਾ, ਲੈਅ, ਲਿਆਕਤ, ਲੇਖਣੀ, ਲਿਖਤ, ਲੇਖਕ ਜਾਂ ਲਬਰੇਜ਼ਤਾ ਵਿਚ ਹੋਵੇ ਤਾਂ ਹੋਠਾਂ 'ਤੇ ਥਰਥਰਾਉਂਦੀ ਏ ਮੁਸਕਾਨ, ਜਿਉਣਾ ਹੁੰਦਾ ਏ ਪ੍ਰਮਾਣ, ਪ੍ਰਾਪਤੀਆਂ ਬਣਦੀਆਂ ਨੇ ਮਨੁੱਖ ਦੀ ਸ਼ਾਨ ਅਤੇ ਹਮਜੋਲਤਾ ਬਣਦੀ ਏ ਪਛਾਣ।

ਮੌਲਿਕਤਾ ਵਿਚਾਰ, ਵਿਹਾਰ, ਵੈਰਾਗ, ਵੀਰਾਨਗੀ, ਵਿੰਨਣ, ਵਡੱਤਣ, ਵੰਨਗੀ, ਵੰਗਾਰ ਜਾਂ ਵੱਖਰਤਾ ਵਿਚ ਹੋਵੇ ਤਾਂ ਅਣਛੋਹੇ ਸਿਖਰਾਂ ਨੂੰ ਛੂੰਹਦਿਆਂ, ਕੁਝ ਪਾਉਣਾ ਤੇ ਕੁਝ ਅਪਨਾਉਣਾ ਪੈਂਦਾ। ਕੁਝ ਵਿਚੋਂ ਸਕੂਨ, ਸਹਿਜ ਤੇ ਸੁਖਨਤਾ ਦਾ ਅਹਿਸਾਸ ਮਨ ਵਿਚ ਪੈਦਾ ਹੁੰਦਾ।

ਮੌਲਿਕਤਾ ਅਹਿਮ, ਮੂਲ-ਭਾਵੀ, ਮਨੋਭਾਵਾਨਾਵਾਂ ਦਾ ਰੂਪ। ਪ੍ਰਾਪਤੀਆਂ ਲਈ ਮੂਲ-ਮੰਤਰ। ਇਸ ਦੇ ਜਾਪ ਵਿਚੋਂ ਹੀ ਜੀਵਨ ਵਿਚ ਨਾਦ ਗੂੰਜਦਾ। ਸੁਰ-ਸਾਹ ਵਿਚਲੀ ਸੰਗੀਤਕਤਾ, ਸਦੀਵਤਾ ਅਤੇ ਸੰਜੀਵਤਾ ਪ੍ਰਦਾਨ ਕਰਦੀ।

ਮੌਲਿਕਤਾ, ਮਨ ਦੀ ਮੌਜ, ਅਮੋੜ ਮੁਹਾਰਾਂ, ਮਨ ਦੀ ਤੀਖਣਤਾ ਤੇ ਤੀਬਰਤਾ। ਤਾਂਘ ਵਿਚਲਾ ਸਮਤੋਲ। ਕੁਝ ਅਚੰਭਿਤ, ਅਣ-ਕਿਆਸਿਆ, ਅਣ-ਲਿਖਤ ਅਤੇ ਅਣ-ਬੋਲਿਆ ਕਰਨ ਦੀ ਲੋਚਾ।

ਮੌਲਿਕਤਾ ਨੂੰ ਮਰੋੜਿਆ ਜਾਂ ਮਰੁੰਡਿਆ ਨਹੀਂ ਜਾ ਸਕਦਾ। ਮਿਣੀ ਨਹੀਂ ਜਾਂਦੀ। ਮਿਆਰ ਵੀ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਦੀ ਮਨਮਰਜੀ ਚੱਲਦੀ। ਮੁਰੰਮਤ ਨਹੀਂ ਕੀਤੀ ਜਾ ਸਕਦੀ। ਇਸ ਨੂੰ ਮੰਗਵਾਂ ਨਹੀਂ ਲਿਆ ਜਾ ਸਕਦਾ, ਮੁੱਲ ਵੀ ਨਹੀਂ ਮਿਲਦੀ। ਇਹ ਤਾਂ ਮਨੁੱਖੀ ਜ਼ੀਨਜ਼, ਮਾਨਸਿਕਤਾ ਤੇ ਵਿਰਸੇ 'ਚੋਂ ਮਿਲਦੀ। ਕੁਦਰਤੀ ਦਾਤ, ਰੱਬ ਦੀ ਜਾਤ ਅਤੇ ਮਨੁੱਖ ਦੀ ਅਮੁੱਲ ਔਕਾਤ ਜਿਸ ਵਿਚੋਂ ਉਦੈ ਹੁੰਦੀ ਜੀਵਨ-ਬਰੂਹਾਂ 'ਤੇ ਪ੍ਰਭਾਤ।

ਮੌਲਿਕਤਾ ਮੰਨਤਾਂ, ਮੁਰਾਦਾਂ, ਮੱਥੇ ਰਗੜਨ, ਮੰਤਰ ਉਚਾਰਨ ਜਾਂ ਮੂਕਤਾ ਵਿਚੋਂ ਵੀ ਨਸੀਬ ਨਹੀਂ ਹੁੰਦੀ। ਧੁਰ-ਦਰਗਾਹੋਂ ਹੀ ਨਸੀਬਾਂ 'ਤੇ ਖੁਣੀ ਹੁੰਦੀ। ਮੌਲਿਕਤਾ ਦੇ ਆੜੀਆਂ ਲਈ ਕਿਸੇ ਵੀ ਘਾਟ, ਊਣਤਾਈ, ਅਪੰਗਤਾ ਜਾਂ ਆਰਥਕ ਕਮਜੋਰੀ ਜਾਂ ਸਮਾਜਕ ਨੀਚਤਾ ਦੇ ਕੋਈ ਮਾਅਨੇ ਨਹੀਂ। ਇਹ ਤਾਂ ਰਾਖ ਵਿਚੋਂ ਵੀ ਕੁਕਨੂਸ ਬਣ ਕੇ ਉਗ ਪੈਂਦੀ।

ਮੌਲਿਕਤਾ ਕਾਰਨ ਮਨੁੱਖੀ ਚੇਤਨਾ,
ਅੰਬਰ ਗਾਹੁੰਦੀ ਜਾਵੇ।
ਕਦੇ ਤਾਰਿਆਂ ਦੀ ਝਾਂਜਰ ਬਣਾ,
ਰਿਸ਼ਮ-ਬੋਲੀਆਂ ਪਾਵੇ।
ਮੌਲਿਕਤਾ ਕਦੇ ਬਰੇਤੇ ਵਿਚ
ਪਾਣੀ ਸਿੰਮਣ ਲਾਵੇ।
ਤੇ ਕਦੇ ਮਾਰੂਥਲ ਦੀ ਹਿੱਕੜੀ ਨੂੰ,
ਜ਼ੰਨਤ ਦਾ ਬਾਗ ਬਣਾਵੇ।
ਮੌਲਿਕਤਾ ਮਨ ਦੀ ਤਿੜਕੀ ਸੋਚੇ,
ਸੁਪਨ-ਕਲਮਾਂ ਲਗਾਵੇ।
ਤੇ ਕੋਰੀ ਆਸ ਦੀ ਚੌੜੀ ਹਿੱਕੇ,
ਚਾਅ ਮੇਲਦਾ ਆਵੇ।

(ਬਾਕੀ ਅਗਲੇ ਸਫੇ 'ਤੇ)

# ਬੋਲੇ ਨੀ ਬੰਬੀਹਾ ਬੋਲੇ...




ਬੰਬੀਹਾ ਇੱਕ ਅਦਭੁੱਤ ਪੰਛੀ ਹੈ, ਜੋ ਬਹੁਤ ਕਮਜੋਰ ਅਤੇ ਗਰੀਬੀ ਦਾ ਪ੍ਰਤੀਕ ਇੱਕ ਨਿਮਾਣਾ ਜੀਵ ਹੈ। ਬੰਬੀਹਾ ਕੋਇਲ ਪਰਿਵਾਰ ਦਾ ਪੰਛੀ ਹੈ, ਜੋ ਏਸ਼ੀਆ ਅਤੇ ਅਫਰੀਕੀ ਮਹਾਦੀਪ ਵਿਚ ਪਾਇਆ ਜਾਂਦਾ ਹੈ। ਇਹ ਅੰਸ਼ਕ ਪਰਵਾਸੀ ਪੰਛੀ ਹੈ, ਜਿਸ ਦੀ ਆਮਦ ਨੂੰ ਮੌਨਸੂਨ ਦੀ ਆਮਦ ਦਾ ਸੰਕੇਤ ਮੰਨਿਆ ਜਾਂਦਾ ਹੈ। ਪੁਰਾਣੇ ਸਮਿਆਂ ਤੋਂ ਲੋਕਾਂ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਪਪੀਹੇ ਅਤੇ ਮੀਂਹ ਨੂੰ ਆਪਸ ਵਿਚ ਜੋੜਿਆ ਹੋਇਆ ਹੈ, ਕਿਉਂਕਿ ਇਹ ਮੌਨਸੂਨ ਦੀਆਂ ਹਵਾਵਾਂ ਦੇ ਅੱਗੇ ਅੱਗੇ ਉਤਰੀ ਭਾਰਤ ਦੇ ਇਲਾਕਿਆਂ ਵਿਚ ਅਫਰੀਕਾ ਤੋਂ ਆਉਂਦਾ ਹੈ ਅਤੇ ਬਰਸਾਤ ਦੇ ਮੌਸਮ 'ਚ ਇੱਥੇ ਹੀ ਰਹਿੰਦਾ ਹੈ।

ਇਹ ਸ਼ਕਲ ਤੇ ਸਰੀਰਕ ਬਣਤਰ ਪੱਖੋਂ ਹੀ ਨਹੀਂ, ਸਗੋਂ ਇਸ ਦੇ ਉਡਣ ਅਤੇ ਬੈਠਣ ਦਾ ਤਰੀਕਾ ਵੀ ਬਿਲਕੁਲ ਸ਼ਿਕਰੇ ਜਿਹਾ ਹੁੰਦਾ ਹੈ। ਇਸ ਲਈ ਅੰਗਰੇਜ਼ੀ ਵਿਚ ਇਸ ਨੂੰ ਕਾਮਨ ਹਾਕ ਕਹਿੰਦੇ ਹਨ। ਬੰਬੀਹੇ ਦਾ ਵਿਗਿਆਨਕ ਨਾਮ ਕਲਾਮੇਟਰ ਜੇਕੋਬਾਈਨਸ ਹੈ,



ਸ਼ੰਕਰ ਮਹਿਰਾ, ਲੁਧਿਆਣਾ
ਫੋਨ: 91-99888-98227

ਇਸ ਨੂੰ ਪਪੀਹਾ, ਬਾਬੀਹਾ, ਚਾਤ੍ਰਿਕ ਆਦਿ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਇਸ ਨੂੰ ਹਿੰਦੀ ਵਿਚ ਚਾਤ੍ਰਿਕ ਅਤੇ ਅੰਗਰੇਜ਼ੀ ਵਿਚ ਜੇਕੋਬਿਨ ਕੂਕੁ ਕਹਿੰਦੇ ਹਨ।

ਭਾਈ ਕਾਹਨ ਸਿੰਘ ਨੇ ਮਹਾਨ ਕੋਸ਼ ਵਿਚ ਬਬੀਹੇ, ਪਪੀਹੇ ਅਤੇ ਚਾਤ੍ਰਿਕ ਦੇ ਭਾਵ ਅਰਥ 'ਜਿਗਿਆਸੂ' ਦਿੱਤੇ ਹਨ।

ਇਸ ਦੀ ਚੁੰਝ ਦਾ ਆਕਾਰ ਵੱਖਰੀ ਕਿਸਮ ਦਾ ਹੁੰਦਾ ਹੈ, ਬਾਕੀ ਪੰਛੀਆਂ ਦੀ ਚੁੰਝ ਦੀ ਢਾਲ ਹੇਠਾਂ ਨੂੰ ਬਣੀ ਹੁੰਦੀ ਹੈ। ਇਸ ਦੀ ਚੁੰਝ ਸਿੱਧੀ ਹੁੰਦੀ ਹੈ, ਜਿਸ ਕਾਰਨ ਇਹ ਆਪਣੀ ਚੁੰਝ ਨਾਲ ਪਾਣੀ ਨਹੀਂ ਪੀ ਸਕਦਾ। ਸਿਰ 'ਤੇ ਵਾਲਾਂ ਦੀ ਇੱਕ ਟੋਪੀ ਜਿਹੀ ਬਣੀ ਹੁੰਦੀ ਹੈ। ਇਸ ਦੀ ਪੂਛ ਲੰਮੀ ਹੁੰਦੀ ਹੈ। ਪਪੀਹਾ ਆਮ ਤੌਰ 'ਤੇ ਕੀੜੇ ਮਕੌੜੇ ਖਾਂਦਾ ਹੈ, ਜੋ ਬਸੰਤ ਅਤੇ ਵਰਖਾ ਵਿਚ ਅਕਸਰ ਅੰਬ ਦੇ ਬੂਟੇ ਉਤੇ ਬੈਠ ਕੇ ਬੜੀ ਸੁਰੀਲੀ ਅਵਾਜ਼ ਵਿਚ ਬੋਲਦਾ ਹੈ। ਪਪੀਹਾ ਦਰਖਤ ਤੋਂ ਹੇਠਾਂ ਅਕਸਰ ਬਹੁਤ ਘੱਟ ਉਤਰਦਾ ਹੈ ਅਤੇ ਉਸ ਉਤੇ ਵੀ ਇੰਜ ਛਿਪ ਕੇ ਬੈਠਾ ਰਹਿੰਦਾ ਹੈ ਕਿ ਮਨੁੱਖ ਦੀ ਨਜ਼ਰ ਕਦੇ ਹੀ ਉਸ ਉਤੇ ਪੈਂਦੀ ਹੈ। ਇਸ ਦੀ ਬੋਲੀ ਬਹੁਤ ਹੀ ਰਸੀਲੀ ਹੁੰਦੀ ਹੈ, ਕੋਇਲ ਦੀ ਬੋਲੀ ਤੋਂ ਵੀ ਵੱਧ ਮਿਠਾਸ ਭਰੀ।

ਇਹ ਵੀ ਪ੍ਰਚਲਿਤ ਹੈ ਕਿ ਇਹ ਸਿਰਫ ਵਰਖਾ ਦੀ ਬੂੰਦ ਦਾ ਹੀ ਜਲ ਪੀਂਦਾ ਹੈ, ਪਿਆਸ ਹੱਥੋਂ ਮਰ ਰਿਹਾ ਵੀ ਨਦੀ, ਤਲਾਬ ਆਦਿ ਦੇ ਪਾਣੀ ਵਿਚ ਚੁੰਜ ਨਹੀਂ ਡੁਬੋਂਦਾ। ਉਸ ਦੀ ਤਾਂਘ ਬਸ ਸਵਾਤੀ ਬੂੰਦ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਪਪੀਹੇ ਦੀ ਪੁਕਾਰ ਸੁਣ ਕੇ ਮੇਘ ਛਾ ਜਾਂਦਾ ਹੈ। ਸਵਾਤੀ ਨਛੱਤਰ ਤੋਂ ਹੋਣ ਵਾਲੀ ਵਰਖਾ ਦੀ ਇਕ ਬੂੰਦ ਹੀ ਉਸ ਨੂੰ ਜੀਵਨ-ਦਾਨ ਦਿੰਦੀ ਹੈ। ਚਾਤ੍ਰਿਕ ਦੀ ਪੁਕਾਰ ਨਾਲ ਮੇਘ ਵਰ੍ਹਦਾ ਹੈ ਤਾਂ ਸ੍ਰਿਸ਼ਟੀ ਹਰੀ-ਭਰੀ ਹੋ ਜਾਂਦੀ ਹੈ। ਬਰਸਾਤ ਨਾਲ ਇਸ ਦੀ ਇੰਨੀ ਮੁਹਬੱਤ ਦੇਖ ਕੇ, ਕਈ ਪੁਰਾਣੇ ਲੋਕਾਂ ਨੇ ਇਸ ਨੂੰ ਬਰਸਾਤੀ ਪਪੀਹੇ ਦਾ ਨਾਂ ਵੀ ਦੇ ਦਿੱਤਾ।

ਸੱਤ ਸਮੁੰਦਰ ਦੀ ਸੈਰ ਕਰਨ ਵਾਲਾ ਬਰਸਾਤ ਦੀਆਂ ਬੂੰਦਾਂ ਦਾ ਇਹ ਪ੍ਰੇਮੀ, ਸੁਭਾਅ ਪੱਖੋਂ ਨਿਰਮੋਹੀ ਹੁੰਦਾ ਹੈ। ਇਹ ਨਾ ਹੀ ਆਪਣਾ ਆਲ੍ਹਣਾ ਬਣਾਉਂਦਾ ਹੈ ਅਤੇ ਨਾ ਹੀ ਆਪਣੇ ਬੋਟਾਂ ਨੂੰ ਪਾਲਦਾ ਹੈ। ਮਾਦਾ ਅਪਰੈਲ ਤੋਂ ਜੂਨ ਮਹੀਨੇ ਵਿਚ ਆਂਡੇ ਦਿੰਦੀ ਹੈ। ਜਿਨ੍ਹਾਂ ਨੂੰ ਉਹ ਚੁੱਪ ਚਾਪ ਦੂਜੇ ਪੰਛੀ ਜਿਵੇਂ ਕੋਇਲ ਆਦਿ ਦੇ ਆਲ੍ਹਣਿਆਂ ਵਿਚ ਰੱਖ ਆਉਂਦੀ ਹੈ। ਇਸ ਦੇ ਆਂਡਿਆਂ ਦਾ ਰੰਗ ਕੋਇਲ ਦੇ ਆਂਡਿਆਂ ਜਿਹਾ ਨੀਲਾ ਹੁੰਦਾ ਹੈ। ਬਰਸਾਤ ਪਿਛੋਂ ਇਹ ਪੰਛੀ ਦਿਖਾਈ ਨਹੀਂ ਦਿੰਦਾ। ਇਸ ਨੂੰ ਸਰਦੀ ਵਿਚ ਰਹਿਣਾ ਪਸੰਦ ਨਹੀਂ। ਸਰਦੀ ਦੇ ਦਿਨਾਂ ਵਿਚ ਇਹ ਦੱਖਣ ਵੱਲ ਚਲਾ ਜਾਂਦਾ ਹੈ, ਜਿਥੇ ਸਰਦੀ ਘੱਟ ਹੁੰਦੀ ਹੈ।

ਭਾਰਤੀ ਇਤਿਹਾਸ, ਮਿਥਿਹਾਸ ਅਤੇ ਕਵਿਤਾ ਵਿਚ ਇਸ ਦਾ ਜ਼ਿਕਰ ਮਿਲਦਾ ਹੈ। ਕਾਲੀਦਾਸ ਨੇ ਆਪਣੇ ਕਾਵਿ 'ਮੇਘਦੂਤ' ਵਿਚ ਬੰਬੀਹੇ ਨੂੰ ਤ੍ਰਿਸ਼ਨਾ ਦੇ ਰੂਪ ਵਿਚ ਦਰਸਾਇਆ ਹੈ।

ਬੰਬੀਹਾ ਉਡਦਾ ਹੋਇਆ ਰੱਬ ਅੱਗੇ ਮੀਂਹ ਲਈ ਅਰਜੋਈ ਕਰਦਾ ਹੈ। ਗੁਰਬਾਣੀ ਅਨੁਸਾਰ ਬੰਬੀਹਾ ਅੰਮ੍ਰਿਤ ਵੇਲੇ ਪਰਮਾਤਮਾ ਦੇ ਕੋਲੋ ਸਵਾਤੀ ਬੂੰਦ ਲਈ ਪੁਕਾਰ ਕਰਦਾ ਤਾਂ ਜੋ ਉਸ ਦੀ ਤ੍ਰੇਹ ਬੁਝ ਸਕੇ। ਜਦੋਂ ਪਰਮਾਤਮਾ ਮਿਹਰਵਾਨ ਹੋ ਕੇ ਮੀਂਹ ਵਰਸਾਉਂਦਾ ਹੈ ਤਾਂ ਉਸ ਮੀਂਹ ਦੀਆਂ ਬੂੰਦਾ ਉਸ ਦੇ ਉਪਰ ਉਠੇ ਮੂੰਹ ਵਿਚ ਪੈਂਦੀਆਂ ਹਨ, ਪਰ ਉਸ ਮੀਂਹ ਵਿਚੋਂ ਇਕ ਖਾਸ ਬੂੰਦ, ਜਿਸ ਨੂੰ ਸਵਾਤੀ ਬੂੰਦ ਕਹਿੰਦੇ ਹਨ, ਜਦੋਂ ਬੰਬੀਹੇ ਦੇ ਮੂੰਹ ਵਿਚ ਡਿੱਗਦੀ ਹੈ ਤਾਂ ਇਹ ਉਸ ਦੇ ਸਰੀਰ ਵਿਚ ਚਲੀ ਜਾਂਦੀ ਹੈ, ਜਿਸ ਨਾਲ ਉਸ ਦੀ ਪਿਆਸ ਬੁਝਦੀ ਹੈ ਤਾਂ ਹੀ ਗੁਰਬਾਣੀ ਵਿਚ ਮਨੁੱਖ ਨੂੰ ਬੰਬੀਹੇ ਦੀ ਮਿਸਾਲ ਦੇ ਕੇ ਸਮਝਾਇਆ ਗਿਆ ਹੈ ਕਿ ਉਹ ਵੀ ਅੰਮ੍ਰਿਤ ਵੇਲੇ ਉਠ ਕੇ ਪਰਮਾਤਮਾ ਕੋਲੋਂ ਨਾਮ ਰੂਪੀ ਸਵਾਤੀ ਬੂੰਦ ਦੀ ਮੰਗ ਕਰੇ, ਜਿਸ ਨਾਲ ਉਸ ਦੇ ਤੜਪ ਰਹੇ ਹਿਰਦੇ ਨੂੰ ਸ਼ਾਂਤੀ ਮਿਲੇ। ਇਸ ਪੰਛੀ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ (ਪੰਨਾ 1285) ਵਿਚ ਇਉਂ ਮਿਲਦਾ ਹੈ,

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ॥
ਹਉ ਤਿਨ ਕੈ ਬਲਿਹਾਰਣੈ
ਜਿਨੀ ਸਚੁ ਰਖਿਆ ਉਰਿ ਧਾਰਿ॥
ਨਾਨਕ ਨਾਮੇ ਸਭ ਹਰੀਆਵਲੀ
ਗੁਰ ਕੈ ਸਬਦਿ ਵੀਚਾਰਿ॥੧॥

ਕਬੀਰ ਅੰਬਰ ਘਨਹਰੁ ਛਾਇਆ
ਬਰਖਿ ਭਰੇ ਸਰ ਤਾਲ॥
ਚਾਤਰਿਕ ਜਿਉ ਤਰਸਤ ਰਹੈ
ਤਿਨ ਕਉ ਕਉਨੁ ਹਵਾਲੁ॥

ਪੰਜਾਬ ਦੇ ਜਿਲਾ ਬਠਿੰਡਾ ਦੇ ਇੱਕ ਪਿੰਡ ਦਾ ਨਾਮ ਵੀ 'ਬੰਬੀਹਾ' ਹੈ। ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਤੋਂ ਸਾਬੋ ਕੀ ਤਲਵੰਡੀ ਜਾਂਦੇ ਹੋਏ ਇੱਥੇ ਨੌਂ ਦਿਨ ਇੱਕ ਟੋਭੇ ਦੇ ਕੰਢੇ ਰੁਕੇ ਸਨ। ਉਸ ਸਥਾਨ 'ਤੇ ਅੱਜ ਕਲ੍ਹ ਗੁਰਦੁਆਰਾ ਪਾਤਸ਼ਾਹੀ ਦਸਵੀਂ ਬਣਿਆ ਹੋਇਆ ਹੈ। ਉਸ ਟੋਭੇ ਨੂੰ ਸਰੋਵਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਵਿਚ ਇਸ ਦੀ ਆਮਦ ਖੁਸ਼ੀ ਦਾ ਪ੍ਰਤੀਕ ਮੰਨੀ ਜਾਂਦੀ ਰਹੀ ਹੈ। ਇਹ ਪੰਛੀ ਅਫਰੀਕਾ ਤੋਂ ਮੌਨਸੂਨ ਪੌਣਾਂ ਸ਼ੁਰੂ ਹੋਣ ਤੋਂ ਪਹਿਲਾ ਆਉਂਦੇ ਹਨ। ਇਸ ਤਰ੍ਹਾਂ ਇਸ ਦੀ ਆਮਦ ਤੋਂ ਲੋਕ ਬਰਸਾਤ ਦਾ ਅੰਦਾਜ਼ਾ ਲਾ ਲੈਂਦੇ ਸਨ। ਬੰਬੀਹੇ ਦੀ ਅਵਾਜ਼ ਖੁਸ਼ੀ ਅਤੇ ਖੇੜੇ ਦਾ ਸੁਨੇਹਾ ਲੈ ਕੇ ਆਉਂਦੀ ਸੀ। ਲੋਕ ਗੀਤਾਂ ਵਿਚ ਵੀ ਖੁਸ਼ੀ ਦਾ ਇਜ਼ਹਾਰ ਕਰਨ ਲਈ ਬੰਬੀਹੇ ਨੂੰ ਮਾਧਿਅਮ ਬਣਾਇਆ ਗਿਆ।

ਵਿਆਹ ਵਿਚ ਨਾਨਕ ਛੱਕ ਭਰਨ ਆਏ ਨਾਨਕੇ ਮੇਲ ਦੀ ਪੂਰੀ ਚੜ੍ਹਤ ਹੁੰਦੀ ਹੈ। ਪੁਰਾਣੇ ਸਮੇਂ 'ਚ ਜਦ ਪੇਕੇ ਆਪਣੀ ਧੀ ਦੇ ਪੁੱਤ ਜਾਂ ਧੀ ਦੇ ਵਿਆਹ ਲਈ ਉਸ ਦੇ ਸਹੁਰੇ ਪਿੰਡ ਆਉਂਦੇ ਸਨ ਤਾਂ ਪੂਰੇ ਰੋਹਬ ਅਤੇ ਠੁੱਕ ਨਾਲ ਆਉਂਦੇ ਸਨ। ਨਾਨਕੇ ਮੇਲ ਦੀਆਂ ਮੇਲਣਾਂ ਵੱਲੋਂ ਇਸ ਸਮੇਂ ਬੰਬੀਹਾ ਬੁਲਾਇਆ ਜਾਂਦਾ, ਸੋਹਣੇ ਸ਼ਿੰਗਾਰੇ ਡੰਡੇ ਨੂੰ ਖੜਕਾ ਖੜਕਾ ਕੇ ਬੋਲੀ ਪਾਈ ਜਾਂਦੀ ਸੀ,

ਬੋਲੇ ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ,
ਜੀਤੋ ਕੁਰੇ ਤੇਰੇ ਬਾਰ ਨੀ, ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ,
ਨਿਕਲ ਘਰਾਂ 'ਚੋਂ ਬਾਹਰ ਨੀ, ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ,
ਭੰਨ ਦਿਆਂਗੇ ਬਾਰ ਨੀ ਬੰਬੀਹਾ ਬੋਲੇ,
ਸ਼ਾਵਾ ਨੀ ਬੰਬੀਹਾ ਬੋਲੇ...
ਬੋਲੇ ਨੀ ਬੰਬੀਹਾ ਬੋਲੇ...।

ਇਸ ਤਰ੍ਹਾਂ ਨਾਨਕਾ ਮੇਲ ਦਾ ਵਿਆਹ ਵਾਲੇ ਪਿੰਡ ਵਿਚ ਦਾਖਲਾ ਪੂਰੀ ਸ਼ਾਨੋ ਸ਼ੌਕਤ ਨਾਲ ਹੁੰਦਾ। ਗੀਤਾਂ ਅਤੇ ਲੋਕ ਬੋਲੀਆਂ ਦੀ ਛਹਿਬਰ ਨਾਲ ਵਿਆਹ ਵਾਲੇ ਘਰ ਦਾ ਮਾਹੌਲ ਹੋਰ ਵੀ ਵੱਧ ਖੁਸ਼ਨੁਮਾ ਬਣ ਜਾਂਦਾ। ਸੋ ਬੰਬੀਹਾ ਨਾਨਕਿਆਂ ਦੀ ਠੁੱਕ ਦਾ ਪ੍ਰਤੀਕ ਹੈ।

'ਬੰਬੀਹਾ ਬੋਲੇ' ਬਹੁਤ ਵਧੀਆ ਤੇ ਪੁਰਾਣਾ ਲੋਕ ਗੀਤ ਹੈ। ਬਹੁਤ ਸਾਰੇ ਕਲਾਕਾਰਾਂ ਨੇ ਇਸ 'ਤੇ ਹੱਥ ਅਜ਼ਮਾਈ ਕੀਤਾ। ਉਨ੍ਹਾਂ ਆਪਣੇ ਆਪਣੇ ਅੰਦਾਜ਼ ਵਿਚ ਇਸ ਨੂੰ ਗਾਇਆ, ਪਰ ਅੱਜ ਕੱਲ ਦੇ ਗਾਇਕ ਇਸ ਨੂੰ ਜਿਸ ਤਰੀਕੇ ਨਾਲ ਲੋਕਾਂ ਅੱਗੇ ਪਰੋਸ ਰਹੇ ਹਨ, ਉਹ ਜਰੂਰ ਚਿੰਤਾ ਦਾ ਵਿਸ਼ਾ ਹੈ। ਬੰਬੀਹਾ ਕਦੇ ਵੀ ਗੁੰਡਾਗਰਦੀ ਕਰਕੇ ਲੋਕਾਂ ਨੂੰ ਡਰਾਉਣ ਵਾਲਾ, ਕਤਲ ਕਰਨ ਵਾਲਾ, ਅਸਲੇ ਨੂੰ ਪ੍ਰੋਮੋਟ ਕਰਨ ਵਾਲਾ ਨਹੀਂ ਸੀ। ਅਸਲ ਬੰਬੀਹਾ ਕਾਦਰ ਦੀ ਕੁਦਰਤ ਵਿਚ ਇੱਕ ਮਿਕ ਹੋ ਕੇ ਪ੍ਰਭੂ ਨੂੰ ਪਾਉਣ ਵਾਲਾ, ਖੁਸ਼ੀਆਂ ਖੇੜੇ ਵੰਡਣ ਵਾਲਾ, ਸਬਰ ਸੰਤੋਖ ਵਾਲਾ, ਵੈਰਾਗ ਅਤੇ ਤਿਆਗ ਦੀ ਮੂਰਤ ਹੈ। ਸਕਾਰਾਤਮਕਤਾ ਦਾ ਪ੍ਰਤੀਕ ਹੈ। ਪ੍ਰਭੂ ਭਗਤੀ ਦਾ ਪ੍ਰਤੀਕ ਹੈ। ਬੰਦਾ ਮਾਰਨਾ ਜਾਂ ਕਾਨੂੰਨ ਆਪਣੇ ਹੱਥ 'ਚ ਲੈਣ ਦਾ ਹਾਮੀ ਨਹੀਂ। ਅੱਜ ਕੱਲ ਦੇ ਗੀਤਾਂ ਵਿਚ ਪੇਸ਼ ਕੀਤੇ ਅਕਸ ਨੂੰ ਦੇਖ ਕੇ ਅਸਲ ਬੰਬੀਹਾ ਇਉਂ ਕਹਿੰਦਾ ਪ੍ਰਤੀਤ ਹੁੰਦਾ ਹੈ,

ਮੈਂ ਬੰਬੀਹਾ ਬੋਲਦਾ ਜ਼ਰੂਰ,
ਪਰ ਕਦੇ ਇੰਦਾਂ ਨਹੀਂਓ ਬੋਲਿਆ।
(ਜਸਵਿੰਦਰ ਚਾਹਲ)

ਕਲਮ ਦੀ ਤਾਕਤ ਹਥਿਆਰਾਂ ਦੀ ਤਾਕਤ ਤੋਂ ਕਿਤੇ ਉਪਰ ਹੁੰਦੀ ਹੈ। ਸ਼ਾਇਦ ਇਹੀ ਕਾਰਨ ਸੀ ਕਿ ਹਥਿਆਰਾਂ ਤੋਂ ਨਾ ਹਾਰਨ ਵਾਲਾ ਜਾਲਮ ਬਾਦਸ਼ਾਹ ਔਰਗਜ਼ੇਬ ਗੁਰੂ ਗੋਬਿੰਦ ਸਿੰਘ ਦੀ ਜੀ ਕਲਮ ਨਾਲ ਲਿਖੇ ਜ਼ਫਰਨਾਮਾ ਨਾਲ ਢਹਿ ਢੇਰੀ ਹੋ ਗਿਆ। ਸੋ, ਕਲਮਕਾਰਾਂ, ਗੀਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਉਣ ਵਾਲਿਆਂ ਪੀੜ੍ਹੀਆਂ ਦੇ ਪੈਰਾਂ ਵਿਚ ਕੰਡੇ ਨਾ ਬੀਜਣ। ਚੰਗਾ ਲਿਖਣ ਤਾਂ ਜੋ ਨਵੀਂ ਪੀੜ੍ਹੀ ਇਸ ਤੋਂ ਕੁਝ ਸੇਧ ਲੈ ਸਕੇ।

# ਮੌਲਿਕਤਾ ਦਾ ਮੰਤਰ

*(ਪਿਛਲੇ ਸਫੇ ਦੀ ਬਾਕੀ)*

ਮੌਲਿਕਤਾ ਆ ਕੇ ਮਨ ਦੀ ਜੂਹੇ,
ਸੱਧਰਾਂ ਨੂੰ ਸੱਧਰਾਵੇ।
ਤਾਂ ਭਾਵਾਂ ਦੀ ਖਿੱਸਕੀ ਕੰਨੀਂ,
ਸੰਦਲੀ ਹੱਥੀਂ ਆਵੇ।
ਮੌਲਿਕਤਾ ਜਦ, ਉਮੀਦ-ਬਰੂਹੀਂ,
ਆਪਣਾ ਕਦਮ ਟਿਕਾਵੇ।
ਤਾਂ ਸੂਰਜ ਦੀ ਸੁਰਖ ਰੰਗਤ,
ਜੀਵਨ ਨੂੰ ਰੰਗ ਜਾਵੇ।

ਮੌਲਿਕਤਾ ਕਦੇ ਵੀ ਨਕਲ ਨਹੀਂ ਹੁੰਦੀ। ਮੌਲਿਕਤਾ ਦੀ ਨਕਲ ਕਰਨ ਲਈ ਸਾਰੇ ਹੀ ਉਤਾਵਲੇ ਹੁੰਦੇ, ਪਰ ਨਕਲ ਕਦੇ ਵੀ ਮੌਲਿਕਤਾ ਦੇ ਬਰਾਬਰ ਨਹੀਂ ਹੋ ਸਕਦੀ।

ਮੌਲਿਕਤਾ ਕਦੇ ਬੋਲਾਂ ਨੂੰ ਸੁਗੰਧਤ ਕਰਦੀ, ਕਦੇ ਹਰਫਾਂ ਵਿਚ ਮੌਲਦੀ। ਕਦੇ ਸਫਿਆਂ 'ਤੇ ਫੈਲਦੀ, ਕਦੇ ਬੁਰਸੀ ਛੋਹਾਂ ਰਾਹੀ ਆਪੇ ਨੂੰ ਪ੍ਰਗਟਾਉਂਦੀ। ਕਦੇ ਇਸ ਦੀ ਝਲਕ ਨੂੰ ਕੀਰਤੀਆਂ ਵਿਚੋਂ ਮਾਣਿਆ ਜਾ ਸਕਦਾ। ਮੌਲਿਕਤਾ ਕਿਹੜੇ ਰੂਪ ਵਿਚ, ਕਿਸ ਅਦਾ ਅਤੇ ਅੰਦਾਜ਼ ਨਾਲ ਪ੍ਰਗਟ ਹੁੰਦੀ, ਇਹ ਮੌਲਿਕਤਾ ਨੂੰ ਮਿਲੇ ਮੌਕੇ 'ਤੇ ਨਿਰਭਰ।

ਮੌਲਿਕਤਾ ਡਿਗਰੀਆਂ, ਤਮਗਿਆਂ, ਤਰੱਕੀਆਂ, ਮਾਣ-ਸਨਮਾਨਾਂ ਜਾਂ ਸਿਰੋਪਿਆਂ ਦੀ ਰਖੇਲ ਨਹੀਂ। ਇਹ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਹੀਣੀ ਹੋ ਕੇ ਵੀ ਉਤਮ ਹੁੰਦੀ, ਜਦੋਂ ਕਿ ਇਸ ਦੀ ਨੁਕਤਾਚੀਨੀ ਕਰਨ ਵਾਲੇ ਕਾਮਯਾਬ ਹੋ ਕੇ ਵੀ ਅਸਫ਼ਲ ਹੀ ਰਹਿੰਦੇ। ਮੌਲਿਕਤਾ ਤਾਂ ਰੂਹ ਦਾ ਰੱਜ, ਅੰਤਰੀਵ ਨਾਲ ਗੁਫਤਗੂ ਕਰਦਾ ਰੱਬ, ਆਪਣੀ ਸੰਗਤ ਮਾਣਨ ਦਾ ਪੱਜ ਅਤੇ ਬੀਤ ਚੁਕੇ ਕੱਲ ਦਾ, ਸੱਜਰਾ ਤੇ ਸੂਹਾ ਅੱਜ।

ਮੌਲਿਕਤਾ ਘਰਾਣਿਆਂ, ਧਨਾਢਾਂ, ਮਹਿਲਾਂ, ਮੁਨਾਰਿਆਂ ਦੀ ਮੁਥਾਜ ਨਹੀਂ। ਇਹ ਕਿਸੇ ਵੀ ਕੁੱਖ, ਕਿਸੇ ਵੀ ਜਗਾ ਅਤੇ ਕਿਸੇ ਵੀ ਘਰ ਪੈਦਾ ਹੋ ਸਕਦੀ। ਫਿਰ ਆਪਣੀ ਹੋਂਦ ਨਾਲ ਸਮੇਂ ਦੇ ਨਕਸ਼ਾਂ ਨੂੰ ਵਿਉਂਤਦੀ।

ਮੌਲਿਕ ਕਿਰਤਾਂ, ਕਵਿਤਾਵਾਂ, ਲੋਕ, ਵਿਚਾਰਧਾਰਾ ਅਤੇ ਲਿਖਤਾਂ ਬਹੁਤ ਹੀ ਘੱਟ। ਜ਼ਿਆਦਾਤਰ ਲਿਖਤਾਂ/ਕਿਰਤਾਂ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਹੋਰ ਲਿਖਤ ਦਾ ਬਦਲਿਆ ਰੂਪ।

ਮੌਲਿਕਤਾ, ਪ੍ਰਤਿਭਾਸ਼ਾਲੀ ਲੋਕਾਂ ਦੀ ਮਲਕੀਅਤ। ਉਹ ਸੰਪੂਰਨ ਭਾਵੇਂ ਨਾ ਹੋਣ, ਪਰ ਵਿਲੱਖਣ ਅਤੇ ਵਿਕੋਲਿਤਰੇ ਜਰੂਰ ਹੁੰਦੇ। ਇਸੇ ਲਈ ਪ੍ਰਤਿਭਾਸ਼ਾਲੀ ਲੋਕ ਆਪਣੀ ਮੌਲਿਕਤਾ ਦੀ ਬੋਲੀ ਨਹੀਂ ਲਾਉਂਦੇ। ਨਾ ਹੀ ਨਿਜੀ ਮੁਫਾਦ ਜਾਂ ਲਾਲਚ ਕਾਰਨ ਮੌਲਿਕਤਾ ਦਾ ਸੌਦਾ ਕਰਦੇ। ਮੌਲਿਕਤਾ ਦਾ ਮਾਨਵੀਕਰਨ ਵੀ ਸਿਰਫ ਪ੍ਰਤਿਭਾਸ਼ਾਲੀ ਵਿਅਕਤੀ ਹੀ ਕਰ ਸਕਦਾ।

ਮੌਲਿਕਤਾ ਹੀ ਰੋਦਿਆਂ ਨੂੰ ਹਸਾਉਣ ਅਤੇ ਹੱਸਦਿਆਂ ਨੂੰ ਰੁਆਉਣ ਦੀ ਯੋਗਤਾ ਰੱਖਦੀ। ਇਹ ਮਰ ਕੇ ਵੀ ਜਿਉਂਦੀ। ਜਿਉਂਦਿਆਂ ਮਰਨ ਤੋਂ ਜਰਾ ਵੀ ਤ੍ਰਹਿੰਦੀ ਨਹੀਂ, ਕਿਉਂਕਿ ਇਸ ਨੇ ਸਦਾ ਚਿਰੰਜੀਵ ਰਹਿਣਾ ਹੁੰਦਾ।

ਮੌਲਿਕਤਾ ਤਾਂ ਅਜ਼ਾਦੀ ਹੈ ਖਿਆਲਾਂ ਤੇ ਖੁਆਬਾਂ ਦੀ, ਪਰ ਬਗਾਵਤ ਨਹੀਂ। ਇਹ ਸਵੈ-ਵਿਸ਼ਵਾਸ ਦਾ ਪ੍ਰਗਟਾਵਾ, ਨਾ ਕਿ ਹੰਕਾਰ ਦਾ ਦਿਖਾਵਾ। ਇਹ ਨਿਜਤਾ ਵਿਚੋਂ ਪੈਦਾ ਹੋਈ ਸਰਬ-ਸੁਖਨਤਾ ਅਤੇ ਸਰਬੱਤ ਦੇ ਭਲੇ ਦੀ ਅਰਜੋਈ। ਸਰਬ-ਸਾਂਝੀਵਾਲਤਾ ਦਾ ਪੈਗਾਮ।

ਮੌਲਿਕਤਾ, ਕੁਦਰਤ ਦੇ ਕਣ ਕਣ ਵਿਚ ਵੱਸਦੀ। ਸੂਰਜ ਦਾ ਚੜ੍ਹਨਾ, ਰਾਤ ਦਾ ਉਤਰਨਾ, ਮੱਸਿਆ ਦੀ ਰਾਤ, ਅੱਠਖੇਲੀਆਂ ਕਰਦੀਆਂ ਸਮੁੰਦਰ ਦੀਆਂ ਲਹਿਰਾਂ, ਦਰਿਆਵਾਂ ਦਾ ਵਹਾਅ ਅਤੇ ਫੁੱਲਾਂ ਭਰੀ ਕਾਇਨਾਤ ਦੇ ਸਮੁੱਚ ਵਿਚ ਹਾਜ਼ਰ-ਨਾਜ਼ਰ। ਕੁਦਰਤੀ ਵਰਤਾਰਿਆਂ ਵਿਚ ਮੌਲਿਕਤਾ ਵੱਸਦੀ। ਇਕ ਪਲ ਨੂੰ ਦੂਜੇ ਪਲ ਵਿਚੋਂ ਨਹੀਂ ਦੇਖ ਸਕਦੇ। ਕੁਝ ਨਾ ਕੁਝ ਹਰੇਕ ਪਲ ਵਿਚ ਹੀ ਬਦਲ ਜਾਂਦਾ। ਜਰੂਰੀ ਹੈ ਕਿ ਕਦੇ ਕਦਾਈਂ ਇਸ ਕਾਇਨਾਤੀ ਮੌਲਿਕਤਾ ਨੂੰ ਆਪਣੇ ਅੰਦਰ ਜਰੂਰ ਉਤਾਰਨਾ।

## ਤੇਰੀ ਰਹਿਮਤ

ਇੱਕ ਕਿਣਕਾ ਤੇਰੀ ਰਹਿਮਤ ਦਾ
ਜੋ ਬਦਲ ਦੇਵੇ ਤਕਦੀਰਾਂ ਨੂੰ।
ਤੂੰ ਹੀ ਸਭ ਦਾ ਪਾਲਣਹਾਰਾ
ਤੂੰ ਜਾਣੇ ਸਭ ਦੀਆਂ ਪੀੜਾਂ ਨੂੰ।

ਕਰੋਨਾ ਦੀ ਮਾਹਮਾਰੀ ਜੋ ਆਈ
ਦੁਨੀਆਂ ਵਿਚ ਹੈ ਮੱਚੀ ਦੁਹਾਈ।
ਸਾਇੰਸਦਾਨਾਂ ਨੂੰ ਵੀ ਸਮਝ ਨਾ ਆਈ
ਹੇ ਮਾਲਕ! ਸਭ ਤੇਰੀ ਵਡਿਆਈ।
ਕਰ ਦੇਹ ਕ੍ਰਿਪਾ ਹੋ ਜਾ ਤੂੰ ਸਹਾਈ
ਤੋੜ ਦੇਹ ਇਸ ਦੀਆਂ ਜੰਜ਼ੀਰਾਂ ਨੂੰ...।

ਭੁੱਲੇ ਫਿਰਦੇ ਸੀ ਜੋ ਤੈਨੂੰ,
ਕਰਨ ਅਰਦਾਸਾਂ 'ਬਖਸ਼ ਲੈ ਮੈਨੂੰ।'
ਬਹੁਤ ਹੋ ਗਿਆ ਕਹਿਰ ਦਾਤਿਆ
ਕਰ ਦੇਹ ਹੁਣ ਤੂੰ ਮਿਹਰ ਦਾਤਿਆ।
ਪਲ ਵਿਚ ਹੀ ਜਗਾ ਕੇ ਰੱਖ'ਤਾ,
ਮਰੀਆਂ ਹੋਈਆਂ ਜਮੀਰਾਂ ਨੂੰ...।

ਨੇੜੇ ਸੀ ਜੋ ਢੁੱਕ ਢੁੱਕ ਬਹਿੰਦੇ
ਇੱਕ ਦੂਜੇ ਦੀ ਸਾਰ ਨਹੀਂ ਲੈਂਦੇ।
ਛੇ ਫੁਟ ਤੋਂ ਦੂਰ ਰਹੀਂ ਨੀ ਮਾਏ
ਮਾਂਵਾਂ ਨੂੰ ਅੱਜ ਪੁੱਤ ਨੇ ਕਹਿੰਦੇ।
ਤੇਰੇ ਘਰ ਦਾ ਰਾਹ ਹੁਣ ਕਿੱਦਾਂ ਲੱਭੀਏ,
ਤੂੰ ਹੀ ਦੱਸ, ਭੁਲੇ ਰਾਹਗੀਰਾਂ ਨੂੰ।
ਇੱਕ ਕਿਣਕਾ ਤੇਰੀ ਰਹਿਮਤ ਦਾ
ਜੋ ਬਦਲ ਦੇਵੇ ਤਕਦੀਰਾਂ ਨੂੰ...।

ਪੈਰਾਂ ਨੂੰ ਸੀ ਜੋ ਹੱਥ ਲਵਾਉਂਦੇ
ਦੂਰੋਂ ਹੀ ਹੁਣ ਫਤਿਹ ਬਲਾਉਂਦੇ।
ਦਿੰਦੇ ਸੀ ਜੋ ਤਵੀਤ ਤੇ ਧਾਗੇ
ਕਿੱਧਰ ਲੁਕ ਗਏ ਬੂਬਨੇ ਬਾਬੇ।
ਤੇਰੇ ਬਾਝੋਂ ਕੋਈ ਬਦਲ ਨਹੀਂ ਸਕਦਾ
ਲਿਖੀਆਂ ਮੱਥੇ ਦੀਆਂ ਲਕੀਰਾਂ ਨੂੰ...।

ਜਾਣੇ-ਅਣਜਾਣੇ 'ਚ ਕੀ ਗਲਤੀ ਹੋਈ
ਭੁੱਬਾਂ ਮਾਰ ਕੇ ਖਲਕਤ ਰੋਈ।
ਹੱਥ ਜੋੜ 'ਝੱਜ' ਕਰੇ ਅਰਜੋਈ
ਤੇਰੇ ਬਾਝੋਂ ਮੈਨੂੰ ਕਿਸ ਦੀ ਢੋਈ!
ਇੱਕ ਕਿਣਕਾ ਤੇਰੀ ਰਹਿਮਤ ਦਾ
ਜੋ ਬਦਲ ਦੇਵੇ ਤਕਦੀਰਾਂ ਨੂੰ।

*-ਸਾਧੂ ਸਿੰਘ ਝੱਜ*
*ਫੋਨ: 510-586-8842*

---

## ਬੋਲ

ਜ਼ਰੂਰੀ ਨਹੀਂ ਹੁੰਦਾ
ਵਾਰ ਉਹੀ ਹੋਵੇ, ਜੋ ਸਾਡੇ ਤਨ 'ਤੇ ਹੋਵੇ!
ਵਾਰ ਬਹੁਤ ਤਰ੍ਹਾਂ ਦੇ ਹੁੰਦੇ ਨੇ
ਬਹੁਤ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ
ਕੋਈ ਸਾਨੂੰ ਕੁਝ ਵੀ ਨਹੀਂ ਬੋਲਦਾ
ਸਾਡੇ ਵੱਲ ਤੱਕਦਾ ਵੀ ਨਹੀਂ
ਕਿਸੇ ਹੋਰ ਵੱਲ ਦੇਖਦਾ ਹੈ
ਤੇ ਉਸੇ ਨੂੰ ਬੋਲਦਾ ਹੈ
ਪਰ ਉਹ ਬੋਲ ਸਾਨੂੰ ਮਾਰ ਜਾਂਦੇ ਨੇ
ਅੰਦਰ ਤੱਕ ਝੰਜੋੜ ਜਾਂਦੇ ਨੇ
ਬਹੁਤ ਵਾਰ ਹੁੰਦੇ ਨੇ
ਏਦਾਂ ਦੇ ਦਰਦਨਾਕ ਹਾਦਸੇ।

*-ਬੇਅੰਤ ਸਿੰਘ ਗਿੱਲ, ਮੋਗਾ*
*ਫੋਨ: 91-94649-56457*

ਗੁਰਬਾਣੀ ਗਿਆਨ

# ਤੀਰਥੁ ਤਪੁ ਦਇਆ ਦਤੁ ਦਾਨੁ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਗੁਰੂ ਸਾਹਿਬ ਵਾਰ ਵਾਰ ਇਹੀ ਸਮਝਾਉਂਦੇ ਹਨ ਕਿ ਕੁਦਰਤ ਬੜੀ ਬੇਅੰਤ ਹੈ। ਇਸ ਬਾਰੇ ਮਨੁੱਖ ਦੀ ਸਮਝ ਬਹੁਤ ਘੱਟ ਹੈ। ਜੇ ਕੋਈ ਵਿਅਕਤੀ ਇਸ ਵਿਚ ਜੀਵਨ ਬਿਤਾ ਗਿਆ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਇਸ ਨੂੰ ਜਾਣ ਗਿਆ। ਇੰਨੀ ਥੋੜੀ ਸਮਝ ਹੁੰਦਿਆਂ ਵੀ ਜੇ ਕੋਈ ਆਪਣੇ ਬ੍ਰਹਮ ਗਿਆਨੀ ਹੋਣ ਦੀਆਂ ਡੀਂਗਾਂ ਮਾਰੇ ਤਾਂ ਕੀ ਉਸ ਨੂੰ ਆਪਣਾ 'ਗਿਆਨ' ਵੰਡਣ ਦਾ ਹੱਕ ਹੈ? ਜਾਣਕਾਰੀ ਹੋਵੇ ਜਾਂ ਨਾ ਹੋਵੇ, ਬੋਲਣ ਦਾ ਹੱਕ ਤਾਂ ਸਭ ਨੂੰ ਹੈ। ਜੇ. ਐਸ. ਮਿੱਲ ਅਨੁਸਾਰ ਕੋਈ ਕੁਝ ਵੀ ਕਹੇ, ਉਸ ਨੂੰ ਆਪਣਾ ਅਨੁਭਵ ਦੱਸਣ ਤੋਂ ਰੋਕਿਆ ਨਹੀਂ ਜਾ ਸਕਦਾ।

ਪਰ ਗੁਰੂ ਸਾਹਿਬ ਅਨੁਸਾਰ ਜੇ ਕਿਸੇ ਕੋਲ ਪ੍ਰਮਾਣਿਤ ਜਾਣਕਾਰੀ ਨਾ ਹੋਵੇ ਤਾਂ ਉਹ ਬੋਲੇਗਾ ਕੂੜ ਹੀ, ਜੋ ਅੱਗੇ ਜਾ ਕੇ ਨਹੀਂ ਸੋਂਹਦਾ। "ਅੱਗੈ" ਦਾ ਅਰਥ ਕੋਈ ਅਸਮਾਨੀ ਦਰਗਾਹ ਨਹੀਂ ਹੈ। ਇਸ ਉਤੇ ਤਰਕ, ਪ੍ਰਮਾਣ, ਗਣਿਤ ਤੇ ਵਿਗਿਆਨ ਦੀਆਂ ਕਸੌਟੀਆਂ ਇੱਥੇ ਹੀ ਲੱਗਦੀਆਂ ਹਨ। ਇਸ ਦੀ 'ਕੱਚ ਪਕਾਈ' ਘਰਾਂ, ਗਲੀਆਂ, ਮੁਹੱਲਿਆਂ, ਗੋਸ਼ਟੀਆਂ, ਸੈਮੀਨਾਰਾਂ, ਲੈਕਚਰਾਂ, ਦੀਵਾਨਾਂ, ਬਹਿਸਾਂ, ਅਖਬਾਰਾਂ, ਚੈਨਲਾਂ, ਅਦਾਲਤਾਂ, ਸਦਨਾਂ ਆਦਿ ਵਿਚ ਇੱਥੇ ਹੀ ਪਰਖੀ ਜਾਂਦੀ ਹੈ। ਗਿਆਨ ਦੀ ਮੁੱਖ ਧਾਰਾ ਇੱਥੇ ਹੀ ਸਿਰਜੀ ਜਾਂਦੀ ਹੈ ਤੇ ਫਲਸਫੇ ਦਾ ਇਤਿਹਾਸ ਇੱਥੇ ਹੀ ਘੜਿਆ ਜਾਂਦਾ ਹੈ। ਕੂੜ ਤੇ ਅਤਿਕਥਨੀਆਂ ਇਸ ਪ੍ਰੀਖਿਆ ਵਿਚੋਂ ਪਾਸ ਨਹੀਂ ਹੁੰਦੀਆਂ। ਅੰਤ ਸੱਚ ਹੀ ਸੱਚ ਵਿਚ ਸਮਾਉਂਦਾ ਹੈ ਤੇ ਕੂੜ ਨਕਾਰਿਆ ਜਾਂਦਾ ਹੈ। ਆਧੁਨਿਕ ਵਿਗਿਆਨ ਵਿਚ ਕੂੜ ਦੇ ਭਸਮ ਹੋਣ ਅਤੇ ਸੱਚ ਦੇ ਨਿਖਰਣ ਨੂੰ ਨਿਖੇਧ ਦਾ ਨਿਖੇਧ (Negation of Negation) ਕਹਿੰਦੇ ਹਨ।

ਕੂੜ ਸਭ ਕੁਝ ਹੋ ਸਕਦਾ ਹੈ, ਵਿਆਖਿਆ ਵੀ ਹੋ ਸਕਦੀ ਹੈ। ਫਿਰ ਜਪੁਜੀ ਦੀ ਅਜਿਹੀ ਪ੍ਰਮਾਣਿਤ ਵਿਆਖਿਆ ਕਿਵੇਂ ਹੋਵੇ ਜੋ ਸੱਚ ਦੇ ਨੇੜੇ ਹੋਵੇ? ਸਭ ਤੋਂ ਵਧੀਆ ਤਾਂ ਇਹ ਹੋਵੇ, ਜੇ ਗੁਰੂ ਸਾਹਿਬ ਮੁੜ ਆ ਕੇ ਆਪਣੇ ਲਿਖੇ ਨੂੰ ਆਪ ਹੀ ਸਮਝਾ ਜਾਣ; ਪਰ ਕੁਦਰਤ ਦਾ ਅਜਿਹਾ ਕੋਈ ਨਿਯਮ ਨਹੀਂ, ਜੋ ਉਨ੍ਹਾਂ ਦੀ ਮੁੜ ਫੇਰੀ ਸੰਭਵ ਕਰੇ। ਦੂਜੀ ਵਧੀਆ ਗੱਲ ਇਹ ਹੈ ਕਿ ਸ਼ਰਧਾਲੂ ਉਨ੍ਹਾਂ ਦੀ ਲਿਖੀ ਰਚਨਾ ਨੂੰ ਆਪ ਹੀ ਪੜ੍ਹ ਕੇ ਸਮਝ ਲੈਣ; ਪਰ ਇੱਦਾਂ ਕਿਵੇਂ ਹੋਵੇ? ਜਿਸ ਸੰਵੇਦਨਸ਼ੀਲ ਤੇ ਜਿਗਿਆਸੂ ਸਿੱਖ ਲਈ ਇਹ ਲਿਖਿਆ ਗਿਆ ਸੀ, ਅੱਜ ਉਹ ਇੱਥੇ ਨਹੀਂ ਹੈ। ਜਪੁਜੀ ਨੂੰ ਲਿਖਿਆਂ ਸਦੀਆਂ ਲੰਘ ਗਈਆਂ। ਜ਼ਮਾਨਾ ਬਦਲ ਗਿਆ, ਲੋਕਾਂ ਦੇ ਪਹਿਰਾਵੇ ਬਦਲ ਗਏ, ਰਸਮੋ ਰਿਵਾਜ਼ ਬਦਲ ਗਏ, ਰੁਝਾਨ ਬਦਲ ਗਏ, ਸਮਾਜਕ ਸਮੀਕਰਣ ਬਦਲ ਗਏ, ਬੋਲੀਆਂ ਬਦਲ ਗਈਆਂ, ਗੁਰਬਾਣੀ ਵਿਆਕਰਣਾਂ ਲਿਖੀਆਂ ਗਈਆਂ ਅਤੇ ਸ਼ਬਦਾਂ ਦੇ ਅਰਥ ਉਪਰ-ਥੱਲੇ ਹੋ ਗਏ। ਅਜੋਕੇ ਸਿੱਖਾਂ ਕੋਲ ਇੰਨੀ ਸਬਰ-ਸਮਰੱਥਾ ਕਿੱਥੇ ਕਿ ਉਹ ਇਸ ਨੂੰ ਪੜ੍ਹ ਕੇ ਸਮਝਣ? ਅੱਜ ਦਾ ਮਨੁੱਖ ਵਪਾਰੀ ਹੈ, ਸਾਮਾਨ ਨੂੰ ਬਿਨਾ ਖੋਲ੍ਹੇ ਅੱਗੇ ਫਰੋਖਤ ਕਰਦਾ ਹੈ। ਜਿਨ੍ਹਾਂ ਨੇ ਮੁਨਾਫੇ ਖਾਤਰ ਇਸ ਨੂੰ ਪੜ੍ਹਿਆ, ਦੂਜਿਆਂ ਨੂੰ ਪੜ੍ਹ ਕੇ ਸੁਣਾਇਆ ਤੇ ਤਰਜਮੇ ਕੀਤੇ, ਉਨ੍ਹਾਂ ਨੇ ਵਣਜੀ ਦ੍ਰਿਸ਼ਟੀਕੋਣ ਤੋਂ ਇਹੀ ਦੱਸਿਆ ਹੈ ਕਿ ਲਿਖਤ ਮਹਾਨ ਹੈ, ਹਰ ਰੋਜ਼ ਸਵੇਰੇ ਉਠ ਕੇ ਜਪੋ। ਸ਼ਰਧਾਲੂਆਂ ਨੇ ਵੀ ਇਹੋ ਗੱਲ ਪੱਲੇ ਬੰਨ੍ਹ ਲਈ। ਡਾਕੀਏ ਤੋਂ ਪੜ੍ਹਾਈ ਚਿੱਠੀ ਵਾਂਗ ਅਸਲ ਨੂੰ ਰੁਮਾਲੇ ਲੜ ਬੰਨ ਲਿਆ ਤੇ ਸੁਣੀ-ਸੁਣਾਈ 'ਤੇ ਅਮਲ ਕਰਨ ਲੱਗੇ।

ਜਦੋਂ ਅਸਲ ਤੇ ਨਕਲ ਦਾ ਨਿਰਣਾ ਵਿਸ਼ਵਾਸ ਅਨੁਸਾਰ ਹੋਣ ਲੱਗੇ ਤਾਂ ਅਸਲੀਅਤ ਧੁੰਦਲਾ ਜਾਂਦੀ ਹੈ। ਸਥਿਤੀ ਨੂੰ ਮੁੜ ਸਾਫ ਕਰਨ ਲਈ ਇਸ ਦਾ ਪੁਨਰ-ਸਿਰਜਣ (Re-create) ਕਰਨਾ ਪੈਂਦਾ ਹੈ। ਇਹ ਸਿੱਖੀ ਦਾ ਹੀ ਅਸੂਲ ਹੈ, ਜਿਸ ਨੂੰ ਅਪਨਾ ਕੇ ਗੁਰੂ ਸਾਹਿਬ ਨੇ ਸਦੀਆਂ ਤੋਂ ਪ੍ਰਚਲਿਤ ਫੋਕੇ ਗਿਆਨਾਂ 'ਤੇ ਲੀਕ ਮਾਰੀ ਅਤੇ ਸਭ ਕੁਝ ਨੂੰ ੴ ਦੇ ਗੁਰ ਅਨੁਸਾਰ ਮੁੜ ਘੋਖਣ ਦਾ ਉਪਦੇਸ਼ ਦਿੱਤਾ। ਇਸ ਸਿਖਿਆ ਨੂੰ ਮੁੱਖ ਰੱਖ ਕੇ ਜਪੁਜੀ ਦੇ ਅਜੋਕੇ ਜਿਗਿਆਸੂਆਂ ਨੂੰ 15ਵੀਂ ਸਦੀ ਵਿਚ ਉਤਰਨਾ ਪਵੇਗਾ ਤੇ ਉਦੋਂ ਦੇ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਜੀਵਨ ਦਾ ਜਾਇਜ਼ਾ ਲੈਣਾ ਪਵੇਗਾ। ਉਨ੍ਹਾਂ ਨੂੰ ਸਹੀ ਸਹੀ ਅਨੁਮਾਨ ਲਾਉਣਾ ਪਵੇਗਾ ਕਿ ਗੁਰੂ ਸਾਹਿਬ ਨੇ ਜੋ ਲਿਖਿਆ, ਕਿਉਂ ਲਿਖਿਆ! ਗੁਰਬਾਣੀ ਦੀ ਗਵਾਹੀ ਦੇ ਨਾਲ ਨਾਲ ਇਤਿਹਾਸ ਦੇ ਹੋਰ ਸੋਮਿਆਂ ਨੂੰ ਵੀ ਦੇਖਣਾ ਪਵੇਗਾ। ਇਬਨ ਬਤੂਤਾ (Ibn Batutta) ਜਿਹੇ ਸਮਕਾਲੀ ਸੈਲਾਨੀਆਂ ਦੇ ਸੈਰਨਾਮੇ ਤੇ ਯਥਾਰਥਕ ਹਾਲਾਤ ਵਰਣਨ ਕਰਦੀਆਂ ਡਾਇਰੀਆਂ ਜਿਵੇਂ ਤਾਜ਼ੁਕਿ-ਬਾਬਰੀ ਤੇ ਆਈਨੇ ਅਕਬਰੀ ਅਤੇ ਤਮਾਮ ਜਨਮ ਸਾਖੀਆਂ ਘੋਖਣੀਆਂ ਪੈਣਗੀਆਂ। ਇਸ ਦੇ ਨਾਲ ਨਾਲ ਅਜੋਕੇ ਸਮਾਜ ਦੇ ਪੱਛੜੇ ਪੇਂਡੂ ਇਲਾਕਿਆਂ ਦਾ ਸਭਿਆਚਾਰ ਤੇ ਹਾਲੋ-ਬਸਰ ਵੀ ਦੇਖਣਾ ਪਵੇਗਾ, ਜੋ ਸਦੀਆਂ ਤੋਂ ਉਸੇ ਪੁਰਾਣੀ ਅਵਸਥਾ ਵਿਚ ਚੱਲਿਆ ਆ ਰਿਹਾ ਹੈ। ਗੱਲ ਕੀ, ਉਨ੍ਹਾਂ ਨੂੰ ਆਪਣੇ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੀ ਅਣਗਹਿਲੀ ਦਾ ਪੂਰਾ ਮੁੱਲ ਉਤਾਰਨਾ ਪਵੇਗਾ, ਜਿਸ ਤੋਂ ਬਿਨਾ ਇਸ ਬਾਣੀ ਦੀ ਪੂਰੀ ਸਮਝ ਨਹੀਂ ਪਵੇਗੀ।

ਮਿਸਾਲ ਵਜੋਂ ਜੇ ਗੁਰੂ ਸਾਹਿਬ ਤੀਰਥ ਅਸ਼ਨਾਨ ਦੀ ਵਿਰੋਧਤਾ ਕਰਦੇ ਹਨ, ਤਾਂ ਕੋਈ ਕਾਰਨ ਤਾਂ ਹੋਵੇਗਾ, ਜੋ ਉਨ੍ਹਾਂ ਨੇ ਇੱਦਾਂ ਕੀਤਾ। ਸਬੰਧਤ ਸੋਮਿਆਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ 15ਵੀਂ-16ਵੀਂ ਸਦੀ ਦੇ ਸਮਾਜ ਵਿਚ ਜਨਤਾ ਗਰੀਬ, ਅਨਪੜ੍ਹ, ਬੀਮਾਰ, ਅਲਪ-ਆਯੂ, ਅੰਧ-ਵਿਸ਼ਵਾਸੀ, ਲਾਈਲੱਗ ਤੇ ਕਰਮਕਾਂਡੀ ਸੁਭਾਅ ਦੀ ਸੀ। ਉਸ ਦੇ ਸੁਸਤ ਚਾਲੀ ਜੀਵਨ ਵਿਚ ਹੱਡ-ਭੰਨਵੀਂ ਮੁਸ਼ੱਕਤ, ਕੱਚੇ ਰਸਤੇ, ਪੈਦਲ ਵਾਟ, ਕਾਠ ਦੀਆਂ ਖੜਾਵਾਂ, ਵਾਣ ਦੀਆਂ ਮੰਜੀਆਂ ਤੇ ਗੋਦੜੀਆਂ ਤੋਂ ਵਧ ਕੁਝ ਨਹੀਂ ਸੀ। ਖਾਣ ਲਈ ਕੋਧਰੇ ਦੀ ਰੋਟੀ, ਛੋਲਿਆਂ ਦੀ ਦਾਲ, ਤੁੱਕਿਆਂ ਦਾ ਆਚਾਰ, ਲੂਣ-ਮਿਰਚ, ਭੁੰਨੇ ਛੋਲੇ, ਗੁੜ, ਬੇਰ, ਗੰਢਾ, ਚਿੱਭੜ, ਖੱਖੜੀਆਂ, ਖੂਹਾਂ-ਛੱਪੜਾਂ ਦਾ ਪਾਣੀ ਅਤੇ ਮੰਗਵੀਂ ਲੱਸੀ ਤੋਂ ਵੱਧ ਬਹੁਤਾ ਕੁਝ ਨਹੀਂ ਸੀ। ਬਾਬਰ ਹੈਰਾਨੀ ਪ੍ਰਗਟ ਕਰਦਾ ਹੈ ਕਿ ਇਹ ਲੋਕ ਅਨਾਜ ਨਾਲ ਹੀ ਅਨਾਜ ਨੂੰ ਖਾਈ ਜਾਂਦੇ ਸਨ। ਪਹਿਨਣ ਲਈ ਹੱਥੀਂ ਸੀਤੇ ਝੱਗੇ, ਚੋਗੇ, ਖੱਦਰ ਦੇ ਲੰਗੋਟ ਤੇ ਮਾੜੇ ਮੋਟੇ ਧੋਤੀ ਪਰਨੇ ਹੀ ਹੁੰਦੇ ਸਨ, ਜਿਨ੍ਹਾਂ ਨੂੰ ਅੰਗ ਲਾਉਣ ਤੋਂ ਫਟਣ ਤੀਕ ਸ਼ਾਇਦ ਹੀ ਕਦੇ ਧੋਇਆ ਜਾਂਦਾ ਹੋਵੇ। ਧੋਣ ਲਈ ਵੀ ਲੱਸੀ, ਗਾਚੀ, ਉਬਲੇ ਰੀਠੇ ਜਾਂ ਫੋਕਾ ਪਾਣੀ ਵਰਤਿਆ ਜਾਂਦਾ ਸੀ। ਮੱਧ ਵਰਗੀ ਪੈਲੀਦਾਰਾਂ ਤੇ ਹੱਟਵਾਣੀਏਂ ਭਾਵੇਂ ਇੰਨੀ ਥੁੜ੍ਹ ਦਾ ਸਾਹਮਣਾ ਨਾ ਕਰਦੇ ਹੋਣ, ਪਰ ਆਮ ਜੀਵਨ ਪੱਧਰ ਉਨ੍ਹਾਂ ਦਾ ਵੀ ਇਹੋ ਸੀ। ਮਹਿੰਗੇ ਵਸਤਰ, ਆਭੂਸ਼ਨ, ਦਾਖਾਂ ਮੇਵੇ, ਫਲ, ਬਹੁਭਾਂਤੀ ਪਕਵਾਨ, ਮਾਸ-ਮਦੁਰਾ ਤੇ ਘੋੜ ਸਵਾਰੀ ਸਿਰਫ ਉਚ ਸ਼੍ਰੇਣੀਆਂ ਦੀ ਪਹੁੰਚ ਵਿਚ ਹੀ ਸਨ। ਮੱਧ ਕਾਲੀ ਰਜਵਾੜਾਸ਼ਾਹੀ ਗਰੀਬਾਂ ਨੂੰ ਵਗਾਰ ਤੇ ਕਾਮਿਆਂ ਨੂੰ ਮਾਰ ਦਿੰਦੀ ਸੀ। ਕੀ ਹਿੰਦੂ ਤੇ ਕੀ ਮੁਸਲਮਾਨ, ਆਮ ਹਾਲਤ ਸਭ ਦੀ ਇੱਕੋ ਜਿਹੀ ਸੀ।

ਪਿੰਡਾਂ ਵਿਚ ਗਾਰੇ ਦੇ ਘਰ, ਧੂੜ ਭਰੀਆਂ ਗਲੀਆਂ, ਗੰਦੀਆਂ ਨਾਲੀਆਂ, ਮੁਸ਼ਕਦੀਆਂ ਰੂੜੀਆਂ, ਉਚੇ ਗੋਹਾਰੇ, ਕੰਡਿਆਲੀਆਂ ਥੋਹਰਾਂ ਅਤੇ ਬਰਸਾਤੀ ਪਾਣੀ ਨਾਲ ਅਧਭਰੇ ਟੋਭੇ ਤੇ ਟੋਏ ਹੁੰਦੇ ਸਨ। ਸੜਕਾਂ ਦੀ ਥਾਂ ਕੱਚੇ ਪਹੇ ਤੇ ਵੱਟਾਂ ਦੇ ਰਾਹ ਹੁੰਦੇ ਸਨ, ਜਿਨ੍ਹਾਂ ਉਤੇ ਚਲਦੇ ਰਾਹੀ ਇਕ ਦੂਜੇ ਨੂੰ ਨਗਰ ਖੇੜੇ ਦੀ ਸੁੱਖ-ਸਾਂਤ ਪੁੱਛਦੇ ਹੋਏ 'ਰਾਮ ਰਾਮ' ਕਹਿ ਕੇ ਲਾਂਘਾ ਦਿੰਦੇ ਸਨ। ਡੰਗਰ-ਵੱਛੇ ਦੀ ਭਰਮਾਰ ਸੀ, ਇਸ ਲਈ ਹਰ ਇਕ ਦਾ ਜੀਵਨ ਮੱਝਾਂ-ਗਾਵਾਂ ਚਾਰਨ ਤੋਂ ਅਰੰਭ ਹੁੰਦਾ ਸੀ। ਪਾਲੀਪੁਣੇ ਵਿਚ ਬੱਚਾ ਜਵਾਨ ਹੁੰਦਾ ਸੀ ਤੇ ਪਾਲੀਪੁਣੇ ਵਿਚ ਹੀ ਜਵਾਨ ਵਿਦਵਾਨ ਬਣਦੇ ਸਨ। ਬੜੇ ਬੜੇ ਪੀਰ ਪੈਗੰਬਰ, ਗੁਰੂ ਗਿਆਨੀ ਤੇ ਸੰਤ ਮਹਾਤਮਾ ਸ਼ੁਰੂ ਵਿਚ ਕੋਈ ਨਾ ਕੋਈ ਜਾਨਵਰ ਜ਼ਰੂਰ ਚਰਾਉਂਦੇ ਸਨ। ਪਿੰਡ ਪਿੰਡ ਸਾਧਾਂ ਸੰਤਾਂ ਦੇ ਡੇਰੇ ਸਨ, ਜਿੱਥੇ ਲੰਗੋਟਧਾਰੀ ਸਾਧੂ ਭੰਗਾਂ, ਸੁਲਫਿਆਂ ਦੇ ਸੂਟੇ ਲਾਉਂਦੇ ਰਹਿੰਦੇ ਸਨ। ਪੈਰੋਂ ਨੰਗੇ, ਸਿਰੀਂ ਜਟਾਵਾਂ, ਬਦਨ 'ਤੇ ਰੰਗੀਨ ਲੀਰਾਂ ਪਟੋਲੇ, ਰੱਸੀਆਂ ਨਾਲ ਨੂੜੀ ਛਾਤੀ, ਤਨ 'ਤੇ ਖੇਹ, ਲੱਕ ਦੁਆਲੇ ਮੋਟੇ ਘੁੰਗਰੂ; ਇਕ ਮੋਢੇ ਭਿਖਿਆ ਦੀ ਝੋਲੀ, ਦੂਜੇ ਸਵਾਹ ਦੀ ਪੋਟਲੀ; ਇਕ ਹੱਥ ਸਿੱਪੀ, ਦੂਜੇ ਡੰਡਾ; ਮੂੰਹ ਤੋਂ 'ਅਲੱਖ ਨਿਰੰਜਣ' ਦੀ ਪੁਕਾਰ ਆਦਿ ਨਾਲ ਲੈਸ ਹੋਏ ਕੰਨ-ਪਟੇ ਸਾਧਾਂ ਦੀਆਂ ਡਾਰਾਂ ਸਾਰਾ ਦਿਨ ਆਟਾ, ਦੁੱਧ, ਰੋਟੀ ਅਤੇ ਗੁੜ ਮੰਗਣ ਤੁਰੀਆਂ ਰਹਿੰਦੀਆਂ ਸਨ। ਲੰਘਦੇ ਵੜਦੇ ਰਾਹੀ ਤੇ ਭੁੱਖੇ ਲੋੜਵੰਦ ਵੀ ਪਿੰਡਾਂ ਵਿਚੋਂ ਰੋਟੀ ਪਾਣੀ ਛਕਣ ਲਈ ਲੋਕਾਂ ਦੇ ਬੂਹੇ ਖੜਕਾਉਂਦੇ ਰਹਿੰਦੇ ਸਨ। ਆਮ ਆਦਮੀ ਦੇ ਦੇਵਤੇ ਭਾਵ ਬ੍ਰਾਹਮਣ, ਸਾਹੂਕਾਰ, ਜਿਮੀਂਦਾਰ ਅਤੇ ਸਿਕਦਾਰ ਵੀ ਉਥੇ ਹੀ ਵਸਦੇ ਸਨ ਤੇ ਉਸ ਦੇ ਜੀਵਨ ਨੂੰ ਸੀਮਾਬਧ ਕਰਦੇ ਸਨ।

ਪਿੰਡਾਂ ਦੇ ਹਿੰਦੂ ਭਾਈਚਾਰੇ ਵਿਚ ਬ੍ਰਾਹਮਣ ਦੀ ਅਹਿਮ ਭੂਮਿਕਾ ਸੀ। ਤਿੱਥ ਵਾਰ ਦਾ ਗਿਆਨ ਰੱਖਣ ਦੇ ਨਾਲ ਨਾਲ ਉਹ ਮਰਨਿਆਂ ਪਰਨਿਆਂ, ਭੰਡਾਰਿਆਂ, ਦਸਵੀਆਂ, ਤੇਰਵੀਆਂ, ਸ਼ਰਾਧਾਂ ਆਦਿ 'ਤੇ ਮੰਤਰ ਪੜ੍ਹਦਾ ਅਤੇ ਵਿਆਹਾਂ ਸ਼ਾਦੀਆਂ, ਛੱਠਾਂ, ਮੁੰਡਣਾਂ, ਜੱਗਾਂ, ਨਾਮਕਰਨਾਂ ਆਦਿ ਦੀਆਂ ਰਸਮਾਂ ਨੂੰ ਸੰਪੰਨ ਕਰਵਾਉਂਦਾ। ਹੱਥ ਦੇਖਣਾ, ਜੋਤਿਸ਼ ਲਾ ਕੇ ਭਾਗ ਦੱਸਣਾ, ਬੀਮਾਰਾਂ ਨੂੰ ਜੜ੍ਹੀ ਬੂਟੀ ਦੇਣਾ, ਵਿਹਲੇ ਵੇਲੇ ਰਮਾਇਣ ਗੀਤਾ ਦਾ ਪਾਠ ਸੁਣਾਉਣਾ, ਰਾਮ ਲੀਲਾ ਕਰਵਾਉਣਾ, ਮੇਲਿਆਂ, ਗ੍ਰਹਿਣਾਂ, ਮੌਸਮਾਂ, ਮਹੂਰਤਾਂ ਦੀ ਜਾਣਕਾਰੀ ਦੇਣਾ, ਜਜਮਾਨਾਂ ਘਰ ਭੋਜਨ ਛਕਣਾ ਤੇ ਦਾਨ-ਦੱਖਣਾ ਨੂੰ ਵਿਧੀਪੂਰਵਕ ਸਵੀਕਾਰ ਕਰਨਾ ਉਸ ਦੇ ਕੁਝ ਹੋਰ ਕਾਰਜ ਸਨ; ਪਰ ਬ੍ਰਾਹਮਣ ਦੀ ਖਾਸ ਭੂਮਿਕਾ ਜਨ ਸਾਧਾਰਨ ਨੂੰ ਤੀਰਥਾਂ ਦੀ ਜਾਣਕਾਰੀ ਦੇਣਾ ਤੇ ਉਨ੍ਹਾਂ ਨੂੰ ਭਰਮਾ ਕੇ ਉਥੇ ਲਿਜਾਣਾ ਸੀ। ਉਹ ਮਹੀਨਿਆਂ ਬੱਧੀ ਤੀਰਥ ਅਸ਼ਨਾਨ ਦੇ ਲਾਭ ਦੱਸ ਕੇ ਉਨ੍ਹਾਂ ਨੂੰ ਜਾਣ ਲਈ ਤਿਆਰ ਕਰਦਾ ਰਹਿੰਦਾ। ਹਰਿਦਵਾਰ, ਰਿਸ਼ੀਕੇਸ਼, ਮਥਰਾ, ਬਿੰਦਰਾਬਨ, ਪ੍ਰਯਾਗ, ਕਪਾਲਮੋਚਨ, ਪਿਹੋਵਾ, ਨੈਣਾਂ ਦੇਵੀ, ਵੈਸ਼ਨੋ ਦੇਵੀ ਤੇ ਰਾਮ ਦਰਬਾਰ ਆਦਿ ਕਿੰਨੇ ਹੀ ਤੀਰਥ ਮੇਲੇ ਲਗਦੇ ਸਨ, ਜਿੱਥੇ ਉਨ੍ਹਾਂ ਦੀ ਅਗਵਾਈ ਵਿਚ ਸ਼ਰਧਾਲੂ ਅਸ਼ਨਾਨ ਕਰਨ ਜਾਂਦੇ। ਕਈ ਕਈ ਦਿਨ ਦਾ ਪੈਦਲ ਸਫਰ ਹੁੰਦਾ, ਰਸਤੇ ਵਿਚ ਕਈ ਕਈ ਪੜਾਉ ਹੁੰਦੇ, ਆਟਾ, ਦਾਲਾਂ ਤੇ ਬਰਤਨਾਂ ਦੀਆਂ ਗਠੜੀਆਂ ਚੁੱਕੀ ਸ਼ਰਧਾਲੂ ਚਾਅ ਨਾਲ ਭੱਜੇ ਜਾਂਦੇ। ਉਹ ਰਸਤੇ ਵਿਚ ਆਉਂਦੇ ਪਿੰਡਾਂ ਵਿਚ ਪੜਾਅ ਕਰਦੇ, ਕਿਤੇ ਆਪ ਭੋਜਨ ਬਣਾਉਂਦੇ, ਕਿਤੇ ਪਿੰਡਾਂ 'ਚੋਂ ਇੱਕਠਾ ਕਰ ਕੇ ਖਾਂਦੇ, ਰਾਹ ਲਈ ਘਰੋਂ ਲਿਆਂਦੇ ਭੁੱਜੇ ਛੋਲੇ, ਸੱਤੂ, ਪੰਜੀਰੀ, ਗੁੜ ਖੋਆ ਤੇ ਪਿੰਨੀਆਂ ਖਾਂਦੇ। ਜਿਨ੍ਹਾਂ ਨੂੰ ਬ੍ਰਾਹਮਣ ਨੇ ਗਊ ਦਾ ਦਾਨ ਕਰਨ ਲਈ ਕਿਹਾ ਹੁੰਦਾ, ਉਹ ਗਊਆਂ ਵੀ ਨਾਲ ਹੱਕ ਕੇ ਲਿਜਾਂਦੇ।

ਅਜਿਹੀ ਕਠਿਨ ਤੇ ਇਕਹਿਰੀ ਜ਼ਿੰਦਗੀ ਵਿਚ ਪੰਡਿਤ ਹੀ ਜੀਵਨ ਦੇ ਅਰਥ ਦੱਸਦਾ ਸੀ ਤੇ ਉਹੀ ਕਸ਼ਟਾਂ ਦਾ ਨਿਵਾਰਣ ਕਰਦਾ ਸੀ। ਗਊ ਦਾਨ ਨੂੰ ਉਹ ਸਭ ਸਮੱਸਿਆਵਾਂ ਦਾ ਸਮਾਧਾਨ ਤੇ ਸੋਨੇ-ਚਾਂਦੀ ਦੇ ਦਾਨ ਨੂੰ ਸਰਵੋਤਮ ਦਾਨ ਦੱਸਦਾ ਸੀ। ਅੱਜ ਦੇ ਪੁਜਾਰੀ ਵਾਂਗ ਦਾਨ ਹੀ ਉਸ ਦੀ ਗੋਲਕ ਸੀ ਤੇ ਇਸ ਨੂੰ ਇੱਕਠਾ ਕਰਨਾ ਉਸ ਦਾ ਕਾਰੋਬਾਰ ਸੀ। ਗੱਲ ਕੀ ਉਸ ਸਮਾਜ ਵਿਚ ਤੀਰਥ ਅਸ਼ਨਾਨ ਇਕ ਕਰਮਕਾਂਡ ਬਣ ਚੁਕਾ ਸੀ। ਇਸੇ ਪਿਛੋਕੜ 'ਚ ਗੁਰੂ ਸਾਹਿਬ ਨੇ 21ਵੀਂ ਪਉੜੀ ਦੀ ਰਚਨਾ ਕੀਤੀ ਸੀ ਤੇ ਇਸੇ 'ਚ ਇਹ ਸਮਝਣੀ ਬਣਦੀ ਹੈ,

ਤੀਰਥੁ ਤਪੁ ਦਇਆ ਦਤੁ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥
ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥
ਸੁਅਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥
ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ॥
ਕਿਵ ਕਰਿ ਆਖਾ ਕਿਵ ਸਾਲਾਹੀ
ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ
ਇਕ ਦੂ ਇਕੁ ਸਿਆਣਾ॥
ਵਡਾ ਸਾਹਿਬੁ ਵਡੀ ਨਾਈ
ਕੀਤਾ ਜਾ ਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ
ਅਗੈ ਗਇਆ ਨ ਸੋਹੈ॥੨੧॥

ਇਸ ਪਉੜੀ ਨੂੰ ਧਿਆਨ ਨਾਲ ਪੜ੍ਹਿਆਂ ਪਤਾ ਚਲਦਾ ਹੈ ਕਿ ਇਸ ਦੇ ਦੋ ਹਿੱਸੇ ਹਨ। ਪਹਿਲੇ ਹਿੱਸੇ ਦੀਆਂ ਤੁਕਾਂ ਛੋਟੀਆਂ ਹਨ ਤੇ ਦੂਜੇ ਦੀਆਂ ਵੱਡੀਆਂ। ਪ੍ਰਤੀਤ ਹੁੰਦਾ ਹੈ ਕਿ ਇਹ ਦੋ ਵੱਖ ਵੱਖ ਮੁਢਲੀਆਂ ਰਚਨਾਵਾਂ ਨੂੰ ਜੋੜ ਕੇ ਬਣੀ ਹੈ। ਦੋਹਾਂ ਦੇ ਥੀਮ ਵੱਖੋ ਵੱਖ ਲਗਦੇ ਹਨ, ਪਰ ਇਹ ਉਚਲੇ ਪੱਧਰ 'ਤੇ ਪੂਰਾ ਮੇਲ ਖਾਂਦੇ ਹਨ। ਕਈ ਦੂਜੀਆਂ ਪਉੜੀਆਂ ਵਾਂਗ ਗੁਰੂ ਸਾਹਿਬ ਨੇ ਇਸ ਨੂੰ ਵੀ ਆਪਣੇ ਵਿਲੱਖਣ ਤਰੀਕੇ ਨਾਲ ਲਿਖਿਆ ਹੈ। ਪਹਿਲੇ ਹਿੱਸੇ ਵਿਚ ਕਿਸੇ ਸਮਾਜਕ ਵਰਤਾਰੇ ਦਾ ਅਨੁਭਵੀ ਵਰਣਨ ਕੀਤਾ ਹੈ ਤੇ ਦੂਜੇ ਵਿਚ ਇਸ ਪ੍ਰਤੀ ਆਪਣਾ ਪ੍ਰਤੀਕਰਮ ਦਿੱਤਾ ਹੈ। ਇਸ ਦੀ ਭਾਵਮਈ ਵਿਆਖਿਆ ਹੇਠ ਲਿਖੇ ਅਨੁਸਾਰ ਹੈ,

"(ਪੰਡਿਤ ਨੇ ਦੱਸਿਆ) ਤੀਰਥ ਨਹਾਉਣ ਨਾਲ ਇਕ ਤਪੱਸਿਆ ਕਰਨ ਜਿੰਨਾ ਫਲ (credit) ਮਿਲਦਾ ਹੈ, ਭਾਵ ਪਾਪ ਉਤਰਦੇ ਹਨ। ਉਥੇ ਆਪਣੇ ਹੱਥੀਂ ਤਿਲ ਮਾਤਰ ਦਾਨ ਪਾਉਣ ਨਾਲ ਵੀ ਦਿਆਲਤਾ ਭਾਵ ਸੁਖ ਸਮਰਿਧੀ ਬਰਸਦੀ ਹੈ। 'ਉਸ ਦੀ ਗੱਲ ਸੁਣ ਕੇ' ਮਨ ਵਿਚ ਭਾਉ ਕੀਤਾ ਅਰਥਾਤ ਦਾਨ ਪੁੰਨ ਸਮੇਤ ਤੀਰਥ ਯਾਤਰਾ 'ਤੇ ਹੋਣ ਵਾਲੇ ਖਰਚੇ ਤੇ ਮਿਲਣ ਵਾਲੇ ਲਾਭ ਦਾ ਹਿਸਾਬ ਲਾਇਆ। ਫਿਰ ਮਨ ਬਣਾਇਆ ਕਿ ਤੀਰਥ ਜਾ ਕੇ ਮਲ ਮਲ ਨਹਾਇਆ ਜਾਵੇ। ਜਦੋਂ ਕੋਈ ਲਾਭ ਨਾ ਹੋਇਆ ਤਾਂ (ਪ੍ਰੋਹਿਤ ਤੋਂ) ਪੁੱਛਿਆ, 'ਤੇਰੇ ਦੱਸਿਆਂ ਵਿਚੋਂ ਮੈਨੂੰ ਤਾਂ ਇਕ ਵੀ ਫਾਇਦਾ ਨਹੀਂ ਮਿਲਿਆ। ਗੁਣ ਪੈਦਾ ਕੀਤੇ ਬਿਨਾ ਭਗਤੀ ਕਰਨ ਦਾ ਅਰਥ ਹੀ ਕੋਈ ਨਹੀਂ।' (ਉਸ ਨੇ) ਬ੍ਰਹਮਾ ਦੀ ਭਾਸ਼ਾ ਭਾਵ ਸੰਸਕ੍ਰਿਤ 'ਚ ਇਹ ਕਹਿ ਕੇ ਟਾਲ ਦਿੱਤਾ, ਜਾਓ ਤੁਹਾਡੀ ਜੈ ਹੋ, ਸਦਾ ਖੁਸ਼-ਚਿਤ ਰਹੋ।"

ਗੁਰੂ ਸਾਹਿਬ ਪੁੱਛਦੇ ਹਨ, "ਕੀ ਤੀਰਥ ਅਸ਼ਨਾਨਾਂ ਦੇ ਗੁਣ ਦੱਸਣ ਵਾਲੇ ਨੂੰ, ਇਹ ਪਤਾ ਹੈ ਕਿ ਇਹ ਸ੍ਰਿਸ਼ਟੀ ਕਦੋਂ ਬਣੀ, ਕਿਹੜੇ ਵੇਲੇ ਤੇ ਕਿਹੜੇ ਤਿੱਥ ਵਾਰ ਨੂੰ ਬਣੀ ਅਤੇ ਇਸ ਦੇ ਬਣਨ ਵੇਲੇ ਕਿਹੜੀ ਰੁੱਤ ਤੇ ਕਿਹੜਾ ਮਹੀਨਾ ਸੀ? ਇਹ ਵੇਲਾ ਤਾਂ ਉਨ੍ਹਾਂ ਪੰਡਿਤਾਂ ਨੂੰ ਵੀ ਮਾਲੂਮ ਨਹੀਂ, ਜਿਨ੍ਹਾਂ ਕੋਲ ਪੁਰਾਣਾਂ ਦੀਆਂ ਲਿਖਤਾਂ ਪਈਆਂ ਹਨ। ਇਹ ਵੇਲਾ ਤਾਂ ਕਾਜ਼ੀ ਵੀ ਨਹੀਂ ਲੱਭ ਸਕੇ, ਜੋ ਕੁਰਾਨ ਦੀਆਂ ਕਾਪੀਆਂ ਲਿਖਦੇ ਹਨ। ਬ੍ਰਹਿਮੰਡ ਉਤਪਤੀ ਦੇ ਰੁੱਤ ਮਹੀਨੇ ਤੇ ਤਿੱਥ ਵਾਰ ਦਾ ਪਤਾ ਤਾਂ ਜੋਗ-ਧਿਆਨੀਆਂ ਨੂੰ ਵੀ ਨਹੀਂ। ਇਸ ਜਾਣਕਾਰੀ ਦਾ ਪਤਾ ਸਿਰਫ ਜੱਗ ਦੇ ਸਾਜਣਹਾਰ ਨੂੰ ਹੀ ਹੈ। ਫਿਰ ਇਹ ਉਸ ਵੱਡੇ ਪ੍ਰਭੁਤਵ ਵਾਲੇ ਸ੍ਰਿਸ਼ਟੀ ਦੇ ਰਚਣਹਾਰ ਦੀ ਕਾਰਜਸ਼ੈਲੀ ਨੂੰ ਆਪੇ ਕਿਵੇਂ ਦੱਸੀ ਜਾਂਦੇ ਹਨ, ਸਲਾਹੀ ਜਾਂਦੇ ਹਨ ਤੇ ਵਰਣਨ ਕਰੀ ਜਾਂਦੇ ਹਨ? ਹੇ ਨਾਨਕ, ਕੁਝ ਪਤਾ ਨਾ ਹੋਣ 'ਤੇ ਵੀ ਇਹ ਕੁਝ ਨਾ ਕੁਝ ਕਹੀ ਜਾਂਦੇ ਹਨ ਤੇ ਇਕ ਦੂਜੇ ਤੋਂ ਸਿਆਣੇ ਬਣੀ ਜਾਂਦੇ ਹਨ, ਪਰ ਅਗਲੇਰੀ ਪੜਤਾਲ ਵਿਚ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਨਿਤਰੇਗਾ।"

ਸੋ ਗੁਰੂ ਸਾਹਿਬ ਦਾ ਤਰਕ ਹੈ ਕਿ ਜੇ ਇਸ ਸੰਸਾਰ ਬਾਰੇ ਕਿਸੇ ਨੂੰ ਮੁਢਲੀ ਜਾਣਕਾਰੀ ਵੀ ਨਹੀਂ ਹੈ ਤਾਂ ਕੋਈ ਕਿਵੇਂ ਕਹਿ ਸਕਦਾ ਹੈ ਕਿ ਕਿਸੇ ਖਾਸ ਥਾਂ ਨਹਾਉਣ ਨਾਲ ਕੋਈ ਖਾਸ ਫਲ ਪ੍ਰਾਪਤ ਹੋਵੇਗਾ? ਤੀਰਥ ਅਸ਼ਨਾਨ ਦਾ ਇਹ ਸੰਕਲਪ ਹਉਮੈ ਆਧਾਰਤ ਤੇ ਮਨਘੜ੍ਹਤ ਹੈ। ਇਹ ਆਪੂੰ ਬਣੇ ਸਿਆਣਿਆਂ ਦੀ ਕੂੜੀ ਆਸਥਾ ਹੈ। ਜਿਸ ਭਗਤੀ ਕਾਰਜ ਦਾ ਕੋਈ ਲਾਭ ਨਹੀਂ, ਉਹ ਅੰਧਵਿਸ਼ਵਾਸ ਕਾਰਨ ਸਹੇੜੀ ਗੁਲਾਮੀ ਹੈ। ਇਸ ਲਈ ਇਸ ਬੇਬੁਨਿਆਦ ਭੇਡ ਚਾਲ ਨੂੰ ਨਕਾਰਨਾ ਚਾਹੀਦਾ ਹੈ। ਇਹ ਵਿਆਖਿਆ ਗੁਰੂ ਸਾਹਿਬ ਦੀ ਪ੍ਰਤਿਭਾ, ਇਤਿਹਾਸਕ ਪਰੀਪੇਖ ਤੇ ਦਾਰਸ਼ਨਿਕ ਨਜ਼ਰੀਏ ਅਨੁਸਾਰ ਸਹੀ ਬੈਠਦੀ ਹੈ।

ਇਸ ਦੇ ਉਲਟ ਅਜੋਕੇ ਸਿੱਖ ਵਿਦਵਾਨ ਇਸ ਪਉੜੀ ਨੂੰ ਇਸ ਦੇ ਪਿਛੋਕੜ ਤੋਂ ਨਿਖੇੜ ਕੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ। ਉਨ੍ਹਾਂ ਅਨੁਸਾਰ ਤੀਰਥ ਅਸ਼ਨਾਨ ਦਾ ਅਰਥ ਤੀਰਥਾਂ 'ਤੇ ਜਾ ਕੇ ਨਹਾਉਣਾ ਨਹੀਂ, ਸਗੋਂ ਰੱਬ ਦੀ ਭਗਤੀ ਵਿਚ ਲੀਨ ਹੋਣਾ ਹੈ। ਇਸ ਲਈ ਉਹ ਇਸ ਪਉੜੀ ਨੂੰ ਤੀਰਥ ਅਸ਼ਨਾਨਾਂ ਦੀ ਪ੍ਰਥਾ ਦੇ ਖੰਡਨ ਵਜੋਂ ਨਹੀਂ ਦੇਖਦੇ, ਸਗੋਂ ਵਿਸ਼ਾਲ ਸ੍ਰਿਸ਼ਟੀ ਦੇ ਮਾਲਕ ਦੀ ਪ੍ਰਸ਼ੰਸਾ ਵਿਚ ਸੁਰਤ ਜੋੜਨ ਦੀ ਪ੍ਰਾਪਤੀ ਵਜੋਂ ਦੇਖਦੇ ਹਨ। ਮਿਸਾਲ ਵਜੋਂ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, "ਤੀਰਥ ਜਾਤ੍ਰਾ, ਤਪਾਂ ਦੀ ਸਾਧਨਾ, (ਜੀਆਂ ਤੇ) ਦਇਆ ਕਰਨੀ, ਦਿੱਤਾ ਹੋਇਆ ਦਾਨ-(ਇਨ੍ਹਾਂ ਕਰਮਾਂ ਦੇ ਵੱਟੇ) ਜੇ ਕਿਸੇ ਮਨੁੱਖ ਨੂੰ ਕੋਈ ਵਡਿਆਈ ਮਿਲ ਭੀ ਜਾਏ, ਤਾਂ ਰਤਾ-ਮਾਤਰ ਹੀ ਮਿਲਦੀ ਹੈ। (ਪਰ ਜਿਸ ਮਨੁੱਖ ਨੇ ਅਕਾਲ ਪੁਰਖ ਦੇ ਨਾਮ ਵਿਚ) ਸੁਰਤ ਜੋੜੀ ਹੈ, (ਜਿਸ ਦਾ ਮਨ ਨਾਮ ਵਿਚ) ਪਤੀਜ ਗਿਆ ਹੈ ਅਤੇ ਜਿਸ ਨੇ ਆਪਣੇ ਮਨ ਵਿਚ (ਅਕਾਲ ਪੁਰਖ ਦਾ) ਪਿਆਰ ਜਮਾਇਆ ਹੈ, ਉਸ ਮਨੁੱਖ ਨੇ (ਮਾਨੋ) ਆਪਣੇ ਅੰਦਰਲੇ ਤੀਰਥ ਵਿਚ ਮਲ ਮਲ ਕੇ ਇਸ਼ਨਾਨ ਕਰ ਲਿਆ ਹੈ (ਭਾਵ, ਉਸ ਮਨੁੱਖ ਨੇ ਆਪਣੇ ਅੰਦਰ ਵੱਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲਈ ਹੈ)। (ਹੇ ਅਕਾਲ ਪੁਰਖ!) ਜੇ ਤੂੰ (ਆਪ ਆਪਣੇ) ਗੁਣ (ਮੇਰੇ ਵਿਚ) ਪੈਦਾ ਨਾਹ ਕਰੇਂ ਤਾਂ ਮੈਥੋਂ ਤੇਰੀ ਭਗਤੀ ਨਹੀਂ ਹੋ ਸਕਦੀ। ਮੇਰੀ ਕੋਈ ਪਾਂਇਆਂ ਨਹੀਂ (ਕਿ ਮੈਂ ਤੇਰੇ ਗੁਣ ਗਾ ਸਕਾਂ), ਇਹ ਸਭ ਤੇਰੀਆਂ ਹੀ ਵਡਿਆਈਆਂ ਹਨ। (ਹੇ ਨਿਰੰਕਾਰ!) ਤੇਰੀ ਸਦਾ ਜੈ ਹੋਵੇ! ਤੂੰ ਆਪ ਹੀ ਮਾਇਆ ਹੈਂ, ਤੂੰ ਆਪ ਹੀ ਬਾਣੀ ਹੈਂ, ਤੂੰ ਆਪ ਹੀ ਬ੍ਰਹਮਾ ਹੈਂ (ਭਾਵ, ਇਸ ਸ੍ਰਿਸ਼ਟੀ ਨੂੰ ਬਣਾਉਣ ਵਾਲੇ ਮਾਇਆ, ਬਾਣੀ ਜਾਂ ਬ੍ਰਹਮਾ ਤੈਥੋਂ ਵੱਖਰੀ ਹਸਤੀ ਵਾਲੇ ਨਹੀਂ ਹਨ, ਜੋ ਲੋਕਾਂ ਨੇ ਮੰਨ ਰੱਖੇ ਹਨ), ਤੂੰ ਸਦਾ-ਥਿਰ ਹੈਂ, ਸੋਹਣਾ ਹੈਂ, ਤੇਰੇ ਮਨ 'ਚ ਸਦਾ ਖਿੜਾਉ ਹੈ, (ਤੂੰ ਹੀ ਜਗਤ ਰਚਣ ਵਾਲਾ ਹੈਂ, ਤੈਨੂੰ ਹੀ ਪਤਾ ਹੈ ਤੂੰ ਕਦੋਂ ਬਣਾਇਆ)।"

"ਕਿਹੜਾ ਉਹ ਵੇਲਾ ਤੇ ਵਕਤ ਸੀ, ਕਿਹੜੀ ਤਿੱਥ ਸੀ, ਕਿਹੜਾ ਦਿਨ ਸੀ, ਕਿਹੜੀਆਂ ਉਹ ਰੁੱਤਾਂ ਸਨ ਅਤੇ ਕਿਹੜਾ ਉਹ ਮਹੀਨਾ ਸੀ, ਜਦੋਂ ਇਹ ਸੰਸਾਰ ਬਣਿਆ ਸੀ? (ਕਦੋਂ ਇਹ ਸੰਸਾਰ ਬਣਿਆ?) ਉਸ ਸਮੇਂ ਦਾ ਪੰਡਿਤਾਂ ਨੂੰ ਭੀ ਪਤਾ ਨਾ ਲੱਗਾ, ਤਾਂ (ਇਸ ਮਜ਼ਮੂਨ ਉਤੇ ਭੀ) ਇਕ ਪੁਰਾਣ ਲਿਖਿਆ ਹੁੰਦਾ। ਉਸ ਸਮੇਂ ਦੀ ਕਾਜ਼ੀਆਂ ਨੂੰ ਖਬਰ ਨਾ ਲੱਗ ਸਕੀ, ਨਹੀਂ ਤਾਂ ਉਹ ਲੇਖ ਲਿਖ ਦਿੰਦੇ ਜਿਵੇਂ ਉਨ੍ਹਾਂ ਨੇ (ਆਇਤਾਂ ਇਕੱਠੀਆਂ ਕਰ ਕੇ) ਕੁਰਾਨ (ਲਿਖਿਆ ਸੀ)। (ਜਦੋਂ ਜਗਤ ਬਣਿਆ ਸੀ ਤਦੋਂ) ਕਿਹੜੀ ਥਿੱਤ ਸੀ, (ਕਿਹੜਾ) ਵਾਰ ਸੀ, ਇਹ ਗੱਲ ਕੋਈ ਜੋਗੀ ਭੀ ਨਹੀਂ ਜਾਣਦਾ। ਕੋਈ ਮਨੁੱਖ ਨਹੀਂ (ਦੱਸ ਨਹੀਂ ਸਕਦਾ) ਕਿ ਤਦੋਂ ਕਿਹੜੀ ਰੁੱਤ ਸੀ ਅਤੇ ਕਿਹੜਾ ਮਹੀਨਾ ਸੀ। ਜੋ ਸਿਰਜਣਹਾਰ ਇਸ ਜਗਤ ਨੂੰ ਪੈਦਾ ਕਰਦਾ ਹੈ, ਉਹ ਆਪ ਹੀ ਜਾਣਦਾ ਹੈ (ਕਿ ਜਗਤ ਕਦੋਂ ਰਚਿਆ)। ਮੈਂ ਕਿਸ ਤਰ੍ਹਾਂ (ਅਕਾਲ ਪੁਰਖ ਦੀ ਵਡਿਆਈ) ਦੱਸਾਂ, ਕਿਸ ਤਰ੍ਹਾਂ ਅਕਾਲ ਪੁਰਖ ਦੀ ਸਿਫਤਿ ਸਾਲਾਹ ਕਰਾਂ, ਕਿਸ ਤਰ੍ਹਾਂ (ਅਕਾਲ ਪੁਰਖ ਦੀ ਵਡਿਆਈ) ਵਰਣਨ ਕਰਾਂ ਅਤੇ ਕਿਸ ਤਰ੍ਹਾਂ ਸਮਝ ਸਕਾਂ? ਹੇ ਨਾਨਕ! ਹਰੇਕ ਜੀਵ ਆਪਣੇ ਆਪ ਨੂੰ ਦੂਜੇ ਨਾਲੋਂ ਸਿਆਣਾ ਸਮਝ ਕੇ (ਅਕਾਲ ਪੁਰਖ ਦੀ ਵਡਿਆਈ) ਦੱਸਣ ਦਾ ਯਤਨ ਕਰਦਾ ਹੈ, (ਪਰ ਦੱਸ ਨਹੀਂ ਸਕਦਾ)। ਅਕਾਲ ਪੁਰਖ (ਸਭ ਤੋਂ) ਵੱਡਾ ਹੈ, ਉਸ ਦੀ ਵਡਿਆਈ ਉਚੀ ਹੈ। ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸੇ ਦਾ ਕੀਤਾ ਹੋ ਰਿਹਾ ਹੈ। ਹੇ ਨਾਨਕ! ਜੇ ਕੋਈ ਮਨੁੱਖ ਆਪਣੀ ਅਕਲ ਦੇ ਆਸਰੇ (ਪ੍ਰਭੂ ਦੀ ਵਡਿਆਈ ਦਾ ਅੰਤ ਪਾਉਣ ਦਾ) ਜਤਨ ਕਰੇ, ਉਹ ਅਕਾਲ ਪੁਰਖ ਦੇ ਦਰ 'ਤੇ ਜਾ ਕੇ ਆਦਰ ਨਹੀਂ ਪਾਉਂਦਾ, ਭਾਵ ਜਿਸ ਮਨੁੱਖ ਨੇ 'ਨਾਮ ਵਿਚ ਚਿੱਤ ਜੋੜਿਆ ਹੈ, ਜਿਸ ਨੂੰ ਸਿਮਰਨ ਦੀ ਲਗਨ ਲੱਗ ਗਈ ਹੈ, ਜਿਸ ਦੇ ਮਨ ਵਿਚ ਪ੍ਰਭੂ ਦਾ ਪਿਆਰ ਉਪਜਿਆ ਹੈ, ਉਸ ਦੀ ਆਤਮਾ ਸ਼ੁੱਧ ਪਵਿੱਤਰ ਹੋ ਜਾਂਦੀ ਹੈ; ਪਰ ਇਹ ਭਗਤੀ ਉਸ ਦੀ ਮਿਹਰ ਨਾਲ ਹੀ ਮਿਲਦੀ ਹੈ। ਬੰਦਗੀ ਦਾ ਇਹ ਸਿੱਟਾ ਨਹੀਂ ਹੋ ਸਕਦਾ ਕਿ ਮਨੁੱਖ ਇਹ ਦੱਸ ਸਕੇ, ਜਗਤ ਕਦੋਂ ਬਣਿਆ? ਨਾ ਪੰਡਿਤ, ਨਾ ਕਾਜ਼ੀ, ਨਾ ਜੋਗੀ-ਕੋਈ ਇਹ ਭੇਤ ਨਹੀਂ ਪਾ ਸਕੇ। ਪਰਮਾਤਮਾ ਬੇਅੰਤ ਵੱਡਾ ਹੈ। ਉਸ ਦੀ ਵਡਿਆਈ ਭੀ ਬੇਅੰਤ ਹੈ, ਉਸ ਦੀ ਰਚਨਾ ਭੀ ਬੇਅੰਤ ਹੈ।"

ਇਸ ਵਿਦਵਾਨ ਦੀ ਵਿਆਖਿਆ 'ਤੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਦੀਆਂ ਜੜ੍ਹਾਂ ਹੀ ਜ਼ਮੀਨ 'ਤੇ ਨਹੀਂ ਹਨ। ਸਾਰੀ ਪਉੜੀ ਵਿਚ ਗੁਰੂ ਸਾਹਿਬ ਨੇ ਪ੍ਰਭੂ ਭਗਤੀ ਦਾ ਜ਼ਿਕਰ ਨਹੀਂ ਕੀਤਾ, ਪਰ ਇਹ ਵਿਦਵਾਨ ਇਸ ਨੂੰ ਇਸ ਦਾ ਕੇਂਦਰੀ ਮੁੱਦਾ ਬਣਾਈ ਬੈਠਾ ਹੈ। ਪ੍ਰਭੂ ਭਗਤੀ ਵਿਚ ਲੀਨ ਹੋਣ ਦੀ ਇਹ ਤੀਰਥ ਅਸ਼ਨਾਨ ਨਾਲ ਤੁਲਨਾ ਕਰਦਾ ਹੈ। ਇਸ ਲਈ ਇਹ ਤੀਰਥ ਅਸ਼ਨਾਨਾਂ ਦੀ ਕਦਰ ਕਰਦਾ ਹੈ, ਦਾਨ ਦਾ ਫਲ ਮੰਨਦਾ ਹੈ ਤੇ ਬ੍ਰਹਮਾ ਦੀ ਹੋਂਦ ਵਿਚ ਯਕੀਨ ਬੰਨਾਉਂਦਾ ਹੈ। ਇਹ ਵਿਦਵਾਨ ਟੀਕਾ ਕਰਨ ਲੱਗਿਆਂ ਉਥੇ ਵੀ ਪਰਮਾਤਮਾ ਲਿਖ ਦਿੰਦਾ ਹੈ, ਜਿੱਥੇ ਗੁਰੂ ਸਾਹਿਬ ਨੇ ਕੁਝ ਵੀ ਨਾ ਲਿਖਿਆ ਹੋਵੇ। ਗੁਰੂ, ਕਰਤਾਰ, ਨਿਰੰਕਾਰ ਜਾਂ ਬੇਅੰਤ ਲਿਖਿਆ ਕਿਤੇ ਮਿਲ ਜਾਵੇ ਸਹੀ, ਇਹ ਝੱਟ ਆਪਣੀ "ਪਾਇਆਂ" ਪਰਖਣ ਲਗ ਜਾਂਦਾ ਹੈ!

ਜੇ ਅਜਿਹੇ ਵਿਦਵਾਨਾਂ ਨੂੰ ਦਇਆ, ਦਾਨ, ਭਗਤਿ, ਤੀਰਥ, ਤਪ, ਗੁਣ, ਸਤਿ, ਅਗੈ, ਸੋਹੈ, ਆਦਿ ਕਿਸੇ ਸ਼ਬਦ ਵਾਲੀ ਤੁਕ ਮਿਲ ਜਾਵੇ, ਤਾਂ ਇਹ ਪ੍ਰਭੂ ਤਾਂ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਕੋਲੋਂ ਹੀ ਜੋੜ ਲੈਂਦੇ। ਗੁਰਬਾਣੀ ਦੀ ਇਬਾਰਤ ਤੇ ਇਸ ਦੀ ਸਮਾਜਕ ਪ੍ਰਸੰਗਤਾ ਵੱਲ ਇਨ੍ਹਾਂ ਦਾ ਧਿਆਨ ਘੱਟ ਹੀ ਜਾਂਦਾ ਹੈ। ਸਿੱਟਾ ਸਾਹਮਣੇ ਹੈ ਕਿ ਜਿਸ ਤੀਰਥ ਅਸ਼ਨਾਨ ਨੂੰ ਗੁਰੂ ਸਾਹਿਬ ਨੇ ਅੰਧਕਾਰਮਈ ਮੱਧ ਕਾਲ ਵਿਚ ਵੀ ਅਰਥਹੀਣ ਕਹਿ ਕੇ ਨਕਾਰਿਆ, ਉਸ ਨੂੰ ਇਹ ਵਿਗਿਆਨਕ ਯੁਗ ਵਿਚ ਵੀ ਪ੍ਰਭੂ ਭਗਤੀ ਦੇ ਤੁੱਲ ਦੱਸ ਰਹੇ ਹਨ!

# ਭਾਈ ਰਣਜੀਤ ਸਿੰਘ ਢੱਡਰੀਆਂ ਦੇ ਨਾਮ ਖੁੱਲ੍ਹੀ ਚਿੱਠੀ

ਸਤਿਕਾਰ ਯੋਗ ਭਾਈ ਸਾਹਿਬ ਜੀਉ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਭਾਈ ਸਾਹਿਬ ਮੈਂ ਤੁਹਾਡਾ ਪ੍ਰਸ਼ੰਸਕ ਵੀ ਹਾਂ ਤੇ ਸ਼ੁੱਭਚਿੰਤਕ ਵੀ। ਮੇਰੀ ਇਹ ਮਾਨਤਾ ਰਹੀ ਹੈ ਕਿ ਤੁਸੀਂ ਕਿਸੇ ਉਚੇਰੀ ਰੱਬੀ ਬਖ਼ਸ਼ਿਸ਼ ਦੇ ਪਾਤਰ ਹੋ। ਸਿੱਖ ਧਰਮ ਅੰਦਰ ਤੁਹਾਡੀ ਵਿਸ਼ਵ ਵਿਆਪੀ ਪਛਾਣ ਹੈ। ਤੁਹਾਡੇ ਚਿਹਰੇ ਉਪਰਲਾ ਨੂਰ, ਤੁਹਾਡੀ ਆਵਾਜ਼ ਅੰਦਰ ਜਾਦੂਈ ਸੰਗੀਤਕ ਸੁਰ ਤੇ ਬੇਬਾਕ ਬੋਲਣ ਸ਼ੈਲੀ ਸਿੱਖ ਸੰਗਤਾਂ ਲਈ ਚੁੰਬਕੀ ਖਿੱਚ ਦਾ ਕਾਰਨ ਬਣੀਆਂ ਹਨ।

ਇਹ ਵੀ ਹਕੀਕਤ ਹੈ ਕਿ ਜਦੋਂ ਕਿਸੇ ਵੀ ਵਿਅਕਤੀ ਦੀ ਪਛਾਣ ਤੇ ਮਾਨਤਾ ਦਾ ਚੋਲਾ ਵੱਡਾ ਹੁੰਦਾ ਜਾਵੇ ਤਾਂ ਨਾਲ ਹੀ ਆਸ-ਪਾਸ ਤੋਂ ਈਰਖਾ ਦੇ ਕੰਡੇ ਲੱਗਣ ਦੀ ਸੰਭਾਵਨਾ ਵੀ ਵਧਣ ਲੱਗਦੀ ਹੈ। ਅਜਿਹੇ ਸਮੇਂ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਤੇ ਸੁਚੇਤਤਾ ਬਹੁਤ ਵਧ ਜਾਂਦੀ ਹੈ ਕਿ ਵੱਡੇ ਹੋ ਰਹੇ ਚੋਲੇ ਦੇ ਫੈਲਾਉ ਉਪਰ ਇਸ ਦਾ ਅਸਰ ਨਾ ਪਵੇ ਤੇ ਕੰਡੇ ਲੱਗਣ ਦੀ ਸੰਭਾਵਨਾ ਨੂੰ ਵੀ ਸੰਕੋਚਿਆ ਜਾਵੇ ਪਰ ਕਈ ਵਾਰੀ ਜਦੋਂ ਈਰਖਾ ਹੜ੍ਹ ਦੇ ਪਾਣੀ ਵਾਂਗ ਖਤਰੇ ਦੇ ਨਿਸ਼ਾਨ ਨੂੰ ਪਾਰ ਕਰਦੀ ਦਿਸੇ ਤਾਂ ਭਲਾਈ ਹਰ ਤਰ੍ਹਾਂ ਦੇ ਕੀਤੇ ਉਪਰਾਲੇ ਵਿਚ ਹੀ ਹੁੰਦੀ ਹੈ। ਪਰ ਜੇ ਅਸੀਂ ਆਪ ਵੀ ਉਸ ਸਥਿਤੀ ਨੂੰ ਅਣਗੌਲਿਆ ਕਰੀਏ ਤੇ ਆਪਣੇ ਸਿਆਣੇ ਤੇ ਹਮਦਰਦ ਲੋਕਾਂ ਦੇ ਸੁਝਾਵਾਂ ਨੂੰ ਵੀ ਮੰਨਣ ਤੋਂ ਇਨਕਾਰੀ ਰਹੀਏ ਤੇ ਸਿਰਫ ਆਪਣੀ ਜ਼ਿਦ ਜਾਂ ਅੜੀ ਨੂੰ ਆਪਣੇ ਆਤਮ ਵਿਸ਼ਵਾਸ ਨਾਲ ਜੋੜ ਕੇ ਅਵੇਸਲੇ ਜਾਂ ਬੇਪਰਵਾਹ ਰਹੀਏ ਤਾਂ ਅਕਸਰ ਹੀ ਨੁਕਸਾਨ ਦੀ ਸੰਭਾਵਨਾ ਯਕੀਨੀ ਲੱਗਣ ਲੱਗ ਪੈਂਦੀ ਹੈ।

ਇਰਾਨ ਦੇ ਪੁਰਾਤਨ ਦਰਵੇਸ਼ ਸ਼ਾਇਰ ਸ਼ੇਖ ਸਾਅਦੀ ਨੇ ਆਪਣੇ ਇੱਕ ਕਾਵਿਕ ਕਲਾਮ ਵਿਚ ਲਿਖਿਆ ਹੈ ਕਿ ਮੈਂ ਅਕਸਰ ਆਪਣੇ ਮਿੱਤਰਾਂ ਤੇ ਪ੍ਰਸ਼ੰਸਕਾਂ ਤੋਂ ਬਹੁਤ ਭੈਭੀਤ ਰਹਿੰਦਾ ਹਾਂ ਕਿਉਂਕਿ ਉਹ ਮੇਰੀਆਂ ਚੰਗੀਆਈਆਂ ਨੂੰ ਏਨਾ ਉਭਾਰ ਕੇ ਪੇਸ਼ ਕਰਦੇ ਹਨ ਕਿ ਮੈਨੂੰ ਮੇਰੇ ਗੁਨਾਹਾਂ ਤੇ ਮੇਰੀਆਂ ਕਮਜ਼ੋਰੀਆ ਦਾ ਅਹਿਸਾਸ ਹੀ ਨਹੀਂ ਹੋਣ ਦਿੰਦੇ। ਉਸ ਨੇ ਇਹ ਵੀ ਕਿਹਾ ਹੈ ਕਿ ਮੈਨੂੰ ਅਕਸਰ ਹੀ ਆਪਣੇ ਦੁਸ਼ਮਣ ਚੰਗੇ ਲੱਗਦੇ ਹਨ ਕਿਉਂਕਿ ਉਹ ਮੇਰੀਆਂ ਊਣਤਈਆਂ ਤੇ ਕਮਜ਼ੋਰੀਆਂ ਨੂੰ ਏਨਾ ਉਭਾਰ ਕੇ ਪੇਸ਼ ਕਰਦੇ ਹਨ ਜਿਸ ਕਾਰਨ ਮੇਰੀ ਸੁਚੇਤਤਾ ਹੋਰ ਸੂਖਮ ਹੁੰਦੀ ਹੈ ਕਿ ਮੇਰੇ ਪਾਸੋਂ ਅਗਾਂਹ ਤੋਂ ਕੋਈ ਗਲਤੀ ਨਾ ਹੋਵੇ ਪਰ ਤੁਹਾਡਾ ਵਤੀਰਾ ਬਿਲਕੁਲ ਉਲਟ ਹੈ। ਤੁਸੀਂ ਆਪਣੇ ਪ੍ਰਸ਼ੰਸਕਾਂ ਤੋਂ ਬਲਿਹਾਰੇ ਜਾਂਦੇ ਹੋ ਤੇ ਆਪਣੇ ਆਲੋਚਕਾਂ ਜਾਂ ਵਿਚਾਰਧਾਰਕ ਵਿਰੋਧੀਆਂ ਦੇ ਵਿਰੋਧ ਵਿਚ ਬਿਆਨਬਾਜ਼ੀ ਦਾ ਕੋਈ ਮੌਕਾ ਨਹੀਂ ਗੁਆਉਂਦੇ। ਜ਼ਰੂਰੀ ਨਹੀਂ ਕਿ ਤੁਹਾਡੇ ਵਿਰੋਧੀਆਂ ਦੀਆਂ ਸਾਰੀਆਂ ਸੱਟਾਂ ਚਿੱਬ ਪਾਉਣ ਲਈ ਹੀ ਹੋਣ ਸਗੋਂ ਚਿੱਬ ਕੱਢਣ ਲਈ ਵੀ ਸਹਾਈ ਹੋ ਸਕਦੀਆਂ ਹਨ, ਪਰ ਤੁਹਾਡੇ ਵਲੋਂ ਸਿਰਜਣ ਕੀਤੇ ਵਾਤਾਵਰਨ ਨੇ ਤੁਹਾਡੇ ਸਮਰਥਕਾਂ ਤੇ ਵਿਰੋਧੀਆਂ ਦੀਆਂ ਦੋ ਧਿਰਾਂ ਆਹਮੋ-ਸਾਹਮਣੇ ਦੁਸ਼ਮਣਾਂ ਵਾਂਗ ਖੜ੍ਹੀਆਂ ਕਰ ਦਿੱਤੀਆਂ ਹਨ।

ਮੈਂ ਨਾ ਤਾਂ ਤੁਹਾਡਾ ਮਿੱਤਰ ਹਾਂ ਤੇ ਨਾ ਹੀ ਦੁਸ਼ਮਣ ਸਗੋਂ ਇੱਕ ਪੰਥ ਦਰਦੀ ਹਾਂ ਜੋ ਬਾਕੀ ਦੇ ਪੰਥ ਦਰਦੀਆਂ ਵਾਂਗ ਸਿੱਖ ਪੰਥ ਅੰਦਰ ਬਣੀ ਇਸ ਵਿਵਾਦ ਵਾਲੀ ਹਾਲਤ ਤੋਂ ਪੀੜਤ ਵੀ ਹਾਂ ਤੇ ਇਸ ਦੇ ਸੁਖਦ ਹੱਲ ਲਈ ਆਸਵੰਦ ਵੀ।

ਤੁਹਾਡੀ ਸੋਚ ਅੰਦਰ ਆਈ ਇਸ ਅੰਚਭਿਤ ਤਬਦੀਲੀ ਕਾਰਨ ਵਿਵਾਦ ਵਾਲਾ ਜਿਹੜਾ ਵਾਤਾਵਰਨ ਪੈਦਾ ਹੋਇਆ ਹੈ, ਉਸ ਨੇ ਵੱਖ ਵੱਖ ਸੋਚ ਉਪਰ ਆਧਾਰਤ ਕਈ ਧਿਰਾਂ ਨੂੰ ਜਨਮ ਦਿੱਤਾ। ਪਹਿਲੀ ਉਹ ਧਿਰ ਹੈ ਜਿਹੜੀ ਉਸ ਸੋਚ ਦੇ ਵਿਰੁਧ ਹੈ ਜਿਸ ਸੋਚ ਨੇ ਵੱਡੀਆਂ ਧਾਰਮਿਕ ਸੰਸਥਾਵਾਂ ਉਪਰ ਕਾਬਜ਼, ਸਤਿਕਾਰਯੋਗ ਰੁਤਬਿਆਂ ਦੇ ਮਾਲਕ ਲੋਕਾਂ ਵਲੋਂ ਪੰਥ ਪ੍ਰਵਾਨਤ ਗੌਰਵ ਭਰਪੂਰ ਮਾਨਵਤਾ ਦਾ ਘਾਣ ਕੀਤਾ, ਤੇ ਜਾਂ ਉਨ੍ਹਾਂ ਨੂੰ ਹੁੰਦਿਆਂ ਦੇਖ ਕੇ ਅੱਖਾਂ ਮੀਟੀ ਰੱਖੀਆਂ। ਤੁਹਾਡੇ ਵਲੋਂ ਤੁਹਾਡੇ ਤਰੀਕੇ ਨਾਲ ਕੀਤੇ ਮਾਰਗ ਦਰਸ਼ਨ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ। ਦੂਜੀ ਉਹ ਧਿਰ ਹੈ ਜਿਹੜੀ ਸਥਾਪਤ ਧਾਰਮਿਕ ਮਾਨਤਾਵਾਂ ਉਪਰ ਕਿਸੇ ਵੀ ਸੱਟ ਤੋਂ ਬੇਚੈਨ ਹੁੰਦੀ ਹੈ ਜਾਂ ਹੋ ਰਹੀ ਹੈ; ਤੇ ਇਹ ਵੀ ਸੁਭਾਵਕ ਹੈ ਕਿ ਨਾਰਾਜ਼ ਵਿਅਕਤੀ ਜਾਂ ਧਿਰ ਦਾ ਵਿਰੋਧ ਅਕਸਰ ਜ਼ਿਆਦਾ ਸਖਤ ਹੁੰਦਾ ਹੈ। ਤੀਜੀ ਧਿਰ ਹੈ ਜੋ ਇਸ ਵਿਚਾਰਧਾਰਕ ਟਕਰਾਓ ਤੋਂ ਦੁਖੀ ਵੀ ਹੈ ਤੇ ਬੇਵਸ ਵੀ। ਉਨ੍ਹਾਂ ਦੀ ਸੁਰ ਬੇਸ਼ਕ ਦਬਵੀਂ ਹੈ ਪਰ ਉਨ੍ਹਾਂ ਦੀ ਨੀਯਤ ਵਿਚ ਇਮਾਨਦਾਰੀ ਹੈ। ਉਹ ਚਾਹੁੰਦੇ ਹਨ ਕਿ ਪੰਥ ਅੰਦਰ ਚੱਲ ਰਹੇ ਇਸ ਵਿਚਾਰਧਾਰਕ ਤਮਾਸ਼ੇ ਦੇ ਭਾਂਬੜ ਨੂੰ ਜੇ ਉਹ ਬੁਝਾ ਨਾ ਵੀ ਸਕਣ, ਤਾਂ ਘੱਟੋ-ਘੱਟ ਇਸ ਨੂੰ ਸ਼ਾਂਤ ਜ਼ਰੂਰ ਕੀਤਾ ਜਾਵੇ। ਉਨ੍ਹਾਂ ਦੀ ਸੋਚ ਹੈ ਕਿ ਅੱਗ ਨਾਲ ਅੱਗ ਨਹੀਂ ਬੁਝਣੀ ਪਰ ਉਸ ਦੀ ਲਪੇਟ ਵਿਚ ਆ ਜਾਣਾ ਬਹੁਤ ਸੰਭਵ ਹੈ। ਚੌਥੀ ਧਿਰ ਹੈ ਪੰਜਾਬੀ, ਖਾਸ ਕਰ ਕੇ ਸਿੱਖ ਮੀਡੀਆ ਦੀ। ਇਸ ਮੁੱਦੇ ਨਾਲ ਨਜਿਠਣ ਦੇ ਵਰਤਾਰੇ ਤੋਂ ਜ਼ਿਆਦਾਤਰ ਤਾਂ ਉਨ੍ਹਾਂ ਦੇ ਪੇਸ਼ੇ ਦੇ ਨਿੱਜੀ ਮੁਫਾਦ ਹਨ, ਫਿਰ ਵੀ ਪ੍ਰਤੀਤ ਹੁੰਦਾ ਹੈ ਕਿ ਕਈ ਪੱਤਰਕਾਰ ਬੜੀ ਸੰਜੀਦਗੀ ਤੇ ਸੁਹਿਰਦਤਾ ਨਾਲ ਇਨ੍ਹਾਂ ਮੁਦਿਆਂ ਦੇ ਮੂਲ ਕਾਰਨਾਂ ਦੇ ਧਰਾਤਲ ਤੱਕ ਪਹੁੰਚਣ ਦੀ ਕੋਸ਼ਿਸ਼ ਜ਼ਰੂਰ ਕਰ ਰਹੇ ਹਨ।

ਜਦੋਂ ਤੁਸੀਂ ਦੂਜੇ ਪ੍ਰਚਾਰਕਾਂ ਅਤੇ ਰੁਤਬਿਆਂ 'ਤੇ ਬੈਠੀਆਂ ਧਾਰਮਿਕ ਸ਼ਖ਼ਸੀਅਤਾਂ ਨੂੰ ਪੰਥਕ ਵਿਵਾਦ ਵਾਲੇ ਮੁੱਦਿਆਂ ਨਾਲ ਜੋੜ ਕੇ ਬੋਲਦੇ ਹੋ ਤਾਂ ਤੁਹਾਡਾ ਮੁਖਾਤਬ ਹੋਣ ਦਾ ਤਰੀਕਾ, ਸਲੀਕਾ ਤੇ ਭਾਸ਼ਾ ਦੀ ਮਰਯਾਦਾ ਦੀ ਬੇਵਜ੍ਹਾ ਉਲੰਘਣਾ ਤੁਹਾਡੇ ਵਿਰੋਧ ਦਾ ਵੱਡਾ ਕਾਰਨ ਬਣਦੀਆਂ ਹਨ। ਸਾਡੀਆਂ ਪੁਰਾਤਨ ਧਾਰਮਿਕ ਸੰਸਥਾਵਾਂ ਦਾ ਆਪਣਾ ਇਤਿਹਾਸਕ ਗੌਰਵ ਹੈ ਜਿਸ ਉਪਰ ਸਿੱਖ ਮਾਣ ਕਰਦੇ ਹਨ। ਸਾਡੇ ਭਾਈਚਾਰੇ ਦੇ ਧਾਰਮਿਕ ਮੁਖੀਆਂ ਨੇ ਭਾਵੇਂ ਕਈ ਵਾਰੀ ਮਜਬੂਰੀਆਂ ਜਾਂ ਮੁਫਾਦਾਂ ਕਾਰਨ ਅਤਿ ਜ਼ਰੂਰੀ ਮੌਕਿਆਂ ਉਪਰ ਸਹੀ ਤਰਜਮਾਨੀ ਨਹੀਂ ਕੀਤੀ, ਫਿਰ ਵੀ ਉਨ੍ਹਾਂ ਰੁਤਬਿਆਂ 'ਤੇ ਬੈਠਣ ਵਾਲੇ ਹਰ ਸ਼ਖਸ ਨੂੰ ਆਪਣੀ ਨੁਕਤਾਚੀਨੀ ਦਾ ਕਾਰਨ ਬਣਾ ਕੇ ਨਿੰਦਣਾ ਵੀ ਵਾਜਬ ਨਹੀਂ। ਲਗਾਤਾਰ ਆਲੋਚਨਾ ਉਨ੍ਹਾਂ ਸੰਸਥਾਵਾਂ ਦੇ ਮਹੱਤਵ ਨੂੰ ਠੇਸ ਦਾ ਕਾਰਨ ਵੀ ਬਣਦੀ ਹੈ। ਦੂਸਰਾ ਤੁਸੀਂ ਪੁਰਾਤਨ ਧਾਰਮਿਕ ਤੇ ਇਤਿਹਾਸਕ ਸਰੋਤਾਂ ਨਾਲ ਸਬੰਧਤ ਗ੍ਰੰਥਾਂ ਅੰਦਰਲੀ ਇਤਰਾਜ਼ਯੋਗ ਸਮੱਗਰੀ ਦੀ ਗੱਲ ਕਰਦੇ ਸਮੇਂ ਵੀ ਸਾਰੀ ਜ਼ਿੰਮੇਵਾਰੀ ਮੌਜੂਦਾ ਪ੍ਰਬੰਧਕੀ ਧਾਰਮਿਕ ਸਿਸਟਮ ਤੇ ਸ਼ਖ਼ਸੀਅਤਾਂ ਉਪਰ ਥੋਪਦੇ ਹੋ। ਇਸ ਵਿਚ ਕਾਫੀ ਸੱਚਾਈ ਹੈ ਕਿ ਪੁਰਾਤਨ ਸਿੱਖ ਇਤਿਹਾਸ ਜਾਂ ਧਰਮ ਨਾਲ ਸਬੰਧਤ ਲਿਖੇ ਗ੍ਰੰਥਾਂ ਅੰਦਰ ਕਈ ਇਤਰਾਜ਼ਯੋਗ ਲਿਖਤਾਂ ਹਨ ਜਿਨ੍ਹਾਂ ਬਾਰੇ ਸੰਜੀਦਾ ਖੋਜ-ਪੜਤਾਲ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਦਾ ਗੁਰੂ ਸਿਧਾਂਤ ਮੁਤਾਬਕ ਨਿਰਣਾ ਹੋ ਜਾਣਾ ਚਾਹੀਦਾ ਹੈ। ਪੰਥਕ ਮਰਯਾਦਾ ਮੁਤਾਬਕ ਦਬਾਓ ਵੀ ਬਣਾਉਣਾ ਚਾਹੀਦਾ ਹੈ ਕਿ ਹੱਲ ਜਲਦੀ ਸੰਭਵ ਹੋ ਸਕੇ। ਭਾਈ ਸਾਹਿਬ, ਕੋਈ ਸਭਿਅਕ ਵਿਅਕਤੀ ਜਾਂ ਅਦਾਰਾ ਆਪਣੀਆਂ ਕਮਜ਼ੋਰੀਆਂ ਨੂੰ ਉਛਾਲਣ ਦੀ ਬਜਾਏ ਉਨੀ ਦੇਰ ਤੱਕ ਲਕੋਣ ਦੀ ਕੋਸ਼ਿਸ਼ ਕਰਦਾ ਹੈ ਜਿੰਨੀ ਦੇਰ ਕੋਈ ਯੋਗ ਹੱਲ ਨਾ ਕਰ ਲਿਆ ਜਾਵੇ ਪਰ ਤੁਸੀਂ ਤਾਂ ਆਪਣੇ ਪੰਥ ਦੀਆਂ (ਤੁਹਾਡੇ ਮੁਤਾਬਕ) ਕਮਜ਼ੋਰੀਆਂ ਨੂੰ ਹਜ਼ਾਰਾਂ ਤੇ ਲੱਖਾਂ ਦੇ ਇਕੱਠ ਵਿਚ ਜਿਵੇਂ ਬਿਆਨਦੇ ਹੋ, ਉਸ ਨਾਲ ਸ਼ਰਧਾਵਾਨ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਵੀ ਪਹੁੰਚਦੀ ਹੈ ਤੇ ਪੰਥ ਦੋਖੀਆਂ ਦੀ ਖੁਸ਼ੀ ਤੇ ਮਜ਼ਾਕ ਦਾ ਸਬੱਬ ਵੀ ਬਣਦੇ ਹੋ।

ਇਹ ਵੀ ਦੇਖਣ ਵਿਚ ਆਇਆ ਹੈ ਜਿਹੜਾ ਵੀ ਵਿਅਕਤੀ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦਾ, ਜਾਂ ਬੜੀ ਸੁਹਿਰਦਤਾ ਨਾਲ ਤੁਹਾਨੂੰ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕਰੇ ਕਿ ਜੋ ਤੁਸੀਂ ਕਹਿੰਦੇ ਹੋ ਜਾਂ ਪ੍ਰਚਾਰਦੇ ਹੋ, ਸਿਰਫ ਉਹੀ ਸੱਚ ਨਹੀਂ ਜਾਂ ਕਈ ਵਿਦਵਾਨ ਲੋਕ ਇਨ੍ਹਾਂ ਵਿਚਾਰਾਂ ਦੇ ਟਕਰਾਓ ਨੂੰ ਸ਼ਾਂਤ ਕਰਨ ਲਈ ਕਿਸੇ ਵਿਚੋਲਗੀ ਦੀ ਗੱਲ ਕਰਦੇ ਹਨ ਤਾਂ ਤੁਸੀਂ ਉਨ੍ਹਾਂ ਦੀ ਗੱਲ ਨੂੰ ਵਿਚਾਰਨ ਜਾਂ ਉਨ੍ਹਾਂ ਨਾਲ ਮਸ਼ਵਰਾ ਕਰਨ ਦੀ ਥਾਂ ਆਪਣੀਆਂ ਨਿੰਦਣਯੋਗ ਦਲੀਲਾਂ ਨਾਲ ਆਪਣੀ ਸਥਿਤੀ ਨੂੰ ਸਹੀ ਦੱਸਣ ਦਾ ਉਪਰਾਲਾ ਕਰਦੇ ਹੋ, ਉਨ੍ਹਾਂ ਦੇ ਸੁਝਾਵਾਂ ਨੂੰ ਆਪਣੀਆਂ ਦਲੀਲਾਂ ਨਾਲ ਕੱਟਦੇ ਹੋ। ਤੁਹਾਡੇ ਇਸ ਵਰਤਾਰੇ ਤੋਂ ਇੰਜ ਲੱਗਦਾ ਹੈ ਜਿਵੇਂ ਸਮੁੱਚੇ ਧਾਰਮਿਕ ਸਿੱਖ ਜਗਤ ਅੰਦਰ ਤੁਹਾਡੇ ਤੋਂ ਵੱਧ ਸੋਝੀਵਾਨ ਸ਼ਾਇਦ ਕੋਈ ਵੀ ਨਹੀਂ ਜੋ ਨਿਰਪੱਖਤਾ ਨਾਲ ਤੇ ਗੁਰੂ ਦੇ ਕੀਤੇ ਮਾਰਗ ਦਰਸ਼ਨ ਦੁਆਰਾ ਇਸ ਬੇਵਜ੍ਹਾ ਉਲਝੀ ਪਹੇਲੀ ਨੂੰ ਸੁਲਝਾ ਸਕੇ। ਤੁਹਾਡੇ ਵਰਤਾਰੇ ਤੋਂ ਕਿਸੇ ਸ਼ਾਇਰ ਦੇ ਇਹ ਬੋਲ ਲਿਖਣਾ ਚਾਹਾਂਗਾ:

ਨਾ ਜਾਨੇ ਕਿਤਨੇ ਰਿਸ਼ਤੇ ਖਤਮ ਕਰ ਦੀਏ ਇਸ ਭਰਮ ਨੇ
ਕਿ ਮੈਂ ਹੀ ਸਹੀ ਹੂ ਔਰ ਸਿਰਫ ਮੈਂ ਹੀ ਸਹੀ ਹੂੰ।

ਤੁਸੀਂ ਅਕਸਰ 'ਗਿਆਨ ਹੀ ਗੁਰੂ ਹੈ', ਦੀ ਗੱਲ ਕਰ ਕੇ ਬਹੁਤ ਸਾਰੀਆ ਸਥਾਪਤ ਪੰਥ ਪ੍ਰਵਾਨਤ ਮਾਨਤਾਵਾਂ ਉਪਰ ਸੱਟ ਮਾਰਦੇ ਹੋ। ਹਰ ਗਿਆਨ ਅਤੇ ਉਸ ਗਿਆਨ ਨੂੰ ਦੇਣ ਵਾਲਾ ਗੁਰੂ ਨਹੀਂ ਹੋ ਸਕਦਾ। ਬਹੁਤੇ ਸਿਆਣੇ ਲੋਕ ਜ਼ਿੰਦਗੀ ਨੂੰ ਬਿਹਤਰ ਢੰਗ ਜਿਉਣ ਦੇ ਦਿਸ਼ਾ-ਨਿਰਦੇਸ਼ ਦੇ ਸਕਦੇ ਹਨ ਪਰ ਧਾਰਮਿਕ ਗੁਰੂ ਤੁਹਾਡਾ ਲੋਕ ਵੀ ਬਿਹਤਰ ਕਰਦਾ ਹੈ ਤੇ ਪਰਲੋਕ ਵੀ। ਤੁਸੀਂ ਪੰਡਿਤ ਤੇ ਰਿਸ਼ੀ ਦੇ ਫਰਕ ਨੂੰ ਬਹੁਤ ਚੰਗੀ ਤਰਾਂ ਸਮਝਦੇ ਹੋਵੋਗੇ। ਤੁਹਾਨੂੰ ਪਤਾ ਕਿ ਧਾਰਮਿਕ ਵਿਦਵਾਨਾਂ ਅਤੇ ਅਨੁਭਵੀ ਧਾਰਮਿਕ ਪੁਰਸ਼ ਦਾ ਕੀ ਫਰਕ ਹੁੰਦਾ ਹੈ। ਤੁਸੀਂ ਵਿਚਾਰਿਆ ਹੋਣਾ ਹੈ ਕਿ ਕਿਵੇਂ ਵਿਦਵਾਨ ਅਤੇ ਪੰਡਿਤ ਲੋਕ ਹਮੇਸ਼ਾ ਅਨੁਭਵੀ ਮਹਾਂ ਪੁਰਸ਼ਾਂ ਤੇ ਗੁਰੂਆਂ ਦੇ ਕਟਾਖਸ਼ ਦਾ ਨਿਸ਼ਾਨਾ ਬਣੇ ਰਹੇ। ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਤੁਹਾਡੇ ਗਿਆਨ ਭਰੇ ਬੋਲਾਂ ਵਿਚ ਵਿਦਵਤਾ ਹੈ ਪਰ ਅਨੁਭਵ ਦੀ ਘਾਟ ਹੈ। ਤੁਸੀਂ ਅਕਸਰ ਕਹਿੰਦੇ ਹੋ, ਗੁਰੂ



ਭਾਈ ਰਣਜੀਤ ਸਿੰਘ ਢੱਡਰੀਆਂ

ਸਾਹਿਬਾਨ ਜਾਂ ਗੁਰੂ ਨਾਲ ਜੁੜੇ ਬਹੁਤੇ ਸਾਰੇ ਮਹਾਂਪੁਰਸ਼ ਤੇ ਸਿੱਖਾਂ ਦੇ ਅਚੰਭਿਤ ਕਾਰਨਾਮਿਆਂ ਨੇ ਉਨ੍ਹਾਂ ਨੂੰ ਮਹਾਨ ਕੀਤਾ, ਪਰ ਜਿੰਨੀਆਂ ਵੀ ਮਹਾਨ ਆਤਮਾਵਾਂ ਦਾ ਜ਼ਿਕਰ ਅਸੀਂ ਪੜ੍ਹਦੇ ਜਾਂ ਸੁਣਦੇ ਹਾਂ ਉਨ੍ਹ ਦਾ ਸਮੁੱਚਾ ਜੀਵਨ ਹੀ ਕਰਾਮਾਤੀ ਹੁੰਦਾ ਹੈ। ਉਹ ਕਰਾਮਾਤੀ ਕਾਰਨਾਮੇ ਕਰਦੇ ਨਹੀਂ ਸਗੋਂ ਉਨ੍ਹਾਂ ਵਲੋਂ ਸਹਿਜ ਵਿਚ ਕੀਤੇ ਉਹ ਕਾਰਜ ਸਾਡੇ ਲਈ ਕਰਾਮਾਤੀ ਜਾਪਣ ਲੱਗ ਪੈਂਦੇ ਹਨ। ਗੁਰੂ ਅਰਜਨ ਪਾਤਿਸ਼ਾਹ ਤੱਤੀ ਤਵੀ 'ਤੇ ਬੈਠੇ, ਗੁਰੂ ਤੇਗ ਬਹਾਦਰ ਨੇ ਸੀਸ ਕਟਵਾਇਆ, ਨਾਲ ਦੇ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ, ਇਸ ਮਕਸਦ ਨਾਲ ਨਹੀਂ ਕਿ ਉਹ ਕਰਾਮਾਤੀ ਘਟਨਾਵਾਂ ਬਣਨ ਸਗੋਂ ਉਨ੍ਹਾਂ ਦੀ ਉਨ੍ਹਾਂ ਦੇ ਮਕਸਦ ਵਲ ਸਹਿਜ ਯਾਤਰਾ ਸੀ ਜਿਸ ਨੇ ਇਨਾਂ ਘਟਨਾਵਾਂ ਨੂੰ ਕਰਾਮਾਤੀ ਬਣਾ ਦਿੱਤਾ।

ਜੇ ਹੁਣ ਅਸੀਂ ਤੁਹਾਡੇ ਜੀਵਨ ਵਲ ਹੀ ਝਾਤੀ ਮਾਰੀਏ ਤਾਂ ਕਿਤੇ ਨਾ ਕਿਤੇ ਇਹ ਅਹਿਸਾਸ ਹੁੰਦਾ ਹੋਵੇਗਾ ਕਿ ਇੱਕ ਸਧਾਰਨ ਜ਼ਿਮੀਂਦਾਰ ਪਰਿਵਾਰ ਵਿਚ ਜਨਮ ਲੈ ਕੇ ਬਿਨਾ ਕਿਸੇ ਮਿਆਰੀ ਸੰਸਾਰੀ ਵਿਦਿਆ ਅਤੇ ਬਿਨਾ ਕਿਸੇ ਉਚੇਰੀ ਧਾਰਮਿਕ ਵਿਦਿਆ ਦੇ ਵਿਸ਼ਵ ਵਿਆਪੀ ਪੰਥਕ ਪ੍ਰਚਾਰਕ ਦਾ ਮਾਣ ਹਾਸਲ ਕਰਨਾ ਕੀ ਕਰਾਮਾਤ ਨਹੀਂ?

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥

ਵੱਡੀਆਂ ਵੱਡੀਆਂ ਦੁਨੀਆਵੀ ਡਿਗਰੀਆਂ ਵਾਲੇ ਲੋਕਾਂ ਪਾਸੋਂ 20-20 ਸਾਲਾਂ ਵਿਚ ਵੀ ਕਈ ਵਾਰੀ ਚੱਜ ਦਾ ਘਰ ਨਹੀਂ ਬਣਦਾ ਤੇ ਢੱਡਰੀਆਂ ਪਿੰਡ ਵਿਚ ਪਰਮੇਸ਼ਰ ਦੁਆਰ ਦਾ ਨਿਰਮਾਣ ਬਾਕੀ ਇਮਾਰਤਾਂ ਦੇ ਨਾਲ-ਨਾਲ ਤੁਹਾਡਾ ਸੁੰਦਰ ਨਿਵਾਸ ਕੀ ਕਰਾਮਾਤ ਜਾਂ ਗੁਰੂ ਦੀ ਉਚੇਰੀ ਬਖ਼ਸ਼ਿਸ਼ ਨਹੀ?

ਵਿਸ਼ਵ ਦਾ ਨਾਮਵਰ ਸਾਇੰਸਦਾਨ ਆਈਨਸਟਾਈਨ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਆਪਣੇ ਕਿਸੇ ਮਿੱਤਰ ਨਾਲ ਸਮੁੰਦਰ ਕੰਢੇ ਟਹਿਲ ਰਿਹਾ ਸੀ ਤਾਂ ਦੋਸਤ ਨੇ ਜਗਿਆਸਾ ਵਸ ਪੁੱਛਿਆ ਕਿ ਜਿਵੇਂ ਤੁਸੀਂ ਵਿਸ਼ਵ ਦੇ ਬਹੁਤ ਨਾਮਵਰ ਤੇ ਸਤਿਕਾਰਤ ਵਿਅਕਤੀ ਹੈ, ਸਾਰੀ ਦੁਨੀਆਂ ਦਾ ਗਿਆਨ ਵੀ ਹਾਸਲ ਕਰ ਲਿਆ ਹੈ, ਆਪਣੀਆਂ ਇਨ੍ਹਾਂ ਪ੍ਰਾਪਤੀਆਂ 'ਤੇ ਬੀਤੀ ਜ਼ਿੰਦਗੀ ਬਾਰੇ ਇਸ ਦੁਨੀਆਂ ਤੋਂ ਆਖਰੀ ਵਿਦਾਇਗੀ ਤੋਂ ਪਹਿਲਾਂ ਕੀ ਕਹਿਣਾ ਚਾਹੋਗੇ? ਆਈਨਸਟਾਈਨ ਨੇ ਝੁਕ ਕੇ ਜ਼ਮੀਨ ਤੋਂ ਰੇਤਾ ਦੇ ਕੁਝ ਕਿਣਕੇ ਆਪਣੇ ਹੱਥ ਵਿਚ ਫੜ ਕੇ ਕਿਹਾ ਸੀ ਕਿ ਇਸ ਬ੍ਰਹਿਮੰਡ ਵਿਚ ਮੇਰੀਆਂ ਪ੍ਰਾਪਤੀਆ ਰੇਤਾ ਦੇ ਇਨ੍ਹਾਂ ਕਿਣਕਿਆਂ ਦੇ ਸਮਾਨ ਹਨ। ਉਸ ਨੇ ਕਿਹਾ-ਮੈਨੂੰ ਅਫਸੋਸ ਹੈ ਕਿ ਇਸ ਰੱਤੀ ਭਰ ਗਿਆਨ ਲਈ ਆਪਣੀ ਸਾਰੀ ਜ਼ਿੰਦਗੀ ਮਿਹਨਤ ਕੀਤੀ। ਕਾਸ਼! ਮੈਂ ਉਸ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੁੰਦੀ ਜੋ ਇਸ ਗਿਆਨ ਦਾ ਸੋਮਾ ਹੈ।...ਪਰ ਤੁਸੀਂ ਤਾਂ ਸਹੀ ਜ਼ਿੰਦਗੀ ਜਿਉਣ ਦਾ ਢੱਜ ਹੀ ਧਰਮ ਹੈ, ਦੇ ਚੱਕਰਵਿਊ 'ਚੋਂ ਬਾਹਰ ਨਿਕਲਦੇ ਹੀ ਨਹੀਂ।

ਨੋਬੇਲ ਇਨਾਮ ਜੇਤੂ ਰਬਿੰਦਰਨਾਥ ਟੈਗੋਰ ਰਿਸ਼ੀਆਂ ਵਰਗੀ ਬਿਰਤੀ ਦਾ ਮਾਲਕ ਸੀ। 6 ਹਜ਼ਾਰ ਤੋਂ ਵੱਧ ਉਸ ਨੇ ਗੀਤ ਲਿਖੇ ਜਿਨ੍ਹਾਂ ਵਿਚ ਜ਼ਿਆਦਾਤਰ ਰੱਬੀ ਵਡਿਆਈ ਨਾਲ ਸਬੰਧਤ ਹਨ। ਬਹੁਤ ਬਿਰਧ ਅਵਸਥਾ ਵਿਚ ਸੀ ਜਦੋਂ ਉਸ ਦੇ ਇੱਕ ਸ਼ਾਗਿਰਦ ਨੇ ਕਿਹਾ ਕਿ ਤੁਸੀਂ ਤਾਂ ਜ਼ਰੂਰ ਹੀ ਉਸ ਅਸੀਮ ਪ੍ਰਭੂ ਦੀ ਦਰਗਾਹ ਵਿਚ ਸੰਤੁਸ਼ਟ ਤੇ ਪ੍ਰਵਾਨਤ ਆਤਮਾ ਦੇ ਰੂਪ ਵਿਚ ਪ੍ਰਵੇਸ਼ ਕਰੋਗੇ? ਜ਼ਿਕਰ ਹੈ ਕਿ ਟੈਗੋਰ ਨੇ ਹੌਕਾ ਲੈ ਕੇ ਬੜੀ ਨਿਮਰਤਾ ਨਾਲ ਕਿਹਾ-ਭਾਈ ਮੈਂ ਤਾਂ ਅਜੇ ਆਪਣੇ ਸਾਜ਼ ਹੀ ਸੰਵਾਰ ਰਿਹਾ ਸੀ ਕਿ ਮੈਂ ਆਪਣੀ ਪੂਰਨਤਾ ਨਾਲ ਉਸ ਦਾ ਗੀਤ ਗਾ ਸਕਾਂ ਪਰ ਮੇਰੇ ਜਾਣ ਦਾ ਵਕਤ ਆ ਪਹੁੰਚਿਆ ਹੈ।

ਅਜਿਹੀਆਂ ਵਿਸ਼ਵ ਪੱਧਰੀ ਹਸਤੀਆਂ ਜਿਨ੍ਹਾਂ ਨੂੰ ਆਪਾਂ ਸੰਸਾਰੀ ਨਜ਼ਰਾਂ ਨਾਲ ਪ੍ਰਵਾਨਤ ਹਸਤੀਆਂ ਮੰਨਦੇ ਹਾਂ, ਉਨ੍ਹਾਂ ਦਾ ਵੀ ਮੰਨਣਾ ਹੈ ਕਿ ਜਿਸ ਰਾਹ ਉਪਰ ਤੁਸੀਂ ਅਖੀਰ ਨੂੰ ਤੁਰਨਾ ਹੈ, ਜੇ ਉਸ ਦੀ ਸਮਝ ਆ ਗਈ ਤਾਂ ਇਸ ਦੁਨੀਆਂ ਵਿਚ ਵਿਚਰਦਿਆਂ ਸਾਰੇ ਰਾਹ ਰੌਸ਼ਨ ਹੀ ਪ੍ਰਤੀਤ ਹੋਣਗੇ ਤੇ ਆਪਣੇ ਆਪ ਬਣਨਗੇ ਵੀ।

ਤੁਸੀਂ ਅਕਸਰ ਹੀ ਹਜ਼ਾਰਾਂ-ਲੱਖਾਂ ਦਰਸ਼ਕਾਂ ਤੇ ਸਰੋਤਿਆਂ ਦੇ ਇਕੱਠ ਦੀ ਗੱਲ ਕਰਦੇ ਹੋ। ਅੱਜਕੱਲ੍ਹ ਤੁਸੀਂ ਹਜ਼ਾਰਾਂ ਲੋਕਾਂ ਵਲੋਂ ਤੁਹਾਡਾ ਪ੍ਰੋਗਰਾਮ ਲਾਈਵ ਸੁਣਨ ਦਾ ਜ਼ਿਕਰ ਵਾਰ-ਵਾਰ ਕਰਦੇ ਹੋ। ਬਹੁਤ ਸਾਰੇ ਲੋਕ ਤੁਹਾਡੇ ਨਾਲ ਖੜ੍ਹਨ ਤੇ ਮਰਨ ਦੀ ਗੱਲ ਵੀ ਕਰਦੇ ਹਨ ਪਰ ਜੀਵਨ ਦਾ ਸੱਚ ਕੁਝ ਹੋਰ ਹੀ ਹੁੰਦਾ ਹੈ:

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ

ਹਾਲਾਤ ਬਦਲਣ ਨਾਲ ਲੋਕੀਂ ਕਿਵੇਂ ਬੋਲਦੇ ਹਨ, ਸ਼ਾਇਦ ਤੁਸੀਂ ਕਦੀ ਸੰਜੀਦਗੀ ਨਾਲ ਵਿਚਾਰਿਆ ਨਾ ਹੋਵੇ। ਤੁਹਾਨੂੰ ਸ਼ਾਇਦ ਪਤਾ ਹੋਵੇ ਕਿ ਧਰਮ ਯੁੱਧ ਮੋਰਚੇ ਸਮੇਂ ਮਰਜੀਵੜਿਆਂ ਦੀ ਫੌਜ ਤਿਆਰ ਹੋਈ ਸੀ ਜਿਸ ਨੇ ਦਰਬਾਰ ਸਾਹਿਬ ਹਮਲੇ ਸਮੇਂ ਆਪਣੀਆਂ ਕੁਰਬਾਨੀਆਂ ਦੇਣ ਦਾ ਲਿਖਤੀ ਪ੍ਰਣ ਕੀਤਾ ਸੀ। ਉਸ ਲਿਖਤੀ ਪ੍ਰਣ ਦਾ ਕੀ ਬਣਿਆ, ਇਹ ਵੀ ਤੁਹਾਨੂੰ ਪਤਾ ਹੀ ਹੋਣਾ ਹੈ। ਤੁਸੀਂ ਆਪਣੇ ਆਪ ਨੂੰ ਉਸ ਸਥਿਤੀ ਵਿਚ ਰੱਖ ਕੇ ਵਿਚਾਰਿਓ। ਇੰਗਲੈਂਡ ਦਾ ਦੂਜੇ ਵਿਸ਼ਵ ਯੁੱਧ ਦਾ ਹੀਰੋ ਪ੍ਰਧਾਨ ਮੰਤਰੀ ਵਿਨਸਟਨ ਚਰਚਲ ਜੋ ਨੋਬੇਲ ਇਨਾਮ ਜੇਤੂ ਸੀ। ਉਸ ਦੇ ਸਨਮਾਨ ਵਿਚ ਵੱਡਾ ਸਮਾਗਮ ਹੋਇਆ। ਸਾਰੇ ਬੁਲਾਰਿਆ ਨੇ ਉਸ ਨੂੰ ਅਣਕਿਆਸਿਆ ਮਾਣ ਸਤਿਕਾਰ ਦਿੱਤਾ। ਜਦੋਂ ਉਹ ਧੰਨਵਾਦੀ ਸੰਬੋਧਨ ਲਈ ਸਟੇਜ ਉਪਰ ਆਇਆ ਤਾਂ ਬਹੁਤ ਦੇਰ ਉਸ ਦੇ ਸਤਿਕਾਰ ਵਿਚ ਜੈਕਾਰੇ ਗੂੰਜਦੇ ਰਹੇ, ਤਾੜੀਆਂ ਵੱਜਦੀਆਂ ਰਹੀਆਂ। ਧੰਨਵਾਦੀ ਬੋਲਾਂ ਸਮੇਂ ਉਹਨੇ ਕਿਹਾ- ਮੈਂ ਸੋਚ ਰਿਹਾ ਸੀ ਕਿ ਜਿੰਨੇ ਲੋਕ ਅੱਜ ਮੇਰੇ ਸਤਿਕਾਰ ਲਈ ਇੱਕਠੇ ਹੋਏ ਹਨ, ਜਿੰਨੇ ਵਧੀਆਂ ਸ਼ਬਦਾਂ ਦਾ ਪ੍ਰਯੋਗ ਮੇਰੀ ਵਡਿਆਈ ਲਈ ਕੀਤਾ ਗਿਆ, ਜੇ ਰੱਬ ਨਾ ਕਰੇ ਕਿ ਕੱਲ੍ਹ ਨੂੰ ਮੇਰੇ ਕੋਲੋਂ ਕੋਈ ਅਜਿਹੀ ਇਤਿਹਾਸਕ ਗਲਤੀ ਹੋ ਜਾਵੇ ਜਿਸ ਨੂੰ ਲੋਕ ਮੁਆਫੀ ਦੇ ਕਾਬਲ ਨਾ ਸਮਝਦੇ ਹੋਣ ਤਾਂ ਉਸ ਸਮੇਂ ਇਹੀ ਸਾਰੇ ਲੋਕ ਜੋ ਮੇਰੇ ਸਵਾਗਤ ਲਈ ਜੁੜੇ ਹਨ, ਉਸ ਦਿਨ ਇਹੀ ਲੋਕ ਹੋਣਗੇ ਜੋ ਸ਼ਾਇਦ ਇਸ ਤੋਂ ਵੀ ਜ਼ਿਆਦਾ ਮੇਰੇ ਖਿਲਾਫ ਨਾਅਰੇ ਲਾਉਣਗੇ ਤੇ ਅਪਮਾਨ ਭਰੇ ਸ਼ਬਦ ਬੋਲਣਗੇ।

ਸੋ, ਲੋਕਾਂ ਉਪਰ ਮਾਣ ਤਾਂ ਰੇਤ 'ਤੇ ਮਾਰੀਆਂ ਲੀਕਾਂ ਵਾਂਗ ਹੈ, ਇਹ ਕਦੋਂ ਪੂੰਝੀਆਂ ਜਾਣ, ਪਤਾ ਵੀ ਨਹੀਂ ਲੱਗਦਾ।

ਆਪਣੇ ਜ਼ਿਆਦਾਤਰ ਦੀਵਾਨਾਂ ਵਿਚ ਤੁਸੀਂ ਵਿਦੇਸ਼ੀ ਜ਼ਿੰਦਗੀ, ਉਥੋਂ ਦੇ ਰਹਿਣ-ਸਹਿਣ, ਉਥੋਂ ਦੇ ਕਾਇਦੇ-ਕਾਨੂੰਨਾਂ ਅਤੇ ਵਿਦੇਸ਼ਾਂ ਨਾਲ ਸਬੰਧਤ ਹੋਰ ਅਨੇਕਾਂ ਹੀ ਖੂਬਸੂਰਤ ਗੱਲਾਂ ਦਾ ਜ਼ਿਕਰ ਕਰਦੇ ਹੋ। ਜੋ ਤੁਸੀਂ ਆਖਦੇ ਹੋ, ਤਕਰੀਬਨ ਸੱਚ ਹੈ ਪਰ ਅਕਸਰ ਹੀ ਇੱਕ ਮਹੱਤਵਪੂਰਨ ਗੱਲ ਨੂੰ ਤੁਸੀਂ ਭੁੱਲ ਜਾਂਦੇ ਹੋ। ਤੁਸੀਂ ਇਥੋਂ ਦੇ ਸਿਆਸਤਦਾਨਾਂ ਦੀ ਗੱਲਬਾਤ ਅਤੇ ਬਹਿਸ ਸੁਣੀ ਹੋਵੇਗੀ, ਧਾਰਮਿਕ ਲੋਕਾਂ ਦੇ ਪ੍ਰਚਾਰ ਦਾ ਤਰੀਕਾ ਦੇਖਿਆ ਹੋਣਾ ਹੈ, ਪਬਲਿਕ ਥਾਵਾਂ ਉਪਰ ਲੋਕਾਂ ਦੇ ਆਪਸੀ ਵਿਹਾਰ ਵਲ ਵੀ ਤੁਹਾਡਾ ਧਿਆਨ ਗਿਆ ਹੋਣਾ ਹੈ। ਜਦ ਕਿਸੇ ਨੇ ਕਿਸੇ ਦੀ ਕਹੀ ਗੱਲ ਦਾ ਵਿਰੋਧ ਕਰਨਾ ਹੁੰਦਾ ਹੈ ਜਾਂ ਕਿਸੇ ਗੱਲ ਤੋਂ ਇਨਕਾਰੀ ਹੋਣਾ ਹੁੰਦਾ ਹੈ ਤਾਂ ਉਨ੍ਹਾਂ ਦੇ ਬੋਲਣ ਦਾ ਸਲੀਕਾ ਵੀ ਤੁਸੀਂ ਜ਼ਰੂਰ ਮਹਿਸੂਸ ਕੀਤਾ ਹੋਣਾ ਹੈ। ਇਹ ਵੀ ਦੇਖਿਆ ਸੁਣਿਆ ਹੋਣਾ ਹੈ ਕਿ ਜਦ ਲੋਕ ਕਿਸੇ ਗੱਲ ਤੋਂ ਇਨਕਾਰੀ ਵੀ ਹੁੰਦੇ ਹਨ, ਜਾਂ ਨਾਂਹ ਵਿਚ ਜਵਾਬ ਦਿੰਦੇ ਹਨ ਤਾਂ ਉਨ੍ਹਾਂ ਦੀ ਨਾਂਹ ਵਿਚ ਹੀ ਹਾਂ ਵਰਗੀ ਭਾਸ਼ਾ ਦਾ ਸਲੀਕਾ ਤੇ ਨਿਮਰਤਾ ਹੁੰਦੀ ਹੈ; ਪਰ ਤੁਹਾਡੀ ਗੱਲਬਾਤ ਤੋਂ ਲੱਗਦਾ ਹੈ ਕਿ ਤੁਸੀਂ ਇਹ ਗਿਆਨ ਸਿਰਫ ਦੂਜਿਆਂ ਨੂੰ ਹੀ ਦੇਣਾ ਸਿਖਿਆ ਹੈ; ਆਪਣੀ ਜ਼ਿੰਦਗੀ ਵਿਚ, ਆਪਣੀ ਬੋਲ-ਬਾਣੀ ਵਿਚ ਇਸ ਨੂੰ ਧਾਰਨ ਨਹੀਂ ਕਰ ਸਕੇ। ਮੈਂ ਇੱਕ ਦਿਨ ਇੱਕ ਟੀ.ਵੀ. ਚੈਨਲ 'ਤੇ ਸੀਨੀਅਰ ਪੱਤਰਕਾਰ ਜਤਿੰਦਰ ਪੰਨੂ ਨਾਲ ਹੋ ਰਹੀ ਗੱਲਬਾਤ ਸੁਣ ਰਿਹਾ ਸੀ ਜੋ ਤੁਹਾਡੇ ਬਾਰੇ ਸੀ। ਤੁਹਾਡੀ ਭਾਸ਼ਾ ਦੀ ਗੱਲ ਕਰਦਿਆਂ ਉਨ੍ਹਾਂ ਉਹ ਬੋਲ ਬੋਲਣ ਤੋਂ ਗੁਰੇਜ਼ ਕੀਤਾ ਸੀ, ਜਿਹੜੇ ਬੋਲ ਤੁਸੀਂ ਕਿਸੇ ਵੀ ਵੱਡੀ ਸੰਸਥਾ ਦੇ ਮੁਖੀ ਬਾਰੇ ਹਜ਼ਾਰਾਂ ਦੀ ਸੰਗਤ ਦੀ ਹਾਜ਼ਰੀ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਹੇ ਸੀ। ਤੁਹਾਡੇ ਅੱਜਕੱਲ੍ਹ ਦੇ ਦੀਵਾਨਾਂ ਅੰਦਰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦੀ ਮਹਿਕ ਦੀ ਬਜਾਏ ਈਰਖਾ, ਨਫਰਤ ਤੇ ਅਸਭਿਅਕ ਸ਼ਬਦਾਵਲੀ ਦੀ ਬੂਅ ਵੱਧ ਆਉਂਦੀ ਹੈ। ਗੁਰਬਾਣੀ ਦਾ ਉਪਦੇਸ਼ ਅਤੇ ਚਿਤਾਵਨੀ ਹੈ: ਬਹੁਤਾ ਬੋਲਣੁ ਝਖਣੁ ਹੋਇ॥ ਪਰ ਤੁਸੀ ਤਾਂ ਉਥੇ ਵੀ ਬੋਲਣ ਤੋਂ ਸੰਕੋਚ ਨਹੀਂ ਕਰਦੇ ਜਿਥੇ ਜੇ ਨਾ ਬੋਲਦੇ ਤਾਂ ਕੋਈ ਫਰਕ ਨਹੀਂ ਸੀ ਪੈਣਾ। ਤੁਹਾਡੇ ਆਪਣੇ ਕਹਿਣ ਮੁਤਾਬਕ, ਤੁਹਾਨੂੰ ਆਪਣੇ ਵਲਵਲਿਆਂ ਦਾ ਬੋਝ ਹਲਕਾ ਕਰਨ ਲਈ ਬੋਲਣਾ ਪੈਂਦਾ ਹੈ।


ਤੁਸੀਂ ਅਮਰੀਕਾ ਅਕਸਰ ਆਉਂਦੇ ਰਹੇ ਹੋ। 1923 ਤੋਂ 1929 ਤਕ ਅਮਰੀਕਾ ਦਾ ਰਾਸ਼ਟਰਪਤੀ ਹੋਇਆ ਹੈ ਕੈਲਵਿਨ ਕੂਲਿਜ। ਕਹਿੰਦੇ ਹਨ ਕਿ ਉਹ ਬਹੁਤ ਘੱਟ ਬੋਲਦਾ ਸੀ ਜਿਸ ਕਰ ਕੇ ਉਸ ਦਾ ਨਾਮ ਵੀ 'ਸਾਈਲੈਂਟ ਕਾਲ' ਪੈ ਗਿਆ ਸੀ। ਉਂਜ ਉਹ ਬੜਾ ਪ੍ਰਭਾਵਸ਼ਾਲੀ ਬੁਲਾਰਾ ਸੀ। ਇੱਕ ਵਾਰ ਉਸ ਦੀ ਆਖਰੀ ਉਮਰ ਸਮੇਂ ਹੋਈ ਗੱਲਬਾਤ ਦੌਰਾਨ ਕਿਸੇ ਪੱਤਰਕਾਰ ਨੇ ਉਸ ਨੂੰ ਪੁੱਛਿਆ: ਤੁਹਾਡਾ ਇੰਨੇ ਘੱਟ ਬੋਲਣ ਦਾ ਕੀ ਰਾਜ਼ ਸੀ? ਉਸ ਦਾ ਜਵਾਬ ਸੀ ਕਿ ਮੈਨੂੰ ਇਹ ਅਹਿਸਾਸ ਹੈ ਕਿ ਮੈਂ ਜੋ ਕੁਝ ਨਹੀਂ ਬੋਲਿਆ ਤੇ ਬੋਲਣ ਤੋਂ ਸੰਕੋਚ ਕੀਤਾ, ਉਸ ਦਾ ਮੈਨੂੰ ਕਦੀ ਪਛਤਾਵਾ ਨਹੀਂ ਹੋਇਆ ਤੇ ਪਛਤਾਵੇ ਵਾਲੀ ਹਾਲਤ ਅਕਸਰ ਹੀ ਬੋਲੇ ਗਏ ਬੋਲਾਂ ਕਾਰਨ ਹੀ ਪੈਦਾ ਹੁੰਦੀ ਹੈ।

ਅਖੀਰ ਵਿਚ ਮੈਂ ਉਮਰੋਂ ਵੱਡਾ ਹੋਣ ਕਾਰਨ ਤੁਹਾਨੂੰ ਕੁਝ ਸੁਝਾਅ ਦੇਣਾ ਚਾਹਾਂਗਾ, ਗੁਰਮਤਿ ਤੇ ਗੁਰੂ ਇਤਿਹਾਸ ਦੇ ਹਵਾਲੇ ਨਾਲ। ਆਪਾਂ ਇਹ ਮੰਨ ਕੇ ਚਲੀਏ ਕਿ ਹਰ ਵਿਅਕਤੀ ਭੁੱਲਣਹਾਰ ਹੈ। ਹਮੇਸ਼ਾ ਵਿਵਾਦਾਂ ਵਿਚ ਘਿਰੇ ਰਹਿਣਾ ਕਿਸੇ ਤਰ੍ਹਾਂ ਵੀ ਪੰਥਕ ਹਿਤ ਵਿਚ ਨਹੀਂ। ਹਰ ਟਕਰਾਓ ਦਾ ਹੱਲ ਅਖੀਰ ਵਿਚ ਗੱਲਬਾਤ ਰਾਹੀਂ ਹੀ ਹੁੰਦਾ ਹੈ। ਗੁਰੂ ਇਤਿਹਾਸ ਸਾਡੀ ਪ੍ਰੇਰਨਾ ਦੇ ਸਰੋਤ ਹਨ। ਉਨ੍ਹਾਂ ਤੋਂ ਅਗਵਾਈ ਲਈਏ। ਅਨੰਦਪੁਰ ਸਾਹਿਬ ਦਾ ਘੇਰਾ ਕਈ ਮਹੀਨੇ ਚਲਿਆ, ਵਿਚੋਲਗੀ ਦੀ ਗੱਲ ਵੀ ਚੱਲਦੀ ਰਹੀ। ਅਖੀਰ, ਗੱਲ ਸਹੁੰ ਉਪਰ ਆ ਪਹੁੰਚੀ। ਬੇਸ਼ਕ ਗੁਰੂ ਸਾਹਿਬ ਨੂੰ ਵਿਰੋਧੀਆਂ ਦੀ ਕਪਟੀ ਸੋਚ ਦਾ ਇਲਮ ਸੀ, ਫਿਰ ਵੀ ਉਨ੍ਹਾਂ ਆਪਣੇ ਸਿੰਘਾਂ ਦੀ ਰਾਇ ਮੰਨ ਕੇ ਸਮਝੌਤਾ ਕੀਤਾ; ਭਾਵੇਂ ਇਸ ਦਾ ਨਤੀਜਾ ਬੜਾ ਹੀ ਭਿਅੰਕਰ ਨਿਕਲਿਆ। ਫਿਰ ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਦੇ ਰੂਪ ਵਿਚ ਚਿੱਠੀ ਲਿਖੀ ਜਿਸ ਦਾ ਨਤੀਜਾ ਸੀ ਕਿ ਬਾਦਸ਼ਾਹ ਨੂੰ ਬਹੁਤ ਸਾਰੀਆਂ ਹੋਈਆਂ ਵਧੀਕੀਆਂ ਜੋ ਉਸ ਦੇ ਸੂਬੇਦਾਰਾਂ ਜਾਂ ਨਵਾਬਾਂ ਨੇ ਕੀਤੀਆਂ ਸਨ, ਦਾ ਅਹਿਸਾਸ ਹੋਇਆ ਅਤੇ ਪਛਤਾਵਾ ਵੀ। ਇਸੇ ਕਾਰਨ ਉਸ ਨੇ ਗੁਰੂ ਸਾਹਿਬ ਨੂੰ ਮਿਲਣ ਦੀ ਪੇਸ਼ਕਸ਼ ਵੀ ਕੀਤੀ ਸੀ ਜੋ ਬਾਦਸ਼ਾਹ ਦੀ ਮੌਤ ਕਾਰਨ ਸੰਭਵ ਨਾ ਹੋਈ। ਬਹਾਦਰ ਸ਼ਾਹ ਨਾਲ ਸੁਖਾਵੇਂ ਸਬੰਧ, ਗੱਲਬਾਤ, ਸਹਿਯੋਗ ਆਪਸੀ ਭਰੋਸੇ ਦਾ ਹੀ ਨਤੀਜਾ ਸੀ। ਛੇਵੇਂ ਪਾਤਸ਼ਾਹ ਨੇ ਵੀ ਆਪਣੇ ਗੁਰੂ ਪਿਤਾ ਦੇ ਕਾਤਲ ਨਾਲ ਸੁਖਾਵੇ ਸਬੰਧ

(ਬਾਕੀ ਅਗਲੇ ਸਫੇ 'ਤੇ)

# ਚਿੱਠੀਆਂ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਂ ਚੰਗਾ ਪਾੜ੍ਹਾ ਨਹੀਂ, ਪਰ ਪਿਛਲੇ ਦਿਨੀਂ ਮੇਰੀ ਨਜ਼ਰ ਸਰਬਜੀਤ ਸਿੰਘ ਵਿਰਕ ਰਚਿਤ 'ਲਿਖਤਮ ਭਗਤ ਸਿੰਘ: ਸ਼ਹੀਦ-ਏ-ਆਜ਼ਮ ਦੀ ਕਹਾਣੀ ਚਿੱਠੀਆਂ ਦੀ ਜ਼ੁਬਾਨੀ' ਉਤੇ ਪਈ ਤਾਂ ਮੈਂ ਫਟਾ ਫਟ ਪੜ੍ਹ ਗਿਆ। ਇਸ ਵਿਚ ਪਿਛਲੀ ਸਦੀ ਦੇ ਅਰੰਭਕ ਵਰ੍ਹਿਆਂ ਦੀ ਦਾਸਤਾਨ ਦੇ ਪੱਕੇ ਸਬੂਤ ਹਨ। ਸਿਰਫ ਚਿੱਠੀਆਂ ਹੀ ਨਹੀਂ, ਭਗਤ ਸਿੰਘ ਦੇ ਅਦਾਲਤੀ ਬਿਆਨ ਅਤੇ ਵਕਤ ਦੀਆਂ ਦੀਵਾਰਾਂ ਉਤੇ ਚਿਪਕਾਏ ਇਸ਼ਤਿਹਾਰ ਵੀ ਬਾਤਾਂ ਪਾਉਂਦੇ ਹਨ। ਸੱਚੀਆਂ ਤੇ ਸੁੱਚੀਆਂ ਬਾਤਾਂ। ਇਨ੍ਹਾਂ ਵਿਚ ਬਾਲਕ ਭਗਤ ਸਿੰਘ ਦੇ ਤੋਤਲੇ ਬੋਲ ਵੀ ਹਨ, ਜਵਾਨੀ ਮੌਕੇ ਦਾ ਪ੍ਰੀਤ ਫਲਸਫਾ ਵੀ ਤੇ ਸਿਖਰ ਜਵਾਨੀ ਦਾ ਇਨਕਲਾਬੀ ਜੋਸ਼ ਵੀ। ਸਰਬਜੀਤ ਦੀ ਖੋਜ ਅਨੁਸਾਰ ਹੁਣ ਤੱਕ ਭਗਤ ਸਿੰਘ ਵਲੋਂ ਵੱਖ ਵੱਖ ਵਿਅਕਤੀਆਂ ਤੇ ਸੰਸਥਾਵਾਂ ਨੂੰ ਚਾਰ ਦਰਜਨ ਤੋਂ ਵੱਧ ਖਤ ਸਾਹਮਣੇ ਆ ਚੁਕੇ ਹਨ। ਇਹ ਖਤ ਸਿਰਫ ਮਿੱਤਰ ਪਿਆਰਿਆਂ ਨੂੰ ਹੀ ਨਹੀਂ ਲਿਖੇ ਗਏ; ਉਸ ਸਮੇਂ ਦੇ ਨਿਆਇਕ ਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਉਸ ਦੇ ਨਿਸ਼ਾਨੇ ਉਤੇ ਹਨ। ਫਾਂਸੀ ਲੱਗਣ ਸਮੇਂ ਭਾਵੇਂ ਰਾਜਗੁਰੂ ਵੀ ਭਗਤ ਸਿੰਘ ਦਾ ਸਾਥੀ ਸੀ, ਪਰ ਖਤਾਂ ਤੋਂ ਪਤਾ ਲਗਦਾ ਹੈ ਕਿ ਪਿਆਰ, ਕ੍ਰਾਂਤੀ ਜਾਂ ਦਾਰਸ਼ਨਿਕ ਮਸਲਿਆਂ ਬਾਰੇ ਭਗਤ ਸਿੰਘ ਦੀ ਸਾਂਝ ਸੁਖਦੇਵ ਨਾਲ ਸੀ। ਸੁਖਦੇਵ ਨੂੰ ਲਿਖੇ ਖਤਾਂ ਵਿਚ ਪਿਆਰ ਤੇ ਦਰਸ਼ਨ ਤਾਂ ਕੀ, ਖੁਦਕੁਸ਼ੀ ਵਰਗੇ ਸੰਵੇਦਨਸ਼ੀਲ ਮਸਲਿਆਂ ਉਤੇ ਵੀ ਖੂਬ ਚਰਚਾ ਮਿਲਦੀ ਹੈ।

ਗੁਰਮੁਖੀ ਲਿਪੀ ਵਿਚ ਲਿਖੀ ਭਗਤ ਸਿੰਘ ਵਲੋਂ ਆਪਣੀ ਚਾਚੀ ਹੁਕਮ ਕੌਰ ਨੂੰ ਪੋਸਟ ਕਾਰਡ ਉਤੇ ਲਿਖੀ ਦੋ ਸਤਰੀ ਚਿੱਠੀ ਬਹੁਤ ਕੱਝ ਕਹਿ ਜਾਂਦੀ ਹੈ। ਆਪਣੀ ਪਰਮ ਪਿਆਰੀ ਚਾਚੀ ਜੀ ਨੂੰ ਨਮਸਤੇ ਲਿਖਣ ਪਿੱਛੋਂ ਸਿਰਫ ਏਨਾ ਹੀ ਲਿਖਦਾ ਹੈ, "ਮੈਨੂੰ ਖਤ ਲਿਖਣ ਵਿਚ ਦੇਰੀ ਹੋ ਗਈ। ਉਮੀਦ ਹੈ ਤੁਸੀਂ ਮੁਆਫ ਕਰੋਗੇ। ਭਾਈਆ ਜੀ ਦਿੱਲੀ ਨੂੰ ਗਏ ਹੋਏ ਹਨ। ਬੇਬੇ ਮੋਰਾਂਵਾਲੀ (ਬੇਬੇ ਦੇ ਪੇਕੇ) ਨੂੰ ਗਈ ਹੋਈ ਹੈ। ਬਾਕੀ ਸਭ ਰਾਜ਼ੀ ਖੁਸ਼ੀ ਹੈ। ਵੱਡੀ ਚਾਚੀ ਜੀ ਨੂੰ ਮੱਥਾ ਟੇਕਣਾ। ਮਾਤਾ ਜੀ ਨੂੰ ਮੱਥਾ ਟੇਕਣਾ। ਕੁਲਤਾਰ ਤੇ ਕੁਲਬੀਰ ਸਿੰਘ (ਦੋਵੇਂ ਭਰਾ) ਨੂੰ ਸਤਿ ਸਿਰੀ ਅਕਾਲ ਜਾਂ ਨਮਸਤੇ।" ਇਸ ਤੋਂ ਪਿੱਛੋਂ ਆਪਣੇ ਆਪ ਨੂੰ 'ਆਗਿਆਕਾਰੀ ਪੁੱਤਰ' ਲਿਖ ਕੇ ਦਸਤਖਤ ਕੀਤੇ ਹੋਏ ਹਨ। ਆਮ ਤੌਰ 'ਤੇ ਭਗਤ ਸਿੰਘ ਵਡਿਆਂ ਨੂੰ ਮੱਥਾ ਟੇਕਣਾ ਤੇ ਹਾਣੀਆਂ ਨੂੰ ਨਮਸਤੇ ਲਿਖਦਾ ਸੀ, ਪਰ ਇਹ ਚਿੱਠੀ ਗੁਰਮੁਖੀ ਵਿਚ ਲਿਖੀ ਹੋਣ ਕਾਰਨ, ਸ਼ਾਇਦ, ਉਸ ਨੇ ਸਤਿ ਸਿਰੀ ਅਕਾਲ ਜਾਂ ਨਮਸਤੇ ਲਿਖਿਆ ਜਾਪਦਾ ਹੈ। ਸਤਿ ਸਿਰੀ ਅਕਾਲ ਪਹਿਲਾਂ ਤੇ ਨਮਸਤੇ ਪਿੱਛੋਂ।

ਇੱਕ ਪੜਾਅ ਉਤੇ ਨਾਮਧਾਰੀ ਬਾਬਾ ਰਾਮ ਸਿੰਘ ਵਲੋਂ ਇਨਕਲਾਬ ਦਾ ਝੰਡਾ ਚੁੱਕਣ ਸਮੇਂ 1928 ਦੇ ਫਰਵਰੀ ਮਹੀਨੇ ਜੋ ਚਿੱਠੀ ਦੇਵਨਾਗਰੀ ਅੱਖਰਾਂ ਵਿਚ ਹਿੰਦੀ ਰਸਾਲੇ 'ਮਹਾਂਰਥੀ' ਨੂੰ ਲਿਖੀ, ਉਸ ਦੇ ਸ਼ੁਰੂ ਵਿਚ 'ਲਾਹੋਰੇ' ਅਤੇ ਅੰਤ ਵਿਚ 'ਬੀ ਐਸ ਸੰਧੂ' (ਦਸਤਖਤ) ਹੀ ਰੋਮਨ ਅੱਖਰਾਂ ਵਿਚ ਹਨ, ਵਰਨਾ ਇਸ ਵਿਚ ਸ਼੍ਰੀਮਾਨ ਮਹੋਦਯਾ, ਸੌਂਦਰਯ, ਸ਼ੋਰਯ, ਮਹਾਸ਼ਯ, ਯਥਾ, ਨਿਵੇਦਕ ਆਦਿ ਸ਼ਬਦ ਸ਼ੁਧ ਹਿੰਦੀ ਦੇ ਹਨ। ਪਤਾ ਲਗਦਾ ਹੈ ਕਿ ਭਗਤ ਸਿੰਘ ਨੂੰ ਹਿੰਦੀ, ਪੰਜਾਬੀ, ਉਰਦੂ ਤੇ ਅੰਗਰੇਜ਼ੀ ਲਈ ਵਰਤੀ ਜਾਂਦੀ ਲਿਪੀ ਵੀ ਆਉਂਦੀ ਸੀ ਤੇ ਭਾਸ਼ਾ ਉਤੇ ਵੀ ਅਬੂਰ ਹਾਸਲ ਸੀ।

**ਹੁਣ ਇਕ ਚਿੱਠੀ ਵਿਚ ਭਗਤ ਸਿੰਘ ਦਾ ਪ੍ਰੀਤ ਫਲਸਫਾ:** 'ਪਿਆਰ ਆਪਣੇ ਆਪ ਵਿਚ ਇਕ ਉਤਸ਼ਾਹੀ ਜਜ਼ਬਾ ਹੈ। ਇਹ ਪਸ਼ੂ-ਬਿਰਤੀ ਨਹੀਂ, ਬਹੁਤ ਮਿੱਠੀ ਮਨੁੱਖੀ ਭਾਵਨਾ ਹੈ। ਪਿਆਰ ਹਮੇਸ਼ਾ ਬੰਦੇ ਦੇ ਚਰਿਤਰ ਨੂੰ ਉਚਾ ਚੁੱਕਦਾ ਹੈ, ਕਦੇ ਵੀ ਹੇਠਾਂ ਨਹੀਂ ਸੁੱਟਦਾ, ਬਸ਼ਰਤੇ ਪਿਆਰ ਪਿਆਰ ਹੋਵੇ।' ਇਹੀਓ ਕਾਰਨ ਹੈ ਕਿ ਜਦੋਂ ਭਗਤ ਸਿੰਘ ਦੇ ਵਿਆਹ ਦੀ ਗੱਲ ਤੁਰੀ ਤਾਂ ਉਹ ਹੇਠ ਲਿਖੀ ਚਿੱਠੀ ਪਿਤਾ ਕਿਸ਼ਨ ਸਿੰਘ ਦੇ ਕਮਰੇ ਵਿਚ ਛੱਡ ਕੇ ਆਪਣੇ ਸਾਥੀਆਂ ਦਾ ਸਾਥ ਦੇਣ ਲਈ ਕਾਨਪੁਰ ਨੂੰ ਤੁਰ ਗਿਆ ਸੀ,

"ਮੇਰੀ ਜ਼ਿੰਦਗੀ ਵੱਡੇ ਉਦੇਸ਼, ਭਾਵ ਹਿੰਦੁਸਤਾਨ ਦੀ ਆਜ਼ਾਦੀ ਲਈ ਦਾਨ ਹੋ ਚੁੱਕੀ ਹੈ। ਮੈਨੂੰ ਜੀਵਨ ਦੇ ਆਰਾਮ ਤੇ ਦੁਨਿਆਵੀ ਖਾਹਿਸ਼ਾਂ ਨਾਲ ਕੋਈ ਲਗਾਓ ਨਹੀਂ ਰਿਹਾ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਮੈਂ ਨਿੱਕਾ ਜਿਹਾ ਸਾਂ ਤਾਂ ਬਾਪੂ ਜੀ ਨੇ ਮੇਰੀ ਯਗੋਪਵੀਤ ਦੀ ਰਸਮ ਵੇਲੇ ਐਲਾਨ ਕੀਤਾ ਸੀ ਕਿ ਮੈਨੂੰ ਦੇਸ਼ ਸੇਵਾ ਲਈ ਅਰਪਿਤ ਕਰ ਦਿੱਤਾ ਗਿਆ ਹੈ। ਮੈਂ ਉਸ ਦੀ ਪ੍ਰਤਿਗਿਆ ਕਰ ਰਿਹਾ ਹਾਂ। ਆਸ ਹੈ, ਤੁਸੀਂ ਮੈਨੂੰ ਮੁਆਫ ਕਰੋਗੇ।"

ਫਿਰ ਇਕ ਪੜਾਅ ਉਤੇ ਸੁਖਦੇਵ ਦੇ ਮਨ ਵਿਚ ਆਏ ਸੰਕਿਆਂ ਦੀ ਨਵਿਰਤੀ ਲਈ ਲਿਖਦਾ ਹੈ, "ਸਾਡਾ ਮੋਟੋ ਸੇਵਾ ਭਾਵਨਾ ਨਾਲ ਮੁਸੀਬਤ ਤੇ ਕੁਰਬਾਨੀ ਸਹਿਣਾ ਹੈ।...ਜਿਹੜੇ ਲੋਕ ਮੌਤ ਦੀ ਸਜ਼ਾ ਤੋਂ ਡਰਦੇ ਹਨ, ਉਹ ਭੁੱਲ ਜਾਂਦੇ ਹਨ ਕਿ ਇਹ ਮੌਤ ਕਿੰਨੀ ਖੂਬਸੂਰਤ ਹੋਵੇਗੀ...ਮੁਸੀਬਤ ਹੀ ਮਨੁੱਖ ਨੂੰ ਮੁਸ਼ਕਿਲ ਬਣਾਉਂਦੀ ਹੈ। ਸਾਡੇ ਵਿਚੋਂ ਕਿਸੇ ਨੇ ਵੀ ਹਾਲੇ ਤੱਕ ਕਸ਼ਟ ਨਹੀਂ ਭੋਗਿਆ। ਜੇਲ੍ਹ ਤਾਂ ਕੁੱਝ ਵੀ ਨਹੀਂ। ਸਾਡੀ ਜ਼ਿੰਦਗੀ ਦਾ ਉਹ ਹਿੱਸਾ ਤਾਂ ਏਥੋਂ ਸ਼ੁਰੂ ਹੋਵੇਗਾ?" ਇੱਕ ਥਾਂ ਉਸ ਨੇ ਇਹ ਵੀ ਲਿਖਿਆ ਕਿ ਉਹ ਤਾਂ ਆਪਣੀ ਜ਼ਿੰਦਗੀ ਦਾ ਵੱਧ ਤੋਂ ਵੱਧ ਮੁੱਲ ਵੱਟਣਾ ਚਾਹੁੰਦਾ ਹੈ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਉਹ ਆਪਣੇ ਸਾਥੀਆਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਦਾ ਸੀ। 24 ਫਰਵਰੀ 1930 ਨੂੰ ਆਪਣੇ ਸਾਥੀ ਜੈਦੇਵ ਗੁਪਤਾ ਨੂੰ ਲਿਖੀ ਚਿੱਠੀ ਵਿਚ ਉਹਦੇ ਕੋਲੋਂ ਸੰਗਤਰੇ, ਰਸਗੁੱਲੇ ਅਤੇ ਘਿਓ ਦੀ ਪੀਪੀ ਹੀ ਨਹੀਂ ਮੰਗਦਾ। ਇਥੇ ਡੱਬਾ 'ਕੇਵਲ-ਏ' ਸਿਗਰਟਾਂ ਵੀ ਮੰਗਦਾ ਹੈ, ਜਿਸ ਲਈ ਬੁਟੇਕਸ਼ਵਰ ਦੱਤ ਬੇਜ਼ਾਰ ਸੀ। ਉਸ ਤੋਂ ਸਾਥੀ ਦੀ ਤਲਬ ਦੇਖੀ ਨਹੀਂ ਸੀ ਜਾਂਦੀ।

ਜੈਦੇਵ ਨੂੰ ਲਿਖੀ ਇਕ ਹੋਰ ਚਿੱਠੀ ਵਿਚ ਉਹ ਆਪਣੇ ਮਿੱਤਰ ਨੂੰ ਇਸ ਤਰ੍ਹਾਂ ਦਾ ਆਦੇਸ਼ ਦਿੰਦਾ ਕਿ ਉਹ ਭਗਤ ਸਿੰਘ ਦੇ ਪਿਤਾ ਨੂੰ ਸਮਝਾਵੇ ਕਿ ਕੇਸ ਵਿਚ ਬਚਾਅ ਲਈ ਸਮਾਂ ਬਰਬਾਦ ਕਰਨ ਦੀ ਥਾਂ ਉਹ ਜੇਲ੍ਹ ਵਿਚ ਬੇਟੇ ਦੀ ਚੜ੍ਹਦੀ ਕਲਾ ਦੇਖਦਾ ਰਹੇ ਤਾਂ ਉਸ ਨੂੰ ਵਧੇਰੇ ਤਸੱਲੀ ਹੋਵੇਗੀ। ਇੱਕ ਹੋਰ ਚਿੱਠੀ ਵਿਚ ਆਪਣੇ ਭਰਾ ਕੁਲਬੀਰ ਸਿੰਘ ਦੀ ਮਿਲਣੀ ਲਈ ਤਾਂ ਉਸ ਦਾ ਸ਼ੁਕਰਗੁਜ਼ਾਰ ਹੈ, ਪਰ ਚਾਹੁੰਦਾ ਹੈ ਕਿ ਅੱਗੇ ਤੋਂ ਬੇਬੇ ਨੂੰ ਨਾਲ ਨਾ ਲਿਆਵੇ ਕਿਉਂਕਿ ਉਹ ਮਾਂ ਦੇ ਹੰਝੂ ਵੇਖ ਕੇ ਖੁਦ ਵੀ ਉਦਾਸ ਹੋ ਜਾਂਦਾ ਹੈ।

ਇਕ ਪੜਾਅ ਉਤੇ ਪਿਤਾ ਨੂੰ ਡੋਲਿਆ ਵੇਖ ਉਹ ਇਥੋਂ ਤੱਕ ਵੀ ਲਿਖ ਦਿੰਦਾ ਹੈ, "ਜੇ ਕੋਈ ਹੋਰ ਸ਼ਖਸ ਤੁਹਾਡੇ ਵਾਂਗ ਮੇਰੇ ਸਾਹਮਣੇ ਆਉਂਦਾ ਤਾਂ ਮੈਂ ਉਸ ਨੂੰ ਗੱਦਾਰੀ ਤੋਂ ਘੱਟ ਖਿਆਲ ਨਾ ਕਰਦਾ, ਪਰ ਹਾਲ ਦੀ ਘੜੀ ਇਹੀ ਕਹਾਂਗਾ ਕਿ ਇਹ ਕਮਜ਼ੋਰੀ ਹੈ, ਬਦਤਰੀਨ ਕਿਸਮ ਦੀ ਕਮਜ਼ੋਰੀ। ਤੁਸੀਂ ਖੁਦ ਆਪਣੀ ਸਾਰੀ ਜ਼ਿੰਦਗੀ ਸੁਤੰਤਰਤਾ ਲਈ ਲੜਦਿਆਂ ਲੰਘਾ ਦਿੱਤੀ ਤੇ ਹੁਣ ਇਸ ਮੋੜ 'ਤੇ ਏਨੇ ਕਮਜ਼ੋਰ ਕਿਉਂ ਹੋ।"

ਅੰਤ ਵਿਚ ਫਾਂਸੀ ਤੋਂ ਪਹਿਲਾਂ 22 ਮਾਰਚ 1931 ਵਾਲੀ ਉਸ ਚਿੱਠੀ ਦੇ ਕੁੱਲ ਅੰਸ਼, ਜੋ ਉਸ ਨੇ ਸਾਥੀਆਂ ਨੂੰ ਲਿਖੀ, "ਜਿਉਂਦੇ ਰਹਿਣ ਦੀ ਖਾਹਿਸ਼ ਕੁਦਰਤੀ ਹੈ। ਮੈਨੂੰ ਵੀ ਹੈ, ਪਰ ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜਿਉਣਾ ਨਹੀਂ ਚਾਹੁੰਦਾ। ਇਨਕਲਾਬੀਆਂ ਦੀਆਂ ਕੁਰਬਾਨੀਆਂ ਨੇ ਮੈਨੂੰ ਬਹੁਤ ਉਚਾ ਕਰ ਦਿੱਤਾ ਹੈ, ਏਨਾ ਉਚਾ ਕਿ ਜਿਉਂਦੇ ਰਹਿਣ ਦੀ ਸੂਰਤ ਵਿਚ ਮੈਂ ਇਸ ਤੋਂ ਉਚਾ ਕਦੀ ਨਹੀਂ ਹੋ ਸਕਦਾ।...ਮੇਰੇ ਹੱਸਦਿਆਂ ਹੱਸਦਿਆਂ ਫਾਂਸੀ ਚੜ੍ਹਨ ਨਾਲ ਹਿੰਦੁਸਤਾਨੀ ਮਾਂਵਾਂ ਆਪਣੇ ਬੱਚਿਆਂ ਦੇ ਭਗਤ ਸਿੰਘ ਬਣਨ ਦੀ ਕਾਮਨਾ ਕਰਨਗੀਆਂ ਅਤੇ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਕੁੱਲ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗਾ...ਮੈਥੋਂ ਵੱਧ ਖੁਸ਼ ਕਿਸਮਤ ਕੌਣ ਹੈ? ਮੈਨੂੰ ਅੱਜ ਆਪਣੇ ਆਪ ਉਤੇ ਬਹੁਤ ਨਾਜ਼ ਹੈ। ਬਹੁਤ ਬੇਤਾਬੀ ਨਾਲ ਆਖਰੀ ਇਮਤਿਹਾਨ ਦੀ ਉਡੀਕ ਹੈ। ਆਰਜ਼ੂ ਹੈ ਕਿ ਇਹ ਹੋਰ ਨੇੜੇ ਹੋ ਜਾਏ।"

ਚਿੱਠੀਆਂ ਵਿਚ ਹੋਰ ਵੀ ਬਹੁਤ ਕੁਝ ਹੈ। ਕਦੀ ਫਿਰ ਸਹੀ। ਮੈਂ ਸਰਬਜੀਤ ਸਿੰਘ ਵਿਰਕ ਦੇ ਸਬਦਾਂ ਨਾਲ ਬੰਦ ਕਰਦਾ ਹਾਂ, "ਸਮੇਂ ਨੇ ਹੋਰ ਤੇਜ਼ੀ ਫੜ ਲਈ ਹੈ। ਭਗਤ ਸਿੰਘ ਦੇ ਵਕੀਲ ਪ੍ਰਾਣ ਨਾਥ ਆਖਰੀ ਮੁਲਾਕਾਤ ਕਰਨ ਲਈ ਭਗਤ ਸਿੰਘ ਵਲੋਂ ਮੰਗਵਾਈ ਲੈਨਿਨ ਦੀ ਜੀਵਨੀ ਲੈ ਕੇ ਪਹੁੰਚ ਗਏ ਹਨ, ਭਾਵਕ ਹਨ, ਅੱਖਾਂ ਵਿਚ ਅੱਥਰੂ ਹਨ, ਸ਼ਬਦ ਨਹੀਂ ਅਹੁੜ ਰਹੇ। ਭਗਤ ਸਿੰਘ ਜਵਾਂ-ਦਿਲੀ ਨਾਲ ਕੇਸ ਲੜਨ ਲਈ ਧੰਨਵਾਦ ਕਰਦਾ ਹੈ।"

ਉਸ ਪਿਛੋਂ ਜੋ ਹੋਇਆ, ਜਗ ਜਾਣਦਾ ਹੈ। ਜ਼ਿੰਦਾਬਾਦ!

**ਅੰਤਿਕਾ: ਰਾਮ ਪ੍ਰਸਾਦ ਬਿਸਮਿਲ**

ਸਤਾਏ ਤੁਝ ਕੋ ਜੋ ਕੋਈ
ਬੇਵਫਾ, ਬਿਸਮਿਲ,
ਤੋ ਮੂੰਹ ਸੇ ਕੁਛ ਨਾ ਕਹਿਨਾ,
ਆਹ! ਕਰ ਲੇਨਾ।
ਹਮ ਸ਼ਹੀਦੋਂ ਕੇ ਵਤਨ ਕਾ
ਦੀਨ-ਓ-ਈਸਾ ਔਰ ਹੈ,
ਸਿਜਦੇ ਕਰਤੇ ਹੈਂ ਹਮੇਸ਼ਾ
ਪਾਓਂ ਪਰ ਜੱਲਾਦ ਕੇ।

# ਖੁਦਕੁਸ਼ੀ ਕਰਨ ਤੋਂ ਪਹਿਲਾਂ

**ਡਾ. ਆਸਾ ਸਿੰਘ ਘੁੰਮਣ**
**ਨਡਾਲਾ (ਕਪੂਰਥਲਾ)**
**ਫੋਨ: 91-98152-53245**

ਖੁਦਕੁਸ਼ੀ ਦੇ ਫੈਸਲੇ ਵਿਚ ਮੌਤ ਪਿਆਰੀ ਨਹੀਂ ਹੁੰਦੀ, ਜ਼ਿੰਦਗੀ ਅਤਿ ਕੌੜੀ-ਕੁਸੈਲੀ ਹੋ ਜਾਂਦੀ ਹੈ। ਜਦੋਂ ਜੀਵਨ ਮਨੋਰਥ-ਹੀਣ ਹੋ ਜਾਵੇ ਜਾਂ ਦੁਸ਼ਵਾਰੀਆਂ ਦੇ ਅੰਬਾਰ ਸਭ ਪਾਸਿਓਂ ਘੇਰ ਲੈਣ; ਜਦੋਂ ਉਹ ਕੁਝ ਪ੍ਰਾਪਤ ਨਾ ਹੋ ਸਕੇ, ਜਿਸ ਨੂੰ ਜ਼ਿੰਦਗੀ ਦਾ ਇਕਲੌਤਾ ਮਨੋਰਥ ਸਮਝ ਰੱਖਿਆ ਹੋਵੇ; ਜਦੋਂ ਵਿਅਕਤੀ ਆਪੇ ਸਿਰਜੇ ਮੱਕੜ-ਜਾਲ ਵਿਚ ਉਲਝ ਜਾਵੇ ਤੇ ਜਿਉਂ ਜਿਉਂ ਹੱਥ-ਪੈਰ ਮਾਰੇ, ਹੋਰ ਉਲਝਦਾ ਜਾਵੇ; ਜਦੋਂ ਬੰਦਾ ਹੰਭ-ਹੁੱਟ ਜਾਵੇ ਤੇ ਕਿਸੇ ਪਾਸੇ ਰਾਹਤ ਦਾ ਦਰਵਾਜਾ ਨਾ ਦਿਸੇ; ਜਦੋਂ ਦੋਸਤਾਂ-ਮਿੱਤਰਾਂ ਰਿਸ਼ਤੇਦਾਰਾਂ ਤੋਂ ਮਨ ਉਚਾਟ ਹੋ ਜਾਵੇ; ਜਦੋਂ ਸਭ ਕੁਝ ਦਾਅ 'ਤੇ ਲਾਉਣ ਦੇ ਬਾਵਜੂਦ ਮਨ-ਇੱਛਤ ਫਲ ਕੋਈ ਹੋਰ ਖੋਹ ਲੈ ਜਾਵੇ; ਜਦੋਂ ਇੱਕ ਵੀ ਨਾ ਰਹੇ, ਜਿਸ ਨਾਲ ਦਰਦੇ-ਦਾਸਤਾਂ ਸਾਂਝੀ ਕੀਤੀ ਜਾ ਸਕੇ; ਜਦੋਂ ਸੁਹਿਰਦਤਾ ਤੇ ਸਮਰਪਣਾ ਨੂੰ ਦੰਭ ਅਤੇ ਵਿਭਚਾਰ ਨਾਲ ਨਜਿੱਠਣਾ ਪੈ ਜਾਵੇ; ਜਦੋਂ ਕੋਈ ਜਾਬਰ ਲਾਲਸਾ-ਅਧੀਨ ਚਾਅਵਾਂ ਮਲਾਰਾਂ ਦਾ ਘਾਣ ਕਰ ਜਾਵੇ; ਜਦੋਂ ਆਸਾਂ ਉਮੀਦਾਂ ਦੇ ਸਾਰੇ ਦਰ ਬੰਦ ਹੋ ਜਾਣ; ਜਦੋਂ ਹਰ ਪਗਡੰਡੀ ਅੰਨੇ ਖੂਹ ਵਿਚ ਜਾ ਉਤਰੇ ਅਤੇ ਜਦੋਂ ਕੋਈ ਕਾਮਯਾਬੀਆਂ ਦੀਆਂ ਮੱਮਟੀਆਂ ਤੋਂ ਡੂੰਘੀਆਂ ਖੱਡਾਂ ਵਿਚ ਜਾ ਡਿੱਗੇ ਤਾਂ ਖੁਦਕੁਸ਼ੀ ਦੇ ਅਤਿ ਕਠਿਨ ਤੇ ਅੰਧਕਾਰੇ ਰਸਤੇ ਬਾਰੇ ਸੋਚ ਭਾਰੂ ਹੋਣ ਲੱਗਦੀ ਹੈ। ਇਹ ਰਸਤਾ ਵੀ ਅਤਿ ਦੁਬਿਧਾਵਾਂ-ਭਰਪੂਰ ਹੁੰਦੈ, ਪਰ ਸਮਝਿਆ ਜਾਂਦਾ ਹੈ ਕਿ ਇਹ ਰਸਤਾ ਅਖਤਿਆਰ ਕਰਨ ਨਾਲ ਸ਼ਾਇਦ ਸਭ ਚਿੰਤਾਵਾਂ ਤੋਂ ਮੁਕਤੀ ਮਿਲ ਜਾਵੇਗੀ।

ਮਾਯੂਸੀ ਦੇ ਮੌਜੂਦਾ ਦੌਰ ਵਿਚ ਖੁਦਕੁਸ਼ੀਆਂ ਦੀਆਂ ਖਬਰਾਂ ਪੜ੍ਹਦਿਆਂ ਮੈਨੂੰ ਪੰਜਾਬੀ ਦਾ ਇੱਕ ਲੋਕ-ਗੀਤ ਇਨ੍ਹੀਂ ਦਿਨੀਂ ਵਾਰ ਵਾਰ ਯਾਦ ਆਉਂਦਾ ਰਿਹਾ,

ਕੱਛੇ ਮਾਰ ਲੈ ਬਤਾਊਂਆਂ ਵਾਲੀ ਤੌੜੀ
ਵੇ ਚੱਲ ਕਿਤੇ ਤੁਰ ਚੱਲੀਏ।
ਕੱਛੋਂ ਡਿੱਗ ਪਈ ਬਤਾਊਂਆਂ ਵਾਲੀ ਤੌੜੀ
ਨੀ ਚੱਲ ਪਿੱਛੇ ਤੁਰ ਚੱਲੀਏ।
ਕੱਛੇ ਮਾਰ ਲੈ ਬਤਾਊਂਆਂ ਵਾਲੀ ਤੌੜੀ
ਵੇ ਆਪਾਂ ਕਿਤੇ ਤੁਰ ਚੱਲੀਏ।
ਪਿੱਛੇ ਰੋਣ ਜੰਮਣ ਵਾਲੇ ਮਾਪੇ
ਵੇ ਜਿਨ੍ਹਾਂ ਦੀ ਮੈਂ ਧੀ ਲੱਗਦੀ।
ਨਾਲੇ ਰੋਣ ਵੇ ਨਿੱਕੇ ਨਿੱਕੇ ਵੀਰੇ
ਜਿਨ੍ਹਾਂ ਦੀ ਮੈਂ ਭੈਣ ਲੱਗਦੀ।
ਮਗਰੋਂ ਰੋਣਗੇ ਸਹੇੜਨ ਵਾਲੇ ਆਪੇ
ਵੇ ਜਿਨ੍ਹਾਂ ਦੀ ਮੈਂ ਨੂੰਹ ਲੱਗਦੀ।
ਕਿੱਲੀ ਟੰਗੀਆਂ ਕਮੀਜ਼ਾਂ ਮੇਰੀਆਂ
ਵੇ ਵੇਖ ਵੇਖ ਰੋਇਆ ਨਾ ਕਰੀਂ।
ਮੇਰਾ ਪੁੱਤਰ ਹਿਰਖ ਨਾਲ ਪਾਲੀਂ
ਵੇ ਮੇਰੇ ਨਾਲ ਧਰਮ ਕਰੀਂ।
ਮੇਰੇ ਫੁੱਲ ਗੰਗਾ ਵਿਚ ਤਾਰੀਂ,
ਵੇ ਮੇਰੇ ਨਾਲ ਧਰਮ ਕਰੀਂ
ਮੁੰਡਿਆ ਸਾਧੋ ਵੇ ਮੇਰੇ ਨਾਲ ਧਰਮ ਕਰੀਂ।

ਇਹ ਬੜੀ ਦੁੱਖਦਾਈ ਰੂਹ ਦੀ ਅਵਾਜ਼ ਹੈ। ਆਤਮਘਾਤ ਦਾ ਰਾਹ ਚੁਣਨ ਵਾਲੀ ਹਰ ਰੂਹ ਦੀ ਅਵਾਜ਼ ਹੀ ਇੱਕ ਹੁੰਦੀ ਹੈ, ਇੱਕ ਸਿਸਕੜੀ ਹੁੰਦੀ ਹੈ। ਇਸ ਗੀਤ ਵਿਚ ਹਉਕੇ ਲੈਂਦੀ ਅਵਾਜ਼ ਸਾਡੇ ਮਨਾਂ ਵਿਚ ਕਈ ਸੁਆਲ ਖੜੇ ਕਰ ਦਿੰਦੀ ਹੈ। ਔਰਤ ਆਪਣੇ ਪਤੀ ਨਾਲ ਸੰਵਾਦ ਰਚਾਉਂਦੀ ਹੈ, ਪਰ ਦੋ-ਤਿੰਨ ਸਤਰਾਂ ਪਿਛੋਂ ਹੀ ਸੰਵਾਦ ਇਕਹਿਰਾ ਹੋ ਜਾਂਦਾ ਹੈ। ਔਰਤ ਵੱਲੋਂ ਆਖਰੀ ਖਾਹਿਸ਼ਾਂ ਦਾ ਕੀਤਾ ਗਿਆ ਬਿਰਤਾਂਤ ਬੜਾ ਦੁਖਦਾਈ ਹੈ। ਮਰਨ ਦੀ ਖਾਹਿਸ਼ ਕਰਦਿਆਂ ਆਪਣੇ ਸਾਰੇ ਸੰਗੀਆਂ-ਸਾਥੀਆਂ, ਸਾਕਦਾਰੀਆਂ ਨੂੰ ਯਾਦ ਕਰਨ ਦਾ ਅਰਥ ਨਿਕਲਦਾ ਹੈ ਕਿ ਉਹ ਖੁਦਕੁਸ਼ੀ ਦੀ ਸੋਚ ਦੇ ਬਾਵਜੂਦ ਅਜੇ ਮੋਹ-ਮੁਕਤ ਨਹੀਂ ਹੋਈ। ਇਹ ਲੋਕ-ਗੀਤ ਇਹ ਸ਼ਾਹਦੀ ਵੀ ਭਰਦੈ ਕਿ ਹਰ ਵਿਅਕਤੀ 'ਇਹ ਜੱਗ ਮਿੱਠਾ, ਅਗਲਾ ਕਿੰਨ ਡਿੱਠਾ' ਤੋਂ ਰੁਖਸਤ ਹੋਣ ਪਿਛੋਂ ਵੀ ਜਿਉਣਾ ਲੋਚਦੈ। ਉਹ ਚਾਹੁੰਦੈ ਕਿ ਉਸ ਦਾ ਮਰਣਾ ਖਰਾਬ ਨਾ ਹੋਵੇ। ਉਸ ਦੀਆਂ ਆਖਰੀ ਰਸਮਾਂ ਮਰਿਆਦਾ ਸਹਿਤ ਨਿਭਾਈਆਂ ਜਾਣ। ਇਸ ਲੋਕ-ਗੀਤ ਦੀ ਕਿਰਦਾਰ ਇੱਕ ਧੀ ਹੈ, ਨੂੰਹ ਹੈ, ਭੈਣ ਹੈ, ਪਤਨੀ ਹੈ ਅਤੇ ਸਭ ਤੋਂ ਉਪਰ ਉਹ ਇੱਕ ਪੁੱਤਰ ਦੀ ਮਾਂ ਹੈ। ਆਪਣੇ ਮਲੂਕੜਾ ਜਿਹੇ ਬਲੂੰਗੜੇ ਪੁੱਤਰ ਨੂੰ ਪਿੱਛੇ ਛੱਡ ਜਾਣਾ ਅਤੇ ਉਹ ਵੀ ਆਪਣੀ ਇੱਛਾ ਨਾਲ, ਬੜਾ ਦੁਖਦਾਈ ਤੇ ਰਹੱਸਮਈ ਹੈ। ਸਵਾਲ ਹੈ ਕਿ ਅਜਿਹੇ ਫੈਸਲੇ ਦੇ ਕੀ ਕਾਰਨ ਹੋ ਸਕਦੇ ਹਨ? ਕਾਰਨ ਸੂਖਮ ਵੀ ਹੋ ਸਕਦੇ ਹਨ ਤੇ ਸਥੂਲ ਵੀ, ਸਰੀਰਕ ਵੀ ਹੋ ਸਕਦੇ ਹਨ ਅਤੇ ਮਾਨਸਿਕ ਵੀ, ਸਮਾਜਕ ਵੀ ਹੋ ਸਕਦੇ ਹਨ ਜਾਂ ਮਨੋਵਿਗਿਆਨਕ ਵੀ-ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਅਸਲ ਵਿਚ ਖੁਦਕੁਸ਼ੀ ਦਾ ਕਾਰਨ ਬਹੁਤੀ ਵਾਰ ਇੱਕੋ-ਇੱਕ ਨਹੀਂ ਹੁੰਦਾ।



ਕਈ ਵਾਰ ਅਜਿਹੀ ਖਾਹਸ਼ ਕਰਨ ਵਾਲਿਆਂ ਨੂੰ ਬੁਜ਼ਦਿਲ ਅਤੇ ਭਾਂਜਵਾਦੀ ਕਰਾਰ ਦਿੱਤਾ ਜਾਂਦਾ ਹੈ, ਪਰ ਅਸਲੀਅਤ ਇਹ ਹੈ ਕਿ ਆਪਣਾ ਘਰ, ਆਪਣਾ ਕੁਨਬਾ, ਆਪਣਾ ਪਿੰਡ, ਆਪਣਾ ਸਾਂਝਾਂ ਭਰਿਆ ਸੰਸਾਰ, ਆਪਣੀ ਹੋਂਦ ਦਾ ਸਬੱਬ ਇਹ ਸਰੀਰ, ਆਪਣੇ ਹੱਥੀ ਫਨਾਹ ਕਰ ਲੈਣਾ ਏਨਾ ਸੌਖਾ ਵੀ ਨਹੀਂ ਹੁੰਦਾ। ਆਪਣੀ ਜੀਵਨ-ਲੀਲਾ ਖਤਮ ਕਰਨ ਦੀ ਸੋਚ ਕਿਸੇ ਘੋਰ ਨਿਰਾਸ਼ਾ ਦੇ ਆਲਮ ਵਿਚੋਂ ਉਪਜਦੀ ਹੈ।

ਅਸਲੀਅਤ ਤਾਂ ਸਗੋਂ ਇਹ ਹੈ ਕਿ ਹਰੇਕ ਖੁਦਕੁਸ਼ੀ ਇਕ ਚੀਕਵਾਂ ਸੁਨੇਹਾ ਦਿੰਦੀ ਹੈ ਕਿ ਪਰਮਾਤਮਾ ਵੱਲੋਂ ਭੇਜੇ ਜੀਅ ਲਈ ਸਮਾਂ, ਸਮਾਜ ਤੇ ਸੱਤਾਧਾਰੀ ਉਹ ਸੁਖਾਵਾਂ ਮਾਹੌਲ ਨਹੀਂ ਸਿਰਜ ਸਕੇ, ਜਿਸ ਦੀ ਘੋਰ ਨਿਰਾਸ਼ਾ ਹੰਢਾ ਰਹੇ ਵਿਅਕਤੀ ਨੂੰ ਸਾਹਾਂ ਦਾ ਸਿਲਸਿਲਾ ਨਿਰੰਤਰ ਚੱਲਦੇ ਰੱਖਣ ਲਈ ਲੋੜ ਹੁੰਦੀ ਹੈ। ਵਿਸ਼ੇਸ਼ ਤੌਰ 'ਤੇ ਅੱਜ ਦੇ ਫੇਸਬੁੱਕੀਏ ਸੰਸਾਰ ਵਿਚ, ਜਿੱਥੇ ਹਜ਼ਾਰਾਂ 'ਫਰੈਂਡ' ਤਾਂ ਹੋਣ, ਪਰ ਇੱਕ ਵੀ ਰਾਜ਼ਦਾਂ ਨਾ ਹੋਵੇ, ਮਾਰੂ ਘੜੀਆਂ ਦੇ ਭਵ-ਸਾਗਰ ਨੂੰ ਪਾਰ ਕਰਨਾ ਕਈ ਵਾਰ ਅਸੰਭਵ ਹੋ ਜਾਂਦਾ ਹੈ।

# ਭਾਈ ਢੱਡਰੀਆਂ ਦੇ ਨਾਮ ਖੁੱਲ੍ਹੀ ਚਿੱਠੀ

*(ਪਿਛਲੇ ਸਫੇ ਦੀ ਬਾਕੀ)*

ਸਥਾਪਤ ਕੀਤੇ ਸੀ। ਗੁਰਬਾਣੀ ਵੀ ਅਦੇਸ਼ ਦਿੰਦੀ ਹੈ: ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਤੁਹਾਡੇ ਵਿਚਾਰਧਾਰਕ ਵਿਰੋਧੀ ਤੁਹਾਡੇ ਗੁਰੂ ਪਿਤਾ ਦੇ ਹੀ ਪੁੱਤਰ ਹਨ, ਪੰਥ ਦਾ ਹੀ ਹਿੱਸਾ ਹਨ। ਇੰਨੀ ਜ਼ਿੱਦ ਤਾਂ ਦੇਸ਼ਾਂ ਦੀਆਂ ਲੜਾਈਆਂ ਵਿਚ ਵੀ ਨਹੀਂ ਹੁੰਦੀ ਜਿੰਨੀ ਤੁਸੀਂ ਕਰ ਰਹੇ ਹੋ। ਬਹੁਤ ਸਾਰੇ ਪੰਥ ਦਰਦੀ ਹਨ ਜਿਹੜੇ ਇਸ ਬੇਵਜ੍ਹਾ ਸ਼ਬਦੀ ਜੰਗ ਨੂੰ ਸਮਾਪਤ ਹੋਇਆ ਦੇਖਣਾ ਚਾਹੁੰਦੇ ਹਨ। ਪੰਥ ਵੱਡਾ ਹੈ, ਕੋਈ ਵਿਅਕਤੀ ਵਿਸ਼ੇਸ਼ ਨਹੀਂ। ਤੁਹਾਡਾ ਕੱਦ ਹੋਰ ਵੀ ਵੱਡਾ ਹੋਵੇਗਾ, ਜੇ ਤੁਸੀਂ ਨਿਮਰਤਾ ਸਹਿਤ ਬੈਠ ਕੇ ਵਿਚਾਰਧਾਰਕ ਮੱਤਭੇਦਾਂ ਨੂੰ ਨਜਿੱਠ ਲਵੋ। ਪੰਜਵੇਂ ਪਾਤਸ਼ਾਹ ਦੀ ਬਾਣੀ 'ਸਲੋਕ ਸਹਿਸ ਕਿਤੀ' ਦੇ ਸਲੋਕ ਨੰਬਰ ਚਾਲੀ ਨੂੰ ਦੁਬਾਰਾ ਪੜ੍ਹਨ ਅਤੇ ਸ਼ਾਂਤੀ ਨਾਲ ਅਹਿਸਾਸ ਕਰਨ ਦੀ ਕੋਸ਼ਿਸ਼ ਕਰਿਓ ਕਿ ਕਿਹੜੇ 'ਖਟ ਲਖਣ ਪੂਰਨੰ ਪੂਰਖਹ ਨਾਨਕ ਨਾਮ ਸਾਧ ਸ੍ਵਜਨਹ॥' ਹਨ ਜੋ ਗੁਰੂ ਪਾਤਿਸ਼ਾਹ ਤੁਹਾਡੇ ਵਰਗੇ ਗਿਆਨੀ, ਪੂਰਨ ਪੁਰਖ ਜਾਂ ਸਾਧ ਵਿਚ ਦੇਖਣਾ ਚਾਹੁੰਦੇ ਹਨ ਤਾਂ ਜੋ ਉਹ ਉਨ੍ਹਾਂ ਹੀ ਗੁਣਾਂ ਨੂੰ ਆਪਣੇ ਪੈਰੋਕਾਰਾਂ ਤੇ ਸਰੋਤਿਆਂ ਜਾਂ ਦਰਸ਼ਕਾਂ ਵਿਚ ਵੰਡ ਸਕਣ।

ਬੋਲਣਾ ਤੁਹਾਡਾ ਹੱਕ ਹੈ, ਕਬੋਲਣਾ ਵੀ ਤੁਹਾਡਾ ਹੱਕ ਹੋ ਸਕਦਾ ਹੈ ਪਰ ਕਿਸੇ ਨੂੰ ਕਬੋਲਣਾ ਕਤੱਈ ਤੁਹਾਡਾ ਹੱਕ ਨਹੀਂ। Life Liberty and pursuit of happiness ਦਾ ਸਿਧਾਂਤ ਅਮਰੀਕਾ ਦੀ ਬੁਨਿਆਦ ਅਤੇ ਦੁਨੀਆਂ ਲਈ ਪ੍ਰੇਰਨਾ ਸ੍ਰੋਤ ਹੈ। ਇਹ ਸਿਧਾਂਤ ਜਿੰਨੀ ਆਜ਼ਾਦੀ ਤੁਹਾਨੂੰ ਦਿੰਦਾ ਹੈ, ਉਨੀ ਹੀ ਆਜ਼ਾਦੀ ਦੂਜਿਆਂ ਨੂੰ ਵੀ ਮਿਲ ਸਕੇ, ਇਹ ਆਸ ਤੁਹਾਡੇ ਕੋਲੋਂ ਰੱਖਦਾ ਹੈ। ਤੁਸੀਂ ਜਿੰਨੀ ਸ਼ਿੱਦਤ ਨਾਲ ਆਪਣੇ ਵਿਚਾਰਧਾਰਕ ਵਿਰੋਧੀਆ ਪ੍ਰਤੀ ਵੈਰ ਤੇ ਮੰਦ ਭਾਵਨਾ ਰੱਖਦੇ ਹੋ, ਉਨ੍ਹਾਂ ਦਾ ਬੁਰਾ ਤਾਂ ਪਤਾ ਨਹੀਂ ਕਦੋਂ ਹੋਣਾ ਹੈ ਪਰ ਤੁਹਾਡੀ ਸੁਰਤੀ, ਬਿਰਤੀ ਤੇ ਬੋਲ-ਬਾਣੀ ਜ਼ਰੂਰ ਨਿਵਾਣ ਵੱਲ ਭੱਜਣੀ ਸੰਭਵ ਹੋ ਸਕਦੀ ਹੈ। ਜਿਹੜਾ ਰਾਹ ਤੁਸੀਂ ਚੁਣਿਆ ਹੈ ਤੇ ਬੜੀ ਦ੍ਰਿੜਤਾ ਤੇ ਜ਼ਿਦ ਨਾਲ ਇਸ ਦੇ ਪਾਂਧੀ ਬਣੇ ਹੋ, ਇਸ ਦੀ ਮੰਜ਼ਿਲ ਮੇਰੀ ਸਮਝ ਮੁਤਾਬਕ ਤਾਂ ਖੁਆਰੀ ਹੀ ਹੈ ਜੋ ਕਿਸੇ ਵੀ ਤਰ੍ਹਾਂ ਨਾ ਤਾਂ ਤੁਹਾਡੇ ਹਿਤ ਵਿਚ ਹੈ ਤੇ ਨਾ ਹੀ ਪੰਥਕ ਹਿਤਾਂ ਵਿਚ। ਸੋਸ਼ਲ ਮੀਡੀਆ ਉਪਰ ਆਪਣੇ ਲਾਈਕ ਜਾਂ ਡਿਸਲਾਈਕ ਉਪਰ ਭਰੋਸਾ ਕਰਨ ਦੀ ਥਾਂ ਆਪਣੇ ਗੁਰੂ ਉਪਰ ਭਰੋਸਾ ਕਰੋ ਤੇ ਨਿਰਭਰ ਹੋਵੋ। ਪੰਥ ਦੇ ਰੌਸ਼ਨ ਭਵਿਖ ਦੇ ਰਾਹ ਆਪਣੇ ਆਪ ਹੀ ਨਿਕਲ ਆਉਣਗੇ।

ਪਿਛਲੇ ਕੁਝ ਦਿਨਾਂ ਤੋਂ ਤੁਹਾਡੇ ਪ੍ਰਤੀ ਜਾਨਲੇਵਾ ਧਮਕੀਆਂ ਦਾ ਜੋ ਵਾਤਾਵਰਨ ਬਣਾਇਆ ਗਿਆ ਹੈ ਜਾਂ ਬਣਿਆ ਹੋਇਆ ਹੈ, ਇਹ ਸਿਰਫ ਇੱਕ-ਦੋ ਵਿਅਕਤੀਆਂ ਪ੍ਰਤੀ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਸਮੁੱਚੇ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ। ਸੋ, ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ ਕਿ ਪਿਆਰ ਤੇ ਸਦਭਾਵਨਾ ਦੇ ਛਿੱਟੇ ਮਾਰ ਕੇ ਇਸ ਧੂੰਏਂ ਨੂੰ ਖਤਮ ਕੀਤਾ ਜਾਵੇ।

*ਗੁਰੂ ਪੰਥ ਦਾ ਦਾਸ*
*-ਸੰਪੂਰਨ ਸਿੰਘ*
*ਮੁੱਖ ਸੇਵਾਦਾਰ*
*ਸਿੱਖ ਨੈਸ਼ਨਲ ਸੈਂਟਰ, ਹਿਊਸਟਨ।*
*ਮੈਂਬਰ, ਏ. ਜੀ. ਪੀ. ਸੀ.*
*ਫੋਨ: 281-635-7466*

ਰਾਜਸਥਾਨੀ ਲੋਕ ਕਹਾਣੀਆਂ-1





ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642-51454

# ਦੋ ਭੈਣਾਂ

ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਦੋ ਭੈਣਾਂ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ, ਜਿਸ ਵਿਚ ਕਿਰਤ ਅਤੇ ਸਬਰ ਦੀ ਮਹਿਮਾ ਦੂਣ ਸਵਾਈ ਹੈ। -ਸੰਪਾਦਕ

ਇਕ ਪਿੰਡ ਵਿਚ ਦੋ ਭੈਣਾਂ ਰਹਿੰਦੀਆਂ ਸਨ। ਛੋਟੀ ਸੀ ਹਲਦੀ ਦੀ ਗੱਠੀ ਅਤੇ ਵੱਡੀ ਸੁੰਢ ਦੀ ਗੱਠੀ। ਹਲਦੀ ਠੰਢੇ ਸੁਭਾਅ ਦੀ, ਸ਼ਾਂਤ, ਨਿਮਰ, ਸਮਝਦਾਰ, ਬੋਲਾਂ ਦੀ ਮਿੱਠੀ, ਸਭ ਕੰਮਾਂ ਵਿਚ ਮਾਹਿਰ। ਸਾਰੀ ਉਮਰ ਉਸ ਨੇ ਕਿਸੇ ਦੀ ਗੱਲ ਦਾ ਪੁੱਠਾ ਜਵਾਬ ਨਹੀਂ ਦਿੱਤਾ। ਸੁੰਢ ਦੀ ਗੱਠੀ ਗਰਮ ਮਿਜ਼ਾਜ, ਤੇਜ਼ ਤਰਾਰ, ਬੋਲਣ ਨੂੰ ਕੌੜੀ, ਆਕੜ ਖਾਂ ਤੇ ਸਿਰੇ ਦੀ ਕੰਮਚੋਰ। ਰੋਜ਼ ਕਲੇਸ਼ ਕਰਦੀ। ਸਾਰਾ ਪਿੰਡ ਉਸ ਦੇ ਸੁਭਾਅ ਤੋਂ ਦੁਖੀ। ਘਰ ਅਤੇ ਪਿੰਡ ਵਾਲਿਆਂ ਵਾਸਤੇ ਹਲਦੀ ਸੀ ਜ਼ਖਮ ਉਪਰ ਮੱਲ੍ਹਮ ਵਾਂਗ, ਜਲੇ ਅੰਗ ਉਤੇ ਠੰਢੀ ਰੂੰ ਵਾਂਗ, ਪਰ ਸੁੰਢ ਸੀ ਜ਼ਖਮ ਉਪਰ ਲੂਣ ਵਾਂਗ, ਜਲੇ ਉਪਰ ਮਿਰਚ ਵਾਂਗ।

ਇਕ ਦਿਨ ਹਲਦੀ ਨਾਨਕੇ ਮਿਲਣ ਵਾਸਤੇ ਗਈ। ਸਾਰੀਆਂ ਸਹੇਲੀਆਂ ਉਸ ਨੂੰ ਪਿੰਡ ਦੀ ਜੂਹ ਤੱਕ ਛੱਡਣ ਆਈਆਂ, ਵਿਦਾ ਕਰਨ ਵੇਲੇ ਸਾਰੀਆਂ ਉਦਾਸ, ਅੱਖਾਂ ਵਿਚ ਹੰਝੂ ਛਲਕ ਆਏ, ਛੋਟੀਆਂ ਸਹੇਲੀਆਂ ਤਾਂ ਡੁਸਕਣ ਲੱਗੀਆਂ। ਅੱਖਾਂ ਪੂੰਝਦੀਆਂ ਕਹਿੰਦੀਆਂ, "ਭੈਣ ਛੇਤੀ ਮੁੜ ਆਈਂ।"

ਪਿੰਡ ਦੀ ਜੂਹ ਟੱਪੀ ਹੀ ਸੀ ਕਿ ਟਿੱਬੇ ਦਾ ਖੜਾ ਰਸਤੇ ਵਿਚ ਆ ਗਿਆ। ਖੜੇ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੈਂ ਕੂੜੇ ਨਾਲ ਭਰ ਗਿਆ ਹਾਂ। ਰਤਾ ਕੁ ਝਾੜੂ ਲਾ ਜਾਹ।" ਹਲਦੀ ਨੇ ਨਿਮਰਤਾ ਨਾਲ ਕਿਹਾ, "ਲੈ ਵੀਰ, ਤੈਂ ਕਿਹੜਾ ਕਦੀ ਕੋਈ ਕੰਮ ਕਿਹਾ, ਨਾਲੇ ਝਾੜੂ ਲਾਉਣ ਵਿਚ ਮੇਰੇ ਕਿਹੜਾ ਹੱਥ ਘਸ ਜਾਣਗੇ?" ਇਹ ਕਹਿ ਕੇ ਹਲਦੀ ਨੇ ਸਰਤਕ ਸਰਤਕ ਸਾਰਾ ਕੂੜਾ ਇੱਕਠਾ ਕਰ ਕੇ ਬਾਹਰ ਸੁੱਟ ਦਿੱਤਾ। ਫਿਰ ਖੜੇ ਨੂੰ ਸਲਾਮ ਕਰ ਕੇ ਅੱਗੇ ਤੁਰ ਪਈ।

ਥੋੜ੍ਹੀ ਦੂਰ ਹੀ ਗਈ ਸੀ ਕਿ ਰਸਤੇ ਵਿਚ ਚੁੱਲ੍ਹਾ ਮਿਲ ਗਿਆ। ਉਸ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੈਂ ਰਾਖ ਨਾਲ ਭਰਿਆ ਪਿਆ ਹਾਂ। ਮੇਰੇ ਅੰਦਰੋਂ ਰਾਖ ਈ ਬਾਹਰ ਕੱਢ ਜਾਹ।" ਹਲਦੀ ਨੇ ਖੁਸ਼ੀ ਖੁਸ਼ੀ ਨਿਮਰਤਾ ਨਾਲ ਕਿਹਾ, "ਲੈ ਵੀਰ ਤੂੰ ਕਦ ਕਦ ਆਖੇਂਗਾ? ਰਾਖ ਕੱਢਣ ਨਾਲ ਮੇਰਾ ਕਿਹੜਾ ਰੰਗ ਕਾਲਾ ਹੋ ਜਾਏਗਾ?" ਇਹ ਕਹਿ ਕੇ ਉਸ ਨੇ ਆਪਣੀ ਚੁੰਨੀ ਦੇ ਪੱਲੇ ਵਿਚ ਰਾਖ ਕੱਢੀ ਤੇ ਦੂਰ ਸੁੱਟ ਆਈ। ਫੂਕਾਂ ਮਾਰ ਮਾਰ ਕੇ ਚੁੱਲ੍ਹਾ ਏਨਾ ਸਾਫ ਕਰ ਦਿੱਤਾ ਜਿਵੇਂ ਸ਼ੀਸ਼ਾ ਦਾ ਹੋਵੇ। ਚੁੱਲ੍ਹੇ ਨੂੰ ਸਲਾਮ ਕਰ ਕੇ ਫਿਰ ਅੱਗੇ ਚੱਲ ਪਈ।

ਰਸਤੇ ਵਿਚ ਬਿੱਲੀ ਮਿਲੀ। ਬਿੱਲੀ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਜੂੰਆਂ ਕੱਢ ਕੇ ਮੇਰਾ ਸਿਰ ਗੁੰਦ ਦੇਹ।" ਹਲਦੀ ਨੇ ਕਿਹਾ, "ਲੈ ਭੈਣ, ਤੂੰ ਕਦ ਕਦ ਕਹੇਂਗੀ। ਜੂੰਆਂ ਕਢਦਿਆਂ ਮੇਰੇ ਕਿਹੜਾ ਨਹੁੰ ਘਸ ਜਾਣਗੇ?" ਜੂੰਆਂ ਕੱਢ ਕੇ, ਕੰਘੀ ਕਰ ਕੇ ਹਲਦੀ ਨੇ ਬਿੱਲੀ ਦਾ ਸਿਰ ਗੁੰਦ ਦਿੱਤਾ ਤੇ ਸਲਾਮ ਕਰ ਕੇ ਅੱਗੇ ਤੁਰ ਪਈ। ਰਸਤੇ ਵਿਚ ਬੇਰੀ ਆਈ। ਬੇਰੀ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੇਰੇ ਕੰਡੇ ਚੁਗ ਦੇਹ।" ਹਲਦੀ ਨੇ ਕਿਹਾ, "ਲੈ ਭੈਣ, ਤੂੰ ਕਿਹੜਾ ਰੋਜ਼ ਰੋਜ਼ ਸਵਾਲ ਪਾਉਣੈ ਨੇ। ਕੰਡੇ ਚੁਗਣ ਵਿਚ ਮੇਰੀਆਂ ਕੋਈ ਉਂਗਲਾਂ ਟੁੱਟਦੀਆਂ ਨੇ?" ਇਹ ਕਹਿ ਕੇ ਉਸ ਨੇ ਬੇਰੀ ਹੇਠੋਂ ਕੰਡੇ ਚੁਗੇ ਤੇ ਦੂਰ ਸੁੱਟ ਆਈ। ਫਿਰ ਬੇਰੀ ਨੂੰ ਸਲਾਮ ਕਰ ਕੇ ਅੱਗੇ ਤੁਰ ਪਈ।

ਰਸਤੇ ਵਿਚ ਸਮੁੰਦਰ ਮਿਲਿਆ। ਉਸ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਦੇਖ ਮੇਰੇ ਕਿਨਾਰਿਆਂ ਤੇ ਕਿੰਨਾ ਕੂੜਾ ਕਰਕਟ ਇੱਕਠਾ ਹੋ ਗਿਆ। ਸਾਫ ਈ ਕਰ ਦੇਹ।" ਹਲਦੀ ਨੇ ਪ੍ਰਸੰਨਤਾ ਨਾਲ ਕਿਹਾ, "ਲੈ ਵੀਰ ਤੂੰ ਕਦ ਕਦ ਕੰਮ ਕਹੇਂਗਾ? ਕੂੜਾ ਚਿੱਕੜ ਬਾਹਰ ਸੁੱਟਣ ਨਾਲ ਮੇਰੇ ਕਿਹੜਾ ਹੱਥ ਮੈਲੇ ਹੁੰਦੇ ਨੇ।" ਮਹਿੰਦੀ ਰੰਗੇ ਹੱਥਾਂ ਨਾਲ ਉਸ ਨੇ ਚਿੱਕੜ ਕੂੜਾ ਸਾਫ ਕਰ ਦਿੱਤਾ। ਸਮੁੰਦਰ ਨੂੰ ਸਲਾਮ ਕਰ ਕੇ ਅੱਗੇ ਤੁਰੀ। ਰਸਤੇ ਵਿਚ ਉਠ ਮਿਲ ਗਿਆ। ਉਠ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੇਰੀ ਛਾਤੀ ਨੂੰ ਚਿੱਚੜੀਆਂ ਲੱਗ ਗਈਆਂ, ਬੜਾ ਤੰਗ ਕਰਦੀਆਂ ਨੇ। ਖੇਚਲ ਤਾਂ ਹੈ ਪਰ ਕੱਢ ਦੇਹ।" ਹਲਦੀ ਨੇ ਕਿਹਾ, "ਕੱਢ ਦਿੰਨੀ ਆਂ, ਕੱਢ ਦਿੰਨੀ ਆਂ ਵੀਰ।" ਉਹਨੇ ਚਿੱਚੜੀਆਂ ਚੁਗ ਦਿੱਤੀਆਂ ਤੇ ਦੂਰ ਸੁੱਟ ਆਈ। ਉਠ ਨੂੰ ਸਲਾਮ ਕਰ ਕੇ ਅੱਗੇ ਤੁਰ ਪਈ।

ਨਾਨਕਿਆਂ ਤੋਂ ਬੜਾ ਪਿਆਰ ਮਿਲਿਆ। ਭੱਜੀ ਭੱਜੀ ਸਾਰਿਆਂ ਦੇ ਕੰਮ ਕਰਦੀ ਫਿਰਦੀ। ਸਾਰੇ ਪਿੰਡ ਨਾਲ ਮਿੱਠਾ ਬੋਲਦੀ, ਬਦਲੇ ਵਿਚ ਅਸੀਸਾਂ ਮਿਲਦੀਆਂ। ਪਿੰਡ ਵਾਲਿਆਂ ਦੇ ਦਿਲ ਅੰਦਰ ਉਤਰ ਗਈ। 'ਹਲਦੀ ਬਾਈ, ਹਲਦੀ ਬਾਈ' ਕਹਿੰਦਿਆਂ ਦੀ ਜੀਭ ਸੁਕਦੀ। ਨਵੀਆਂ ਸਹੇਲੀਆਂ ਬਣ ਗਈਆਂ, ਮਿਲ-ਜੁਲ ਕੇ ਖੇਡਦੀ ਕੁੱਦਦੀ, ਖਾਂਦੀ, ਪੀਂਦੀ, ਗੀਤ ਗਾਉਂਦੀ, ਮੌਜ ਕਰਦੀ। ਸਾਰਾ ਪਿੰਡ 'ਸ਼ਾਬਾਸ਼! ਸ਼ਾਬਾਸ਼!!' ਕਹਿੰਦਾ।

ਇਕ ਦਿਨ ਘਰ ਵਾਪਸੀ ਦਾ ਫੈਸਲਾ ਹੋ ਗਿਆ। ਵਿਦਾ ਕਰਨ ਵਿਚ ਪਿੰਡ ਨੂੰ ਮੁਸ਼ਕਿਲ ਆਈ। ਵਿਦਾ ਤਾਂ ਕਰਨੀ ਹੀ ਸੀ, ਬੜਾ ਲਾਡ ਕੀਤਾ, ਭਾਂਤ ਭਾਂਤ ਦੀਆਂ ਖਾਣ ਦੀਆਂ ਚੀਜ਼ਾਂ ਬੰਨ੍ਹ ਦਿੱਤੀਆਂ। ਸੁਹਣੇ ਕੱਪੜੇ ਦਿੱਤੇ, ਚੂੜੀਆਂ ਦਿੱਤੀਆਂ। ਪਿੰਡ ਆਪਣੀ ਜੂਹ ਤੱਕ ਛੱਡਣ ਆਇਆ। ਸਾਰੇ ਉਦਾਸ ਹੋਏ। ਬਰਾਬਰ ਉਮਰ ਦੀਆਂ ਸਹੇਲੀਆਂ ਅੱਖਾਂ ਭਰ ਆਈਆਂ, ਛੋਟੀਆਂ ਡੁਸਕਣ ਲੱਗੀਆਂ। ਸਾਰੀਆਂ ਨੇ ਉਦਾਸ ਬੋਲਾਂ ਨਾਲ ਕਿਹਾ, "ਭੈਣ ਛੇਤੀ ਵਾਪਸ ਆਈਂ। ਤੇਰੇ ਬਿਨ ਸਾਡਾ ਜੀ ਨਹੀਂ ਲੱਗਣਾ।"

ਸਿਰ 'ਤੇ ਪੀਪਾ, ਮੋਢੇ ਨਾਲ ਝੋਲਾ ਲਟਕਾਈ ਹਲਦੀ ਨਾਨਕਿਓਂ ਵਾਪਸ ਤੁਰ ਪਈ। ਇਕ ਕਦਮ ਅੱਗੇ ਪੁਟਦੀ, ਫਿਰ ਪਿਛੇ ਦੇਖਦੀ, ਹੰਝੂ ਵਗਦੇ। ਜਾਂਦੀ ਨੂੰ ਦੇਖ ਸਾਰੇ ਕਹਿੰਦੇ, "ਇਹੋ ਜਿਹੀ ਸਾਊ ਸਮਝਦਾਰ ਕੁੜੀ, ਨਾ ਦੇਖੀ ਨਾ ਸੁਣੀ। ਪਿਛਲੇ ਜਨਮ ਜਿਸ ਨੇ ਤਪੱਸਿਆ ਕੀਤੀ ਹੋਏਗੀ, ਉਸ ਜੁਆਨ ਦੀ ਕਿਸਮਤ ਵਿਚ ਆਏਗਾ ਹਲਦੀ ਦਾ ਹੱਥ।"

ਉਠ ਲਾਗਿਓਂ ਲੰਘੀ ਤਾਂ ਉਠ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਦੂਰ ਦੂਰ ਦੀ ਟਲੀ ਟਲੀ ਕਿਉਂ ਜਾ ਰਹੀ ਹੈਂ? ਬੋਝ ਵੀ ਬਹੁਤ ਹੈ ਤੇਰੇ ਕੋਲ ਤਾਂ। ਮੇਰੇ ਹੁੰਦੇ ਸੁੰਦੇ ਤੈਨੂੰ ਪੈਦਲ ਜਾਣ ਦੀ ਕੀ ਲੋੜ? ਇਕ ਵਾਰ ਮੇਰੀ ਪਿੱਠ 'ਤੇ ਬੈਠ ਸਹੀ, ਦੇਖਦੇ ਦੇਖਦੇ ਤੈਨੂੰ ਪਿੰਡ ਪੁਚਾ ਦਿਊਂਗਾ।" ਹਲਦੀ ਨੂੰ ਹੋਰ ਕੀ ਚਾਹੀਦਾ ਸੀ! ਛਾਲ ਮਾਰ ਕੇ ਉਠ 'ਤੇ ਸਵਾਰ ਹੋ ਗਈ। ਉਠ ਦੀ ਚਾਲ ਏਨੀ ਸਮਤੋਲ ਕਿ ਹੱਥ 'ਚ ਪੰਘਰੇ ਘਿਉ ਦਾ ਭਰਿਆ ਛੰਨਾ ਲੈ ਕੇ ਬੈਠ ਜਾਉ, ਛਲਕ ਕੇ ਇਕ ਬੂੰਦ ਹੇਠ ਨਾ ਡਿੱਗੇ।

ਸਮੁੰਦਰ ਨੇੜਿਓਂ ਲੰਘਣ ਲੱਗੀ ਤਾਂ ਸਮੁੰਦਰ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਦੂਰ ਦੂਰ ਟਲੀ ਟਲੀ ਕਿਉਂ ਜਾ ਰਹੀ ਹੈਂ? ਥੋੜ੍ਹੇ ਕੁ ਮੋਤੀ ਤਾਂ ਲੈ ਜਾਹ, ਬਥੇਰੇ ਨੇ ਮੇਰੇ ਕੋਲ, ਤੂੰ ਕਿਹੜਾ ਰੋਜ਼ ਰੋਜ਼ ਆਉਣੈ।" ਨਾਂਹ ਨਾਂਹ ਕਰਦੀ ਹਲਦੀ ਨੂੰ ਸਮੁੰਦਰ ਨੇ ਝੋਲੀ ਭਰ ਕੇ ਮੋਤੀ ਦਿੱਤੇ। ਚੁੰਨੀ ਦੇ ਪੱਲੇ ਬੰਨ੍ਹੇ, ਝੋਲੇ ਵਿਚ ਪਾਏ, ਜੇਬਾਂ ਭਰ ਲਈਆਂ, ਪੀਪਾ ਭਰ ਗਿਆ। ਸਮੁੰਦਰ ਨੂੰ ਸਲਾਮ ਕਰ ਕੇ ਅੱਗੇ ਤੁਰੀ।

ਬੇਰੀ ਕੋਲੋਂ ਦੀ ਲੰਘਣ ਲੱਗੀ ਤਾਂ ਬੇਰੀ ਨੇ ਕਿਹਾ, "ਕਿਉਂ ਹਲਦੀ ਬਾਈ, ਦੂਰ ਕਿਸ ਗੱਲੋਂ? ਦੇਖ ਤਾਂ ਸਹੀ ਮੇਰੇ ਬੇਰ ਪੱਕ ਗਏ। ਜੀ ਭਰ ਕੇ ਖਾਹ, ਬਚਦੇ ਨਾਲ ਲੈ ਜਾਹ।" ਹਲਦੀ ਨੇ ਬੇਰੀ ਦੀ ਛਾਂ ਹੇਠ ਉਠ ਬਿਠਾ ਦਿੱਤਾ। ਬੇਰ ਖਾਧੇ, ਨਾਲ ਲਿਜਾਣ ਵਾਸਤੇ ਬੰਨ੍ਹ ਲਏ। ਬਚਦੇ ਉਠ ਨੂੰ ਖੁਆ ਦਿੱਤੇ। ਜੱਫੀ ਪਾ ਕੇ ਬੇਰੀ ਤੋਂ ਵਿਦਾਇਗੀ ਮੰਗੀ।

ਚੁੱਲ੍ਹੇ ਕੋਲੋਂ ਦੀ ਲੰਘਣ ਲੱਗੀ ਤਾਂ ਚੁੱਲ੍ਹੇ ਨੇ ਕਿਹਾ, "ਹਲਦੀ ਬਾਈ, ਮੇਰੇ ਕੋਲ ਇਹ ਸੋਨੇ ਦੀ ਕੜਾਹੀ ਫਾਲਤੂ ਪਈ ਹੈ। ਮੈਂ ਕੀ ਕਰਨੀ ਹੋਈ?



ਤੂੰ ਲੈ ਜਾਹ।" ਹਲਦੀ ਨੇ ਕੜਾਹੀ ਚੁੱਕੀ, ਸ਼ੁਕਰਾਨਾ ਕੀਤਾ ਤੇ ਅੱਗੇ ਤੁਰ ਪਈ।

ਸਾਹਮਣੇ ਪਿੰਡ ਦਿਸਿਆ, ਹਲਦੀ ਨੇ ਉਠ ਭਜਾ ਲਿਆ। ਖੜੇ ਲਾਗਿਓਂ ਲੰਘਣ ਲੱਗੀ ਤਾਂ ਖੜੇ ਨੇ ਕਿਹਾ, "ਦੂਰ ਦੂਰ ਦੀ ਕਿਉਂ ਜਾ ਰਹੀ ਹੈਂ ਹਲਦੀ ਭੈਣ, ਕੋਈ ਗਹਿਣਾ ਗੱਟਾ ਤਾਂ ਲੈ ਜਾਹ, ਬਥੇਰੇ ਪਏ ਨੇ; ਆਪ ਪਹਿਨੀਂ, ਸਹੇਲੀਆਂ ਵਿਚ ਵੰਡੀਂ।" ਖੜੇ ਤੋਂ ਗਹਿਣੇ ਲੈ ਕੇ ਅੱਗੇ ਚੱਲੀ।

ਬਿੱਲੀ ਮਿਲ ਗਈ। ਬਿੱਲੀ ਨੇ ਕਿਹਾ, "ਹਲਦੀ ਭੈਣ, ਮੇਰੇ ਕੋਲ ਟੋਕਰੀਆਂ ਮੇਵਿਆਂ ਦੀਆਂ ਭਰੀਆਂ ਪਈਆਂ ਨੇ। ਆਪ ਖਾਹ ਤੇ ਸਹੇਲੀਆਂ ਨੂੰ ਖੁਆ।"

ਪਿੰਡ ਪੁੱਜ ਕੇ ਉਠ ਬੁੱਕਿਆ। ਰੌਲਾ ਪੈ ਗਿਆ, 'ਹਲਦੀ ਆ ਗਈ, ਹਲਦੀ ਆ ਗਈ।' ਸਾਰਾ ਪਿੰਡ ਮਿਲਣ ਆਇਆ। ਉਠ ਬਿਠਾ ਕੇ ਉਤਰੀ ਤੇ ਸਭ ਨੂੰ ਮਿਲੀ। ਲੰਮੇ ਕਾਲ ਪਿਛੋਂ ਮੀਂਹ ਪੈਣ 'ਤੇ ਜਿਵੇਂ ਲੋਕ ਖੁਸ਼ ਹੁੰਦੇ ਹਨ, ਹਲਦੀ ਨੂੰ ਮਿਲ ਕੇ ਉਸ ਤਰ੍ਹਾਂ ਖੁਸ਼ ਹੋਏ।

ਹਲਦੀ ਬਾਈ ਇਕੱਲੇ ਇਕੱਲੇ ਘਰ ਜਾ ਜਾ ਚੀਜ਼ਾਂ ਵੰਡ ਆਈ। ਹੀਰੇ ਮੋਤੀ ਵੰਡੇ, ਬੇਰ ਵੰਡੇ, ਮੇਵੇ ਵੰਡੇ, ਘਿਉਰ ਵੰਡੇ, ਫਿਰ ਕਿਤੇ ਕੰਮ ਮੁਕਾ ਕੇ ਆਪਣੇ ਘਰ ਵੱਲ ਚੱਲੀ। ਪਿੰਡ ਨੇ ਕਿਹਾ, "ਹਲਦੀ ਬਾਈ ਜਿਹੀ ਧੀ ਨਾ ਹੋਈ, ਨਾ ਹੋਏਗੀ।"

ਹਲਦੀ ਨੂੰ ਇੰਨਾ ਲਾਡ ਪਿਆਰ, ਇੰਨਾ ਮਾਣ ਸਨਮਾਨ ਮਿਲਦਾ ਦੇਖ ਕੇ ਸੁੰਢ ਦੀ ਗੱਠੀ ਦਾ ਗੁੱਸਾ ਅਸਮਾਨੇ ਚੜ੍ਹ ਗਿਆ। ਤੌਲੇ ਵਾਂਗ ਮੂੰਹ ਫੁਲਾ ਲਿਆ। ਅੱਖਾਂ ਦੀਆਂ ਪੁਤਲੀਆਂ ਵਿਚੋਂ ਚੰਗਿਆੜੀਆਂ ਨਿਕਲਣ ਲੱਗੀਆਂ। ਕਿਸੇ ਨਾਲ ਕੋਈ ਗੱਲ ਨਹੀਂ ਕੀਤੀ। ਹਲਦੀ ਤੋਂ ਕੋਈ ਚੀਜ਼ ਨਹੀਂ ਲਈ, ਨਾ ਹੀਰੇ ਮੋਤੀ, ਨਾ ਬੇਰ, ਨਾ ਮੇਵੇ, ਨਾ ਘਿਉਰ, ਨਾ ਗਹਿਣਾ ਗੱਟਾ। ਕੱਛ ਵਿਚ ਦੋ ਚਾਰ ਕੱਪੜੇ ਲਏ, ਪੈਰ ਪਟਕ ਕੇ ਮਾਂ ਨੂੰ ਕਹਿੰਦੀ, "ਮੈਂ ਚੱਲੀ ਆਂ ਨਾਨਕੇ। ਹਲਦੀ ਫਲਦੀ ਤੋਂ ਵਧੀਕ ਸਮਾਨ ਨਾ ਲੈ ਕੇ ਆਵਾਂ, ਮੇਰਾ ਨਾਮ ਬਦਲ ਦੇਈਂ ਬੇਸ਼ਕ।"

ਕਿਸੇ ਨੂੰ ਪਤਾ ਵੀ ਨਾ ਲੱਗਾ ਸੁੰਢ ਕਦੋਂ ਨਾਨਕੇ ਗਈ, ਪਰ ਜਦੋਂ ਪਤਾ ਲੱਗਾ, ਪਿੰਡ ਬੜਾ ਖੁਸ਼ ਹੋਇਆ; ਜਿਵੇਂ ਸਰਾਪ ਉਤਰ ਗਿਆ ਹੋਵੇ। ਲੋਕ ਕਹਿੰਦੇ, "ਜੇ ਨਾ ਈ ਮੁੜੇ ਤਾਂ ਚੰਗੈ। ਜਿਸ ਦੀ ਘਰ ਵਿਚ ਕਦਰ ਨਹੀਂ, ਉਹ ਬਾਹਰ ਕੀ ਖੱਟੀ ਖੱਟੇਗੀ?" ਪਿੰਡੋਂ ਬਾਹਰ ਨਿਕਲੀ ਹੀ ਸੀ ਕਿ ਟਿੱਬੇ ਦਾ ਖੜਾ ਮਿਲਿਆ, ਕਹਿੰਦਾ, "ਸੁੰਢ ਭੈਣ, ਮੇਰੇ ਅੰਦਰ ਕੂੜਾ ਭਰ ਗਿਐ, ਸਾਫ ਈ ਕਰ ਦੇਹ।"

ਸੁੰਢ ਗੁੱਸੇ ਨਾਲ ਬੋਲੀ, "ਮੈਨੂੰ ਕੋਈ ਹਲਦੀ ਫਲਦੀ ਨਾ ਸਮਝ। ਮੈਂ ਹਾਂ ਸੇਠਜ਼ਾਦੀ ਸੁੰਢ, ਮਰੀਜ਼ਾਂ ਦੇ ਦੁੱਖ ਦੂਰ ਕਰਨ ਵਾਲੀ, ਮਹਿਲਾਂ ਵਿਚ ਸੌਣ ਵਾਲੀ, ਭੰਗਣ ਨਹੀਂ ਕਿ ਤੇਰਾ ਕਚਰਾ ਢੋਂਦੀ ਫਿਰਾਂ। ਹਿੰਮਤ ਹੈ ਤਾਂ ਨੌਕਰ ਰੱਖ, ਨਹੀਂ ਤਾਂ ਫਿਰ ਕਿਸਮਤ ਨੂੰ ਰੋ।"

ਅੱਗੇ ਗਈ ਤਾਂ ਚੁੱਲ੍ਹਾ ਮਿਲਿਆ, ਕਿਹਾ, "ਸੁੰਢ ਭੈਣ ਮੇਰੀ ਰਾਖ ਈ ਕੱਢ ਜਾਹ।" ਸੁੰਢ ਗੁੱਸੇ ਵਿਚ ਬੋਲੀ, "ਮੈਂ ਕੋਈ ਹਲਦੀ ਫਲਦੀ ਨਹੀਂ ਤੇਰੀ ਵਗਾਰ ਕਰਾਂ। ਮੈਂ ਹਾਂ ਸੇਠਜ਼ਾਦੀ ਸੁੰਢ, ਕੰਮ ਆਉਣ ਵਾਲੀ ਦਵਾਈ, ਮਹਿਲਾਂ ਵਿਚ ਸੌਣ ਵਾਲੀ। ਪੈਸੇ ਨੇ ਤਾਂ ਨੌਕਰ ਰੱਖ, ਨਹੀਂ ਕਰਮਾਂ ਨੂੰ ਰੋ।"

ਅੱਗੇ ਗਈ ਤਾਂ ਬਿੱਲੀ ਮਿਲੀ, ਉਹਨੇ ਕਿਹਾ, "ਸੁੰਢ ਭੈਣ ਮੇਰੀਆਂ ਜੂੰਆਂ ਕੱਢ ਕੇ ਸਿਰ ਗੁੰਦ ਦੇਹ।" ਗੁੱਸੇ ਵਿਚ ਸੁੰਢ ਬੋਲੀ, "ਮੈਨੂੰ ਹਲਦੀ ਫਲਦੀ ਨਾ ਸਮਝ, ਮੈਂ ਕੋਈ ਨੈਣ ਤਾਂ ਨ੍ਹੀਂ ਤੇਰਾ ਸਿਰ ਗੁੰਦਾਂ। ਤਾਕਤ ਹੈ ਤਾਂ ਨੌਕਰ ਰੱਖ, ਨਹੀਂ ਰੋ ਕਰਮਾਂ ਨੂੰ।"

ਚਲੋ ਚਲ, ਚਲੋ ਚਲ ਬੇਰੀ ਮਿਲੀ, ਉਸ ਨੇ ਕਿਹਾ, "ਸੁੰਢ ਭੈਣ ਮੇਰੇ ਕੰਡੇ ਈ ਚੁਗ ਜਾਹ।" ਸੁੰਢ ਗੁੱਸੇ ਵਿਚ ਬੋਲੀ, "ਉਹ ਕੋਈ ਹਲਦੀ ਫਲਦੀ ਹੋਏਗੀ ਕੰਡੇ ਚੁਗਣ ਵਾਲੀ। ਮੈਂ ਹਾਂ ਦੁੱਖ ਦੂਰ ਕਰਨ ਵਾਲੀ ਦਵਾਈ, ਮਹਿਲਾਂ ਵਿਚ ਸੌਣ ਵਾਲੀ, ਕੰਮੀ ਨਹੀਂ ਕਿ ਕੰਡੇ ਬੁਹਾਰਾਂ। ਨੌਕਰ ਰੱਖ, ਨਹੀਂ ਰੋ।"

ਅੱਗੇ ਗਈ ਸਮੁੰਦਰ ਮਿਲਿਆ, "ਸੁੰਢ ਭੈਣ, ਕਿਨਾਰਿਆਂ ਤੋਂ ਮੇਰਾ ਚਿੱਕੜ ਸਾਫ ਕਰ ਦੇਹ।" ਸੁੰਢ ਬੋਲੀ, "ਕਿਉਂ? ਸੁੰਦਰ ਹਾਂ ਮੈਂ ਚਿੱਕੜ ਸਾਫ ਕਰਾਂ? ਜੇਬ ਵਿਚ ਪੈਸੇ ਨੇ ਤਾਂ ਨੌਕਰ ਰੱਖ, ਨਹੀਂ ਫਿਰ ਰੋ ਕਰਮਾਂ ਨੂੰ।"

ਤੁਰਦੇ ਤੁਰਦੇ ਉਠ ਮਿਲਿਆ ਕਿਹਾ, "ਸੁੰਢ ਬੀਬੀ, ਮੇਰੀਆਂ ਚਿੱਚੜੀਆਂ ਚੁਗ ਜਾਹ, ਤੰਗ ਕਰਦੀਆਂ ਨੇ।" ਗੁਸੈਲੀ ਸੁੰਢ ਬੋਲੀ, "ਤੇਰੀ ਔਕਾਤ ਕੀ ਹੈ? ਚਿੱਚੜੀਆਂ ਲੱਗੀਆਂ ਨੇ ਤਾਂ ਤੇਰੇ ਕਰਮ ਫੁੱਟੇ ਹੋਏ ਨੇ, ਮੈਂ ਕੀ ਕਰਾਂ? ਹਿੰਮਤ ਹੈ ਤਾਂ ਨੌਕਰ ਰੱਖ ਲੈ, ਨਹੀਂ ਤਾਂ ਰੋ ਕਿਸਮਤ ਨੂੰ।"

ਜਿਹੋ ਜਿਹੇ ਲੱਛਣ ਸਨ, ਨਾਨਕੇ ਕਿਸੇ ਨੇ ਉਸ ਨਾਲ ਚੱਜ ਦੀ ਗੱਲ ਵੀ ਨਹੀਂ ਕੀਤੀ। ਬੋਲਦੀ ਤਾਂ ਜ਼ਹਿਰ ਉਗਲਦੀ। ਜਿਸ ਨੂੰ ਜੀ ਕਰਦਾ, ਫਿਟਕਾਰਦੀ, ਦੁਰਕਾਰਦੀ। ਛੋਟੇ ਵੱਡੇ ਦੀ ਕੋਈ ਇੱਜਤ ਨਹੀਂ। ਦਿਨ ਭਰ ਲੜਦੀ। ਉਲਾਂਭੇ ਆਉਣ ਲੱਗੇ ਤਾਂ ਨਾਨਕਿਆਂ ਨੇ ਜਬਰਨ ਵਾਪਸ ਤੋਰ ਦਿੱਤੀ। ਕੋਈ ਸੁਗਾਤ ਨਾ ਦਿੱਤੀ, ਖਾਲੀ ਹੱਥ ਆਈ, ਖਾਲੀ ਵਾਪਸ ਚੱਲੀ। ਕਿਸੇ ਦੀ ਜੁੱਤੀ ਵੀ ਉਸ ਨੂੰ ਮਿਲਣ ਨਾ ਆਈ। ਜਿਸ ਨੂੰ ਪਤਾ ਲਗਦਾ ਕਿ ਚਲੀ ਗਈ, ਖੁਸ਼ ਹੋ ਕੇ ਕਹਿੰਦਾ, "ਪਾਪ ਲੱਥਾ, ਸ਼ੁਕਰ ਹੈ। ਮਾਂ ਨੇ ਇਹਨੂੰ ਜੰਮ ਕੇ ਕਸ਼ਟ ਈ ਕੱਟਿਆ। ਪੱਥਰ ਜੰਮ ਦਿੰਦੀ, ਕੰਧ ਵਿਚ ਚਿਣ ਲੈਂਦੇ।"

ਕਾਠੀ ਸਜੀ ਸਜਾਈ, ਰਸਤੇ ਵਿਚ ਉਹੀ ਉਠ ਮਿਲਿਆ। ਲੰਮੇ ਲੰਮੇ ਕਦਮ ਭਰਦੀ ਉਠ ਨੇੜੇ ਗਈ, ਉਠ ਨੇ ਜ਼ੋਰ ਦੀ ਲੱਤ ਮਾਰੀ। ਸੁੰਢ ਲੋਟਣੀਆਂ ਖਾ ਗਈ। ਕੱਪੜੇ ਝਾੜ ਕੇ ਖੜ੍ਹੀ ਹੋਈ। ਉਠ ਨੇ ਕਿਹਾ, "ਚਿੱਚੜੀਆਂ ਚੁਗਣ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਝੂਟੇ ਲੈਣੇ ਨੇ ਪਹਿਲਾਂ ਮੂੰਹ ਤਾਂ ਧੋ ਕੇ ਆ।"

ਸਮੁੰਦਰ ਲਾਗਿਓਂ ਲੰਘੀ, ਦੇਖਿਆ, ਕਿਨਾਰਿਆਂ ਤੇ ਹੀਰੇ ਮੋਤੀ ਤਾਰਿਆਂ ਵਾਂਗ ਲਿਸ਼ਕ ਰਹੇ ਹਨ। ਦਿਲ ਲਲਚਾ ਗਿਆ। ਲੰਮੀਆਂ ਲੰਮੀਆਂ ਪੁਲਾਘਾਂ ਭਰਦੀ ਆਈ, ਹੀਰੇ ਮੋਤੀ ਚੁਗਣ ਲੱਗੀ, ਉਠੀ ਜ਼ਬਰਦਸਤ ਛੱਲ, ਹੀਰੇ ਮੋਤੀ ਤਾਂ ਹੱਥੋਂ ਛੁੱਟੇ ਹੀ, ਲੱਗੀ ਡੁਬਕੀਆਂ ਖਾਣ। ਸਮੁੰਦਰ ਨੇ ਕਿਹਾ, "ਚਿੱਕੜ ਸਾਫ ਕਰਨ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਹੀਰੇ ਮੋਤੀ ਲੈਣ ਲਈ ਮੂੰਹ ਧੋ ਲਿਆ?"

ਬੇਰੀ ਕੋਲੋਂ ਲੰਘੀ, ਦੇਖਿਆ, ਲਾਲ ਸੂਹੇ ਬੇਰ ਪੱਕੇ ਹੋਏ, ਟਾਹਣੀਆਂ ਝੁਕੀਆਂ ਹੋਈਆਂ। ਲਾਲਚ ਆ ਗਿਆ। ਲੰਮੀਆਂ ਡਿੰਘਾਂ ਭਰਦੀ ਬੇਰੀ ਕੋਲ ਗਈ, ਬੇਰ ਤੋੜਨ ਲੱਗੀ ਤਾਂ ਟਾਹਣੀ ਹੋਰ ਉਚੀ ਹੋ ਗਈ। ਸੁੰਢ ਦੀ ਚੁੰਨੀ ਕੰਡਿਆਂ ਨੇ ਪਾੜ ਦਿੱਤੀ, ਹੱਥ ਛਿੱਲੇ ਗਏ, ਥਾਂ ਥਾਂ ਕੰਡੇ ਚੁਭੇ। ਬੇਰੀ ਨੇ ਕਿਹਾ, "ਕੰਡੇ ਚੁਗਣ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਮਿੱਠੇ ਬੇਰ ਖਾਣ ਵਾਸਤੇ ਮੂੰਹ ਧੋ ਆਈ।"

ਬਿੱਲੀ ਕੋਲੋਂ ਲੰਘੀ, ਦੇਖਿਆ, ਉਸ ਕੋਲ ਪਰਾਤ ਮੇਵਿਆਂ ਦੀ ਭਰੀ ਪਈ ਹੈ। ਲੰਮੇ ਲੰਮੇ ਕਦਮੀਂ ਤੁਰ ਕੇ ਆਈ, ਹੱਥ ਮੇਵਿਆਂ ਨੂੰ ਪਾਇਆ ਹੀ ਸੀ ਕਿ ਬਿੱਲੀ ਨੇ ਨਹੁੰਦਰਾਂ ਨਾਲ ਮੂੰਹ ਨੋਚ ਲਿਆ। ਘੱਗਰੀ ਪਾੜ ਦਿੱਤੀ। ਬਿੱਲੀ ਨੇ ਕਿਹਾ, "ਸਿਰ ਗੁੰਦਣ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਮੇਵੇ ਖਾਣ ਲਈ ਮੂੰਹ ਧੋ ਕੇ ਆ ਗਈ?"

ਚੁੱਲ੍ਹੇ ਕੋਲ ਦੀ ਲੰਘੀ ਤਾਂ ਦੇਖਿਆ ਸੋਨੇ ਦੀ ਕੜਾਹੀ ਵਿਚ ਘਿਉਰ ਤਲੇ ਜਾ ਰਹੇ ਸਨ। ਜੀਭ 'ਤੇ ਪਾਣੀ ਆ ਗਿਆ। ਘਿਉਰ ਕੱਢਣ ਲੱਗੀ ਤਾਂ ਘਿਉ ਖੌਲ ਪਿਆ, ਹੱਥ ਜਲ ਗਏ, ਕੱਪੜੇ ਬਿੰਧੇ ਹੋ ਗਏ। ਬਾਹਾਂ 'ਤੇ ਛਾਲੇ ਪੈ ਗਏ। ਚੁੱਲ੍ਹਾ ਬੋਲਿਆ, "ਰਾਖ ਸਾਫ ਕਰਨ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਘਿਉਰ ਖਾਣ ਵੇਲੇ ਮੂੰਹ ਧੋ ਕੇ ਆ ਗਈ?"

ਖੜੇ ਕੋਲੋਂ ਦੀ ਲੰਘਣ ਲੱਗੀ, ਦੇਖਿਆ ਸੋਨੇ ਦੇ ਗਹਿਣੇ ਜਗਮਗਾ ਰਹੇ ਹਨ। ਮਨ ਲਲਚਾਇਆ। ਲੰਮੀਆਂ ਲੰਮੀਆਂ ਡਿੰਘਾਂ ਭਰਦੀ ਹੋਈ ਗਈ ਤੇ ਗਹਿਣਿਆਂ ਨੂੰ ਹੱਥ ਪਾਇਆ, ਛੂਹਣ ਦੀ ਦੇਰ ਹੀ ਸੀ ਕਿ ਜ਼ਬਰਦਸਤ ਵਰੋਲਾ ਉਠਿਆ। ਸੁੰਢ ਦੇ ਕੱਪੜੇ, ਮੂੰਹ ਤੇ ਸਿਰ ਰੇਤ ਨਾਲ ਭਰ ਗਏ। ਭੂਤਨੀ ਲੱਗਣ ਲੱਗੀ।

ਅੱਖਾਂ ਮਲਦੀ, ਰੋਂਦੀ ਕੁਰਲਾਂਦੀ ਘਰ ਪਹੁੰਚੀ। ਨਾ ਕਿਸੇ ਨਾਲ ਬਾਤ ਕੀਤੀ, ਨਾ ਕਿਸੇ ਨਾਲ ਚੀਤ। ਚੁਪ ਚਾਪ ਚੁੰਨੀ ਨਾਲ ਮੂੰਹ ਸਿਰ ਵਲ੍ਹੇਟ ਕੇ ਪੈ ਗਈ। ਘਰਦਿਆਂ ਨੇ ਬਥੇਰੀ ਪੁੱਛਗਿੱਛ ਕੀਤੀ, ਮੂੰਹ ਵਿਚੋਂ ਇਕ ਬੋਲ ਨਹੀਂ ਨਿਕਲਿਆ। ਰਾਤ ਭਰ ਡੁਸਕਦੀ ਰਹੀ, ਰੋਂਦੀ ਰਹੀ। ਲੋਕ ਆ ਆ ਕੇ ਪੁਛਦੇ, "ਕੀ ਲਿਆਈ ਹੈਂ ਕੁੜੀਏ?" ਸੁੰਢ ਉਨ੍ਹਾਂ ਨੂੰ ਖੂਬ ਗਾਲ੍ਹਾਂ ਕੱਢਦੀ, ਲੋਕ ਖੂਬ ਹੱਸਦੇ, ਖਿੱਲੀ ਉਡਾਉਂਦੇ।

ਏਨੀ ਮੇਰੀ ਬਾਤ। ਉਤੋਂ ਪੈ ਗਈ ਰਾਤ।

(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)

ਪਿੰਡ ਪੁੱਜ ਕੇ ਉਠ ਬੁੱਕਿਆ। ਰੌਲਾ ਪੈ ਗਿਆ, 'ਹਲਦੀ ਆ ਗਈ, ਹਲਦੀ ਆ ਗਈ।' ਸਾਰਾ ਪਿੰਡ ਮਿਲਣ ਆਇਆ। ਉਠ ਬਿਠਾ ਕੇ ਉਤਰੀ ਤੇ ਸਭ ਨੂੰ ਮਿਲੀ। ਲੰਮੇ ਕਾਲ ਪਿਛੋਂ ਮੀਂਹ ਪੈਣ 'ਤੇ ਜਿਵੇਂ ਲੋਕ ਖੁਸ਼ ਹੁੰਦੇ ਹਨ, ਹਲਦੀ ਨੂੰ ਮਿਲ ਕੇ ਉਸ ਤਰ੍ਹਾਂ ਖੁਸ਼ ਹੋਏ। ਹਲਦੀ ਬਾਈ ਇਕੱਲੇ ਇਕੱਲੇ ਘਰ ਜਾ ਜਾ ਚੀਜ਼ਾਂ ਵੰਡ ਆਈ। ਹੀਰੇ ਮੋਤੀ ਵੰਡੇ, ਬੇਰ ਵੰਡੇ, ਮੇਵੇ ਵੰਡੇ, ਘਿਉਰ ਵੰਡੇ, ਫਿਰ ਕਿਤੇ ਕੰਮ ਮੁਕਾ ਕੇ ਆਪਣੇ ਘਰ ਵੱਲ ਚੱਲੀ। ਪਿੰਡ ਨੇ ਕਿਹਾ, "ਹਲਦੀ ਬਾਈ ਜਿਹੀ ਧੀ ਨਾ ਹੋਈ, ਨਾ ਹੋਏਗੀ।"
ਹਲਦੀ ਨੂੰ ਇੰਨਾ ਲਾਡ ਪਿਆਰ, ਇੰਨਾ ਮਾਣ ਸਨਮਾਨ ਮਿਲਦਾ ਦੇਖ ਕੇ ਸੁੰਢ ਦੀ ਗੱਠੀ ਦਾ ਗੁੱਸਾ ਅਸਮਾਨੇ ਚੜ੍ਹ ਗਿਆ। ਤੌਲੇ ਵਾਂਗ ਮੂੰਹ ਫੁਲਾ ਲਿਆ। ਅੱਖਾਂ ਦੀਆਂ ਪੁਤਲੀਆਂ ਵਿਚੋਂ ਚੰਗਿਆੜੀਆਂ ਨਿਕਲਣ ਲੱਗੀਆਂ। ਕਿਸੇ ਨਾਲ ਕੋਈ ਗੱਲ ਨਹੀਂ ਕੀਤੀ। ਹਲਦੀ ਤੋਂ ਕੋਈ ਚੀਜ਼ ਨਹੀਂ ਲਈ, ਨਾ ਹੀਰੇ ਮੋਤੀ, ਨਾ ਬੇਰ, ਨਾ ਮੇਵੇ, ਨਾ ਘਿਉਰ, ਨਾ ਗਹਿਣਾ ਗੱਟਾ। ਕੱਛ ਵਿਚ ਦੋ ਚਾਰ ਕੱਪੜੇ ਲਏ, ਪੈਰ ਪਟਕ ਕੇ ਮਾਂ ਨੂੰ ਕਹਿੰਦੀ, "ਮੈਂ ਚੱਲੀ ਆਂ ਨਾਨਕੇ। ਹਲਦੀ ਫਲਦੀ ਤੋਂ ਵਧੀਕ ਸਮਾਨ ਨਾ ਲੈ ਕੇ ਆਵਾਂ, ਮੇਰਾ ਨਾਮ ਬਦਲ ਦੇਈਂ ਬੇਸ਼ਕ।" ਕਿਸੇ ਨੂੰ ਪਤਾ ਵੀ ਨਾ ਲੱਗਾ ਸੁੰਢ ਕਦੋਂ ਨਾਨਕੇ ਗਈ, ਪਰ ਜਦੋਂ ਪਤਾ ਲੱਗਾ, ਪਿੰਡ ਬੜਾ ਖੁਸ਼ ਹੋਇਆ; ਜਿਵੇਂ ਸਰਾਪ ਉਤਰ ਗਿਆ ਹੋਵੇ। ਲੋਕ ਕਹਿੰਦੇ, "ਜੇ ਨਾ ਈ ਮੁੜੇ ਤਾਂ ਚੰਗੈ। ਜਿਸ ਦੀ ਘਰ ਵਿਚ ਕਦਰ ਨਹੀਂ, ਉਹ ਬਾਹਰ ਕੀ ਖੱਟੀ ਖੱਟੇਗੀ?"

# ਯਾਰਾਂ ਦੀ ਮਸੀਤ ਵੱਖਰੀ

***ਪੰਜਾਬ ਦੇ ਜੰਮੇ-ਪਲੇ ਅਤੇ ਲੰਡਨ (ਵਲਾਇਤ) ਵਿਚ ਵੱਸਣ ਵਾਲੇ ਅਮੀਨ ਮਲਿਕ ਦਾ ਸਦੀਵੀ ਵਿਛੋੜਾ ਦੁੱਖ ਦੇਣ ਵਾਲਾ ਹੈ। ਉਹਦੇ ਅੰਦਰ ਆਪਣਾ ਪੰਜਾਬ ਆਬਾਦ ਸੀ ਅਤੇ ਇਹ ਹਰ ਵਕਤ ਮੌਲਦਾ-ਵਿਗਸਦਾ ਰਹਿੰਦਾ ਸੀ। ਉਹਨੇ ਆਪਣੀਆਂ ਕਹਾਣੀਆਂ ਦੇ ਹਰ ਕਿਰਦਾਰ ਨੂੰ ਅੰਦਰੋਂ-ਬਾਹਰੋਂ ਇਸ ਤਰ੍ਹਾਂ ਫਰੋਲਿਆ ਕਿ ਪਾਠਕ ਨੂੰ ਇਸ ਕਿਰਦਾਰ ਨਾਲ ਅਪਣੱਤ ਹੋ ਜਾਂਦੀ ਹੈ। ਉਸ ਨੂੰ ਯਾਦ ਕਰਦਿਆਂ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦਾ ਇਕ ਲੰਮਾ ਲੇਖ ਛਾਪ ਰਹੇ ਹਾਂ, ਜਿਸ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਨਾਂ ਤਾਂ ਉਸ ਦਾ ਕੁਝ ਹੋਰ ਸੀ, ਪਰ ਪਿਉ ਲਾਡ ਨਾਲ ਮੋਮੀ ਆਖਦਾ ਸੀ। ਬੜੀ ਹੀ ਭੋਲੀ, ਬੁਜ਼ਦਿਲ, ਮਾਸੂਮ ਅਤੇ ਰੱਜ ਕੇ ਖੂਬਸੂਰਤ ਸੀ ਉਹ। ਪਤਾ ਨਹੀਂ ਉਹਦੇ ਕੰਨ ਵਿਚ ਰੱਬ ਨੇ ਕਿਹੜਾ ਸੁਨੇਹਾ ਦੇ ਛੱਡਿਆ ਸੀ ਕਿ ਉਹ ਸ਼ਰਾਫਤ ਦੀਆਂ ਬਾਹਵਾਂ ਉਤੇ ਨੀਵੀਆਂ ਅੱਖਾਂ ਕਰ ਕੇ ਹਜ਼ਰਤ ਮਰੀਅਮ ਵਾਂਗ ਹੀ ਤੁਰਦੀ ਰਹੀ।

ਲੰਦਨ ਵਿਚ ਹੀ ਉਹਨੇ ਅੱਵਲ ਨੰਬਰ (ਜੀ. ਸੀ. ਐਸ. ਈ.) ਕੀਤੀ ਤੇ ਇਥੇ ਹੀ ਜਵਾਨੀ ਦੇ ਦੰਦੇ ਉਤੇ ਪੈਰ ਰੱਖਿਆ। ਇਸ ਦੇਸ਼ ਵਿਚ ਹਰ ਪਾਸੇ ਬਲਦੇ ਭਾਂਬੜ ਵਿਚੋਂ ਲੰਘਦੇ ਹੋਏ ਉਸ ਦੀ ਠੰਢੀ ਠਾਰ ਰੂਹ ਨੂੰ ਕੋਈ ਵੀ ਸੇਕ ਨਾ ਲੱਗਾ। ਅੱਜ ਦੇ ਵਗਦੇ ਬੇਰਹਿਮ ਝੱਖੜ ਨੂੰ ਕਦੀ ਵੀ ਹਿੰਮਤ ਨਾ ਹੋਈ ਕਿ ਉਹਦੇ ਸਿਰ ਤੋਂ ਪੰਜਾਬੀ ਸਮਾਜ ਦੀ ਮਾਣਯੋਗ ਚੁੰਨੀ ਉਡਾ ਕੇ ਲੈ ਜਾਂਦਾ। ਇਸ ਪੱਛਮੀ ਬੇਗੈਰਤ ਸਮਾਜ ਦੇ ਵਰ੍ਹਦੇ ਫਾਂਡੇ ਨੇ ਉਸ ਨੂੰ ਕਦੀ ਵੀ ਗੁੱਚ ਨਾ ਕੀਤਾ ਅਤੇ ਨਾ ਹੀ ਬੇਹਯਾਈ ਦੇ ਚਿੱਕੜ ਵਿਚ ਉਸ ਦਾ ਕਦੀ ਪੈਰ ਤਿਲਕਿਆ। ਕੋਈ ਰੱਬ ਦਾ ਆਸਰਾ ਹੀ ਸੀ ਕਿ ਉਹ ਘੁੱਗੀ

**ਅਮੀਨ ਮਲਿਕ**

ਹਰ ਪਾਸੇ ਉਡਦੇ ਸ਼ਿਕਰਿਆਂ ਵਿਚ ਵੀ ਸ਼ਿਕਾਰ ਨਾ ਹੋਈ। ਇਕ ਵੱਖਰੀ ਜਿਹੀ ਆਦਤ ਅਤੇ ਇਰਾਦੇ ਦੀ ਬੇੜੀ 'ਤੇ ਸਵਾਰ ਹੋ ਕੇ ਜ਼ਿੰਦਗੀ ਦਾ ਦਰਿਆ ਪਾਰ ਕਰ ਰਹੀ ਸੀ ਕਿ ਅਚਾਨਕ ਹਾਦਸਾ ਹੋ ਗਿਆ।

ਉਸ ਨੇ ਜੀ. ਸੀ. ਐਸ. ਈ. ਪਾਸ ਕੀਤੀ ਅਤੇ ਮਾਪਿਆਂ ਨੂੰ ਇਕੋ ਹੀ ਤਰਲਾ ਮਾਰਿਆ ਕਿ ਮੈਨੂੰ ਕਿਸੇ ਧਰਮੀ ਜਿਹੇ ਕਾਲਜ 'ਚ ਦਾਖਲ ਕਰਾ ਦਿਉ, ਜਿਥੇ ਬਹੁਤੀਆਂ ਖਰਮਸਤੀਆਂ ਤੇ ਸ਼ਰਮ-ਹਿਆ ਨੂੰ ਅੱਗ ਨਾ ਲੱਗਦੀ ਹੋਵੇ। ਇਸ ਦੇਸ਼ ਵਿਚ ਇੰਜ ਦੇ ਅਦਾਰੇ ਬੜੇ ਹੀ ਘੱਟ ਹਨ, ਜਿਥੇ ਕੁੜੀਆਂ-ਮੁੰਡੇ ਸ਼ਰਮ ਦੀ ਲਕੀਰ ਦਾ ਇਹਤਰਾਮ ਕਰ ਕੇ ਆਪੋ-ਆਪਣੀ ਵਲਗਣ ਦੀ ਹੱਦ ਪਛਾਣਦੇ ਹੋਣ। ਕੁਝ ਲੋਕ ਇਥੇ ਅਜਿਹੇ ਵੀ ਹਨ, ਜੋ ਕਿਸੇ ਪਰੰਪਰਾ, ਰਵਾਇਤ ਅਤੇ ਮਜ਼ਹਬੀ ਕਦਰਾਂ ਦੀ ਕੁਝ ਨਾ ਕੁਝ ਅੱਜ ਵੀ ਦੀਦ ਕਰਦੇ ਨੇ।

ਮਾਪਿਆਂ ਨੇ ਧੀ ਦੀ ਸ਼ਰਾਫਤ ਅਤੇ ਉਹਦੀ ਮਰਜ਼ੀ ਦੀ ਪਾਲਣਾ ਕਰਦਿਆਂ ਉਹਨੂੰ ਹੋਲੀ ਫੈਮਲੀ ਕਾਲਜ ਵਿਚ ਦਾਖਲ ਕਰਵਾ ਦਿੱਤਾ। ਪਾਕਿਸਤਾਨੀ ਜਾਂ ਇੰਡੀਅਨ ਮਾਪੇ ਇਸ ਕਾਲਜ ਵਿਚ ਆਪਣੇ ਬਾਲਾਂ ਨੂੰ ਇਸ ਕਰ ਕੇ ਦਾਖਲ ਨਹੀਂ ਕਰਵਾਉਂਦੇ ਕਿ ਉਥੇ ਇਸਾਈ ਮਜ਼ਹਬ ਵਿਚ ਰੰਗ ਦਿੰਦੇ ਹਨ। ਮੈਂ ਤਾਂ ਇਹੀ ਆਖਾਂਗਾ ਕਿ ਰੰਗ ਪੱਕਾ ਹੋਵੇ, ਤਾਂ ਨਾ ਉਹ ਖੁਰਦਾ ਏ ਤੇ ਨਾ ਹੀ ਕੋਈ ਦੂਜਾ ਰੰਗ ਚੜ੍ਹਦਾ ਏ। ਕਾਲੇ ਨੂੰ ਸੌ ਰੰਗ ਚੜ੍ਹਾਉ, ਫਿਰ ਵੀ ਕਾਲੇ ਦਾ ਕਾਲਾ।

ਰਾਹ ਕਿੰਨੇ ਵੀ ਪੱਧਰੇ ਹੋਣ, ਰਾਹੀ ਕਿੰਨੇ ਵੀ ਮੁਹਤਾਤ ਹੋ ਕੇ ਪੈਰ ਪੁੱਟਣ, ਪਰ ਇਸ ਟੋਏ ਟਿੱਬੇ ਭਰੀ ਉਚੀ ਨੀਵੀਂ ਹਯਾਤੀ ਦੀ ਭੋਇੰ ਉਤੇ ਖਤਾਨ ਵੀ ਹੁੰਦੇ ਨੇ ਅਤੇ ਔਖੀਆਂ ਘਾਟੀਆਂ ਵੀ। ਇਰਾਦਿਆਂ ਵਿਚ ਭਾਵੇਂ ਕੋਈ ਵੀ ਖੋਟ ਨਾ ਹੋਵੇ, ਪਰ ਕੁਦਰਤ ਦੀ ਮਰਜ਼ੀ ਨਾਲ ਨਾ ਕੋਈ ਮੱਥਾ ਲਾ ਸਕਿਆ ਅਤੇ ਨਾ ਹੀ ਕਿਸੇ ਹੋਣੀ ਨੂੰ ਹੱਥ ਦੇ ਕੇ ਡੱਕ ਸਕਿਆ ਹੈ। ਕੁਦਰਤ ਦੇ ਵਗਦੇ ਦਰਿਆ ਆਪਣੇ ਵਹਿਣ ਆਪ ਬਣਾ ਕੇ ਆਪਣੇ ਮਰਜ਼ੀ ਦੇ ਰਾਹਾਂ ਉਤੇ ਤੁਰਦੇ ਨੇ। ਕਿਸੇ ਨੇ ਕਦੀ ਬੀਜੀਆਂ ਨਹੀਂ, ਪਰ ਮੌਸਮ ਆਉਂਦਾ ਏ ਤਾਂ ਖੁੰਬਾਂ ਆਪ ਹੀ ਉਗ ਆਉਂਦੀਆਂ ਨੇ।

ਕਾਲਜ ਵਿਚ ਛੁੱਟੀ ਹੋਈ ਤਾਂ ਮੋਮੀ ਆਪਣੇ ਲੀੜੇ ਸਿੱਧੇ ਸਵਾਰ ਕਰ ਕੇ ਸਿਰ ਢਕਦੀ-ਢਕਦੀ ਕਾਲਜ ਵਿਚੋਂ ਬਾਹਰ ਨਿਕਲੀ। ਅੱਖਾਂ ਉਤੇ ਲੱਗੀ ਨਜ਼ਰ ਦੀ ਐਨਕ ਨਾਲ ਘਰ ਦੇ ਰਾਹ ਦੀ ਸੀਧ ਵੇਖੀ, ਪਰ ਜੇ ਬੰਦਾ ਆਪਣੇ ਰਾਹ ਆਪਣੀ ਮਰਜ਼ੀ ਨਾਲ ਚੁਣ ਸਕਦਾ ਹੁੰਦਾ ਤਾਂ ਨਾ ਗਵਾਚਣ ਵਾਲੇ ਗਵਾਚਦੇ ਤੇ ਨਾ ਕਿਸੇ ਨੂੰ ਠੇਡਾ ਲੱਗਦਾ!

ਮੰਜ਼ਿਲ ਅਤੇ ਇਰਾਦੇ ਤਾਂ ਬੰਦੇ ਦੇ ਆਪਣੇ ਹੁੰਦੇ ਹਨ, ਪਰ ਫੈਸਲੇ ਕਰਨ ਵਾਲਾ ਕਿਧਰੇ ਹੋਰ ਬੈਠਾ ਚੁਪ-ਚਾਪ ਆਪਣੀਆਂ ਮਰਜ਼ੀਆਂ ਕਰਦਾ ਰਹਿੰਦਾ ਏ।

ਮੋਮੀ ਨੇ ਵੇਖਿਆ, ਸੜਕੋਂ ਪਾਰ ਕਾਲਜ ਦੇ ਕੁਝ ਮੁੰਡੇ-ਕੁੜੀਆਂ ਇਕੱਠੇ ਹੋ ਕੇ ਇਕ ਹਾਦਸੇ ਨੂੰ ਤਮਾਸ਼ਾ ਬਣਾ ਕੇ ਮੌਜੂ ਲਾਈ ਬੈਠੇ ਨੇ। ਵਾਕਿਆ ਜਾਂ ਹਾਦਸਾ ਤਾਂ ਇਕ ਹੀ ਹੁੰਦਾ ਹੈ, ਪਰ ਕੋਈ ਉਸ ਨੂੰ ਤਮਾਸ਼ਾ ਜਾਣ ਕੇ ਸਵਾਦ ਲੈਂਦਾ ਏ ਤੇ ਕਿਸੇ ਦੀਆਂ ਅੱਖਾਂ ਰੋ ਪੈਂਦੀਆਂ ਨੇ। ਬਸ ਨਜ਼ਰ ਬਦਲੇ ਤਾਂ ਨਜ਼ਾਰਾ ਬਦਲ ਜਾਂਦਾ ਏ। ਮਲਾਹ ਦੀ ਨੀਅਤ ਬਦਲ ਜਾਏ ਤਾਂ ਕਿਨਾਰਾ ਬਦਲ ਜਾਂਦਾ ਹੈ। ਹਰ ਕੋਈ ਵੱਖਰੀ-ਵੱਖਰੀ ਅੱਖ ਅਤੇ ਵੱਖਰੀ ਫਿਤਰਤ ਲਈ ਫਿਰਦਾ ਏ। ਕੋਈ ਮੂਸਾ ਤੇ ਕੋਈ ਫਿਰਔਨ; ਕੋਈ ਭਗਤ ਸਿੰਘ ਤੇ ਕੋਈ ਜ਼ਾਲਮ ਡਾਇਰ।

ਇਕ ਨਾਜ਼ੁਕ ਜਿਹੇ ਡਿੱਗੇ ਹੋਏ ਸ਼ਰੀਫ ਗੋਰੇ ਮੁੰਡੇ ਨੂੰ ਢਾਹ ਕੇ ਦੋ ਕਾਲੇ ਠੁੱਡੇ ਮਾਰ ਰਹੇ ਸਨ। ਉਹ ਬੇਵਸ ਅੱਗਿਓਂ ਤਰਲੇ ਲੈਂਦਾ ਆਪਣੇ ਮੂੰਹ ਨੂੰ ਹੱਥਾਂ ਨਾਲ ਢਕ ਕੇ ਬਚਾ ਰਿਹਾ ਸੀ। ਆਲੇ-ਦੁਆਲੇ ਕਾਲਜ ਦੇ ਬਾਕੀ ਵਿਦਿਆਰਥੀ ਮਾਰਨ ਵਾਲਿਆਂ ਨੂੰ ਹੱਲਾਸ਼ੇਰੀ ਦੇ ਰਹੇ ਸਨ।

ਇਥੇ ਆ ਕੇ ਜ਼ਿੰਦਗੀ ਵਿਚ ਬੜਾ ਵੱਡਾ ਮੋੜ ਆਉਂਦਾ ਏ ਤੇ ਰਾਹ ਬਦਲਦੇ ਨੇ। ਮੋਮੀ ਆਪਣੇ ਘਰ ਨੂੰ ਜਾਣ ਵਾਲਾ ਰਾਹ ਛੱਡ ਕੇ ਮਾਰ ਖਾਂਦੇ ਕਮਜ਼ੋਰ ਜਿਹੇ ਗੋਰੇ ਨੂੰ ਆਪਣੀ ਕਮਜ਼ੋਰ ਜਿਹੀ ਮਦਦ ਦੇਣ ਲਈ ਸੜਕ ਟੱਪ ਗਈ। ਜਦੋਂ ਉਹਦਾ ਮਿੰਨਤ ਤਰਲਾ ਕਿਸੇ ਕੰਮ ਨਾ ਆਇਆ ਤਾਂ ਉਹ ਮਾਰ ਖਾਂਦੇ ਮੁੰਡੇ ਉਤੇ ਲੇਟ ਗਈ। ਮੋਮੀ ਲਈ ਇਹ ਬੜਾ ਹੀ ਅਨੋਖਾ ਕਾਰਾ ਸੀ, ਜੋ ਉਹਦੀ ਆਦਤ, ਫਿਤਰਤ ਅਤੇ ਸ਼ਖਸੀਅਤ ਨਾਲ ਬਿਲਕੁਲ ਵੀ ਮੇਲ ਨਹੀਂ ਸੀ ਖਾਂਦਾ। ਸ਼ਾਇਦ ਉਹਦੀ ਇਨਸਾਨੀਅਤ ਅਤੇ ਨੇਕੀ ਕਰਨ ਦਾ ਇਹ ਜਜ਼ਬਾ ਹੀ ਸੀ, ਜੋ ਉਸ ਨੂੰ ਇਸ ਹੱਦ ਤੱਕ ਲੈ ਗਿਆ।



ਅਮੀਨ ਮਲਿਕ ਆਪਣੀ ਬੇਗਮ ਰਾਣੀ ਮਲਿਕ ਨਾਲ

***ਸੱਚੀ ਗਵਾਹੀ ਦੇਣੀ ਇਖਲਾਕੀ ਫਰਜ਼ ਅਤੇ ਸਮਾਜੀ ਭਲਾਈ ਵੀ ਹੈ, ਪਰ ਪਾਕਿਸਤਾਨੀ ਮਾਪਿਆਂ ਲਈ ਕਾਲੇ ਮੁੰਡਿਆਂ ਖਿਲਾਫ ਗਵਾਹੀ ਦੇ ਕੇ ਆਪਣੇ ਗਲ ਮੁਸੀਬਤ ਪਾਉਣ ਵਾਲੀ ਗੱਲ ਸੀ। ਉਂਜ ਵੀ ਨਾਜ਼ੁਕ ਜਿਹੀ ਸ਼ਰੀਫ ਕੁੜੀ ਵਾਸਤੇ ਇਹ ਬੜੀ ਹੀ ਖਤਰਨਾਕ ਗਵਾਹੀ ਸੀ। ਉਤੋਂ ਗਲੇਡੂ ਭਰੀਆਂ ਅੱਖਾਂ ਨਾਲ ਮੋਮੀ ਦੇ ਜਜ਼ਬਾਤੀ ਪਿਉ ਦਾ ਦਿਲ ਧੁੱਪ ਵਿਚ ਪਏ ਗੋਕੇ ਘਿਉ ਵਾਂਗ ਪਿਘਲ ਗਿਆ ਸੀ।***

ਮੱਛਰੇ ਹੋਏ ਕਾਲੇ ਮੁੰਡੇ ਹੋਰ ਵੀ ਅੱਥਰੇ ਹੋ ਗਏ ਤੇ ਮੋਮੀ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਦੀ ਗੱਡੀ ਤਾਂ ਅੱਪੜ ਗਈ, ਪਰ ਕਾਲੇ ਮੁੰਡੇ ਨੱਸ ਭੱਜ ਗਏ। ਜ਼ਖਮੀ ਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ।

ਕੋਈ ਹਫਤਾ ਕੁ ਟੱਪਿਆ ਤਾਂ ਇਕ ਗੋਰੀ ਜ਼ਨਾਨੀ ਆਪਣੇ ਪੁੱਤਰ ਨੂੰ ਨਾਲ ਲੈ ਕੇ ਮੋਮੀ ਦੇ ਘਰ ਆ ਗਈ। ਉਹ ਗੋਰੀ ਔਰਤ ਵਿਚ-ਵਿਚ ਕਈ ਸ਼ਬਦ ਉਰਦੂ ਪੰਜਾਬੀ ਦੇ ਵੀ ਬੋਲ ਸਕਦੀ ਸੀ। ਉਸ ਨੇ ਹੰਝੂ ਭਰੀਆਂ ਅੱਖੀਆਂ ਨਾਲ ਮੋਮੀ ਅਤੇ ਉਹਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਮਿੰਨਤ ਕੀਤੀ ਕਿ ਉਹਦੇ ਪੁੱਤਰ ਨੂੰ ਮਾਰਨ ਵਾਲੇ ਮੁੰਡੇ ਤਾਂ ਫੜੇ ਗਏ ਨੇ, ਪਰ ਗਵਾਹੀ ਦੇਣ ਵਾਲਾ ਕੋਈ ਨਹੀਂ। ਜੇ ਮੌਕੇ ਦਾ ਗਵਾਹ ਉਨ੍ਹਾਂ ਮੁੰਡਿਆਂ ਖਿਲਾਫ ਗਵਾਹੀ ਦੇ ਦੇਵੇ ਤਾਂ ਮਾਰਨ ਵਾਲਿਆਂ ਨੂੰ ਸਜ਼ਾ ਤੋਂ ਇਲਾਵਾ ਉਹਦੇ ਪੁੱਤਰ ਨੂੰ ਹਰਜਾਨੇ ਦੀ ਥੋੜ੍ਹੀ ਬਹੁਤ ਰਕਮ ਵੀ ਮਿਲ ਸਕਦੀ ਏ।

ਸੱਚੀ ਗਵਾਹੀ ਦੇਣੀ ਇਖਲਾਕੀ ਫਰਜ਼ ਅਤੇ ਸਮਾਜੀ ਭਲਾਈ ਵੀ ਹੈ, ਪਰ ਪਾਕਿਸਤਾਨੀ ਮਾਪਿਆਂ ਲਈ ਕਾਲੇ ਮੁੰਡਿਆਂ ਖਿਲਾਫ ਗਵਾਹੀ ਦੇ ਕੇ ਆਪਣੇ ਗਲ ਮੁਸੀਬਤ ਪਾਉਣ ਵਾਲੀ ਗੱਲ ਸੀ। ਉਂਜ ਵੀ ਨਾਜ਼ੁਕ ਜਿਹੀ ਸ਼ਰੀਫ ਕੁੜੀ ਵਾਸਤੇ ਇਹ ਬੜੀ ਹੀ ਖਤਰਨਾਕ ਗਵਾਹੀ ਸੀ। ਉਤੋਂ ਗਲੇਡੂ ਭਰੀਆਂ ਅੱਖਾਂ ਨਾਲ ਮੋਮੀ ਦੇ ਜਜ਼ਬਾਤੀ ਪਿਉ ਦਾ ਦਿਲ ਧੁੱਪ ਵਿਚ ਪਏ ਗੋਕੇ ਘਿਉ ਵਾਂਗ ਪਿਘਲ ਗਿਆ ਸੀ। ਗੋਰੀ ਜ਼ਨਾਨੀ ਨੇ ਦੱਸਿਆ, "ਅੱਜ ਤੋਂ ਸੋਲ੍ਹਾਂ ਵਰ੍ਹੇ ਪਹਿਲਾਂ ਪਾਕਿਸਤਾਨ ਜਿਲਾ ਸਾਹੀਵਾਲ ਦੇ ਇਕ ਬੰਦੇ ਵਸੀਮ ਨਾਲ ਸ਼ਾਦੀ ਕਰਾਈ। ਮੇਰੇ ਇਹ ਦੋ ਬਾਲ ਅਜੇ ਨਿੱਕੇ-ਨਿੱਕੇ ਹੀ ਸਨ, ਜਦੋਂ ਰੇਲ ਹਾਦਸੇ ਵਿਚ ਵਸੀਮ ਦੀ ਮੌਤ ਹੋ ਗਈ। ਮੇਰੇ ਪਿਉ ਨੇ ਪਹਿਲਾਂ ਹੀ ਮੁਸਲਮਾਨ ਨਾਲ ਸ਼ਾਦੀ ਕਰਾਉਣ ਦੀ ਵਜ੍ਹਾ ਨਾਲ ਮੈਨੂੰ ਤਿਆਗ ਛੱਡਿਆ ਸੀ। ਨਾ ਇਨ੍ਹਾਂ ਬਾਲਾਂ ਦੇ ਨਾਨਕੇ ਰਹੇ, ਨਾ ਦਾਦਕੇ। ਪਾਕਿਸਤਾਨੀਆਂ ਨੇ ਮੇਰੇ ਬਾਲਾਂ ਨੂੰ ਗੋਰੇ ਆਖਿਆ ਅਤੇ ਗੋਰਿਆਂ ਦੇ ਬਾਲ ਪਾਕਿਸਤਾਨੀ ਆਖ ਕੇ ਆਪਣੀ ਖੇਡ ਵੱਖਰੀ ਕਰ ਲੈਂਦੇ ਰਹੇ। ਸਾਥੋਂ ਦੋਨੋਂ ਹੀ ਸਾਂਝਾਂ ਛੁੱਟ ਗਈਆਂ ਤੇ ਕਿਸੇ ਪਾਸੇ ਦੇ ਨਾ ਰਹੇ। ਵਸੀਮ ਨੇ ਬੜੇ ਚਾਅ ਨਾਲ ਪੁੱਤਰ ਦਾ ਨਾਂ ਮੁਨੀਰ ਰੱਖਿਆ ਸੀ, ਪਰ ਅੱਖ ਖੁੱਲ੍ਹੀ ਤਾਂ ਪਿਉ ਅੱਖ ਮੀਟ ਗਿਆ ਸੀ। ਉਤੋਂ ਇਹ ਜ਼ੁਲਮ ਵੀ ਹੋਇਆ ਕਿ ਧੀ ਦਿਮਾਗੀ ਤੌਰ 'ਤੇ ਜਮਾਂਦਰੂ ਮਾਅਜ਼ੂਰ (ਅਪਾਹਜ) ਹੋ ਗਈ। ਮੈਂ ਕੋਸ਼ਿਸ਼ ਕੀਤੀ ਕਿ ਮੇਰੇ ਬਾਲ ਵੀ ਇਸ ਜ਼ਾਲਮ ਸਮਾਜ ਦੇ ਕੰਡਿਆਲੀ ਰੁੱਖ ਦੀ ਕਿਸੇ ਟਹਿਲੀ 'ਤੇ ਬੈਠਣ ਯੋਗ ਹੋ ਜਾਣ। ਇਸ ਕਰ ਕੇ ਮੈਂ ਵਸੀਮ ਦੇ ਮਾਪਿਆਂ ਨਾਲ ਸਾਹੀਵਾਲ ਰਾਬਤਾ ਕੀਤਾ, ਪਰ ਉਨ੍ਹਾਂ ਮੋੜਵਾਂ ਜਵਾਬ ਘੱਲਿਆ, 'ਇਹ ਕੁੱਤੀ ਗੋਰੀ ਸਾਡੇ ਮੁੰਡੇ ਨੂੰ ਖਾ ਗਈ ਹੈ, ਸਾਡੀ ਕੀ ਲੱਗਦੀ ਏ!'

ਮੈਂ ਕਲਮਾ ਸੁਣਾ ਕੇ ਮੁਸਲਮਾਨ ਹੋ ਜਾਣ ਦਾ ਸਬੂਤ ਵੀ ਦਿੱਤਾ, ਪਰ ਮੇਰਾ ਗੋਰਾ ਰੰਗ ਕਿਸੇ ਦੇ ਵੀ ਕਾਲਜੇ ਨੂੰ ਨਾ ਧੋ ਸਕਿਆ। ਇਸੇ ਤਰ੍ਹਾਂ ਮੁਨੀਰ ਦਾ ਬਚਪਨ ਚੁਪ-ਚਾਪ ਜਿਹਾ ਗਿਆ ਤੇ ਖਾਮੋਸ਼ ਜਿਹੀ ਜਵਾਨੀ ਆ ਗਈ। ਨਾ ਮੇਰੇ ਪੁੱਤਰ ਦਾ ਕੋਈ ਦੋਸਤ ਹੈ ਤੇ ਨਾ ਹੀ ਕਿਸੇ ਨਾਲ ਹੱਸਦਾ ਬੋਲਦਾ ਹੈ। ਇਸ ਮੁਲਕ ਦੇ ਫਿੱਟੇ ਹੋਏ ਬਾਲ ਅਜਿਹੇ ਬੱਚੇ ਨੂੰ ਛੇੜ ਕੇ ਮੌਜੂ ਲਾਉਂਦੇ ਨੇ ਤੇ ਇਹ ਵਿਚਾਰਾ ਅੱਜ ਤੱਕ ਬੁਲੀ (ਧੱਕੇਸ਼ਾਹੀ) ਹੀ ਹੁੰਦਾ ਆਇਆ ਹੈ। ਰੱਬ ਦਾ ਸ਼ੁਕਰ ਹੈ ਕਿ ਦਿਮਾਗ ਚੰਗਾ ਸੀ ਤੇ ਕਲਾਸ ਵਿਚ ਟਾਪ ਕਰਦਾ ਗਿਆ। ਇਸ ਵਜ੍ਹਾ ਨਾਲ ਵੀ ਇਹਨੂੰ ਕਲਾਸ ਵਿਚ ਮੁੰਡਿਆਂ ਠੂੰਗੇ ਮਾਰੇ ਤਾਂ ਇਹ ਰੋ ਕੇ ਘਰ ਆ ਜਾਂਦਾ। ਅਗਲੇ ਮਹੀਨੇ ਯੂਨੀਵਰਸਿਟੀ ਜਾ ਰਿਹਾ ਏ, ਜਿਥੇ ਕੋਈ ਬੁਲੀ ਨਹੀਂ ਕਰਦਾ। ਆਪਣੇ ਘਰ ਦਾ ਇਕ ਕਮਰਾ ਕਿਰਾਏ 'ਤੇ ਚਾੜ੍ਹ ਕੇ ਇਨ੍ਹਾਂ ਬਾਲਾਂ ਨੂੰ ਇਥੋਂ ਤੱਕ ਤਾਂ ਲੈ ਆਈ ਹਾਂ। ਯੂਨੀਵਰਸਿਟੀ ਲਈ ਆਪਣੇ ਘਰ ਦਾ ਅੱਧਾ ਗਾਰਡਨ ਵੇਚਣਾ ਪਿਆ ਹੈ ਤਾਂ ਕਿ ਮੁਨੀਰ ਬੀ. ਏ. ਕਰ ਕੇ ਆਪਣਾ ਭਾਰ ਆਪ ਚੁੱਕਣ ਜੋਗਾ ਹੋ ਜਾਏ।"

ਇਹ ਦੁੱਖ ਭਰੀ ਕਹਾਣੀ ਸੁਣਾ ਕੇ ਉਸ ਨੇ ਆਪਣੀਆਂ ਅੱਖਾਂ ਵਿਚ ਉਹੀ ਗਵਾਹੀ ਦੇਣ ਵਾਲੇ ਸਵਾਲ ਦਾ ਅਕਸ ਵਾਹ ਕੇ ਮੋਮੀ ਦੇ ਮਾਪਿਆਂ ਵਲ ਵੇਖਿਆ। ਮੋਮੀ ਦਾ ਪਿਉ ਜਜ਼ਬਾਤੀ ਜਿਹਾ ਬੰਦਾ ਸੀ, ਜਿਸ ਨੇ ਹਾਮੀ ਭਰਨ ਦਾ ਅਜੇ ਇਸ਼ਾਰਾ ਹੀ ਕੀਤਾ ਸੀ, ਪਰ ਮਾਂ ਦੀ ਜਾਨ ਮੁੱਠ ਵਿਚ ਆ ਗਈ। ਕਾਲਿਆਂ ਖਿਲਾਫ ਗਵਾਹੀ ਦੇਣਾ ਮੌਤ ਸਹੇੜਨ ਵਾਲੀ ਗੱਲ ਸੀ। ਕੋਲ ਬੈਠੀ ਮੋਮੀ ਕੋਲੋਂ ਪੁੱਛਿਆ ਤਾਂ ਉਸ ਨੇ ਉਸੇ ਹੀ ਭੋਲੇਪਨ ਵਿਚ ਆਖਿਆ, "ਜਿਸ ਤਰ੍ਹਾਂ ਵੀ ਆਖੋਗੇ, ਮੈਂ ਕਰ ਲਵਾਂਗੀ।" ਮੋਮੀ ਦੇ ਮਾਂ-ਪਿਉ ਵਿਚ ਗਵਾਹੀ ਦੇਣ ਵਾਲੇ ਮਾਮਲੇ 'ਚ ਇਖਤਲਾਫ ਪੈਦਾ ਹੋ ਗਿਆ ਤਾਂ ਮੋਮੀ ਦੇ ਪਿਉ ਆਰਿਫ ਨੇ ਮੁਨੀਰ ਦੀ ਮਾਂ ਨੂੰ ਆਖਿਆ ਕਿ ਤੈਨੂੰ ਕੱਲ੍ਹ ਤੱਕ ਫੈਸਲਾ ਕਰ ਕੇ ਦੱਸਾਂਗੇ।

ਮੋਮੀ ਦੇ ਪਿਉ ਆਰਿਫ ਨੂੰ ਮੁਨੀਰ ਦੀ ਕਮਜ਼ੋਰ ਜਿਹੀ ਮਾਂ ਦੇ ਹੰਝੂਆਂ ਨੇ ਸਾਰੀ ਰਾਤ ਦੁੱਖ ਦਰਦ ਵਿਚ ਡੋਬੀ ਰੱਖਿਆ। ਜੇ ਮੁਨੀਰ ਦੀ ਗਵਾਹੀ ਦਾ ਖਤਰਾ ਆਰਿਫ ਦੀ ਆਪਣੀ ਜਾਤ ਨੂੰ ਹੁੰਦਾ ਤਾਂ ਉਹ ਹੱਸ ਕੇ ਸੱਚ ਦੀ ਸੂਲੀ ਚੜ੍ਹ ਜਾਂਦਾ, ਪਰ ਮਾਮਲਾ ਨਾਜ਼ੁਕ ਜਿਹੀ ਖੂਬਸੂਰਤ ਧੀ ਦਾ ਸੀ। ਉਤੋਂ ਮੋਮੀ ਦੀ ਮਾਂ ਜਮੀਲਾ ਦੀ ਜਾਨ ਆਪਣੀ ਧੀ ਵਿਚ ਸੀ। ਇਸ ਮੁਕਾਮ 'ਤੇ ਆ ਕੇ ਸੱਚਾਈ, ਜੁਰਅਤ, ਹਿੰਮਤ, ਖੌਫ, ਖੁਦਗਰਜ਼ੀ ਅਤੇ ਦੁਨੀਆਂਦਾਰੀ ਆਪੋ-ਆਪਣੀ ਲੜਾਈ ਲੜ ਕੇ ਹਰ ਕੋਈ ਆਪੋ-ਆਪਣਾ ਮੁਕੱਦਮਾ ਲੜਦਾ ਏ।

ਜਦੋਂ ਕਿਸੇ ਚੌਰਾਹੇ ਵਿਚੋਂ ਬੜੇ ਹੀ ਰਸਤੇ ਨਿਕਲਦੇ ਹੋਣ ਤਾਂ ਪੈਰ ਪੁੱਟਣ ਲੱਗਿਆਂ ਬੜੀਆਂ ਹੀ ਸੋਚਾਂ ਜੱਫਾ ਪਾ ਕੇ ਅਕਲ ਦਿੰਦੀਆਂ ਹਨ। ਅਕਲ ਆਪਣੇ ਵੱਲ ਖਿੱਚਦੀ ਏ, ਸੱਚਾਈ ਅੱਖਾਂ ਵਿਖਾਉਂਦੀ ਏ ਅਤੇ ਗਰਜ਼ਾਂ-ਲੋੜਾਂ ਵੱਖ ਫੜ-ਫੜ ਕੇ ਮੱਤਾਂ ਦਿੰਦੀਆਂ ਹਨ। ਇਕ ਬੰਨੇ ਬੇਵਾ ਔਰਤ ਦੇ ਯਤੀਮ ਪੁੱਤਰ ਦੀ ਗਵਾਹੀ ਦਾ ਪੁੰਨ ਅਤੇ ਦੂਜੇ ਪਾਸੇ ਲੁੱਚੇ-ਲਫੰਗੇ ਕਾਲਿਆਂ ਖਿਲਾਫ ਗਵਾਹੀ ਦੇ ਕੇ ਧੀ ਨੂੰ ਖਤਰੇ ਦੀ ਅੱਗ ਵਿਚ ਧੱਕਾ ਦੇਣਾ। ਖੁਦਗਰਜ਼ੀ ਤੇ ਖੁਦਾਪ੍ਰਸਤੀ ਹੱਥੋਪਾਈ ਹੁੰਦੀਆਂ ਰਹੀਆਂ। ਫੈਸਲਾ ਕੋਈ ਵੀ ਨਾ ਹੋਇਆ ਤੇ ਦੂਜਾ ਦਿਨ ਚੜ੍ਹ ਆਇਆ।

ਪਿਉ ਕਿੱਡਾ ਵੀ ਬਾਲਾਂ ਦਾ ਸੱਜਣ ਹੋਵੇ, ਪਰ ਉਹ ਮਾਂ ਨਹੀਂ ਬਣ ਸਕਦਾ। ਮੋਮੀ ਦੇ ਪਿਉ ਆਰਿਫ ਨੇ ਆਪਣੀ ਬੀਵੀ ਜਮੀਲਾ ਨੂੰ ਫੈਸਲਾ ਸੁਣਾ ਦਿੱਤਾ, ਜੇ ਮੋਮੀ ਰਾਜ਼ੀ ਹੈ ਤਾਂ ਗੁਨਾਹਗਾਰਾਂ ਖਿਲਾਫ ਗਵਾਹੀ ਦੇ ਕੇ ਰੱਬ ਨੂੰ ਰਾਜ਼ੀ ਕਰ ਲੈਣਾ ਚਾਹੀਦਾ ਏ। ਸਿਰਫ ਆਪਣੀਆਂ ਹੀ ਗਰਜ਼ਾਂ-ਖਾਹਿਸ਼ਾਂ ਲਈ ਜੀਣਾ ਵੀ ਕੋਈ ਜ਼ਿੰਦਗੀ ਹੈ? ਮੋਮੀ ਦੀ ਮਾਂ 'ਤੇ ਇਹ ਫੈਸਲਾ ਪਹਾੜ ਬਣ ਕੇ ਡਿੱਗਾ ਅਤੇ ਉਹ ਆਖਣ ਲੱਗੀ, "ਮੋਮੀ ਦੇ ਅੱਬੂ, ਇਹ ਤੇਰੇ ਜਜ਼ਬਾਤ ਦੀ ਘੜੀ ਹੋਈ ਕੋਈ ਕਹਾਣੀ ਜਾਂ ਦਰਦ ਭਰਿਆ ਸ਼ਿਅਰ ਨਹੀਂ। ਇਹ ਧੀ ਦਾ ਮਾਮਲਾ ਹੈ ਤੇ ਇਸ ਹਕੀਕਤ ਨੂੰ ਅਫਸਾਨਾ ਬਣਾ ਕੇ ਭੋਰਾ ਭਰ ਬੱਚੀ ਨੂੰ ਮੁਸੀਬਤਾਂ ਵਿਚ ਧੱਕਾ ਨਾ ਦੇਹ।"

ਮਾਂ ਦੇ ਜਜ਼ਬਾਤ ਅਤੇ ਅਕਲ ਦੀ ਠੋਸ ਦਲੀਲ ਨੇ ਆਰਿਫ ਦੇ ਜੋਸ਼ ਜਜ਼ਬੇ ਨੂੰ ਅਜਿਹੀ ਫੂਕ ਮਾਰੀ ਕਿ ਉਹ ਬੁਝਦਾ-ਬੁਝਦਾ ਬਚਿਆ। ਆਰਿਫ ਨੇ ਜਮੀਲਾ ਦੇ ਮੋਢੇ 'ਤੇ ਹੱਥ ਰੱਖ ਕੇ ਅਸਮਾਨ ਵਲ ਵੇਖਦਿਆਂ ਆਖਿਆ, "ਜਮੀਲ, ਜੇ ਹਰ ਕੋਈ ਇਸ ਜਹਾਨ ਵਿਚ ਆਪਣੀ ਹੀ ਜਾਨ ਸੰਭਾਲਦਾ ਰਿਹਾ ਤਾਂ ਨਾ ਕੋਈ ਰੁੜ੍ਹਦੇ ਹੋਏ ਲਈ ਦਰਿਆ ਵਿਚ ਛਾਲ ਮਾਰੇਗਾ, ਤੇ ਨਾ ਹੀ ਅੱਗ ਲੱਗੇ ਘਰ ਵਿਚ ਫਸੇ ਲੋਕਾਂ ਲਈ ਕੋਈ ਅੱਗ ਵਿਚ ਕੁੱਦੇਗਾ। ਨਾਲੇ ਇਕ ਪਾਸੇ ਤਾਂ ਹਰ ਬੰਦਾ ਇਹ ਆਖੀ ਜਾ ਰਿਹੈ ਕਿ ਮੌਤ ਦਾ ਇਕ ਦਿਨ ਮਿਥਿਆ ਗਿਆ ਹੈ। ਜੇ ਇਹ ਗੱਲ ਸੱਚੀ ਹੈ ਤਾਂ ਫਿਰ ਕਿਸੇ ਮਜ਼ਲੂਮ ਦੀ ਮਦਦ ਕਰਨ ਲੱਗਿਆਂ ਰੱਬ ਵਾਲਾ ਯਕੀਨ ਡਾਵਾਂਡੋਲ ਕਿਉਂ ਹੁੰਦਾ ਏ?"

ਕੁਝ ਤਾਂ ਆਰਿਫ ਨੂੰ ਵੀ ਜਜ਼ਬਾਤ ਦੀ ਬੀਨ ਚੰਗੀ ਵਜਾਉਣੀ ਆਉਂਦੀ ਸੀ ਤੇ ਕੁਝ ਜਮੀਲਾ ਵੀ ਆਰਿਫ ਨੂੰ ਦੇਵਤਾ ਜਾਣ ਕੇ ਪੂਜਦੀ ਸੀ। ਆਰਿਫ ਨੇ ਸ਼ਬਦਾਂ ਦਾ ਜਾਲ ਸੁਟਿਆ ਤੇ ਜਮੀਲਾ ਕੀਲੇ ਗਏ ਮਸਾਣ ਵਾਂਗ ਸਿਰ ਮਾਰਦੀ-ਮਾਰਦੀ ਤਾਬਿਦਾਰੀ ਨਾਲ ਫਸ ਗਈ। ਆਰਿਫ ਬੜਾ ਖੁਸ਼ ਸੀ ਕਿ ਜਮੀਲਾ ਨੂੰ ਚੰਗੇ ਕੰਮ ਲਈ ਮਨਾ ਕੇ ਰੱਬ ਰਾਜ਼ੀ ਕਰ ਲਿਆ ਹੈ।

ਆਰਿਫ ਦਾਤਰੀ ਨਾਲ ਆਪਣੇ ਲਾਨ ਵਿਚ ਵਧਿਆ ਹੋਇਆ ਘਾਹ ਕੱਟ ਰਿਹਾ ਸੀ ਕਿ ਮੁਨੀਰ ਦੀ ਮਾਂ ਆਪਣੇ ਪੁੱਤਰ ਨਾਲ ਅੰਦਰ ਵੜੀ। ਉਹਨੂੰ ਪਤਾ ਹੀ ਨਹੀਂ ਸੀ ਕਿ ਹੱਥ ਨਾਲ ਵੀ ਕੋਈ ਘਾਹ ਵੱਢਦਾ ਏ। ਉਹ ਹੱਕੀ-ਬੱਕੀ ਜਿਹੀ ਹੋ ਕੇ ਅੰਗਰੇਜ਼ੀ ਵਿਚ ਆਖਣ ਲੱਗੀ, "ਮਿਸਟਰ ਆਰਿਫ, ਇਹ ਬੜਾ ਖਤਰਨਾਕ ਕੰਮ ਕਰ ਰਹੇ ਹੋ। ਮੇਰੇ ਘਰ ਮਸ਼ੀਨ ਹੈ, ਮੈਂ ਕੱਲ੍ਹ ਲਿਆ ਕੇ ਕੱਟ ਦੇਵਾਂਗੀ।" ਉਸ ਵਿਚਾਰੀ ਨੂੰ ਕੀ ਪਤਾ ਏ ਕਿ ਇਹ ਲੋਕ ਗੰਡਾਸੇ ਨਾਲ ਵੀ ਸਾਰੇ ਡੰਗਰਾਂ ਦੇ ਪੱਠੇ ਕੁਤਰ ਲੈਂਦੇ ਨੇ। ਆਰਿਫ ਨੇ ਦਾਤਰੀ ਸੁੱਟ ਕੇ ਮੁਨੀਰ ਦੀ ਮਾਂ ਨੂੰ ਖੁਸ਼ਖਬਰੀ ਸੁਣਾ ਦਿੱਤੀ ਕਿ ਮੋਮੀ ਇਸ ਕੇਸ ਦੀ ਗਵਾਹੀ ਦੇਵੇਗੀ।

---

ਅੱਜ ਮੁਨੀਰ ਦੇ ਕੇਸ ਦੀ ਤਰੀਕ ਸੀ। ਵੇਟਿੰਗ ਰੂਮ ਦੇ ਇਕ ਪਾਸੇ ਆਰਿਫ ਨਾਲ ਲੱਗ ਕੇ ਸਹਿਮੀ ਹੋਈ ਮੋਮੀ ਬੈਠੀ ਸੀ ਤੇ ਨਾਲ ਹੀ ਜਮੀਲਾ ਚਿਹਰੇ ਉਤੇ ਫਿਕਰਾਂ ਦੀ ਘਟਾ ਚੜ੍ਹਾ ਕੇ ਮੂੰਹ ਵਿਚ ਕੁਝ ਪੜ੍ਹ ਰਹੀ ਸੀ। ਕੋਲ ਹੀ ਪੁੱਤਰ ਦਾ ਹੱਥ ਫੜ ਕੇ ਮੁਨੀਰ ਦੀ ਮਾਂ ਆਸਾਂ ਦੇ ਡੁੱਬਦੇ ਤਰਦੇ ਜਹਾਜ 'ਤੇ ਸਵਾਰ ਹੋ ਕੇ ਕੰਢੇ ਲੱਗਣ ਦੀ ਦੁਆ ਮੰਗ ਰਹੀ ਸੀ। ਉਸੇ ਹੀ ਕਮਰੇ ਵਿਚ ਥੋੜ੍ਹੇ ਜਿਹੇ ਹਟਵੇਂ ਹਾਸਾ-ਠੱਠਾ ਕਰਦੇ ਹੋਏ ਤਿੰਨ ਕਾਲੇ ਸਿਗਰਟਾਂ ਦੇ ਧੂੰਏਂ ਵਿਚ ਸਾਰਾ ਕੁਝ ਘੋਲ ਕੇ ਪੀਤੀ ਬੈਠੇ ਸਨ। ਨਾ ਉਨ੍ਹਾਂ ਨੂੰ ਗਏ ਵੇਲੇ ਦਾ ਗਮ ਅਤੇ ਨਾ ਹੀ ਆਉਣ ਵਾਲੀ ਘੜੀ ਦਾ ਕੋਈ ਫਿਕਰ ਸੀ। ਅਹਿਸਾਸ ਜਾਂ ਹਿੱਸ ਮਰ ਜਾਏ ਤਾਂ ਇਨਸਾਨ ਨੂੰ ਹੱਸ ਕੇ ਜੀਵਨ ਦੀ ਜਾਚ ਆ ਜਾਂਦੀ ਏ। ਇਨਸਾਨ ਤਾਂ ਇਕੋ ਜਿਹੇ ਹੁੰਦੇ ਨੇ, ਪਰ ਸੋਚਾਂ ਦਾ ਢੰਗ ਬਦਲ ਜਾਏ ਤਾਂ ਕਰਤਬਾਂ ਦਾ ਰੰਗ ਹੋਰ ਦਾ ਹੋਰ ਹੋ ਜਾਂਦਾ ਏ। ਬਾਰਿਸ਼ ਦਾ ਕਤਰਾ ਸੱਪ ਦੇ ਮੂੰਹ ਵਿਚ ਜ਼ਹਿਰ ਅਤੇ ਸਿੱਪ ਦੇ ਮੂੰਹ ਵਿਚ ਮੋਤੀ ਬਣ ਜਾਂਦਾ ਏ। ਗਵਾਹੀਆਂ ਭੁਗਤੀਆਂ, ਡਾਕਟਰੀ ਰਿਪੋਰਟ ਵੇਖੀ ਗਈ ਅਤੇ ਵਕੀਲਾਂ ਨੇ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਸਾਬਤ ਕਰਨ ਦੇ ਯਤਨ ਕੀਤੇ। ਏਨਾ ਕੁ ਹੈ ਕਿ ਇਸ ਦੇਸ਼ ਵਿਚ ਰਿਸ਼ਵਤਾਂ, ਸਿਫਾਰਸ਼ਾਂ, ਧੌਂਸ, ਧਾਂਦਲੀ ਅਤੇ ਧੋਲ-ਧੱਫੇ ਦੀ ਅਦਾਲਤ ਵਿਚ ਵਰਤੋਂ ਨਹੀਂ ਹੁੰਦੀ। ਨਾ ਹੀ ਲੋਕਾਂ ਨੂੰ ਤਾਰੀਖਾਂ ਪਾ-ਪਾ ਕੇ ਹਫਾਉਂਦੇ ਨੇ। ਸਾਰੀ ਕਥਾ ਸੁਣ ਕੇ ਜੱਜ ਅੰਦਰ ਚਲੇ ਗਏ ਅਤੇ ਫੈਸਲੇ ਦੀ ਘੜੀ ਨੇੜੇ ਆ ਗਈ। ਆਰਿਫ, ਜਮੀਲਾ, ਮੁਨੀਰ ਅਤੇ ਉਹਦੀ ਮਾਂ ਇਕ ਨੁਕਰੇ ਲੱਗ ਕੇ ਇਹ ਸੋਚ ਰਹੇ ਸਨ ਕਿ ਇਨਸਾਫ ਹੋਇਆ ਤਾਂ ਕਾਲਿਆਂ ਦਾ ਖੌਫ, ਤੇ ਜੇ ਬੇਇਨਸਾਫੀ ਹੋ ਗਈ ਤਾਂ ਬੇਵਸੀ ਦਾ ਭਾਰ ਚੁੱਕ ਕੇ ਘਰ ਕਿਵੇਂ ਜਾਵਾਂਗੇ?

ਅਖੀਰ ਉਹ ਘੜੀ ਆ ਗਈ। ਸਾਫ-ਸੁਥਰੇ ਬੇਦਾਗ ਚਿਹਰਿਆਂ ਵਾਲੇ ਜੱਜ ਕੁਰਸੀਆਂ 'ਤੇ ਮੁੜ ਆ ਬੈਠੇ। ਕਾਲਿਆਂ ਨੂੰ ਕੈਦ ਦਾ ਹੁਕਮ ਹੋਇਆ ਤਾਂ ਮੁਨੀਰ ਦੀ ਮਾਂ ਆਪਣੇ ਅੱਥਰੂ ਪੂੰਝਣ ਲੱਗ ਪਈ। ਉਹਨੂੰ ਧੱਕੋ-ਧੱਕੀ ਰੋਣ ਆਈ ਜਾਂਦਾ ਸੀ, ਇਨ੍ਹਾਂ ਹੰਝੂਆਂ ਨੂੰ ਭਾਵੇਂ ਕੋਈ ਕੈਸਾ ਵੀ ਰੰਗ ਦੇ ਲਵੇ। ਇਹ ਅਫਸੋਸ ਸੀ ਜਾਂ ਖੁਸ਼ੀ, ਇਹ ਦੁੱਖ ਸੀ ਜਾਂ ਅਤੀਤ ਦੇ ਕਿਸੇ ਸੁੱਖ ਦਾ ਚੇਤਾ! ਹੰਝੂਆਂ ਦਾ ਵੀ ਅੱਜ ਤੀਕ ਨਾ ਕੋਈ ਮਜ਼ਹਬ ਜਾਣ ਸਕਿਐ ਅਤੇ ਨਾ ਹੀ ਇਨ੍ਹਾਂ ਦੀ ਨਸਲ ਪਛਾਣੀ ਗਈ ਹੈ। ਮੁਨੀਰ ਦੀ ਮਾਂ ਨੇ ਮੋਮੀ ਅਤੇ ਉਹਦੇ ਮਾਪਿਆਂ ਦਾ ਧੰਨਵਾਦ ਕੀਤਾ। ਆਰਿਫ ਤੇ ਜਮੀਲਾ ਉਨ੍ਹਾਂ ਨੂੰ ਆਪਣੇ ਘਰ ਲੈ ਗਏ ਤੇ ਰੋਟੀ ਪਾਣੀ ਖਵਾ ਕੇ ਪਿਆਰ ਨਾਲ ਟੋਰ ਦਿੱਤਾ। ਇਸ ਦੇਸ਼ ਦੀ ਜੰਮਪਲ ਗੋਰੀ ਨੂੰ ਇੰਜ ਦਾ ਸਲੂਕ ਅਤੇ ਵਰਤਾਰਾ ਕਿਸੇ ਅਸਮਾਨੀ ਮਖਲੂਖ ਦਾ ਲੱਗਿਆ। ਬੂਹੇ ਤੋਂ ਨਿਕਲਣ ਲੱਗੀ ਉਹ ਇਕ ਵਾਰ ਫਿਰ ਰੋ ਪਈ। ਉਸ ਦੀ ਅਵਾਜ਼ ਵੀ ਠੋਲਰ ਲੱਗੇ ਭਾਂਡੇ ਜਿਹੀ ਹੋ ਗਈ। ਸਾਹ ਉਖੜਿਆ-ਉਖੜਿਆ ਜਿਹਾ ਲੱਗਿਆ ਤੇ ਉਸ ਨੇ ਛੇਤੀ ਨਾਲ ਡੱਬੀ ਵਿਚੋਂ ਲਾਲ ਰੰਗ ਦੀ ਗੋਲੀ ਕੱਢ ਕੇ ਖਾ ਲਈ। ਨਾਲ ਹੀ ਮੁਨੀਰ ਨੇ ਹੌਲੇ ਜਿਹੇ ਮੋਮੀ ਦੇ ਕੰਨ ਵਿਚ ਕੋਈ ਗੱਲ ਸੁਣਾਈ ਤਾਂ ਮੋਮੀ ਦੇ ਮੂੰਹ 'ਤੇ ਅਫਸੋਸ ਦਾ ਜਾਲਾ ਤਣਿਆ ਗਿਆ। ਜਦੋਂ ਉਹ ਚਲੇ ਗਏ ਤਾਂ ਮੋਮੀ ਨੇ ਆਪਣੀ ਮਾਂ ਨੂੰ ਦੱਸਿਆ ਕਿ ਮੁਨੀਰ ਦੀ ਮਾਂ ਨੂੰ ਕੈਂਸਰ ਹੈ। ਇਹ ਗੱਲ ਸੁਣ ਕੇ ਆਰਿਫ ਨੇ ਜਮੀਲਾ ਨੂੰ ਆਖਿਆ, "ਇਹ ਦੁੱਖ ਮੁਸੀਬਤਾਂ ਵੀ ਪਾਣੀ ਵਾਂਗ ਨੀਵੀਂ ਥਾਂ ਵੱਲ ਹੀ ਜਾਂਦੇ ਨੇ। ਕੁੱਤੇ ਵੀ ਉਸੇ ਬੰਦੇ ਨੂੰ ਹੀ ਭੌਂਕਦੇ ਹਨ, ਜਿਸ ਦੇ ਲੀੜੇ ਪਾਟੇ ਹੋਣ। ਰੁੱਖ ਸੁੱਕ ਜਾਏ ਤਾਂ ਉਸ ਉਤੇ ਪੰਛੀ ਵੀ ਆਲ੍ਹਣਾ ਨਹੀਂ ਪਾਉਂਦੇ।

***(ਅਗਲੀ ਵਾਰ ਪੜ੍ਹੋ ਦੋਹਾਂ ਪਰਿਵਾਰਾਂ ਦੀ ਅਗਲੀ ਕਹਾਣੀ)***

# ਉਰਦੂ ਨਾਲ ਮੇਰਾ ਪਿਆਰ ਅਤੇ ਕੈਫੀ ਆਜ਼ਮੀ

ਕਮਲਜੀਤ ਸਿੰਘ ਫਰੀਮਾਂਟ
ਫੋਨ: 510-284-7106

ਸਾਲ 1966 ਵਿਚ ਮੈਂ ਨੌਵੀਂ ਜਮਾਤ ਦਾ ਵਿਦਿਆਰਥੀ ਸਾਂ। ਸਾਨੂੰ ਗਰਮੀਆਂ ਦੀਆਂ ਛੁੱਟੀਆਂ ਦਾ ਕੰਮ ਦੇ ਦਿੱਤਾ ਗਿਆ। ਵਿਦਿਆਰਥੀਆਂ ਦੇ ਦਿਲ਼ਾਂ ਵਿਚ ਗੁਦਗੁਦੀਆਂ ਹੋ ਰਹੀਆਂ ਸਨ ਕਿ ਕਿਵੇਂ ਦੋ ਮਹੀਨੇ ਮੌਜਾਂ ਮਸਤੀਆਂ ਕਰਨੀਆਂ ਹਨ! ਕਲਾਸ ਵਿਚ ਬਹੁਤ ਖੱਪ ਪੈ ਰਹੀ ਸੀ। ਛੁੱਟੀ ਹੁੰਦੇ ਸਾਰ ਸਭ ਨੇ ਘਰ ਵੱਲ ਸ਼ੂਟਾਂ ਵੱਟ ਲਈਆਂ।

ਮੇਰਾ ਘਰ ਸਕੂਲ ਤੋਂ ਕੋਈ 5-6 ਕਿਲੋਮੀਟਰ ਦੂਰ ਸੀ। ਮੈਂ ਆਪਣੇ ਸਾਈਕਲ 'ਤੇ ਸਵਾਰ ਹੁੰਦਿਆਂ ਹੀ ਛੁੱਟੀਆਂ ਦੇ ਕੰਮ ਨੂੰ ਛੇਤੀ ਤੋਂ ਛੇਤੀ ਖਤਮ ਕਰਨ ਦੀਆਂ ਸਕੀਮਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਪਿਛੋਂ ਮਨ ਦੀਆਂ ਮੌਜਾਂ ਵੱਧ ਤੋਂ ਵੱਧ ਕੀਤੀਆਂ ਜਾ ਸਕਣ।

ਮੇਰੇ ਬਾਬਾ ਜੀ ਉਰਦੂ ਸ਼ਿਅਰੋ-ਸ਼ਾਇਰੀ ਦੇ ਬੜੇ ਸ਼ੌਕੀਨ ਸਨ। ਮੇਰਾ ਅਤੇ ਉਨ੍ਹਾਂ ਦਾ ਸਾਥ ਦੋਸਤਾਂ ਜਿਹਾ ਸੀ। ਮੈਂ ਹਰ ਵਕਤ ਉਨ੍ਹਾਂ ਦੇ ਅੱਗੇ-ਪਿੱਛੇ ਹੀ ਰਹਿੰਦਾ ਹੁੰਦਾ ਸਾਂ ਅਤੇ ਉਹ ਬੁਢਾਪੇ ਕਾਰਨ ਘੱਟ-ਵੱਧ ਹੀ ਘਰੋਂ ਬਾਹਰ ਜਾਂਦੇ ਹੁੰਦੇ ਸਨ। ਉਨ੍ਹਾਂ ਦੀ ਲਾਇਬਰੇਰੀ ਵਿਚ ਗਾਲਿਬ, ਇਕਬਾਲ ਤੋਂ ਇਲਾਵਾ ਸੌਦਾ, ਮੀਰ ਤਕੀ ਮੀਰ, ਜ਼ੌਕ ਅਤੇ ਹੋਰ ਦਰਜਨਾਂ ਉਰਦੂ ਸ਼ਾਇਰਾਂ ਦੇ ਦੀਵਾਨ ਜਾਂ ਉਨ੍ਹਾਂ ਦੇ ਕਲਾਮ ਸਨ। ਜਦ ਵੀ ਉਹ ਆਪਣੇ ਕਮਰੇ ਤੋਂ ਬਾਹਰ ਬੈਠੇ ਹੁੰਦੇ ਤਾਂ ਉਨ੍ਹਾਂ ਨੂੰ ਕਿਸੇ ਸ਼ਾਇਰ ਦੀ ਯਾਦ ਆ ਜਾਂਦੀ ਤਾਂ ਮੈਂ ਜਿਲਦ ਦੇ ਬਾਹਰ ਲੱਗੀ ਤਸਵੀਰ ਤੋਂ ਪਛਾਣ ਕੇ ਉਨ੍ਹਾਂ ਨੂੰ ਲੋੜੀਦਾ ਦੀਵਾਨ ਫੜਾ ਦਿੰਦਾ।

ਮੈਂ ਛੁੱਟੀਆਂ ਦੇ ਕੰਮ ਨੂੰ ਉਨ੍ਹਾਂ ਦੀ ਨਿਗਰਾਨੀ ਵਿਚ 20 ਕੁ ਦਿਨਾਂ ਵਿਚ ਮੁਕਾ ਲਿਆ। ਮੇਰੀ ਤਮੰਨਾ ਸੀ ਕਿ ਮੈਂ ਬਾਕੀ ਦੀਆਂ ਛੁੱਟੀਆਂ ਆਪਣੇ ਨਾਨਕੇ ਗੁਜ਼ਾਰ ਕੇ ਆਵਾਂ। ਜਦ ਮੈਂ ਆਪਣੀ ਇਹ ਖਾਹਿਸ਼ ਆਪਣੇ ਬਾਬਾ ਜੀ ਨੂੰ ਦੱਸੀ ਤਾਂ ਉਹ ਕਹਿਣ ਲੱਗੇ, "ਕਾਕਾ, ਤੇਰੇ ਨਾਨਕੇ ਨਾ ਬਿਜਲੀ ਹੈ, ਨਾ ਹੀ ਬਿਜਲੀ ਦਾ ਪੱਖਾ ਅਤੇ ਨਾ ਹੀ ਰੇਡੀਓ। ਤੂੰ ਉਥੇ ਕਿਵੇਂ ਮੌਜ ਕਰੇਂਗਾ।" ਗੱਲ ਵੀ ਠੀਕ ਸੀ, ਇਹ ਸਹੂਲਤਾਂ ਸਾਡੇ ਘਰ ਵਿਚ ਮੌਜੂਦ ਸਨ। ਮੈਨੂੰ ਉਨ੍ਹਾਂ ਦੀ ਇਹ ਗੱਲ ਪਸੰਦ ਆ ਗਈ ਅਤੇ ਮੈਂ ਪੁੱਛਿਆ, "ਫਿਰ ਦੱਸੋ ਬਾਬਾ ਜੀ, ਮੈਂ ਹੁਣ ਕੀ ਕਰਾਂ?" ਉਹ ਕਹਿਣ ਲੱਗੇ, "ਤੂੰ ਮੇਰੇ ਪਾਸੋਂ ਉਰਦੂ ਸਿੱਖ ਲੈ।" ਮੈਂ ਝੱਟ 'ਹਾਂ' ਕਰ ਦਿੱਤੀ। ਉਰਦੂ ਦੀ ਲਿਖਾਈ ਸਿਖਣ ਦਾ ਸਮਾਨ ਤਖਤੀ, ਪੀਲੀ ਮਿੱਟੀ ਅਤੇ ਰੋਸ਼ਨਾਈ (ਕਾਲੀ ਸਿਆਹੀ) ਅਗਲੇ ਦਿਨ ਹੀ ਮੈਂ ਲੈ ਆਇਆ। ਉਰਦੂ ਲਿਖਣ ਵਾਲੀ ਕਲਮ ਜੋ ਕਾਨੇ ਤੋਂ ਘੜ ਕੇ ਤਿਆਰ ਕੀਤੀ ਜਾਂਦੀ ਸੀ, ਉਹ ਬਾਬਾ ਜੀ ਨੇ ਘੜ ਦਿੱਤੀ। ਉਰਦੂ ਲਿਖਣ ਵਾਲੀ ਕਲਮ ਨੂੰ ਕੱਟਣ ਦਾ ਇਕ ਖਾਸ ਢੰਗ ਹੁੰਦਾ ਹੈ। ਇਸ ਦੀ ਕਾਟ ਦਾ ਕੋਣ ਟੇਡਾ ਅਤੇ ਹਿੰਦੀ ਦੀ ਕਲਮ ਦੇ ਉਲਟ ਹੁੰਦਾ ਹੈ। ਕਲਮ ਦੀ ਜੀਭੀ ਦੇ ਦਰਮਿਆਨ ਚਾਕੂ ਖੁਭੋ ਕੇ ਉਸ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਨਰਮ ਕਰ ਦਿੱਤਾ ਜਾਂਦਾ ਹੈ ਤਾਂ ਕਿ ਉਹ ਰੋਸ਼ਨਾਈ ਨੂੰ ਚੁੱਕਦੀ ਰਹੇ।

ਇਸ ਤਰ੍ਹਾਂ ਮੇਰਾ ਉਰਦੂ ਸਿੱਖਣ ਦਾ ਅਮਲ ਸ਼ੁਰੂ ਹੋ ਗਿਆ। ਉਰਦੂ ਦਾ ਕਾਇਦਾ ਵੀ ਮੈਂ ਲੈ ਆਇਆ ਤੇ ਆਪਣੇ ਬਾਬਾ ਜੀ ਦੀ ਨਿਗਰਾਨੀ ਵਿਚ ਮੈਂ ਇਕ ਮਹੀਨੇ ਵਿਚ ਹੀ ਉਰਦੂ ਦੀ ਇਬਾਰਤ ਉਠਾਲਣ ਲੱਗ ਪਿਆ।

ਇਕ ਦਿਨ ਮੈਂ ਪਿੰਡ ਦੇ ਡਾਕਖਾਨੇ ਵਿਚੋਂ ਇਕ ਆਨੇ ਵਾਲਾ ਕਾਰਡ ਲੈ ਕੇ ਉਰਦੂ ਵਿਚ ਲਿਖ ਕੇ ਆਪਣੇ ਬਾਬਾ ਜੀ ਦੇ ਨਾਮ ਰਸਾਲ ਕਰ ਆਇਆ। ਜਦ ਇਹ ਕਾਰਡ ਅਗਲੇ ਦਿਨ ਘਰ ਪਹੁੰਚਿਆ ਤਾਂ ਮੇਰੇ ਬਾਬਾ ਜੀ ਬਹੁਤ ਖੁਸ਼ ਅਤੇ ਹੈਰਾਨ ਵੀ ਹੋਏ। ਉਸ ਉਪਰੰਤ ਘਰ ਲੱਗੀ ਉਰਦੂ ਦੀ ਅਖਬਾਰ 'ਪ੍ਰਤਾਪ' ਜਾਂ 'ਹਿੰਦ ਸਮਾਚਾਰ' ਦੀਆਂ ਸੁਰਖੀਆਂ ਪੜ੍ਹਨ ਲੱਗ ਪਿਆ। ਘਰ ਵਿਚ ਅਦਬੀ ਮਾਹੌਲ ਹੋਣ ਕਰ ਕੇ ਮੇਰਾ ਉਰਦੂ ਨਾਲ ਪਿਆਰ ਵਧਦਾ ਗਿਆ। ਬਾਬਾ ਜੀ ਦੇ ਦੋਸਤ ਕਦੇ-ਕਦੇ ਅਦਬੀ ਮਹਿਫਿਲਾਂ ਕਰਦੇ ਸਨ, ਮੈਂ ਵੀ ਉਨ੍ਹਾਂ ਨੂੰ ਸੁਣ ਕੇ ਉਰਦੂ ਸ਼ਾਇਰੀ ਵਲ ਖਿੱਚੀਦਾ ਚਲਾ ਗਿਆ।


ਕੈਫੀ ਆਜ਼ਮੀ ਦਾ ਇੱਕ ਚਿੱਤਰ

ਬਾਬਾ ਜੀ 1968 ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ, ਪਰ ਮੈਨੂੰ ਉਹ ਅਦਬ, ਅਦਾਬ ਦਾ ਅਨਮੋਲ ਖਜਾਨਾ ਅਤੇ ਤਾ-ਜ਼ਿੰਦਗੀ ਰਹਿਣ ਵਾਲੀ ਰੂਹ ਦੀ ਖੁਰਾਕ ਦੇ ਗਏ।

ਸੰਨ 2000 ਦੇ ਜਨਵਰੀ ਮਹੀਨੇ ਹੁਸ਼ਿਆਰਪੁਰ ਵਿਚ ਉਰਦੂ ਸ਼ਾਇਰ ਫਿਰਾਕ ਗੋਰਖਪੁਰੀ (ਰਘੁਪਤੀ ਸਹਾਏ) ਦੀ ਯਾਦ ਵਿਚ ਮੁਸ਼ਾਇਰਾ ਹੋ ਰਿਹਾ ਸੀ। ਇਹ ਮੁਸ਼ਾਇਰਾ ਫਿਰਾਕ ਗੋਰਖਪੁਰੀ ਦੇ ਭਾਣਜੇ ਕੇ. ਕੇ. ਸ੍ਰੀਵਾਸਤਵਾ (ਆਈ. ਏ. ਐਸ., ਕਮਿਸ਼ਨਰ ਜਲੰਧਰ ਡਿਵੀਜ਼ਨ) ਨੇ ਮੁਨੱਕਦ ਕਰਵਾਇਆ ਸੀ। ਸਰਵਿਸਿਜ਼ ਕਲੱਬ ਦੇ ਬਾਹਰ ਲੱਗਾ ਬੈਨਰ ਦੇਖ ਕੇ ਮੈਂ ਵੀ ਮੁਸ਼ਾਇਰੇ ਵਿਚ ਸ਼ਾਮਲ ਹੋ ਗਿਆ। ਜਿਥੇ ਡਿਵੀਜ਼ਨਲ ਕਮਿਸ਼ਨਰ ਹਾਜ਼ਰ ਹੋਵੇ, ਉਸ ਮਹਿਫਿਲ ਵਿਚ ਡੀ. ਸੀ. ਜਾਂ ਹੋਰ ਵੱਡੇ-ਵੱਡੇ ਅਫਸਰਾਂ ਦਾ ਮੌਜੂਦ ਹੋਣਾ ਕੁਦਰਤੀ ਹੀ ਸੀ। ਅਫਸਰਾਂ ਤੋਂ ਇਲਾਵਾ ਉਰਦੂ ਜਾਣਨ ਵਾਲੇ ਜੋ ਉਸ ਵਕਤ 70ਵਿਆਂ ਵਿਚ ਹੋਣਗੇ, ਕਾਫੀ ਤਾਦਾਦ ਵਿਚ ਮੌਜੂਦ ਸਨ। ਆਪਣੀ ਉਮਰ ਦਾ ਖਿਆਲ ਕਰਦਿਆਂ ਮੈਂ ਪੰਡਾਲ ਦੇ ਅਖੀਰ ਵਿਚ ਜਾ ਬੈਠਾ। ਮੈਂ ਉਸ ਵਕਤ ਨੀਲੀ ਪੱਗ ਬੰਨ੍ਹੀ ਹੋਈ ਸੀ, ਜੋ ਮੇਰੀ ਕਾਲੀ ਦਾੜ੍ਹੀ ਅਤੇ ਨੀਲੇ ਬਲੇਜ਼ਰ ਨਾਲ ਬਹੁਤ ਫਬਦੀ ਸੀ।

ਸਟੇਜ 'ਤੇ ਮਿਸਟਰ ਸ੍ਰੀਵਾਸਤਵਾ ਤੋਂ ਇਲਾਵਾ ਉਸ ਸਮੇਂ ਦੇ ਨਾਮੀ ਅਦੀਬ, ਸ਼ਾਇਰ ਪ੍ਰੇਮ ਕੁਮਾਰ ਨਜ਼ਰ, ਤਸਨੀਮ, ਬਸ਼ੀਰ ਬਦਰ, ਗੋਪੀ ਚੰਦ ਨਾਰੰਗ ਅਤੇ ਹੋਰ ਕਈ ਨਾਮਵਰ ਹਸਤੀਆਂ ਮੌਜੂਦ ਸਨ।

ਇਸ ਮੁਸ਼ਾਇਰੇ ਦੀ ਸਦਾਰਤ ਉਰਦੂ ਅਦਬ ਦੀ ਨਾਮਵਰ ਹਸਤੀ ਕੈਫੀ ਆਜ਼ਮੀ (ਅਦਾਕਾਰਾ ਸ਼ਬਾਨਾ ਆਜ਼ਮੀ ਦੇ ਅੱਬਾ) ਕਰ ਰਹੇ ਸਨ ਅਤੇ ਸਟੇਜ ਸੈਕਟਰੀ ਸਨ, ਜਨਾਬ ਪ੍ਰੇਮ ਕੁਮਾਰ ਨਜ਼ਰ।

ਸ਼ਮਾਂ ਜਲਾ ਕੇ ਕੈਫੀ ਆਜ਼ਮੀ ਨੇ ਮੁਸ਼ਾਇਰੇ ਦਾ ਆਗਾਜ਼ ਕਰਵਾਇਆ। ਪਹਿਲੇ ਦੌਰ ਪਿਛੋਂ ਵਕਫੇ ਦੌਰਾਨ ਚਾਹ-ਪਾਣੀ ਦਾ ਇੰਤਜ਼ਾਮ ਸੀ। ਮੁੜ ਕੇ ਜਦ ਸਭ ਲੋਕ ਆਪੋ-ਆਪਣੀਆਂ ਸੀਟਾਂ 'ਤੇ ਬੈਠ ਗਏ ਤਾਂ ਮੈਂ ਵੀ ਆਖਰੀ ਕੁਰਸੀਆਂ ਦੀ ਲਾਈਨ 'ਤੇ ਜਾ ਬੈਠਾ। ਅਗਲਾ ਦੌਰ ਸ਼ੁਰੂ ਹੋਣ ਤੋਂ ਪਹਿਲਾਂ ਜਨਾਬ ਸ੍ਰੀਵਾਸਤਵਾ ਮੇਰੇ ਪਾਸ ਆ ਕੇ ਪੁੱਛਣ ਲੱਗੇ, "ਸਰਦਾਰ ਸਾਹਿਬ, ਆਪਕੋ ਉਰਦੂ ਕਾ ਸ਼ੌਕ ਕੈਸੇ ਹੋ ਗਿਆ? ਆਪ ਕੇ ਵਕਤੋਂ ਮੇਂ ਤੋਂ ਪੰਜਾਬ ਮੇਂ ਉਰਦੂ ਕੀ ਤਾਲੀਮ ਬੰਦ ਹੋ ਗਈ ਥੀ।"

ਮੈਂ ਜਵਾਬ ਦਿੱਤਾ, "ਬੱਸ ਮੇਰੇ ਦਾਦਾ ਜੀ ਕੀ ਨੇਅਮਤ ਹੈ। ਤਦ ਉਨ੍ਹਾਂ ਮੈਨੂੰ ਆਪਣੀ ਬਗਲ ਵਿਚ ਲਿਆ ਤੇ ਧੁਰ ਸਟੇਜ ਉਪਰ ਲੈ ਗਏ ਅਤੇ ਮੇਰਾ ਤੁਆਰਫ ਕੈਫੀ ਆਜ਼ਮੀ ਤੇ ਜਨਾਬ ਪ੍ਰੇਮ ਕੁਮਾਰ ਨਜ਼ਰ ਨਾਲ ਕਰਵਾਇਆ। ਮੈਂ ਝੁਕ ਕੇ ਜਨਾਬ ਪ੍ਰੇਮ ਕੁਮਾਰ ਨਜ਼ਰ ਦੇ ਗੋਡਿਆਂ ਨੂੰ ਹੱਥ ਲਾਇਆ ਤਾਂ ਉਨ੍ਹਾਂ ਨੇ ਵੀ ਮੈਥੋਂ ਪੁਛਿਆ, "ਉਰਦੂ ਦਾ ਸ਼ੌਕ ਕਿਵੇਂ ਹੋਇਆ?" ਜਦ ਮੈਂ ਦੱਸਿਆ ਕਿ ਮੈਂ ਉਰਦੂ ਆਪਣੇ ਬਾਬਾ ਜੀ ਤੋਂ ਸਿੱਖਿਆ ਹੈ ਤਾਂ ਉਨ੍ਹਾਂ ਨੇ ਮੈਨੂੰ ਦਰੁਸਤ ਕੀਤਾ ਕਿ ਉਰਦੂ ਸੀਖੀ ਜਾਤੀ ਹੈ, ਸਬੱਬ ਨਾਲ ਜਨਾਬ ਪ੍ਰੇਮ ਕੁਮਾਰ ਨਜ਼ਰ ਸਕੂਲ ਵਿਚ ਮੇਰੇ ਅਧਿਆਪਕ ਵੀ ਰਹਿ ਚੁਕੇ ਸਨ।

ਮੁਸ਼ਾਇਰਾ ਦੋ ਦਿਨ ਚੱਲਿਆ ਅਤੇ ਮੈਨੂੰ ਦੋਨੋਂ ਦਿਨ ਉਰਦੂ ਅਦਬ ਦੀਆਂ ਇਨ੍ਹਾਂ ਵੱਡੀਆਂ ਸ਼ਖਸੀਅਤਾਂ ਨਾਲ ਬੈਠਣ ਦੀ ਖੁਸ਼ਕਿਸਮਤੀ ਹਾਸਲ ਹੋ ਗਈ।

ਮੁਸ਼ਾਇਰੇ ਦੀ ਆਖਰੀ ਸ਼ਬ (ਰਾਤ) ਨੂੰ ਮੈਨੂੰ ਚਿੱਟੇ ਪਸ਼ਮੀਨੇ ਦੀ ਲੋਈ ਅਤੇ ਹਾਥੀ ਦੰਦ ਨਾਲ ਖੁਦਾਈ ਨਾਲ ਬਣਾਈ ਫਿਰਾਕ ਗੋਰਖਪੁਰੀ ਦੀ ਤਸਵੀਰ ਦੀ ਪਲੇਕ ਨਾਲ ਨਿਵਾਜਿਆ ਗਿਆ। ਮੈਂ ਜਿਵੇਂ ਜਨਾਬ ਕੈਫੀ ਆਜ਼ਮੀ ਦਾ ਸ਼ੁਕਰੀਆ ਅਦਾ ਕਰ ਰਿਹਾ ਸਾਂ, ਉਵੇਂ ਹੀ ਆਪਣੇ ਬਾਬਾ ਜੀ ਨੂੰ ਨਮਸਕਾਰ ਕਰ ਰਿਹਾ ਸਾਂ।

# ਨਹੀਂਓਂ ਰੀਸਾਂ ਸੇਖੇ ਦੀਆਂ!

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਬਲਜਿੰਦਰ ਸੇਖਾ ਮੇਰਾ ਉਦੋਂ ਦਾ ਆੜੀ ਹੈ, ਜਦੋਂ ਨਿੱਕਾ ਹੁੰਦਾ ਮੈਂ ਤਾਏ ਸ. ਫੌਜਾ ਸਿੰਘ ਬਰਾੜ (ਨਵਰਾਹੀ ਘੁਗਿਆਣਵੀ) ਨਾਲ ਸਾਹਿਤ ਸਭਾਵਾਂ ਵਿਚ ਜਾਇਆ ਕਰਦਾ ਸਾਂ ਤੇ ਬਲਜਿੰਦਰ ਆਪਣੇ ਤਾਏ ਜਰਨੈਲ ਸੇਖਾ ਨਾਲ ਆਉਂਦਾ ਹੁੰਦਾ ਸੀ। ਪਹਿਲੀ ਵਾਰ ਅਸੀਂ ਜੈਤੋ ਦੇ ਸਰਕਾਰੀ ਕੰਨਿਆ ਸਕੂਲ ਵਿਚ ਮਿਲੇ। ਮੈਂ ਤੂੰਬੀ ਨਾਲ ਗੀਤ ਗਾਏ। ਸੇਖਾ ਮੇਰਾ ਆੜੀ ਬਣ ਗਿਆ ਓਦਣ ਤੋਂ। ਇਉਂ ਅਸੀਂ ਗਾਹੇ-ਬਗਾਹੇ ਇਕੱਠੇ ਹੁੰਦੇ ਰਹਿੰਦੇ। ਉਦੋਂ ਇਹਦੇ ਘਰੇਲੂ ਨਿੱਕੇ ਨਾਂ ਬਾਰੇ ਵੀ ਪਤਾ ਲੱਗਾ ਕਿ ਇਹ 'ਟੀਟੂ' ਹੈ। ਕਦੇ ਉਹ ਭੰਡਾਂ ਦੀਆਂ ਨਕਲਾਂ ਲਾਉਂਦਾ, ਕਦੇ ਗਾਉਂਦਾ ਤੇ ਕਦੇ ਕਵਿਤਾ ਪੜ੍ਹਦਾ। ਮੈਂ ਉਹਦੇ ਨਾਲ ਪਿੰਡ ਵੀ ਗਿਆ, ਸੇਖੇ। ਸਮਾਂ ਬਦਲਿਆ। ਕਹਾਣੀਕਾਰ ਹਰਪ੍ਰੀਤ ਸੇਖਾ ਤੇ ਨਾਵਲਕਾਰ ਦਵਿੰਦਰ ਸੇਖਾ ਦੇ ਚਚੇਰੇ ਭਰਾ ਬਲਜਿੰਦਰ ਸੇਖੇ ਦੇ ਤਾਏ ਮਾਸਟਰ ਹਰਚੰਦ ਸਿੰਘ ਤੇ ਤਾਈ ਜਗਦੀਸ਼ ਕੌਰ ਨੇ ਉਸ ਦਾ ਵਿਆਹ ਕਰਕੇ ਉਹਨੂੰ ਟੋਰਾਂਟੋ ਬੁਲਾ ਲਿਆ।

ਜਦੋਂ ਮੈਂ 2001 ਵਿਚ ਪਹਿਲੀ ਵਾਰੀ ਟੋਰਾਂਟੋ ਗਿਆ ਤਾਂ ਬਲਜਿੰਦਰ ਸੇਖਾ ਚਾਅ ਨਾਲ ਮਿਲਿਆ। ਉਦੋਂ ਉਹਨੇ ਆਪਣੀ ਕਲਾ ਨੂੰ ਪ੍ਰਫੁਲਿਤ ਕਰਨ ਲਈ ਯਤਨ ਅਰੰਭਣੇ ਸ਼ੁਰੂ ਕੀਤੇ ਹੋਏ ਸਨ। 'ਅਜੀਤ ਵੀਕਲੀ' ਵਾਲਿਆਂ ਆਪਣਾ 24 ਘੰਟੇ ਰੇਡੀਓ ਪ੍ਰੋਗਰਾਮ ਚਲਾਇਆ ਤਾਂ ਇਕਬਾਲ ਰਾਮੂਵਾਲੀਆ ਤੇ ਰਛਪਾਲ ਰਾਮੂਵਾਲੀਆ ਆਥਣੇ 'ਸ਼ੌਕੀ ਦੀ ਮਹਿਫਿਲ' ਪ੍ਰੋਗਰਾਮ ਵਿਚ ਇਕੱਠੇ ਬੋਲਦੇ ਅਤੇ ਬਲਜਿੰਦਰ ਵੀ ਇਸ ਪ੍ਰੋਗਰਾਮ ਦਾ ਸ਼ਿੰਗਾਰ ਬਣਦਾ। ਉਹ ਨਕਲਾਂ ਲਾਉਂਦਾ, ਵੰਨ-ਸੁਵੰਨਾ ਮੂੰਹ ਬਣਾਉਂਦਾ ਤੇ ਖਾਸਾ ਹਸਾਉਂਦਾ।

ਹੈਰਾਨੀ ਤੇ ਮਾਣ ਵਾਲੀ ਗੱਲ ਇਹ ਹੈ ਕਿ ਉਹ ਉਨ੍ਹਾਂ ਵੇਲਿਆਂ ਵਿਚ ਵੀ ਕਈ ਪਾਸਿਓਂ ਸੰਘਰਸ਼ ਕਰ ਰਿਹਾ ਸੀ। ਨਵਾਂ ਨਵਾਂ ਆਇਆ ਸੀ। ਅਨੇਕਾਂ ਔਕੜਾਂ ਤੇ ਦੂਜੇ ਬੰਨੇ ਕਲਾਕਾਰੀ ਵਾਸਤੇ ਵਕਤ ਕੱਢਣਾ ਕੋਈ ਸੌਖਾ ਨਹੀਂ ਸੀ ਉਸ ਵਾਸਤੇ। ਮੈਂ ਉਹਦੇ ਸਿਦਕ ਨੂੰ ਸਜਦਾ ਕਰਦਿਆਂ ਆਖਿਆ ਸੀ ਕਿ ਤੇਰੀ ਮਿਹਨਤ ਰੰਗ ਲਿਆਊ। ਉਹਦਾ ਸਾਰਾ ਪਰਿਵਾਰ ਉਸ ਨੂੰ ਲਗਾਤਾਰ ਹੱਲਾਸ਼ੇਰੀ ਦੇ ਰਿਹਾ ਸੀ। ਬਲਜਿੰਦਰ ਤੇ ਲਖਵਿੰਦਰ ਸੰਧੂ ਨੇ ਭੰਡਾਂ ਦੀ ਜੋੜੀ ਬਣਾ ਲਈ। ਕੈਨੇਡਾ-ਅਮਰੀਕਾ ਦੇ ਟੀ. ਵੀ. ਪ੍ਰੋਗਰਾਮਾਂ ਵਿਚ ਆਉਣ ਲੱਗੇ।

ਸਾਹਿਬ ਬਿੰਦ ਹੋਰਾਂ ਦੇ ਯਤਨਾਂ ਨਾਲ ਸਰੀ ਗਦਰੀ ਬਾਬਿਆਂ ਦਾ ਮੇਲਾ ਸੀ। ਚਾਲੀ ਹਜ਼ਾਰ ਤੋਂ ਵੀ ਵੱਧ ਪੰਜਾਬੀਆਂ ਦਾ ਇਕੱਠ। ਗਿੱਲ ਹਰਦੀਪ



ਦੇ ਗੀਤ 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਉਤੇ ਸਵਰਗੀ ਕੁਲਦੀਪ ਮਾਣਕ ਤੇ ਸ਼ੌਕਤ ਅਲੀ ਨੇ ਗਾਉਂਦਿਆ ਗਾਉਂਦਿਆਂ ਪੱਗਾਂ ਵਟਾਈਆਂ। ਮੈਨੂੰ ਸ਼ਹੀਦ ਮੇਵਾ ਸਿੰਘ ਲੋਪੋਕੇ ਪੁਰਸਕਾਰ ਨਾਲ ਨਿਵਾਜਿਆ ਸੀ। ਇਥੇ ਬਲਜਿੰਦਰ ਨੇ ਖੂਬ ਰੰਗ ਬੰਨਿਆ।

ਅੱਜ ਕਲ ਪੰਜਾਬ ਦਾ ਮਾਣ ਬਲਜਿੰਦਰ ਸੇਖਾ ਆਪਣੇ ਕਲਾਮਈ ਕਾਰਜਾਂ ਕਰ ਕੇ ਕੈਨੇਡਾ ਵਿਚ ਛਾਇਆ ਹੋਇਆ ਹੈ ਤੇ ਮੈਨੂੰ ਆਪਣੇ ਪੁਰਾਣੇ ਆੜੀ 'ਤੇ ਮਾਣ ਮਹਿਸੂਸ ਹੁੰਦੈ। ਆਓ ਹੁਣ ਉਹਦੇ ਕੀਤੇ ਸਮਾਜਕ, ਸਭਿਆਚਾਰਕ ਤੇ ਕਲਾਮਈ ਕਾਰਜਾਂ ਉਤੇ ਪੰਛੀ ਝਾਤ ਪਾਈਏ।

ਬਲਜਿੰਦਰ ਸਿੰਘ ਸੇਖਾ ਦਾ ਜਨਮ ਸ. ਗੁਰਦੇਵ ਸਿੰਘ ਸਰਾਂ ਦੇ ਘਰ ਮਾਤਾ ਚਰਨਜੀਤ ਕੌਰ (ਸਵਰਗੀ) ਦੀ ਕੁੱਖੋਂ ਜਿਲਾ ਮੋਗਾ ਦੇ ਪਿੰਡ ਸੇਖਾ ਕਲਾਂ ਵਿਚ ਹੋਇਆ। ਬਲਜਿੰਦਰ ਸੇਖਾ ਬਹੁਪੱਖੀ ਸ਼ਖਸੀਅਤ ਦਾ ਮਾਲਕ ਹੈ। ਹੁਣ ਵੀ ਆਏ ਦਿਨ ਕੋਈ ਨਾ ਕੋਈ ਵਿਲੱਖਣ ਚੀਜ ਆਪਣੇ ਚਾਹੁੰਣ ਵਾਲਿਆਂ ਲਈ ਜ਼ਰੂਰ ਲੈ ਕੇ ਆਉਂਦਾ ਹੈ। ਪੜ੍ਹਾਈ ਦੇ ਸਫਰ ਦੌਰਾਨ ਹੀ ਇਹ ਗਾਇਕ ਰਾਜ ਬਰਾੜ ਦਾ ਬਹੁਤ ਕਰੀਬੀ ਦੋਸਤ ਬਣ ਗਿਆ ਸੀ। ਰਾਜ ਬਰਾੜ ਨੇ ਉਸ ਦੀ ਪਲੇਠੀ ਕਾਮੇਡੀ ਕੈਸੇਟ 'ਛਿੱਤਰੋ ਛਿੱਤਰੀ' ਦਾ ਕੰਮ ਬਿਨਾ ਕਿਸੇ ਸਵਾਰਥ ਦੇ, ਆਪਣੀ ਦੇਖ-ਰੇਖ ਵਿਚ ਕੀਤਾ ਸੀ।

ਪੰਜਾਬ ਵਿਚ ਰਹਿੰਦਿਆਂ ਵਿਆਹਾਂ ਤੇ ਕਦੇ ਮੇਲਿਆਂ 'ਤੇ ਵੱਖ-ਵੱਖ ਕਲਾਕਾਰਾਂ ਨਾਲ ਕੰਮ ਕਰਕੇ ਆਪਣੀਆਂ ਫੀਸਾਂ ਅਤੇ ਖਰਚੇ ਪੂਰੇ ਕੀਤੇ, ਪਰ ਕੋਈ ਵੀ ਮਜਬੂਰੀ ਬਲਜਿੰਦਰ ਸੇਖਾ ਨੂੰ ਆਪਣੀ ਮੰਜ਼ਿਲ ਵੱਲ ਜਾਣ ਤੋਂ ਨਾ ਰੋਕ ਸਕੀ।

ਓਂਟਾਰੀਓ ਸਰਕਾਰ ਵੱਲੋਂ 13 ਅਪਰੈਲ 2013 ਨੂੰ 'ਸਿੱਖ ਹੈਰੀਟੇਜ ਮੰਥ' ਵਜੋਂ ਮਾਨਤਾ ਦਿੱਤੀ ਗਈ। ਇਸ ਮੌਕੇ ਸੇਖਾ ਵੱਲੋਂ ਦੁਨੀਆਂ ਦਾ ਸਿੱਖ ਹੈਰੀਟੇਜ ਬਟਨ ਤਿਆਰ ਕਰਕੇ ਵਿਧਾਨ ਸਭਾ ਵਿਚ ਪਾਸ ਕਰਵਾਇਆ ਗਿਆ, ਕੈਨੇਡਾ ਦੀ ਪਾਰਲੀਮੈਂਟ ਵਿਚ ਵਿਸਾਖੀ ਦੇ ਮੌਕੇ ਕੈਨੇਡਾ ਦੇ ਮੈਂਬਰ ਪਾਰਲੀਮੈਂਟਾਂ ਦੇ ਕੋਟ ਦੇ ਕਾਲਰ ਦਾ ਸ਼ਿੰਗਾਰ ਬਣਿਆ, ਜਿਸ ਦੇ ਡਿਜ਼ਾਈਨ ਦੀ ਕੈਨੇਡਾ, ਅਮਰੀਕਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਰਪੂਰ ਸ਼ਲਾਘਾ ਕੀਤੀ। ਸੇਖਾ ਨੇ ਗਦਰੀ ਬਾਬਿਆਂ ਦੇ ਮੇਲੇ 'ਤੇ ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਦੇ ਸਾਹਿਬ ਬਿੰਦ ਨਾਲ ਮਿਲ ਕੇ ਕਾਮਾਗਾਟਾ ਮਾਰੂ ਤ੍ਰਾਸਦੀ ਦਾ ਚਿੱਤਰ ਤਿਆਰ ਕਰਕੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਭੇਟ ਕੀਤਾ। 2018 ਵਿਚ ਕੈਨੇਡਾ ਡੇਅ ਮੌਕੇ ਕੈਨੇਡਾ ਪੋਸਟ ਰਾਹੀਂ ਡਾਕ ਟਿਕਟ ਤਿਆਰ ਕੀਤੀ ਗਈ। ਕੈਨੇਡਾ ਡੇਅ 'ਤੇ 2017 ਨੂੰ 'ਗੋ ਕੈਨੇਡਾ' ਗੀਤ ਗਾ ਕੇ ਬੱਲੇ ਬੱਲੇ ਕਰਵਾਈ। ਇਸ ਗੀਤ ਨੂੰ ਰਿਕਾਰਡ ਤੋੜ ਸਫਲਤਾ ਪ੍ਰਾਪਤ ਹੋਈ, ਇੰਡੀਆ ਅਤੇ ਕੈਨੇਡਾ ਦੇ ਵੱਖ-ਵੱਖ ਇੰਗਲਿਸ਼ ਨਿਊਜ਼ ਚੈਨਲਾਂ ਨੇ ਲਗਾਤਾਰ ਦਿਖਾਇਆ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ।

11 ਨਵੰਬਰ 2018 ਨੂੰ 100ਵੇਂ ਰੀਮੈਂਬਰਜ਼ ਡੇਅ 'ਤੇ ਸੰਸਾਰ ਯੁੱਧ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਬਹੁਤ ਹੀ ਵਧੀਆ ਚਿੱਤਰ ਪੰਜਾਬੀ ਵਿਚ ਤਿਆਰ ਕੀਤਾ। ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਨ 'ਤੇ ਕਮਾਲ ਦਾ ਚਿੱਤਰ ਡਿਜ਼ਾਈਨ ਕੀਤਾ। 2019 ਵਿਚ ਕੈਨੇਡਾ ਡੇਅ 'ਤੇ ਸੇਖਾ ਨੇ ਕੈਨੇਡਾ ਦਾ ਝੰਡਾ ਮੋਤੀਆਂ ਨਾਲ ਤਿਆਰ ਕੀਤਾ। ਬਰੈਂਪਟਨ ਸਿਟੀ ਵੱਲੋਂ ਉਸ ਦਾ ਬੈਸਟ ਸਿਟੀਜ਼ਨ ਅਵਾਰਡ ਨਾਲ ਸਨਮਾਨ ਕੀਤਾ ਗਿਆ। ਬਲਜਿੰਦਰ ਸੇਖਾ ਨੇ ਗਾਇਕੀ ਦੇ ਖੇਤਰ ਵਿਚ ਵੀ ਪ੍ਰਸ਼ੰਸਾ ਯੋਗ ਮੱਲਾਂ ਮਾਰੀਆਂ ਅਤੇ ਮਹਾਨ ਸ਼ਾਇਰ ਬਾਬੂ ਰਜਬ ਅਲੀ ਖਾਨ, ਜਿਨ੍ਹਾਂ ਦੀ ਸ਼ਾਇਰੀ ਪੜ੍ਹਨੀ ਸੁਖਾਲੀ ਤੇ ਗਾਉਣੀ ਬੜੀ ਔਖੀ ਹੈ (ਵਤਨ ਦੀਆਂ ਤਾਂਘਾਂ ਤੇ ਮੇਰੇ ਦਸਮੇਸ਼ ਗੁਰੂ) ਅਤੇ ਸੰਤ ਰਾਮ ਉਦਾਸੀ ਦੀ ਕਵਿਤਾ (ਚਮਕੌਰ ਦੀ ਗੜੀ ਦੇ ਦ੍ਰਿਸ਼ਟਾਂਤ ਨੂੰ ਸਿੰਘਾਂ ਦਾ ਜੇਰਾ) ਗੀਤ ਵਿਚ ਗਾ ਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ। 'ਗੋ ਕੈਨੇਡਾ', 'ਹੈਪੀ ਨਿਊ ਯੀਅਰ' ਅਤੇ 'ਮਾਂ' ਗੀਤ ਕੈਰੀਅਰ ਦੇ ਸੁਨਹਿਰੀ ਗੀਤ ਹਨ। ਸੰਗੀਤਕਾਰ ਦਿਲਖੁਸ਼ ਥਿੰਦ, ਰਣਜੀਤ ਸਿੰਘ ਬਰਨਾਲਾ ਨੇ ਸੰਗੀਤ ਵਿਚ ਉਸ ਦਾ ਸਾਥ ਦਿੱਤਾ। ਬਲਜਿੰਦਰ ਨੇ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਵਿਚ ਬਹੁਤ ਨਾਮਣਾ ਖੱਟਿਆ ਹੈ। ਸੇਖਾ ਨੇ ਆਪਣੀ ਸਵਰਗੀ ਮਾਤਾ ਚਰਨਜੀਤ ਕੌਰ ਦੀਆਂ ਅੱਖਾਂ ਦਾਨ ਕਰਕੇ ਸ਼ਲਾਘਾ ਯੋਗ ਕੰਮ ਕੀਤਾ, ਜਿਸ ਨਾਲ ਦੋ ਲੋੜਵੰਦਾਂ ਨੂੰ ਦਿਸਣ ਲੱਗਿਆ ਤੇ 'ਕੈਨੇਡਾ ਆਈ ਬੈਂਕ' ਨੇ ਪ੍ਰਸ਼ੰਸਾ ਪੱਤਰ ਭੇਟ ਕੀਤਾ। ਇਸ ਦੇ ਕੰਮਾਂ ਲਈ ਯੂ. ਐਨ. ਓ. ਨੇ ਵੀ ਪ੍ਰਸ਼ੰਸਾ ਪੱਤਰ ਭੇਟ ਕੀਤਾ ਹੈ।

ਮੈਨੂੰ ਆਪਣੇ ਦੋਸਤ ਅਤੇ ਪੰਜਾਬ ਦੇ ਪੁੱਤਰ 'ਤੇ ਮਾਣ ਹੈ। ਇਹ ਇੱਥੇ ਹੀ ਰੁਕਣ ਵਾਲਾ ਜਾਂ ਹਾਰ ਹੰਭ ਕੇ ਬੈਠਣ ਵਾਲਾ ਨਹੀਂ। ਲੰਮੀ ਰੇਸ ਦਾ ਘੋੜਾ ਹੈ ਮੇਰਾ ਮਿੱਤਰ!

## ਮਿਨੀ ਕਹਾਣੀ

### ਗਲਤੀ ਦਾ ਅਹਿਸਾਸ

ਵਿਚੋਲੇ ਦੀ ਪਾਈ ਰਿਸ਼ਤੇ ਦੀ ਦੱਸ 'ਤੇ ਨਵਦੀਪ ਨੇ ਕੁੜੀ ਬਾਰੇ ਪਤਾ ਕਰ ਕੇ ਚੋਰੀ ਛਿਪੇ ਉਸ ਨੂੰ ਵੇਖ ਵੀ ਲਿਆ ਤੇ ਰਿਸ਼ਤੇ ਲਈ ਹਾਂ ਕਰ ਦਿੱਤੀ। ਰਿਸ਼ਤੇ ਦਾ ਦਿਨ ਮਿੱਥ ਕੇ ਸ਼ਗਨ ਪਾਉਣ ਦੀ ਰਸਮ ਅਦਾ ਕਰ ਲਈ ਗਈ। ਦੋ-ਤਿੰਨ ਮਹੀਨੇ ਪਿਛੋਂ ਜਦੋਂ ਕੁੜੀ ਵਾਲਿਆਂ ਵਿਆਹ ਦੀ ਤਰੀਕ ਮਿਥਣ ਬਾਰੇ ਵਿਚੋਲੇ ਹੱਥ ਸੁਨੇਹਾ ਘੱਲਿਆ ਤਾਂ ਨਵਦੀਪ ਹੋਰਾਂ ਕੋਈ ਹੱਥ ਪੱਲਾ ਨਾ ਫੜਾਇਆ। ਕਰਦੇ-ਕਰਾਉਂਦਿਆਂ ਉਹ ਕੋਈ ਉਰੇ-ਪਰੇ ਜਿਹਾ ਬਹਾਨਾ ਲਾ ਕੇ ਰਿਸ਼ਤਾ ਤੋੜਨ ਵਾਲੀਆਂ ਗੱਲਾਂ ਕਰਨ ਲੱਗ ਪਏ। ਅਸਲ ਵਿਚ ਨਵਦੀਪ ਨੂੰ ਕਿਸੇ ਹੋਰ ਮੋਟੇ ਘਰ ਦਾ ਰਿਸ਼ਤਾ ਆ ਰਿਹਾ ਸੀ, ਇਸ ਲਈ ਉਸ ਦੀ ਵੀ ਨੀਅਤ ਵਿਚ ਖੋਟ ਆ ਗਿਆ।

ਉਧਰ ਰਿਸ਼ਤਾ ਕਰਾਉਣ ਦੇ ਚੱਕਰ ਵਿਚ ਨਵਦੀਪ ਇਧਰ ਮਨ੍ਹਾਂ ਕਰਨ ਦੇ ਬਹਾਨੇ ਲੱਭਣ ਲੱਗਾ। ਮੌਕਾ ਪਾ ਕੇ ਇਕ ਦਿਨ ਉਨ੍ਹਾਂ ਨੇ ਵਿਚੋਲੇ ਕੋਲ ਨਾਂਹ ਕਰ ਦਿੱਤੀ, ਪਰ ਦੂਜੇ ਪਾਸੇ ਵੀ ਰਿਸ਼ਤਾ ਸਿਰੇ ਨਾ ਚੜ੍ਹ ਸਕਿਆ।

ਚਲੋ! ਇਸ ਗੱਲ ਨੂੰ ਬੀਤਿਆਂ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਬਿਲਕੁਲ ਇੰਜ ਹੀ ਨਵਦੀਪ ਦੀ ਭੈਣ ਨਾਲ ਵਾਪਰਿਆ। ਮੁੰਡੇ ਵਾਲਿਆਂ ਨੇ ਮਹੀਨੇ ਕੁ ਪਿਛੋਂ ਹੀ ਰਿਸ਼ਤਾ ਤੋੜ ਲਿਆ। ਫਿਰ ਜਦੋਂ ਨਵਦੀਪ ਹਰ ਰੋਜ਼ ਆਪਣੀ ਭੈਣ ਨੂੰ ਫੁੱਟ ਫੁੱਟ ਕੇ ਰੋਂਦੇ ਵੇਖਦਾ ਤਾਂ ਉਸ ਨੂੰ ਆਪਣੇ ਕੀਤੇ ਇੱਕ ਅਜ਼ੀਮ ਗੁਨਾਹ ਦਾ ਅਹਿਸਾਸ ਹੁੰਦਾ ਹੈ। ਉਸ ਨੂੰ ਯਾਦ ਆਉਂਦਾ ਕਿ ਉਸ ਨੇ ਵੀ ਕਿਸੇ ਦੀ ਧੀ-ਭੈਣ ਦੀਆਂ ਰੀਝਾਂ ਅਤੇ ਚਾਵਾਂ ਦਾ ਕਤਲ ਕੀਤਾ ਹੈ। ਰਿਸ਼ਤਾ ਟੁੱਟਣ ਪਿਛੋਂ ਕੁੜੀ ਤੇ ਉਸ ਦੇ ਪਰਿਵਾਰ 'ਤੇ ਕੀ ਬੀਤਦੀ ਹੈ, ਉਸ ਨੂੰ ਅਹਿਸਾਸ ਹੋ ਗਿਆ।

ਨਵਦੀਪ ਨੇ ਪਤਾ ਕੀਤਾ, ਉਹ ਕੁੜੀ ਹਾਲੇ ਵੀ ਕਵਾਰੀ ਸੀ। ਇੱਕ ਦਿਨ ਬਿਨਾ ਕਿਸੇ ਵਿਚੋਲੇ ਆਪਣੇ ਮਾਂ-ਪਿਉ ਨਾਲ ਕੁੜੀ ਵਾਲਿਆਂ ਦੇ ਘਰ ਚਲਾ ਗਿਆ। ਉਥੇ ਉਸ ਨੇ ਅਤੇ ਉਸ ਦੇ ਪਰਿਵਾਰ ਨੇ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਮੁਆਫੀ ਮੰਗੀ ਤੇ ਵਿਆਹ ਦੀ ਤਾਰੀਖ ਪੱਕੀ ਕਰ ਲਈ।

-ਰਵਿੰਦਰ ਲਾਲਪੁਰੀ
ਫੋਨ: 91-94634-52261

# ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ 'ਚ ਜੁਲਾਈ ਮਹੀਨੇ ਦੇ ਸੰਗਰਾਮੀ ਤੇ ਸ਼ਹੀਦ ਯੋਧੇ

***ਹਿੰਦੋਸਤਾਨ ਦੀ ਅੰਗਰੇਜ਼ ਵਿਰੁੱਧ ਆਜ਼ਾਦੀ ਦੀ ਲੜਾਈ 'ਚ ਵੱਖ-ਵੱਖ ਪਾਰਟੀਆਂ, ਲਹਿਰਾਂ, ਨੌਜਵਾਨ ਜਥੇਬੰਦੀਆਂ, ਧਾਰਮਿਕ ਸੰਸਥਾਵਾਂ, ਸੰਪਤੀਆਂ ਅਤੇ ਸਮੂਹ ਆਵਾਮ ਨੇ ਆਪਣੇ ਜਾਨ-ਮਾਲ ਦੀ ਪ੍ਰਵਾਹ ਕੀਤੇ ਬਿਨਾ ਹਿੱਸਾ ਪਾਇਆ। ਸ਼ਹੀਦੀਆਂ, ਜਾਇਦਾਦਾਂ ਦੀਆਂ ਕੁਰਕੀਆਂ, ਅਣਮਨੁੱਖੀ ਤਸ਼ੱਦਦ, ਲੰਬੀਆਂ ਸਜ਼ਾਵਾਂ, ਘਰੋਂ ਬੇਘਰ ਹੋਣ ਦੀਆਂ ਕਹਾਣੀਆਂ ਸੋਚਾਂ 'ਚ ਪਾਉਂਦੀਆਂ ਹਨ ਕਿ ਉਹ ਲੋਕ ਕਿਹੋ ਜਿਹੇ ਹੋਣਗੇ, ਜਿਨ੍ਹਾਂ ਨੇ ਇਹ ਸਭ ਕੁਝ ਆਪਣੇ ਪਿੰਡੇ 'ਤੇ ਹੰਢਾਇਆ। ਜਦੋਂ ਜੱਜ ਆਪਣਾ ਫੈਸਲਾ ਸੁਣਾਉਂਦੇ ਹਨ ਤਾਂ ਆਜ਼ਾਦੀ ਦੇ ਪਰਵਾਨੇ ਆਪਣੀ ਆਖਰੀ ਇੱਛਾ ਪੁੱਛਣ ਉਪਰੰਤ ਇਹ ਕਹਿੰਦੇ ਕਿ ਅਸੀਂ ਉਸ ਸਮੇਂ ਤੱਕ ਹਿੰਦੋਸਤਾਨ ਦੀ ਧਰਤੀ ਮਾਂ ਦੀ ਗੋਦ 'ਚ ਜੰਮਦੇ ਰਹੀਏ ਤੇ ਫਾਂਸੀ ਦੇ ਰੱਸੇ ਚੁੰਮਦੇ ਰਹੀਏ, ਜਦੋਂ ਤੱਕ ਅੰਗਰੇਜ਼ ਸਾਮਰਾਜ ਤੋਂ ਦੇਸ਼ ਆਜ਼ਾਦ ਨਹੀਂ ਕਰਵਾ ਲੈਂਦੇ।***

ਹਮਾਰਾ ਹਿੰਦ ਭੀ ਫੂਲੇਗਾ ਫਲੇਗਾ
ਏਕ ਦਿਨ ਲੇਕਿਨ,
ਮਿਲੇਂਗੇ ਖਾਕ ਮੇਂ ਲਾਖੋਂ
ਹਮਾਰੇ ਗੁਲਬਦਨ ਪਹਿਲੇ।
ਹਮੇ ਦੁਖ ਭੋਗਨਾ,
ਲੇਕਿਨ ਹਮਾਰੀ ਨਸਲ ਸੁੱਖ ਪਾਏ,
ਯੇਹ ਦਿਲ ਮੇਂ ਠਾਨ ਲੋ ਅਪਨੇ,
ਏਹ ਹਿੰਦੀ ਮਾਦੇਜਨ ਪਹਿਲੇ।

ਸ਼ਹੀਦਾਂ ਨੂੰ ਯਾਦਾਂ 'ਚ ਸਮੋਅ ਕੇ ਰੱਖਣ ਅਤੇ ਅਣਖੀ ਵਿਰਸੇ ਨਾਲ ਜੋੜਨ ਲਈ ਯਤਨ ਤੇ ਜਾਣਕਾਰੀ ਬਤੌਰ ਸ਼ਰਧਾਂਜਲੀ ਸਮਰਪਿਤ ਹੈ:

2 ਜੁਲਾਈ 1923 ਨੂੰ ਚੌਰਾ ਚੌਰੀ ਕਾਂਡ 'ਚ ਦਰਾਵੜ, ਆਦਿਵਾਸੀ ਆਜ਼ਾਦੀ ਪਸੰਦ 19 ਯੋਧਿਆਂ ਨੂੰ ਫਾਂਸੀ ਹੋਈ।

2 ਜੁਲਾਈ 1924 ਨੂੰ ਸੁੱਚਾ ਸਿੰਘ ਪਿੰਡ ਮਾਨੇਵਾਲ (ਹੁਸ਼ਿਆਰਪੁਰ) ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਹਿੱਸਾ ਲਿਆ।


ਬਾਬਾ ਗੁਰਮੁਖ ਸਿੰਘ ਲਲਤੋਂ


ਤੇਜਾ ਸਿੰਘ ਸਮੁੰਦਰੀ

2 ਜੁਲਾਈ 1924 ਨੂੰ ਸੁੱਚਾ ਸਿੰਘ ਪੁੱਤਰ ਰਾਮ ਸਿੰਘ ਪਿੰਡ ਪੱਡੇਵਾਲ, ਊਨਾ (ਹੁਸ਼ਿਆਰਪੁਰ) ਪੁਲਿਸ ਤਸ਼ੱਦਦ ਦੀ ਤਾਬ ਨਾ ਸਹਿੰਦੇ ਹੋਏ ਨਾਭਾ ਬੀੜ ਜੇਲ੍ਹ 'ਚ ਦਮ ਤੋੜ ਗਏ। ਉਹ ਸ਼੍ਰੋਮਣੀ ਕਮੇਟੀ ਦੇ ਮਰਜੀਵੜੇ ਜਥੇ 'ਚ ਸ਼ਾਮਲ ਸਨ।

2 ਜੁਲਾਈ 1924 ਨੂੰ ਸਾਧੂ ਸਿੰਘ ਪੁੱਤਰ ਜੀਤ ਸਿੰਘ ਪਿੰਡ ਸੰਗਰੂਰ, ਤਰਨਤਾਰਨ (ਅੰਮ੍ਰਿਤਸਰ) ਜੈਤੋਂ ਮੋਰਚੇ ਦੇ ਸ਼ਹੀਦ ਸਨ। ਉਨ੍ਹਾਂ ਅੱਠ ਮਹੀਨੇ ਜੇਲ੍ਹ ਯਾਤਰਾ ਕੀਤੀ।

3 ਜੁਲਾਈ 1924 ਨੂੰ ਕਪੂਰ ਸਿੰਘ (ਬਾਬੂ) ਪੁੱਤਰ ਵਿਧਾਵਾ ਸਿੰਘ ਪਿੰਡ ਬਸਡੇਰਾ, ਊਨਾ (ਹੁਸ਼ਿਆਰਪੁਰ) ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚੇ 'ਚ ਹਿੱਸਾ ਲਿਆ।

3 ਜੁਲਾਈ 1947 ਨੂੰ ਸਦਾ ਸਿੰਘ ਪੁੱਤਰ ਕਰਮ ਸਿੰਘ ਪਿੰਡ ਹਰੌਲੀ, ਊਨਾ (ਹੁਸ਼ਿਆਰਪੁਰ) ਚੜ੍ਹਾਈ ਕਰ ਗਏ। ਜੈਤੋਂ ਮੋਰਚੇ ਦੌਰਾਨ ਉਨ੍ਹਾਂ 20 ਮਹੀਨੇ ਜੇਲ੍ਹ ਕੱਟੀ।

3 ਜੁਲਾਈ 1950 ਨੂੰ ਮੱਟੂ ਧਨ ਪੁੱਤਰ ਨੱਥਾ ਰਾਮ ਪਿੰਡ ਬਪਰੋਲੀ (ਮਹਿੰਦਰਗੜ੍ਹ) ਸ਼ਹੀਦੀ ਪਾ ਗਏ। ਉਹ ਆਈ. ਐਨ. ਏ. ਦੇ ਚਾਰ ਗੁਰੀਲਾ ਰੈਜੀਮੈਂਟ 'ਚ ਹੌਲਦਾਰ ਸਨ।

4 ਜੁਲਾਈ 1927 ਨੂੰ ਕਰਮ ਸਿੰਘ ਪਿੰਡ ਚੱਕ ਕਲਾਂ, ਨਕੋਦਰ (ਜਲੰਧਰ) ਤੀਜੇ ਜੈਤੋਂ ਮੋਰਚੇ 'ਚ ਸ਼ਹੀਦੀ ਪਾ ਗਏ। ਉਨ੍ਹਾਂ ਸੱਤ ਮਹੀਨੇ ਜੇਲ੍ਹ ਵੀ ਕੱਟੀ।

4 ਜੁਲਾਈ 1937 ਵਿਚ ਹਜ਼ਾਰਾ ਸਿੰਘ ਪੁੱਤਰ ਰਾਜਾ ਸਿੰਘ, ਪਿੰਡ ਭਲੇਰੀ, ਨੂਰਪੁਰ, ਊਨਾ (ਹੁਸ਼ਿਆਰਪੁਰ) ਨੂੰ ਟਾਟਾ ਨਗਰ, ਜਮਸ਼ੇਦਪੁਰ 'ਚ ਫੈਕਟਰੀ ਮਾਲਕਾਂ ਨੇ ਕਾਰ ਥੱਲੇ ਕੁੱਚਲ ਦਿੱਤਾ।

5 ਜੁਲਾਈ 1856 ਨੂੰ ਭਾਈ ਮਹਾਰਾਜ ਸਿੰਘ ਸਦੀਵੀ ਵਿਛੋੜਾ ਦੇ ਗਏ। ਸ਼ਾਹੀ ਕੈਦੀ ਵਜੋਂ ਸਿੰਘਾਪੁਰ ਜੇਲ੍ਹ 'ਚ ਬੰਦ ਰਹੇ।

5 ਜੁਲਾਈ 1951 ਨੂੰ ਆਈ. ਐਨ. ਏ. ਦੇ ਪੀ. ਓ. ਡਬਲਿਊ. ਕੇਸ਼ੋ ਰਾਮ ਪੁੱਤਰ ਬਿਹਾਰੀ ਲਾਲ ਪਿੰਡ ਲੀਲੋਧ ਤਹਿਸੀਲ ਜਿਗਰ (ਰੋਹਤਕ) ਸ਼ਹੀਦੀ ਪਾ ਗਏ।

5 ਜੁਲਾਈ 1958 ਨੂੰ ਜਵਾਲਾ ਸਿੰਘ ਪੁੱਤਰ ਲੀਕਰ ਸਿੰਘ ਪਿੰਡ ਅੱਤੋਵਾਲ (ਹੁਸ਼ਿਆਰਪੁਰ) ਅਕਾਲ ਚਲਾਣਾ ਕਰ ਗਏ। ਉਹ ਗੁਰੂ ਕੇ ਬਾਗ ਤੇ ਜੈਤੋਂ ਮੋਰਚੇ 'ਚ ਸ਼ਾਮਲ ਸਨ ਤੇ ਤਿੰਨ ਸਾਲ ਨਾਭਾ ਬੀੜ ਜੇਲ੍ਹ 'ਚ ਰਹੇ।

5 ਜੁਲਾਈ 1971 ਨੂੰ ਕੁੰਦਨ ਸਿੰਘ ਪਿੰਡ ਮਰਗਿੰਡ ਪੁਰ, ਪੱਟੀ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਹ ਸਿਵਲ ਨਾ ਫੁਰਮਾਨੀ ਤੇ ਅਕਾਲੀ ਮੂਵਮੈਂਟ 'ਚ ਸਨ।

6 ਜੁਲਾਈ 1980 ਨੂੰ ਉਜਾਗਰ ਸਿੰਘ ਸਦੀਵੀ ਵਿਛੋੜਾ ਦੇ ਗਏ। ਉਹ ਬੱਬਰ ਅਕਾਲੀ ਸਨ, ਲੰਬਾ ਸਮਾਂ ਜੇਲ੍ਹ ਯਾਤਰਾ ਕੀਤੀ।

7 ਜੁਲਾਈ 1931 ਨੂੰ ਬੇਦੋਸ਼ ਦਿਨੇਸ਼ ਗੁਪਤਾ ਨੂੰ ਫਾਂਸੀ ਦੇ ਦਿੱਤੀ ਗਈ। ਕਲਕੱਤਾ ਰਾਈਟਰ ਕਲੱਬ ਲਾਗੇ ਜੇਲ੍ਹ ਇੰਸਪੈਕਟਰ ਦਾ ਕਤਲ ਹੋਇਆ ਸੀ।

7 ਜੁਲਾਈ 1943 ਨੂੰ ਆਈ. ਏ., ਆਈ. ਐਨ. ਏ. ਦੇ ਪਹਿਲੇ ਬਹਾਦਰ ਗਰੁੱਪ ਦੇ ਹਵਾਲਦਾਰ ਨਗਿੰਦਰ ਸਿੰਘ ਪਿੰਡ ਰਾਮ ਗੜ੍ਹ ਡਾਕਖਾਨਾ ਸਿੱਧਵਾਂ (ਲੁਧਿਆਣਾ) ਫਾਂਸੀ ਦਿੱਤੀ ਗਈ।

8 ਜੁਲਾਈ 1924 ਨੂੰ ਉਤਮ ਸਿੰਘ ਪਿੰਡ ਬੇਲਾ ਸ਼ਗਿਰਦ (ਹੁਸ਼ਿਆਰਪੁਰ) ਦਾ ਜੈਤੋਂ ਮੋਰਚੇ ਦੌਰਾਨ ਨਾਭਾ ਜੇਲ੍ਹ 'ਚ ਸਦੀਵੀ ਵਿਛੋੜਾ।

8 ਜੁਲਾਈ 1924 ਨੂੰ ਊਧਮ ਸਿੰਘ ਪੁੱਤਰ ਭਾਈ ਦਸੋਂਦਾ ਸਿੰਘ ਪਿੰਡ ਬੇਲਾ ਝਿੰਗੜ, ਦਸੂਹਾ (ਹੁਸ਼ਿਆਰਪੁਰ) ਸ਼ਹੀਦੀ ਹੋ ਗਏ। ਉਹ ਸਾਧੂਆਂ ਵਾਲੇ ਜਥੇ ਨਾਲ ਜੈਤੋਂ ਮੋਰਚਾ-8 'ਚ ਸ਼ਾਮਲ


ਪੰਡਿਤ ਕਿਸ਼ੋਰੀ ਲਾਲ


ਵਿਦਿਆਲੰਕਰ ਭੀਮ ਸੈਨ


ਬੁੱਟਕੇਸ਼ਵਰ ਦੱਤ

ਸਨ ਤੇ ਨਾਭਾ ਜੇਲ੍ਹ ਯਾਤਰਾ ਵੀ ਕੀਤੀ।

8 ਜੁਲਾਈ 1924 ਨੂੰ ਜੈਤੋਂ ਮੋਰਚਾ-4 ਦੇ ਮੈਂਬਰ ਉਤਮ ਸਿੰਘ ਪੁੱਤਰ ਦਸੋਂਦਾ ਸਿੰਘ ਪਿੰਡ ਚਗਾਰਤ ਡਾਕਖਾਨਾ ਭੱਲਾਂ (ਹੁਸ਼ਿਆਰਪੁਰ) ਸ਼ਹੀਦੀ ਪਾ ਗਏ।

8 ਜੁਲਾਈ 1951 ਨੂੰ ਲਾਭ ਸਿੰਘ ਪੁੱਤਰ ਸ਼ਰਮ ਸਿੰਘ ਆਜ਼ਾਦੀ ਲਈ ਆਖਰੀ ਸਾਹ ਤੱਕ ਲੜਦੇ ਸਦੀਵੀ ਵਿਛੋੜਾ ਦੇ ਗਏ।

8 ਜੁਲਾਈ 1987 ਨੂੰ ਗੁਰਨਾਮ ਸਿੰਘ ਉਪਲ ਨੂੰ ਸਮਾਜ ਵਿਰੋਧੀਆਂ ਨੇ ਗੋਲੀਆਂ ਮਾਰ ਹਲਾਕ ਕਰ ਦਿੱਤਾ। ਉਹ ਮਜ਼ਦੂਰ ਕਿਸਾਨਾਂ ਦੇ ਆਗੂ ਸਨ।

11 ਜੁਲਾਈ 1957 ਨੂੰ ਮਿਹਰ ਸਿੰਘ ਪੁੱਤਰ ਜੋਧ ਸਿੰਘ ਪਿੰਡ ਸੈਦੋ, ਮੋਗਾ (ਫਿਰੋਜ਼ਪੁਰ) ਫੌਤ ਹੋ ਗਏ। ਉਹ ਜੈਤੋਂ ਮੋਰਚਾ-6 'ਚ ਹਿੱਸਾ ਲਿਆ ਤੇ 14 ਮਹੀਨੇ ਨਾਭਾ ਜੇਲ੍ਹ 'ਚ ਕੈਦ ਕੱਟੀ।

11 ਜੁਲਾਈ 1981 ਨੂੰ ਸਾਥੀ ਪ੍ਰੀਤਮ ਸਿੰਘ 'ਸਰਗੋਧਾ' ਦਿਲ ਦੇ ਦੌਰੇ ਨਾਲ ਅੰਤਿਮ ਸਾਹ ਪੂਰਾ ਕਰ ਗਏ। 10 ਸਾਲ ਜੇਲ੍ਹ ਯਾਤਰਾ ਕੀਤੀ।

11 ਜੁਲਾਈ 1990 ਨੂੰ ਪੰਡਿਤ ਕਿਸ਼ੋਰੀ ਲਾਲ ਸਦੀਵੀ ਵਿਛੋੜਾ ਦੇ ਗਏ। ਉਹ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਹੁਰਾਂ ਦੇ ਸਾਥੀ ਸਨ। ਆਖਰੀ ਸਾਹ ਤੱਕ ਲੋਕ ਹਿੱਤਾਂ ਨੂੰ ਪਹਿਲ ਦਿੰਦੇ ਰਹੇ।

12 ਜੁਲਾਈ 1925 ਨੂੰ ਜੈਤੋਂ ਮੋਰਚਾ-16 ਦੇ ਮੈਂਬਰ ਤੇ ਨਾਭਾ ਬੀੜ ਜੇਲ੍ਹ 'ਚ ਕੈਦ ਕੱਟਣ ਵਾਲੇ ਮਹਾਂ ਸਿੰਘ ਸਦਾ ਲਈ ਵਿਛੜ ਗਏ।

13 ਜੁਲਾਈ 1948 ਨੂੰ ਗੋਬਿੰਦਾ ਪੁੱਤਰ ਵਿਠੋਲਾ ਰਾਵਟੇ ਤੇ ਪੰਜ ਹੋਰ ਹਿੰਦੋਸਤਾਨ ਹਿਤੈਸ਼ੀਆਂ ਨੂੰ ਰਾਜਕਾਰਾਂ ਨੇ ਮਾਰ ਦਿੱਤਾ। ਉਹ ਪਿੰਡ ਵਾਕੋਡੀ ਜਿਲਾ ਪ੍ਰਥਾਨੀ (ਮਹਾਰਾਸ਼ਟਰ) ਤੋਂ ਸਨ।

13 ਜੁਲਾਈ 1977 ਨੂੰ ਕਾਮਾਗਾਟਾ ਮਾਰੂ ਜਹਾਜ ਦੇ ਮੁਸਾਫਰ ਬਾਬਾ ਗੁਰਮੁਖ ਸਿੰਘ ਲਲਤੋਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ।

15 ਜੁਲਾਈ 1923 ਨੂੰ ਹਜ਼ਾਰਾ ਸਿੰਘ ਪੁੱਤਰ ਰਤਨ ਸਿੰਘ, ਪਿੰਡ ਰੁੜਕੀ ਖਾਸ (ਹੁਸ਼ਿਆਰਪੁਰ) ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ।

15 ਜੁਲਾਈ 1932 ਨੂੰ ਬੱਬਰ ਅਕਾਲੀ ਰਤਨ ਸਿੰਘ ਪੁੱਤਰ ਜਵਾਹਰ ਸਿੰਘ ਪਿੰਡ ਰੱਕੜਾਂ ਬੇਟ (ਹੁਸ਼ਿਆਰਪੁਰ) ਪੁਲਿਸ ਮੁਕਾਬਲੇ 'ਚ ਸ਼ਹੀਦ ਹੋ ਗਏ।

15 ਜੁਲਾਈ 1948 ਨਾਜ਼ਰ ਸਿੰਘ ਪੁੱਤਰ ਵਜ਼ੀਰ ਸਿੰਘ ਪਿੰਡ ਇੰਦਰਗੜ੍ਹ, ਜ਼ੀਰਾ (ਫਿਰੋਜ਼ਪੁਰ) ਸ਼ਹੀਦੀ ਪਾ ਗਏ। ਉਹ ਆਈ. ਐਨ. ਓ. ਦੇ ਸਿਪਾਹੀ ਸਨ ਤੇ ਬਰਮਾ ਦੀ ਲੜਾਈ ਲੜੇ।

15 ਜੁਲਾਈ 1987 ਨੂੰ ਦੇਸ਼ ਹਿਤੈਸ਼ੀ ਸਵਾਮੀ ਪੂਰਨਾ ਨੰਦ ਨੇ ਫਗਵਾੜਾ 'ਚ ਆਖਰੀ ਸਾਹ ਲਿਆ।

17 ਜੁਲਾਈ 1924 ਨੂੰ ਵਿਧਾਵਾ ਸਿੰਘ, ਪਿੰਡ ਲੀਲ (ਲਾਇਲਪੁਰ) ਚਲਾਣਾ ਕਰ ਗਏ। ਉਨ੍ਹਾਂ ਜੈਤੋਂ ਮੋਰਚਾ-5 'ਚ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

17 ਜੁਲਾਈ 1926 ਨੂੰ ਕੌਮੀ ਲੀਡਰ ਤੇਜਾ ਸਿੰਘ ਸਮੁੰਦਰੀ ਆਪਣੀ ਜੀਵਨ ਯਾਤਰਾ ਲਾਹੌਰ ਜੇਲ੍ਹ 'ਚ ਪੂਰੀ ਕਰ ਗਏ।

17 ਜੁਲਾਈ 1927 ਨੂੰ ਜੈ ਮੱਲ ਪੁੱਤਰ ਭੂਪ ਸਿੰਘ ਪਿੰਡ ਕੋਠਾਲਾ, ਮਲੇਰ ਕੋਟਲਾ (ਸੰਗਰੂਰ) 'ਕੋਠਾਲਾ ਘਟਨਾ' 'ਚ ਗੋਲੀ ਦਾ ਨਿਸ਼ਾਨਾ ਬਣੇ।

17 ਜੁਲਾਈ 1927 ਨੂੰ ਕਾਕਾ ਸਿੰਘ ਪੁੱਤਰ ਰੂੜ ਸਿੰਘ, ਪਿੰਡ ਕੋਠਾਲਾ, ਮਲੇਰਕੋਟਲਾ (ਸੰਗਰੂਰ) ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ।

17 ਜੁਲਾਈ 1969 ਨੂੰ ਪਿੰਡੀ ਦਾਸ (ਲਾਲਾ) ਚੜ੍ਹਾਈ ਕਰ ਗਏ। ਉਹ ਨਾ-ਫੁਰਮਾਨੀ ਲਹਿਰ ਦੇ ਆਗੂਆਂ 'ਚ ਸ਼ਾਮਲ ਸਨ ਅਤੇ 16


ਬਾਬਾ ਗੁਰਦਿੱਤ ਸਿੰਘ ਸਰਹਾਲੀ


ਸ਼ਹੀਦ ਊਧਮ ਸਿੰਘ

ਸਾਲ ਕੈਦ ਕੱਟੀ।

18 ਜੁਲਾਈ 1962 ਨੂੰ ਅਖਬਾਰ ਦੇ ਸੰਪਾਦਕ ਵਿਦਿਆਲੰਕਰ ਭੀਮ ਸੈਨ ਪੁੱਤਰ ਬਿਸ਼ਨ ਦਾਸ ਵਿਛੋੜਾ ਦੇ ਗਏ। ਉਹ ਅੰਗਰੇਜ਼ ਵਿਰੋਧੀ ਲੇਖ ਲਿਖਦੇ ਸਨ।

20 ਜੁਲਾਈ 1933 ਨੂੰ ਸਵਾਮੀ ਅਛੂਤਾ ਨੰਦ ਕਾਨਪੁਰ ਦੇ ਬੇਂਝਾਵਰ ਮੁਹੱਲੇ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੱਬੇ ਕੁੱਚਲੇ ਲੋਕਾਂ ਨੂੰ ਆਜ਼ਾਦੀ ਲਈ ਜਾਗ੍ਰਿਤ ਕੀਤਾ।

20 ਜੁਲਾਈ 1950 ਨੂੰ ਮਨੋਹਰ ਲਾਲ ਪੁੱਤਰ ਟਿੱਕਨ ਲਾਲ ਚੱਲ ਵਸੇ। ਉਨ੍ਹਾਂ 6 ਮਹੀਨੇ ਕਾਂਗਰਸ ਮੂਵਮੈਂਟ 'ਚ ਜੇਲ੍ਹ ਯਾਤਰਾ ਕੀਤੀ।

20 ਜੁਲਾਈ 1961 ਨੂੰ ਆਈ. ਐਨ. ਓ. ਦੇ ਲੈਫਟੀਨੈਂਟ ਕਰਮ ਸਿੰਘ ਪੁੱਤਰ ਕਿਸ਼ਨ ਸਿੰਘ ਸ਼ਹੀਦੀ ਪਾ ਗਏ। ਉਨ੍ਹਾਂ ਬਰਮਾ ਦੀ ਲੜਾਈ ਲੜੀ।

20 ਜੁਲਾਈ 2005 ਨੂੰ ਆਜ਼ਾਦੀ ਘੁਲਾਟੀਏ ਤੇ ਕਿਸਾਨ ਮਜ਼ਦੂਰ ਆਗੂ ਸੇਵਾ ਸਿੰਘ ਪਿੰਡ ਡੱਫਰ, ਦਸੂਹਾ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ।

21 ਜੁਲਾਈ 1971 ਨੂੰ ਭਾਈ ਨਰੰਜਣ ਸਿੰਘ ਸਦੀਵੀ ਅਲਵਿਦਾ ਕਹਿ ਗਏ। ਉਹ 1906 'ਚ ਕਮਾਈ ਲਈ ਕੈਨੇਡਾ ਪਹੁੰਚੇ, ਜੋ ਬਾਅਦ 'ਚ ਗਦਰੀ ਆਗੂ ਬਣੇ।

22 ਜੁਲਾਈ 1960 ਨੂੰ ਆਈ. ਐਨ. ਓ. ਦੇ ਸਿਪਾਹੀ ਜੈ ਚੰਦ ਪੁੱਤਰ ਤਾਰਾ ਚੰਦ ਪਿੰਡ ਝੋਜੂ ਕਲਾਂ (ਮਹਿੰਦਰਗੜ੍ਹ) ਚੱਲ ਵਸੇ।

23 ਜੁਲਾਈ 1943 ਨੂੰ ਕਰਮ ਸਿੰਘ ਬੱਬਰ ਪੁੱਤਰ ਮੇਲਾ ਸਿੰਘ, ਪਿੰਡ ਮਾਹਿਲ ਵਲਟੋਹਾ (ਹੁਸ਼ਿਆਰਪੁਰ) ਪੁਲੀ ਮੁਕਾਬਲੇ 'ਚ ਦਮ ਤੋੜ ਗਏ ਉਨ੍ਹਾਂ 7 ਸਾਲ ਜੇਲ੍ਹ ਯਾਤਰਾ ਵੀ ਕੀਤੀ।

23 ਜੁਲਾਈ 1944 ਨੂੰ ਰਾਮ ਸਿੰਘ ਪੁੱਤਰ ਰਤਨ ਸਿੰਘ ਵਾਸੀ ਬੱਸੀ, ਜਗਰਾਉਂ (ਲੁਧਿਆਣਾ) ਸਦਾ ਲਈ ਵਿਛੜ ਗਏ। ਉਨ੍ਹਾਂ ਜੈਤੋਂ ਮੋਰਚੇ 'ਚ ਡੇਢ ਸਾਲ ਨਾਭਾ ਬੀੜ ਜੇਲ੍ਹ ਦੀ ਯਾਤਰਾ ਕੀਤੀ।

23 ਜੁਲਾਈ 1975 ਨੂੰ ਬਾਬਾ ਅਮਰ ਸਿੰਘ ਸੰਧਵਾਂ ਪ੍ਰਧਾਨ ਦੇਸ਼ ਭਗਤ ਯਾਦਗਰ ਹਾਲ, ਜਲੰਧਰ ਸਦੀਵੀ ਵਿਛੋੜਾ ਦੇ ਗਏ।

24 ਜੁਲਾਈ 1954 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਨਾਂ ਕਾਮਾਗਾਟਾ ਮਾਰੂ ਇਤਿਹਾਸ ਨਾਲ ਸਦਾ ਜੁੜਿਆ ਰਹੇਗਾ।

24 ਜੁਲਾਈ 1993 ਨੂੰ ਭਾਗ ਸਿੰਘ ਸੱਜਣ ਸਦੀਵੀ ਵਿਛੋੜਾ ਦੇ ਗਏ। ਉਹ ਆਜ਼ਾਦੀ ਘੁਲਾਟੀਏ, ਦੇਸ਼ ਭਗਤ ਅਤੇ ਅਗਾਂਹ ਵਧੂ ਸੋਚ ਦੇ ਅਧਿਆਪਕ ਸਨ।

26 ਜੁਲਾਈ 1924 ਨੂੰ ਪ੍ਰਤਾਪ ਸਿੰਘ ਪੁੱਤਰ ਚੇਤ ਸਿੰਘ ਵਾਸੀ ਈਸ਼ਰਕੇ, ਸ਼ੇਖੂਪੁਰਾ (ਹੁਣ ਪਾਕਿਸਤਾਨ) ਚੱਲ ਵਸੇ। ਉਨ੍ਹਾਂ ਜੈਤੋਂ ਮੋਰਚੇ 'ਚ ਨਾਭਾ ਜੇਲ੍ਹ ਯਾਤਰਾ ਕੀਤੀ।

27 ਜੁਲਾਈ 1948 ਨੂੰ ਸੁੱਚਾ ਸਿੰਘ ਪੁੱਤਰ ਸ਼ਮੀਰ ਸਿੰਘ, ਜਿਲਾ ਸ਼ੇਖੂਪੁਰਾ ਸਦੀਵੀ ਵਿਛੋੜਾ ਦੇ ਗਏ। ਉਹ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਹੋਏ, ਸੀ. ਡੀ. ਐਮ.ਲਹਿਰ 'ਚ ਹਿੱਸਾ ਲਿਆ ਤੇ ਦੋ ਸਾਲ ਜੇਲ੍ਹ ਯਾਤਰਾ ਕੀਤੀ।

27 ਜੁਲਾਈ 1970 ਨੂੰ ਬੂਝਾ ਸਿੰਘ ਨੂੰ ਪੰਜਾਬ ਪੁਲਿਸ ਨੇ ਝੂਠਾ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਉਹ ਅਰਜਨਟਾਈਨਾ ਤੋਂ ਗਦਰ ਪਾਰਟੀ ਦੇ ਮਾਸਕੋ ਪੜ੍ਹਾਈ ਕਰਨ ਵਾਲੇ ਪਹਿਲੇ ਯੂਨਿਟ 'ਚ ਸਨ।

28 ਜੁਲਾਈ 1959 ਨੂੰ ਮੰਗਲ ਸਿੰਘ ਪੁੱਤਰ ਰਲਾ ਸਿੰਘ, ਪਿੰਡ ਰਾਮ ਪੁਰ ਸੁੰਨੜਾ, ਫਗਵਾੜਾ (ਕਪੂਰਥਲਾ) ਚੱਲ ਵਸੇ। ਉਹ ਬੱਬਰ ਅਕਾਲੀ ਸਨ ਤੇ ਇੱਕ ਸਾਲ ਜਲੰਧਰ ਜੇਲ੍ਹ ਦੀ ਯਾਤਰਾ ਕੀਤੀ।

29 ਜੁਲਾਈ 1965 ਨੂੰ ਬੀ. ਕੇ. ਦੱਤ (ਬੁੱਟਕੇਸ਼ਵਰ ਦੱਤ) ਕੈਂਸਰ ਦੀ ਨਾਲ ਸਦੀਵੀ ਵਿਛੋੜਾ ਦੇ ਗਏ। ਸ੍ਰੀ ਦੱਤ ਅਤੇ ਸ਼ਹੀਦ ਭਗਤ ਸਿੰਘ ਨੇ 1929 ਨੂੰ ਅਸੈਂਬਲੀ ਹਾਲ 'ਚ ਬੰਬ ਸੁੱਟਿਆ ਸੀ।

29 ਜੁਲਾਈ 1982 ਨੂੰ ਸੋਹਨ ਸਿੰਘ ਜੋਸ਼ ਸਦੀਵੀ ਵਿਛੋੜਾ ਦੇ ਗਏ। ਉਹ ਆਜ਼ਾਦੀ ਘੁਲਾਟੀਏ ਸਨ। ਗਦਰ ਲਹਿਰ ਲਈ ਲਿਖਿਆ। ਖੱਬੀ ਧਿਰ ਨਾਲ ਆਖਰੀ ਦਮ ਤੱਕ ਰਹੇ।

31 ਜੁਲਾਈ 1940 ਨੂੰ ਊਧਮ ਸਿੰਘ ਇੰਗਲੈਂਡ ਪਹੁੰਚ ਕੇ ਜਲਿਆਂਵਾਲਾ ਬਾਗ ਦਾ ਬਦਲਾ ਲੈ ਕੇ ਸ਼ਹੀਦ ਹੋ ਗਏ।

## ਜੁਲਾਈ ਮਹੀਨੇ ਦੇ ਹੋਰ ਸ਼ਹੀਦ

1921 ਵਿਚ ਭਾਈ ਵਤਨ ਸਿੰਘ ਬੱਬਰ ਇੱਕ ਬੀਬੀ ਨੂੰ ਹਲਕੇ ਕੁੱਤੇ ਤੋਂ ਬਚਾਉਣ ਲਈ ਮੋਹਰੇ ਹੋ ਗਏ, ਪਰ ਆਪ ਸ਼ਿਕਾਰ ਹੋ ਗਏ।

1944 ਵਿਚ ਉਜਾਗਰ ਸਿੰਘ ਪਿੰਡ ਨੰਗਲ (ਹੁਸ਼ਿਆਰਪੁਰ) ਸ਼ਹੀਦੀ ਜਾਮ ਪੀ ਗਏ। ਉਹ ਆਈ. ਏ. ਤੇ ਆਈ. ਐਨ. ਏ. ਦੀ ਗੁਰੀਲਾ ਰੈਜੀਮੈਂਟ 'ਚ ਸਨ ਤੇ ਕਲੇਵਾ ਐਕਸ਼ਨ 'ਚ ਹਿੱਸਾ।

1944 ਵਿਚ ਮੰਗਤ ਸਿੰਘ ਪਿੰਡ ਕਮੋਨ (ਰੋਹਤਕ) ਚੱਲ ਵਸੇ। ਉਨ੍ਹਾਂ ਕਲੇਵਾ ਐਕਸ਼ਨ 'ਚ ਹਿੱਸਾ ਲਿਆ।

1944 ਵਿਚ ਆਈ. ਏ. ਤੇ ਆਈ. ਐਨ.

*(ਬਾਕੀ ਅਗਲੇ ਸਫੇ 'ਤੇ)*

# ਮਾਪੇ-ਕੁਮਾਪੇ ਅਤੇ ਧੀ-ਪੁੱਤ ਦਾ ਫਰਕ

ਕਹਿੰਦੇ ਹਨ ਕਿ ਪੁੱਤ ਕੁਪੁੱਤ ਹੋ ਜਾਂਦੇ ਹਨ ਮਾਪੇ ਕੁਮਾਪੇ ਨਹੀਂ ਹੁੰਦੇ। ਇਹ ਗੱਲ ਕਹਿਣ ਨੂੰ ਹੀ ਹੈ। ਅਸਲ ਵਿਚ ਮਾਪੇ ਵੀ ਕੁਮਾਪੇ ਹੋ ਜਾਂਦੇ ਹਨ ਤੇ ਜੇ ਹੋ ਜਾਣ ਤਾਂ ਫਿਰ ਹੋਏ ਹੀ ਰਹਿੰਦੇ ਹਨ। ਜੇ ਕਿਸ ਦੇ ਮਾਪੇ ਕੁਮਾਪੇ ਹੋ ਜਾਣ ਫਿਰ ਉਹਦਾ ਰੱਬ ਹੀ ਰਾਖਾ।

ਸਾਡੇ ਘਰਾਂ ਵਿਚ ਪੁੱਤਰ ਨੂੰ ਦਾਤ ਸਮਝਿਆ ਜਾਂਦਾ ਤੇ ਧੀ ਨੂੰ ਨਿਰੀ ਕਰਜ਼ੇ ਦੀ ਪੰਡ। ਪੁੱਤਰ ਦੇ ਜਨਮ ਦੀ ਸੂਚਨਾ ਸ਼ੁਭ ਹੁੰਦੀ ਹੈ, ਪਰ ਧੀ ਦੇ ਜਨਮ ਦੀ ਖਬਰ ਸੋਗਵਾਰ। ਪੁੱਤਾਂ ਦੇ ਜਨਮ ਦਿਨ ਜਸ਼ਨ ਹੁੰਦੇ ਹਨ ਤੇ ਸਾਡੇ ਸਦੀਵੀ ਚੇਤਿਆਂ ਵਿਚ ਦਰਜ ਹੋ ਜਾਂਦੇ ਹਨ। ਧੀ ਦਾ ਜਨਮ ਤਾਂ ਹੁੰਦਾ ਹੈ, ਪਰ ਜਨਮ ਦਿਨ ਦਾ ਦਰਜਾ ਹਾਸਲ ਨਹੀਂ ਕਰਦਾ ਤੇ ਨਾ ਹੀ ਧੀ ਦੇ ਜਨਮ ਦਿਨ ਲਈ ਸਾਡੇ ਚੇਤਿਆਂ ਵਿਚ ਕੋਈ ਥਾਂ ਹੁੰਦੀ ਹੈ।



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਮੱਤ ਸਮਝੋ ਕਿ ਪੁੱਤਾਂ ਨਾਲ ਵੀ ਮਾਪੇ ਇੱਕੋ ਜਿਹਾ ਸਲੂਕ ਕਰਦੇ ਹੋਣਗੇ। ਜੇਠੇ ਤੇ ਪਲੇਠੇ ਪੁੱਤ ਦੀ ਬਾਤ ਹੀ ਕੁਝ ਹੋਰ ਹੁੰਦੀ ਹੈ। ਇਨ੍ਹਾਂ ਦੇ ਪਾਲਣ ਪੋਸ਼ਣ ਵਿਚ ਮਾਪੇ ਕੋਈ ਕਸਰ ਨਹੀਂ ਛੱਡਦੇ, ਪਰ ਸਭ ਤੋਂ ਆਖਰੀ ਤੇ ਛੋਟੇ ਪੁੱਤ ਨੂੰ 'ਪੇਟ ਘਰੋੜੀ ਦਾ' ਕਿਹਾ ਜਾਂਦਾ ਹੈ ਅਤੇ ਉਹ ਆਪੇ ਹੀ ਰੁਲ ਖੁਲ ਕੇ ਪਲਦਾ ਹੈ। ਗੁਸੈਲ ਮਾਪਿਆਂ ਤੋਂ ਕੁੱਟ ਦੇ ਸ਼ਿਕਾਰ ਵੀ ਛੋਟੇ ਪੁੱਤ ਵਧੇਰੇ ਹੁੰਦੇ ਹਨ, ਵੱਡੇ ਤਾਂ ਛਿੰਦੇ ਪੁੱਤ ਅਤੇ ਲਾਟ ਸਾਹਬ ਹੁੰਦੇ ਹਨ।

ਇਹ ਦੁਫਰਕੀ ਸਾਡੇ ਜੀਣ ਥੀਣ ਦਾ ਅਟੁੱਟ ਅੰਗ ਬਣੀ ਹੋਈ ਹੈ ਤੇ ਸਾਡੇ ਰਗੋਰੇਸ਼ੇ ਵਿਚ ਇਸ ਤਰ੍ਹਾਂ ਸਮਾਈ ਹੋਈ ਹੈ ਕਿ ਥੋੜ੍ਹੇ ਕੀਤੇ ਸਾਨੂੰ ਨਜ਼ਰ ਵੀ ਨਹੀਂ ਆਉਂਦੀ। ਸਾਡੀ ਜ਼ਿੰਦਗੀ ਦਾ ਕੋਈ ਗੋਸ਼ਾ ਅਜਿਹਾ ਨਹੀਂ ਹੈ, ਜਿੱਥੇ ਦੁਫਰਕੀ ਨੇ ਆਪਣਾ ਸਦੀਵੀ ਘਰ ਨਾ ਬਣਾ ਲਿਆ ਹੋਵੇ।

ਛੋਟੇ ਹੁੰਦਿਆਂ ਸਕੂਲ ਵਿਚ ਸਾਡੇ ਕਈ ਮਾਸਟਰਾਂ ਨੂੰ ਵਿਦਿਆਰਥੀਆਂ ਦੀਆਂ ਜਾਤਾਂ ਜਾਣਨ ਦਾ ਭੁਸ ਹੁੰਦਾ ਸੀ, ਕਿਉਂਕਿ ਉਨ੍ਹਾਂ ਦੇ ਅੰਦਰ ਵੱਸੀ ਹੋਈ ਦੁਫਰਕੀ ਉਨ੍ਹਾਂ ਨੂੰ ਮਜਬੂਰ ਕਰਦੀ ਸੀ। ਕਈ ਮਾਸਟਰ ਤਾਂ ਸਿੱਧਾ ਹੀ ਪੁੱਛ ਲੈਂਦੇ ਸਨ ਤੇ ਕਈ ਘੁਮਾ ਫਿਰਾ ਕੇ ਪੁੱਛਦੇ ਸਨ। ਦੂਜੀ ਕਿਸਮ ਦੇ ਮਾਸਟਰ ਪੁੱਛਦੇ ਸਨ, "ਤੁਹਾਡੇ ਘਰਦੇ ਕੀ ਕਰਦੇ ਹਨ?"

ਪੈਂਤੀ-ਚਾਲੀ ਵਿਦਿਆਰਥੀਆਂ ਵਿਚੋਂ ਕੋਈ ਦੋ ਤਿੰਨ ਅਜਿਹੇ ਹੁੰਦੇ ਸਨ, ਜੋ ਬੜੀ ਸ਼ਾਨ ਨਾਲ ਦੱਸਦੇ ਸਨ ਕਿ ਉਨ੍ਹਾਂ ਦੇ ਬਾਪ ਨੌਕਰੀ ਕਰਦੇ ਹਨ। ਕਿਸੇ ਫੌਜੀ ਦੇ ਬੱਚੇ ਤਾਂ ਬਾਹਲੇ ਫਖਰ ਨਾਲ ਦੱਸਦੇ ਸਨ, "ਫੌਜੀ ਜੀ।" ਕਈ ਵਿਦਿਆਰਥੀ ਬੜੇ ਅਰਾਮ ਨਾਲ ਕਹਿ ਦਿੰਦੇ ਸਨ, "ਜੀ ਖੇਤੀ-ਬਾੜੀ ਕਰਦੇ।" ਬਹੁਤੇ ਵਿਦਿਆਰਥੀ ਅਜਿਹੇ ਸਨ, ਜਿਨ੍ਹਾਂ ਦੇ ਜਵਾਬ ਅਲੱਗ ਅਲੱਗ ਹੁੰਦੇ ਸਨ, ਪਰ ਉਨ੍ਹਾਂ ਦਾ ਮਤਲਬ ਇਕ ਹੀ ਹੁੰਦਾ ਸੀ। ਮਸਲਨ ਕਿਸੇ ਨੇ ਕਹਿਣਾ 'ਦਿਹਾੜੀ ਜੀ', ਤੇ ਕਿਸੇ ਨੇ ਕਹਿਣਾ, 'ਮਜ਼ਦੂਰੀ ਜੀ।' ਮੇਰੇ ਜਮਾਤੀ ਸਿੰਗਾਰੇ ਨੇ ਦੱਸਿਆ, "ਮਿਹਨਤ ਜੀ।" ਇਹ ਜਵਾਬ ਸੁਣ ਕੇ ਮਾਸਟਰ ਜੀ ਸਾਰਾ ਪੀਰੀਅਡ ਹੱਸਦੇ ਰਹੇ ਤੇ ਵਾਰ ਵਾਰ ਕਹੀ ਜਾਣ, "ਅੱਛਾ ਅੱਛਾ ਮਿਹਨਤ ਕਰਦੇ ਆ।"

ਕਈ ਕਿੱਤੇ ਅਜਿਹੇ ਸਨ, ਜਿਨ੍ਹਾਂ ਦਾ ਪਤਾ ਨਹੀਂ ਸੀ ਲੱਗਦਾ ਕਿ ਉਹ ਕੀ ਕਹਿਣ। ਇਕ ਮੁੰਡੇ ਨੇ ਦੱਸਣਾ, "ਜੀ ਗੱਡੀ ਜੀ।" ਮਾਸਟਰ ਨੂੰ ਸਮਝ ਨਾ ਲੱਗਣੀ ਕਿ ਗੱਡੀ ਕਿਹੜਾ ਕੰਮ ਹੋਇਆ! ਬਾਅਦ 'ਚ ਪਤਾ ਲੱਗਣਾ ਕਿ ਉਹ ਟਰੱਕ ਚਲਾਉਂਦੇ ਹਨ। ਕਿਸੇ ਨੇ ਕਹਿਣਾ, 'ਗੁੰਬੀ' ਅਤੇ ਕਿਸੇ ਨੇ ਕਹਿਣਾ, 'ਪਾਠੀ।' ਇਕ ਮੁੰਡੇ ਨੇ ਆਖਿਆ, "ਜੀ ਭੱਠੀ।" ਮਾਸਟਰ ਫਿਰ ਸੋਚੀਂ ਪੈ ਗਿਆ। ਦਰਅਸਲ ਉਸ ਮੁੰਡੇ ਦਾ ਬਾਪ ਸਾਧ ਬਣ ਗਿਆ ਸੀ ਤੇ ਉਹਦੀ ਮਾਂ ਭੱਠੀ 'ਤੇ ਦਾਣੇ ਭੁੰਨਦੀ ਹੁੰਦੀ ਸੀ।

ਮੈਨੂੰ ਯਾਦ ਨਹੀਂ ਹੈ ਕਿ ਸ਼ੇਖੂਪੁਰ ਦੇ ਨਾਈਆਂ ਤੇ ਘੁਮਾਰਾਂ ਦੇ ਨਿਆਣਿਆਂ ਨੇ ਕੀ ਦੱਸਿਆ ਸੀ। ਜੋ ਵੀ ਦੱਸਿਆ ਹੋਵੇਗਾ, ਜ਼ਰੂਰ ਹਾਸਾ ਛਿੜਿਆ ਹੋਵੇਗਾ ਤੇ ਬੇਮਤਲਬ ਨਮੋਸ਼ੀ ਝੱਲਣੀ ਪਈ ਹੋਵੇਗੀ। ਦੇਖੋ ਸਾਡਾ ਪੰਜਾਬ ਕਿਸ ਕਦਰ ਗੁਰਾਂ ਦੇ ਨਾਂ 'ਤੇ ਵਸਦਾ ਹੈ ਕਿ ਇੱਥੇ ਕਿਰਤ ਨਾਲ ਵੀ ਜਾਤ-ਪਾਤ ਦੀ ਨਮੋਸ਼ੀ ਜੁੜੀ ਹੋਈ ਹੈ।

ਇਕ ਮੁੰਡੇ ਨੇ ਆਪਣੇ ਘਰਦਿਆਂ ਦਾ ਪੇਸ਼ਾ 'ਗਜ਼ਾ' ਦੱਸਿਆ ਸੀ। ਉਦੋਂ ਮੈਨੂੰ ਪਤਾ ਨਹੀਂ ਸੀ ਕਿ ਗਜ਼ਾ ਕਿਹਨੂੰ ਕਹਿੰਦੇ ਹਨ। ਪਿੱਛੇ ਜਿਹੇ ਕਿਸੇ ਟਕਸਾਲੀ ਸਿੱਖ ਨਾਲ ਚਰਚਾ ਛਿੜ ਪਈ। ਉਹ ਕਹਿਣ ਲੱਗਾ, "ਮੈਂ ਜਿਮੀਂਦਾਰਾਂ ਦਾ ਪੁੱਤ ਹਾਂ।" ਮੈਂ ਪੁੱਛਿਆ ਕਿ ਤੂੰ ਫਿਰ ਖੇਤੀ ਕਿਉਂ ਨਹੀਂ ਕਰਦਾ? ਉਹਨੇ ਜੋ ਕਿਹਾ, ਉਹਤੋਂ ਮੈਨੂੰ ਗਜ਼ਾ ਦੇ ਅਰਥ ਸਮਝ ਲੱਗ ਗਏ। ਕਹਿਣ ਲੱਗਾ, "ਜੀ ਗਜ਼ਾ ਮਜ਼ਾ, ਵਾਹੀ ਫਾਹੀ।"

ਮੈਂ ਸਮਝ ਗਿਆ ਕਿ ਟਕਸਾਲਾਂ ਅਤੇ ਤਮਾਮ ਡੇਰੇ ਗਜ਼ਾ ਦੇ ਸਿਰ 'ਤੇ ਚੱਲਦੇ ਹਨ ਤੇ ਗਜ਼ਾ ਵਿਚ ਹੀ ਉਹ ਮਜ਼ਾ ਲੁੱਟਦੇ ਹਨ। ਵਾਹੀ ਨੂੰ ਤਾਂ ਉਹ ਨਿਰੀ ਫਾਹੀ ਸਮਝਦੇ ਹਨ ਤੇ ਗਜ਼ਾ ਵਿਚ ਨਾ ਹਿੰਗ ਲੱਗੇ ਨਾ ਫਟਕੜੀ।

ਸਾਰੀ ਰਾਮ ਕਹਾਣੀ ਦੱਸਣ ਦਾ ਮਕਸਦ ਇਹ ਹੈ ਕਿ ਉਦੋਂ ਖੇਤੀ-ਬਾੜੀ ਦੇ ਧੰਦੇ ਨੂੰ ਕੋਈ ਵੀ ਕਿਸਾਨੀ ਨਹੀਂ ਸੀ ਕਹਿੰਦਾ ਤੇ ਨਾ ਹੀ ਇਹ ਧੰਦਾ ਕਰਨ ਵਾਲੇ ਨੂੰ ਕੋਈ ਕਿਸਾਨ ਕਹਿੰਦਾ ਸੀ। ਬਹੁਤੇ ਲੋਕ ਉਹਨੂੰ ਜਿਮੀਂਦਾਰ ਕਹਿੰਦੇ ਸਨ।

ਖੇਤੀ-ਬਾੜੀ ਸ਼ਬਦ ਜਾਹਰਾ ਤੌਰ 'ਤੇ ਦੋ ਸ਼ਬਦਾਂ-ਖੇਤੀ ਅਤੇ ਬਾੜੀ ਦਾ ਸੁਮੇਲ ਹੈ। ਪੰਜਾਬ ਵਿਚ ਖੇਤੀ-ਬਾੜੀ ਦੋ ਤਰ੍ਹਾਂ ਦੀ ਹੁੰਦੀ ਹੈ-ਖੇਤੀ ਅਤੇ ਬਾੜੀ। ਖੇਤੀ ਖੇਤਾਂ ਵਿਚ ਹੁੰਦੀ ਹੈ ਤੇ ਬਾੜੀ ਵਾੜਿਆਂ ਵਿਚ।

ਖੇਤ ਅਕਾਰ ਵਿਚ ਵੱਡੇ ਹੁੰਦੇ ਹਨ ਤੇ ਵਾੜੇ ਛੋਟੇ। ਖੇਤ ਵੱਡੇ ਹੋਣ ਕਾਰਣ ਅਕਸਰ ਅਣ-ਵਲੇ ਰਹਿੰਦੇ ਹਨ ਤੇ ਵਾੜਿਆਂ ਦੇ ਚਾਰੇ ਪਾਸੇ ਵਾੜ ਕੀਤੀ ਹੁੰਦੀ ਹੈ। ਵਾੜ, ਬਾੜੇ ਅਤੇ ਬਾੜੀ ਦਾ ਵੀ ਆਪਸ ਵਿਚ ਕੋਈ ਸਬੰਧ ਹੋ ਸਕਦਾ ਹੈ।

ਖੇਤ ਵਿਚ ਕਣਕ, ਝੋਨਾ, ਕਮਾਦ ਤੇ ਕਪਾਹ ਆਦਿ ਬੀਜੀ ਜਾਂਦੀ ਹੈ। ਜਦਕਿ ਵਾੜੇ ਅੰਦਰ ਹਦਵਾਣੇ, ਖਰਬੂਜੇ, ਤਰਾਂ, ਖੀਰੇ, ਗੋਭੀ, ਸ਼ਲਗਮ, ਮੂਲੀਆਂ ਤੇ ਮਟਰ ਆਦਿ ਵੀਹ ਕਿਸਮ ਦੀਆਂ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ।





ਖੇਤੀ ਨਾਲ ਸਬੰਧਤ ਸਾਰੇ ਕਿਸਾਨ ਕਦੇ ਸੱਚਮੁਚ ਕਿਸਾਨ ਹੁੰਦੇ ਸਨ। ਜਦ ਉਹ ਸਾਰਾ ਕੰਮ ਆਪ ਕਰਦੇ ਸਨ ਤੇ ਕਿਸੇ ਬੇਜ਼ਮੀਨੇ ਦਾ ਇਕ ਟੱਬਰ ਸੀਰੀ ਵਜੋਂ ਨਾਲ ਰਲਾ ਲੈਂਦੇ ਸਨ। ਹੁਣ ਅਜਿਹੇ ਕਿਸਾਨ ਬਹੁਤੇ ਹਨ, ਜੋ ਸਿਰਫ ਜ਼ਮੀਨ ਦੇ ਮਾਲਕ ਹੋਣ ਕਰਕੇ ਸਾਰੀ ਕਮਾਈ ਖਾਂਦੇ ਹਨ, ਖੇਤਾਂ 'ਚ ਕਦੀ ਕੋਈ ਕੰਮ ਨਹੀਂ ਕਰਦੇ।

ਕਈ ਕਿਸਾਨ ਅਜਿਹੇ ਹਨ, ਜੋ ਖੇਤਾਂ ਵਿਚ ਖੁਦ ਖੇਤੀ ਕਰਦੇ ਹਨ ਤੇ ਅਣਸਰਦੇ ਨੂੰ ਮਜ਼ਦੂਰ ਵੀ ਲਾ ਲੈਂਦੇ ਹਨ। ਇਨ੍ਹਾਂ ਕੋਲ ਮੰਡੀਆਂ ਜੋਗਾ ਅਨਾਜ ਬਹੁਤ ਘੱਟ ਹੁੰਦਾ ਹੈ ਤੇ ਇੱਥੇ ਹੀ ਇਧਰ-ਉਧਰ ਆਪਣੇ ਲਿਹਾਜ਼ੀ ਤੇ ਵਾਕਿਫਕਾਰਾਂ ਨੂੰ ਵੇਚ ਲੈਂਦੇ ਹਨ।

ਪਰ ਬਾੜੀ ਨਾਲ ਸਬੰਧਤ ਕਿਸਾਨ ਨਿੱਕੇ ਨਿੱਕੇ ਖੇਤਾਂ ਵਿਚ ਆਪਣੇ ਪਰਿਵਾਰਾਂ ਸਮੇਤ ਸਾਰਾ ਸਾਰਾ ਦਿਨ ਅਤੇ ਸਾਰਾ ਸਾਲ ਜਾਨ ਹੂਲਦੇ ਹਨ। ਇਨ੍ਹਾਂ ਨੂੰ ਬੇਹੱਦ ਚੇਤੰਨ ਰਹਿਣਾ ਪੈਂਦਾ ਹੈ। ਇਨ੍ਹਾਂ ਦਾ ਹਰੇਕ ਦਿਨ ਅਹਿਮ ਹੁੰਦਾ ਹੈ ਤੇ ਹਮੇਸ਼ਾ ਫਿਕਰ ਵਿਚ ਰਹਿਣਾ ਪੈਂਦਾ ਹੈ। ਸਬਜ਼ੀਆਂ ਬੀਜਣ, ਵੱਢਣ ਤੇ ਵੇਚਣ ਵਿਚ ਦੋ ਦਿਨ ਦੀ ਦੇਰੀ ਜਾਂ ਢਿੱਲ ਵੀ ਸਾਰੀਆਂ ਉਮੀਦਾਂ 'ਤੇ ਪਾਣੀ ਫੇਰ ਦਿੰਦੀ ਹੈ।

ਜੇ ਖੇਤੀ ਪੁੱਤ ਪਾਲਣ ਦੇ ਸਮਾਨ ਹੈ ਤਾਂ ਬਾੜੀ ਧੀਆਂ ਸੰਭਾਲਣ ਜਿਹੀ ਹੈ। ਕਣਕ-ਝੋਨਾ ਬੀਜਣ ਵਾਲੇ ਕਿਸਾਨ ਕਾਫੀ ਸਮਾਂ ਵਿਹਲ ਮਾਣ ਲੈਂਦੇ ਹਨ, ਪਰ ਸਬਜ਼ੀਆਂ ਵਾਲੇ ਨੂੰ ਕਦੀ ਵੀ ਵਿਹਲ ਨਹੀਂ ਮਿਲਦੀ। ਉਹਨੇ ਹਰ ਰੋਜ਼ ਕੁਝ ਨਾ ਕੁਝ ਬੀਜਣਾ ਹੁੰਦਾ ਹੈ ਤੇ ਤੋੜਨਾ/ਵੱਢਣਾ ਹੁੰਦਾ ਹੈ। ਉਹਨੇ ਹਰ ਰੋਜ਼ ਮੰਡੀ ਵਿਚ ਕੁਝ ਵੇਚ ਕੇ ਆਉਣਾ ਹੁੰਦਾ ਹੈ ਤੇ ਕੁਝ ਖਰੀਦ ਕੇ ਲਿਆਉਣਾ ਹੁੰਦਾ ਹੈ।

ਜਿਵੇਂ ਪੁੱਤ ਦਾ ਕੋਈ ਫਿਕਰ ਨਹੀਂ ਹੁੰਦਾ ਕਿ ਕਿੱਥੋਂ ਆਇਆ ਤੇ ਕਿੱਥੇ ਗਿਆ ਸੀ, ਪਰ ਧੀਆਂ ਦੇ ਫਿਕਰ ਡਾਢੇ ਹੁੰਦੇ ਹਨ, ਪਲ ਪਲ ਦਾ ਡਰ ਰਹਿੰਦਾ ਹੈ ਤੇ ਖਬਰ ਰੱਖਣੀ ਪੈਂਦੀ ਹੈ। ਜਿਵੇਂ ਪੁੱਤਾਂ ਦਾ ਮਾਪਿਆਂ ਨੂੰ ਮਾਣ ਹੁੰਦਾ ਹੈ ਤੇ ਧੀਆਂ ਦੀ ਚਿੰਤਾ ਲੱਗੀ ਰਹਿੰਦੀ ਹੈ। ਇਵੇਂ ਖੇਤੀ ਵਾਲੇ ਕਣਕਾਂ ਦੇਖ-ਦੇਖ ਫੁੱਲਦੇ ਹਨ, ਪਰ ਬਾੜੀ ਵਾਲੇ ਸਬਜ਼ੀਆਂ ਦੇਖ ਦੇਖ ਸੁੱਕਣੇ ਪਏ ਰਹਿੰਦੇ ਹਨ। ਖੇਤੀ ਅਤੇ ਬਾੜੀ ਵਿਚ ਘੋੜੀ ਤੇ ਸੁਹਾਗ ਜਿਹਾ ਫਰਕ ਹੁੰਦਾ ਹੈ। ਇਕ 'ਚ ਉਤਸ਼ਾਹ ਹੁੰਦਾ ਹੈ ਤੇ ਇਕ 'ਚ ਉਦਾਸੀ।

ਕਣਕਾਂ ਵਾਲਿਆਂ ਦੀਆਂ ਮੋਟੀਆਂ ਰਕਮਾਂ ਜਾਂਦੀਆਂ ਹਨ ਤੇ ਡਬਲ ਹੋ ਕੇ ਮੁੜਦੀਆਂ ਹਨ। ਇਸੇ ਲਈ ਕਣਕਾਂ ਵਾਲੇ ਸ਼ੌਕ ਦੀ ਤਰ੍ਹਾਂ ਵਿਚਰਦੇ ਹਨ ਤੇ ਸਬਜ਼ੀਆਂ ਵਾਲੇ ਦੀ ਮਸਾਂ ਆਈ ਚਲਾਈ ਹੁੰਦੀ ਹੈ। ਇਸੇ ਲਈ ਉਹ ਪਰਚੂਨ ਦੀ ਤਰ੍ਹਾਂ ਰਹਿੰਦੇ ਹਨ।

ਉਹ ਖੁੱਲ੍ਹ ਖੇਲ੍ਹ ਨਹੀਂ ਕਰਦੇ, ਸੰਭਲ ਕੇ ਰਹਿੰਦੇ ਹਨ ਤੇ ਚਾਦਰ ਦੇਖ ਕੇ ਪੈਰ ਪਸਾਰਦੇ ਹਨ। ਵਿਆਹ ਸ਼ਾਦੀਆਂ ਲਈ ਗੁਰਦੁਆਰਿਆਂ ਦੀ ਓਟ ਲੈਂਦੇ ਹਨ, ਜਿਵੇਂ ਕਿਸੇ ਬੁੜ੍ਹੇ-ਬੁੜ੍ਹੀ ਦਾ ਭੋਗ ਹੋਵੇ। ਪਰ ਕਣਕਾਂ ਵਾਲੇ ਹਰ ਸਮਾਗਮ 'ਤੇ ਵੱਡੇ ਵੱਡੇ ਪੈਲੇਸ ਬੁੱਕ ਕਰਦੇ ਹਨ ਤੇ ਬੁੜ੍ਹੇ-ਬੁੜ੍ਹੀ ਦੇ ਭੋਗ ਵੀ ਇੰਜ ਪਾਉਂਦੇ ਹਨ, ਜਿਵੇਂ ਮੁੰਡੇ/ਕੁੜੀ ਦਾ ਵਿਆਹ ਹੋਵੇ।

ਸੇਕ ਤਾਂ ਸਭ ਨੂੰ ਲੱਗਦਾ ਹੈ। ਜੇ ਰੋਟੀ ਤਵੇ 'ਤੇ ਸ਼ਰੇਆਮ ਰੜ੍ਹਦੀ ਹੈ ਤਾਂ ਸਬਜ਼ੀ ਪਤੀਲੇ 'ਚ ਲੁਕ ਲੁਕ ਕੇ ਸੜਦੀ ਹੈ। ਨਾ ਰੋਟੀ ਬਿਨਾ ਸਰਦਾ ਹੈ, ਨਾ ਸਬਜ਼ੀ ਬਿਨਾ। ਰੋਟੀ ਬਿਨਾ ਸਬਜ਼ੀ ਨਹੀਂ ਖਾਧੀ ਜਾਂਦੀ ਤੇ ਸਬਜ਼ੀ ਬਿਨਾ ਰੋਟੀ ਨਹੀਂ ਲੰਘਦੀ। ਫਿਰ ਵੀ ਕੋਈ ਇਹ ਨਹੀਂ ਕਹਿੰਦਾ, "ਸਬਜ਼ੀ ਖਾਣੀ ਹੈ।" ਇਹੀ ਸੁਣਦੇ ਹਾਂ, "ਰੋਟੀ ਖਾਣੀ ਹੈ।"

ਪੰਜਾਬ ਅੰਦਰ ਖੇਤੀ ਵਾਲੇ ਕਿਸਾਨ ਅਸਲ ਵਿਚ ਜਿਮੀਂਦਾਰ ਸਮਝੇ ਜਾਂਦੇ ਹਨ, ਜਿਨ੍ਹਾਂ ਦੀ ਫਸਲ ਦਾ ਬੀਜਣ ਸਮੇਂ ਹੀ ਪੱਕਾ ਸਰਕਾਰੀ ਭਰੋਸਾ ਹੁੰਦਾ ਕਿ ਇਹ ਫਸਲ ਦਾ ਇੱਕ ਇੱਕ ਦਾਣਾ ਵਿੱਕ ਜਾਣਾ ਹੈ ਤੇ ਉਹਦੀ ਕੀਮਤ ਦਾ ਵੀ ਪਤਾ ਹੁੰਦਾ ਹੈ ਕਿ ਆਮਦਨ ਕਿੰਨੀ ਕੁ ਹੋਵੇਗੀ।

ਇਹਦੀ ਥਾਂ ਬਾੜੀ ਵਾਲਿਆਂ ਨੂੰ ਕੁਝ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੀ ਮਿਹਨਤ ਨੂੰ ਬੂਰ ਪਵੇਗਾ ਕਿ ਨਹੀਂ, ਵਿਕੇਗੀ ਕਿ ਨਹੀਂ; ਜੇ ਵਿਕੇਗੀ ਤਾਂ ਕਿਸ ਭਾਅ?

ਦੇਖੋ ਨਾ, ਜਦ ਗੋਭੀ ਹਾਲੇ ਵੱਢਣ ਜੋਗੀ ਨਹੀਂ ਹੁੰਦੀ ਤਾਂ ਨੱਬੇ ਨੱਬੇ ਰੁਪਏ ਕਿੱਲੋ ਵਿਕਦੀ ਹੈ, ਜਦ ਫਸਲ ਤਿਆਰ ਬਰ ਤਿਆਰ ਹੁੰਦੀ ਹੈ ਤਾਂ ਗੋਭੀ ਅੱਠ ਦਸ ਰੁਪਏ ਕਿੱਲੋ 'ਤੇ ਆ ਡਿਗਦੀ ਹੈ ਅਤੇ ਜਦ ਖਤਮ ਹੋਣ ਕਿਨਾਰੇ ਹੁੰਦੀ ਹੈ ਤਾਂ ਫਿਰ ਪੰਜਾਹ-ਸੱਠ ਤੱਕ ਚੜ੍ਹ ਜਾਂਦੀ ਹੈ। ਸਬਜ਼ੀ ਤਾਂ ਖੁੰਬਾਂ ਵਾਂਗ ਪਲ 'ਚ ਤੋਲਾ ਤੇ ਪਲ 'ਚ ਮਾਸਾ ਵਾਲੀ ਗੱਲ ਹੁੰਦੀ ਹੈ।

ਹੁਣ ਸਾਡੀ ਕੇਂਦਰ ਸਰਕਾਰ ਨੇ ਖੇਤੀ ਵਾਲੇ ਕਿਸਾਨ ਅਰਥਾਤ ਕਣਕ, ਝੋਨਾ, ਕਮਾਦ ਅਤੇ ਕਪਾਹ ਬੀਜਣ ਵਾਲੇ ਵੱਡੇ ਜਿਮੀਂਦਾਰ ਨੂੰ ਦਿੱਤੀ ਹੋਈ ਵੱਡੀ ਸਹੂਲਤ ਵਾਪਸ ਲੈ ਲਈ ਹੈ। ਕਿਸਾਨ ਜਥੇਬੰਦੀਆਂ ਲੋਹੇ ਲਾਖੀਆਂ ਹੋਈਆਂ ਪਈਆਂ ਹਨ ਤੇ ਧਰਨਿਆਂ ਦੀਆਂ ਧਮਕੀਆਂ ਦੇ ਰਹੀਆਂ ਹਨ।

ਰਾਜਸੀ ਦਲ 'ਕਿਸਾਨ ਬਚਾਓ ਪੰਜਾਬ ਬਚਾਓ' ਦੇ ਨਾਅਰੇ ਮਾਰ ਰਹੇ ਹਨ। ਪੰਜਾਬ ਸਰਕਾਰ ਨੂੰ ਪਦੀੜ੍ਹ ਪਈ ਹੋਈ ਹੈ ਕਿ ਕਿਵੇਂ ਨਾ ਕਿਵੇਂ ਐਮ. ਐਸ. ਪੀ. ਖਾਰਜ ਕਰਨ ਵਾਲਾ ਫੈਸਲਾ ਰੱਦ ਹੋ ਜਾਵੇ।

ਸਾਡੇ ਅਰਥ-ਸ਼ਾਸਤਰੀ ਯੂਨੀਵਰਸਿਟੀਆਂ ਤੇ ਖੋਜ ਕੇਂਦਰਾਂ ਦੀਆਂ ਖੁੱਡਾਂ ਵਿਚੋਂ ਕੱਛੂਕੁੰਮਿਆਂ ਵਾਂਗ ਸਿਰੀਆਂ ਕੱਢ ਕੱਢ ਕੇ ਲੰਮੇ ਲੰਮੇ ਲੇਖ ਲਿਖ ਰਹੇ ਹਨ ਕਿ ਕਿਸਾਨ ਲੁੱਟੇ ਜਾਣਗੇ, ਪੁੱਟੇ ਜਾਣਗੇ, ਲਿਤਾੜੇ ਜਾਣਗੇ।

ਮੈਂ ਅਜਿਹੀ ਇਕ ਅਰਥ-ਸ਼ਾਸਤਰਣ ਨੂੰ ਫੋਨ ਕੀਤਾ, "ਮੈਡਮ ਜੀ, ਖੇਤੀ ਦਾ ਏਨਾ ਹੇਜ ਰੱਖਦੇ ਹੋ, ਕਦੀ ਬਾੜੀ ਦੀ ਵੀ ਖਬਰ ਲੈ ਲਿਆ ਕਰੋ।" ਉਹ ਕਹਿਣ ਲੱਗੀ, "ਇਕ ਵਾਰੀ ਸਬਜ਼ੀ ਵਾਲਿਆਂ ਬਾਬਤ ਲਿਖਿਆ ਸੀ ਤਾਂ ਵੱਡੇ ਅਰਥ-ਸ਼ਾਸਤਰੀਆਂ ਨੇ ਰੋਕ ਦਿੱਤਾ ਕਿ ਇਸ ਤਰ੍ਹਾਂ ਕਿਸਾਨਾਂ ਵਿਚ ਪਾੜਾ ਪੈਂਦਾ ਹੈ।"

ਮੈਂ ਕਿਹਾ, "ਮੈਡਮ, ਪਾੜਾ ਤਾਂ ਪਿਆ ਹੋਇਆ ਹੈ ਤੇ ਇਸ ਪਾੜੇ ਦੀ ਗੱਲ ਕਰਨ ਨਾਲ ਪਾੜਾ ਮਿਟਣ ਦੀ ਸੰਭਾਵਨਾ ਬਣਦੀ ਹੈ।" ਉਹ ਕਹਿਣ ਲੱਗੀ, "ਨਹੀਂ, ਇਸੇ ਤਰ੍ਹਾਂ ਹੀ ਚੱਲਦਾ ਹੈ, ਮਾੜੇ ਦੀ ਕੋਈ ਨਹੀਂ ਸੁਣਦਾ।"

ਮੈਂ ਸਮਝ ਗਿਆ, 'ਜਿਹਦੀ ਕੋਠੀ ਵਿਚ ਦਾਣੇ ਉਹਦੇ ਕਮਲੇ ਵੀ ਸਿਆਣੇ' ਅਤੇ 'ਤਕੜੇ ਦਾ ਸੱਤੀਂ ਵੀਹੀਂ ਸੌ।' 'ਸੌ ਗਜ਼ ਰੱਸਾ ਤੇ ਸਿਰੇ 'ਤੇ ਗੰਢ' ਇਹ ਹੈ ਕਿ 'ਜਿਹਦੀ ਲਾਠੀ ਉਹਦੀ ਮੱਝ।'

ਜੇ ਸਰਕਾਰ ਨੂੰ ਇੱਕ ਲਾਠੀ ਮੰਨ ਲਿਆ ਜਾਵੇ ਤਾਂ ਦੇਖ ਲਉ ਉਹ ਕਿਹਦੇ ਹੱਥ ਵਿਚ ਹੈ ਅਤੇ ਆਰਥਕਤਾ ਦੀ ਮੱਝ ਕਿਹਦੀ ਖੁਰਲੀ 'ਤੇ ਬੱਝੀ ਖੜ੍ਹੀ ਹੈ ਤੇ ਉਹਦਾ ਦੁੱਧ ਕਿਹਦੇ ਮੂੰਹ 'ਚ ਪੈਂਦਾ ਹੈ।

ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਦੀ ਆਰਥਕਤਾ ਦੀ ਮੱਝ ਦਾ ਦੁੱਧ ਸਿਰਫ ਤੇ ਸਿਰਫ ਕਣਕਾਂ ਵਾਲੇ ਕਿਸਾਨ ਦੇ ਹਿੱਸੇ ਆਉਂਦਾ ਹੈ ਅਤੇ ਸਬਜ਼ੀਆਂ ਵਾਲੇ ਤਾਂ ਇਸ ਪੰਜ ਕਲਿਆਣੀ ਮੱਝ ਦਾ ਗੋਹਾ ਕੂੜਾ ਕਰਨ ਦੀ ਸੇਵਾ ਨਿਭਾ ਰਹੇ ਹਨ, ਜਿਨ੍ਹਾਂ ਦੇ ਪੱਲੇ ਇਸ ਮੱਝ ਦੇ ਮੂਤ ਪਰਾਲ ਦੇ ਬਿਨਾ ਕੁਝ ਨਹੀਂ ਪੈਂਦਾ।

ਨਾ ਉਨ੍ਹਾਂ ਨੂੰ ਕੋਈ ਦੇਖਦਾ ਹੈ ਤੇ ਨਾ ਹੀ ਉਨ੍ਹਾਂ ਦੀ ਕੋਈ ਗੱਲ ਕਰਦਾ ਹੈ। ਜੇ ਕਿਤੇ ਉਸ ਅਰਥ-ਸ਼ਾਸਤਰਣ ਜਿਹਾ ਕੋਈ ਹੌਸਲਾ ਕਰੇ ਵੀ ਤਾਂ ਉਹਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ। ਇੱਥੋਂ ਇਹ ਵੀ ਅੰਦਾਜ਼ਾ ਲਗਦਾ ਹੈ ਕਿ ਸਾਡੀਆਂ ਵਿਦਵਾਨ ਕੁੜੀਆਂ ਨੂੰ ਯੂਨੀਵਰਸਿਟੀ ਵਿਚ ਪੁੱਜ ਕੇ ਵੀ ਮਨ ਭਾਉਂਦੇ ਵਿਸ਼ੇ 'ਤੇ ਲਿਖਣ ਦੀ ਇਜਾਜ਼ਤ ਨਹੀਂ ਹੈ।

ਲੱਗਦਾ ਹੈ ਕਿ ਧੀ ਤੇ ਪੁੱਤ ਵਿਚਲਾ ਪਾੜਾ ਇਵੇਂ ਹੀ ਬਰਕਰਾਰ ਰਹੇਗਾ। ਗੁਰੂ, ਪੀਰ, ਸੰਤ, ਮਹਾਤਮਾ ਜਿੰਨਾ ਮਰਜ਼ੀ ਜ਼ੋਰ ਲਾ ਲੈਣ, ਅਸੀਂ ਕਿਸੇ ਨੂੰ ਕੀ ਸਮਝਦੇ ਹਾਂ, "ਖੇਤੀ ਖਸਮਾਂ ਸੇਤੀ" ਅਤੇ ਸਬਜ਼ੀ "ਵੀਚਾਰੀ ਤਾਂ ਪਰਉਪਕਾਰੀ।"

ਝੋਨੇ, ਪੋਨੇ ਤੇ ਕਣਕ ਦੀ ਖੇਤੀ ਨੇ ਸਾਰੇ ਵਿਸ਼ਵ ਨੂੰ ਸ਼ੂਗਰ ਦੀ ਲਾਇਲਾਜ ਬਿਮਾਰੀ ਨਾਲ ਭਰ ਦਿੱਤਾ ਹੈ। ਬਹੁਤ ਹੋ ਗਿਆ। ਆਉ, ਹੁਣ ਮੋੜਾ ਕੱਟੀਏ ਤੇ ਸਬਜ਼ੀਆਂ ਦੀ ਸਾਰ ਲਈਏ। ਖੇਤੀ ਦਾ ਨਹੀਂ, ਹੁਣ ਬਾੜੀ ਦਾ ਯੁੱਗ ਹੈ।

## ਜੰਗ-ਏ-ਆਜ਼ਾਦੀ 'ਚ ਜੁਲਾਈ ਮਹੀਨੇ ਦੇ ਸੰਗਰਾਮੀ ਤੇ ਸ਼ਹੀਦ ਯੋਧੇ

*(ਪਿਛਲੇ ਸਫੇ ਦੀ ਬਾਕੀ)*

ਏ. ਦੇ ਫੌਜੀ ਮਹਿਬੂਬ ਬਖਸ਼ (ਜੇਹਲਮ); ਮੁਹੰਮਦ ਅਕਬਰ ਬਸਾਰਤ (ਜੇਹਲਮ); ਮੁਹੰਮਦ ਬਵ, ਪਿੰਡ ਖਾਈ (ਜੇਹਲਮ); ਮੁਹੰਮਦ ਜਾਨਿਲ (ਰਾਵਲਪਿੰਡੀ) ਅਤੇ ਮੁਹੰਮਦ ਖਾਨ (ਜੇਹਲਮ) ਸ਼ਹੀਦੀ ਪ੍ਰਾਪਤ ਕਰ ਗਏ।

1946 ਵਿਚ ਪੂਰਨ ਸਿੰਘ ਪੁੱਤਰ ਵਲਾਇਤੀ ਰਾਮ, ਪਿੰਡ ਜਗਰਾਉਂ (ਲੁਧਿਆਣਾ) ਚੱਲ ਵਸੇ। ਉਨ੍ਹਾਂ ਵਲਾਇਤੀ ਸਮਾਨ ਦੇ ਵਿਰੋਧ 'ਚ 5 ਸਾਲ ਤੋਂ ਵੱਧ ਜੇਲ੍ਹ ਯਾਤਰਾ ਕੀਤੀ।

1946 ਵਿਚ ਆਈ. ਏ. 'ਚ ਹੌਲਦਾਰ ਅਤੇ ਆਈ. ਐਨ. ਓ. 'ਚ ਲੈਫਟੀਨੈਂਟ ਰਹੇ ਸ਼ੀਬ ਲਾਲ ਪੁੱਤਰ ਬਖਤਾਬਰ ਪਿੰਡ ਨਯਾ ਵਾਸ (ਰੋਹਤਕ) ਚੱਲ ਵਸੇ।

1955 ਵਿਚ ਡੱਸਕੇ ਤੇ ਜੈਤੋਂ ਮੋਰਚੇ ਦੇ ਜੁਝਾਰੂ ਜਵਾਹਰ ਸਿੰਘ, ਪਿੰਡ ਤਰਸਿੱਕਾ (ਅੰਮ੍ਰਿਤਸਰ) ਚਲਾਣਾ ਕਰ ਗਏ।

1958 ਵਿਚ ਡੱਸਕਾ ਮੋਰਚੇ 'ਚ ਛੇ ਮਹੀਨੇ ਗੁਜਰਾਤ ਤੇ ਅੱਟਕ ਜੇਲ੍ਹ ਕੱਟਣ ਵਾਲੇ ਪਿੰਡ ਧੁੱਲਕਾ ਤੋਂ ਗੁੰਬੀ ਸਾਧੂ ਸਿੰਘ ਚੱਲ ਵਸੇ।

1970 ਵਿਚ ਨਿਹਾਲ ਸਿੰਘ ਪੁੱਤਰ ਬਿਸ਼ਨ ਸਿੰਘ, ਪਿੰਡ ਦੌਲਤਪੁਰ, ਗੌਸਲ (ਸੰਗਰੂਰ) ਫੌਤ ਹੋ ਗਏ। ਉਨ੍ਹਾਂ ਪਰਜਾਪਤ ਤੇ ਮੁਜਾਰਾ ਲਹਿਰ 'ਚ ਹਿੱਸਾ ਲਿਆ।

1982 ਵਿਚ ਆਜ਼ਾਦੀ ਘੁਲਾਟੀਏ ਦਲੀਪ ਸਿੰਘ (ਚਾਚਾ) ਪਿੰਡ ਮੇਘੋਵਾਲ ਗੰਜੀਆਂ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ।

---

ਸ਼ਹੀਦ, ਦਰੱਖਤਾਂ ਵਰਗੇ ਹੁੰਦੇ ਹਨ, ਜੋ ਖੁਸ਼ਹਾਲ ਸਮਾਜ ਬਣਾਉਣ ਲਈ ਆਕਸੀਜਨ ਦਿੰਦੇ ਹਨ।

---

ਕੌਮਾਂ ਦੇ ਮਰਜੀਵੜੇ, ਜਾਪਣ ਜੀਕਣ ਰੁੱਖ
ਝੱਖੜ ਸਿਰਾਂ 'ਤੇ ਝੱਲ ਕੇ, ਦਿੰਦੇ ਛਾਂ ਦੇ ਸੁੱਖ।

---

ਬਹਾਦਰਾਂ ਦੀਆਂ ਬਹਾਦਰੀਆਂ, ਸ਼ਹੀਦਾਂ ਦੀਆਂ ਸ਼ਹੀਦੀਆਂ ਤੋਂ ਬਿਨਾ ਪਰ-ਉਪਕਾਰ ਅਤੇ ਸੇਵਾ ਦੀ ਹੋਂਦ ਬਹੁਤ ਦੇਰ ਨਹੀਂ ਰਹਿ ਸਕਦੀ। (ਭਾਈ ਸੰਤੋਖ ਸਿੰਘ ਧਰਦਿਓ)

ਜਿਨ੍ਹਾਂ ਸੰਗਰਾਮੀਆਂ ਅਤੇ ਸ਼ਹੀਦਾਂ ਨੇ ਹਿੰਦੋਸਤਾਨ ਦੀ ਆਜ਼ਾਦੀ ਅਤੇ ਖੁਸ਼ਹਾਲ ਜੀਵਨ ਲਈ ਆਪਾ ਨਿਸ਼ਾਵਰ ਕੀਤਾ, ਉਨ੍ਹਾਂ ਨੂੰ ਯਾਦ ਕਰਨਾ ਮਨੁੱਖੀ ਫਰਜ਼ ਹੈ। ਆਓ, ਗਦਰੀ ਬਾਬਿਆਂ ਨੂੰ ਸਮਰਪਿਤ ਹੋ ਕੇ ਦੁਸ਼ਵਾਰੀਆਂ ਨੂੰ ਦੂਰ ਕਰਨ ਲਈ ਵਿਰਸੇ ਨੂੰ ਯਾਦ ਕਰੀਏ। ਜੇ ਤੁਹਾਡੇ ਕੋਲ ਭੁੱਲੇ ਵਿਸਰੇ ਆਜ਼ਾਦੀ ਦੇ ਸੰਗਰਾਮੀ ਅਤੇ ਸ਼ਹੀਦਾਂ ਦੀ ਜਾਣਕਾਰੀ ਹੋਵੇ ਤਾਂ ਫੋਨ: 1-347-753-5940 'ਤੇ ਸੰਪਰਕ ਕਰੋ ਜਾਂ ਮੈਸੇਜ ਕਰੋ ਤਾਂ ਕਿ ਉਨ੍ਹਾਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀ ਦਾ ਰਿਣ ਉਤਾਰਿਆ ਜਾ ਸਕੇ।

ਸੰਗਰਾਮੀ ਅਤੇ ਸ਼ਹੀਦਾਂ ਦੀ ਜਾਣਕਾਰੀ ਪੇਸ਼ ਕਰਨ ਲਈ ਜਿਨ੍ਹਾਂ ਸੱਜਣਾਂ ਨੇ ਉਤਸ਼ਾਹਿਤ ਕੀਤਾ, ਅਸੀਂ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ।

**ਵਲੋਂ: ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ**

# ਭਾਰਤੀ ਫੁੱਟਬਾਲ ਦਾ ਚਮਕਦਾ ਸਿਤਾਰਾ-ਗੁਰਜਿੰਦਰ ਸੰਨੀ ਮੰਗੂਵਾਲ

## ਖੇਡ ਜਗਤ

ਜਿਲਾ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪ੍ਰਸਿੱਧ ਪਿੰਡ ਮੰਗੂਵਾਲ ਦੇ ਗੁਰਜਿੰਦਰ ਸੰਨੀ ਨੇ ਭਾਰਤੀ ਟੀਮ 'ਚ ਖੇਡਣ ਉਪਰੰਤ ਕਲਕੱਲੇ ਦੇ ਪ੍ਰਸਿੱਧ 'ਮੋਹਣ ਬਗਾਨ' ਕਲੱਬ ਦੀ ਜੂਨੀਅਰ ਟੀਮ ਦੀ ਕਮਾਂਡ ਸੰਭਾਲੀ। ਉਹਦੀ ਕਪਤਾਨੀ ਹੇਠ ਟੀਮ ਨੇ ਭਾਰਤ ਦੇ ਵੱਖ ਵੱਖ ਕਲੱਬਾਂ-ਗੋਆ ਦੀ ਚਰਚਲ, ਕਲਕੱਤੇ ਦੀ ਈਸਟ ਬੰਗਾਲ, ਚੇਨੱਈ ਸਿਟੀ ਦੀ ਐਫ. ਸੀ., ਕੇਰਲਾ ਦੀ ਗੋਲਕਮ, ਦਿੱਲੀ ਦੀ ਇੰਡੀਅਨ ਐਰੋ, ਸ਼੍ਰੀਨਗਰ ਦੀ ਰੀਅਲ ਕਸ਼ਮੀਰ, ਮਨੀਪੁਰ ਦੀ ਨਿਰੋਕਾ ਅਤੇ ਮਿਜ਼ੋਰਮ ਦੀ ਐਂਜਲ ਐਫ. ਸੀ. ਨਾਲ ਫਸਵੇਂ ਮੈਚ ਖੇਡੇ।



ਕਲੱਬਾਂ ਦੇ ਆਪਸ ਵਿਚ ਮੈਚ ਚਲਦੇ ਰਹਿੰਦੇ ਹਨ। ਇਸ ਪੁਆਇੰਟ ਸਿਸਟਮ ਵਿਚ ਵੱਧ ਨੰਬਰਾਂ ਵਾਲਾ ਕਲੱਬ ਜੇਤੂ ਹੁੰਦਾ ਹੋਇਆ

**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਚੈਂਪੀਅਨਸ਼ਿਪ ਦਾ ਦਾਅਵੇਦਾਰ ਬਣਦਾ ਹੈ। ਪੂਰੇ ਭਾਰਤ ਦੇ 12 ਕਲੱਬਾਂ ਦੀਆਂ ਟੋਟਲ 12 ਟੀਮਾਂ ਹੁੰਦੀਆਂ ਹਨ। ਇਸ ਸੀਜ਼ਨ ਦਾ ਉਨ੍ਹਾਂ ਦਾ ਕਲੱਬ ਮੇਨ ਲੀਗ ਜਿੱਤ ਕੇ ਚੈਂਪੀਅਨ ਬਣਿਆ। ਸਾਰੇ ਖਿਡਾਰੀਆਂ ਨੇ ਦਿਲੋਂ ਜਾਨ ਲਾ ਕੇ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਸ਼ਿਲਡਨ ਪੌਲ ਕਲਕੱਤਾ, ਆਸ਼ੂਤੋਸ਼ ਮਹਿਤਾ ਬੰਬੇ, ਚਲੋਵਾ ਮਿਜ਼ੋਰਮ, ਦਾਨਾ ਚੰਦਰਾ ਮਨੀਪੁਰ, ਬਿਕਰਮਜੀਤ ਸਿੰਘ ਪੰਜਾਬ (ਗੁਰਦਾਸਪੁਰ), ਬਿਰੋਟੋ ਕੇਰਲਾ, ਵੀ. ਪੀ. ਸੁਹੇਲ ਕੇਰਲਾ, ਸ਼ਿਲਟਨ ਡੀ. ਸਿਲਵਾ ਬੰਬੇ, ਸਾਹਿਲ ਕਲਕੱਤਾ ਤੇ ਨੌਰਮ ਮਨੀਪੁਰ ਉਸ ਦੇ ਸਾਥੀ ਖਿਡਾਰੀ ਸਨ।

ਖੇਡ ਮੈਦਾਨਾਂ 'ਚ ਤਪ ਕੇ ਬਣੇ ਸੋਨਾ ਸੰਨੀ 2001 ਤੋਂ 2007 ਤੱਕ ਚੰਡੀਗੜ੍ਹ ਦੀ ਫੁੱਟਬਾਲ ਅਕੈਡਮੀ ਵਿਚ ਖੇਡਿਆ। ਅਕੈਡਮੀ ਵਲੋਂ ਖੇਡਦੇ ਸਮੂਹ ਭਾਰਤ ਦੀਆਂ ਅਕੈਡਮੀਆਂ ਨਾਲ ਸਕੂਲੀ



ਗੁਰਜਿੰਦਰ ਸੰਨੀ ਆਪਣੇ ਮਾਤਾ-ਪਿਤਾ ਤੇ ਭਰਾ ਨਾਲ

ਪੱਧਰ ਦੇ ਮੈਚ ਖੇਡੇ। ਕਲੱਬ ਵਲੋਂ ਖੇਡਦਿਆਂ ਜਰਮਨ, ਬੰਗਲਾ ਦੇਸ਼ ਅਤੇ ਲੋਕਲ ਮੈਚ ਖੇਡੇ। 2005 'ਚ ਚੰਡੀਗੜ੍ਹ ਅਕੈਡਮੀ ਵਲੋਂ ਅੰਡਰ-17 ਦਿੱਲੀ 'ਚ 'ਸਪਰੋਤੋ ਕੱਪ' ਖੇਡਿਆ। ਬੜੇ ਜ਼ੋਰ ਨਾਲ ਨੇਪਾਲ ਨੂੰ ਹਰਾ ਕੇ 'ਸਪਰੋਤੋ ਕੱਪ' ਜਿੱਤਿਆ। ਗੁਰਜਿੰਦਰ ਸੰਨੀ ਪੰਜਾਬ, ਰਣਦੀਪ ਗੁਰਦਾਸਪੁਰ, ਰਵਿੰਦਰ ਪੰਜਾਬ (ਸਰਾਭਾ ਪਿੰਡ), ਪਵਨ ਕੁਮਾਰ, ਸ਼ਹਿਨਾਜ਼, ਅਬਦੁਲ ਸ਼ਮੀਮ ਮਲੇਰਕੋਟਲਾ, ਗੁਰਤੇਜ਼, ਗੁਰਪ੍ਰੀਤ (ਇਸ ਵਕਤ ਪੰਜਾਬ ਪੁਲਿਸ), ਰਣਦੀਪ ਤੇ ਪਵਨ (ਇੰਡੀਅਨ ਸੁਪਰ ਲੀਗ ਦੇ ਰਹਿ ਚੁਕੇ ਟਾਪ ਖਿਡਾਰੀ) ਸਨ। ਉਸ ਕੱਪ ਦੀ ਜਿੱਤ ਸਦਕਾ ਵੱਖ ਵੱਖ ਕਲੱਬਾਂ (ਕੰਪਨੀਆਂ) ਵਾਲੇ ਚੰਗੇ ਖਿਡਾਰੀਆਂ ਨੂੰ ਲੈ ਗਏ ਸਨ।

ਚੰਡੀਗੜ੍ਹ ਦੀ ਫੁੱਟਬਾਲ ਅਕੈਡਮੀ 'ਚ 6 ਸਾਲ ਦਾ ਕਰਾਰਨਾਮਾ ਮੁਕਦੇ ਹੀ ਉਹ ਜਮਸ਼ੇਦਪੁਰ (ਝਾਰਖੰਡ) ਦੀ 'ਟਾਟਾ ਫੁੱਟਬਾਲ ਅਕੈਡਮੀ' 'ਚ ਚਲਾ ਗਿਆ। ਟਾਟਾ ਅਕੈਡਮੀ ਭਾਰਤ ਦੀ ਨੰਬਰ ਵੰਨ ਅਕੈਡਮੀ ਹੈ। ਇਸ ਅਕੈਡਮੀ ਵਲੋਂ ਖੇਡੇ



ਸਰੀਰਕ ਤਾਕਤ ਵਧਾਉਣ ਲਈ ਅਭਿਆਸ ਕਰਦਾ ਗੁਰਜਿੰਦਰ ਸੰਨੀ

70-75 ਫੀਸਦੀ ਖਿਡਾਰੀਆਂ ਨੂੰ ਹਰ ਮਹਿਕਮੇ ਜਾਂ ਕੰਪਨੀਆਂ ਵਾਲੇ ਖਿੜੇ ਮੱਥੇ ਸਵੀਕਾਰ ਕਰਦੇ ਹਨ ਤੇ ਕਿਸੇ ਨਾ ਕਿਸੇ ਪਾਸੇ ਨੌਕਰੀ ਮਿਲ ਜਾਂਦੀ ਹੈ। ਓਲੰਪਿਕਸ ਜਾਣ ਵਾਲੇ ਲਗਪਗ ਸਾਰੇ ਅਥਲੀਟ ਟਾਟਾ ਦੀ ਹੀ ਦੇਣ ਹੁੰਦੇ ਹਨ। ਦੋ ਸਾਲ ਸੰਨੀ ਅੰਡਰ-19 ਟਾਟਾ ਵਲੋਂ ਖੇਡਿਆ। ਜ਼ਿਕਰਯੋਗ ਹੈ ਕਿ ਰਤਨ ਟਾਟਾ ਦਾ ਵੱਡੀ ਪੱਧਰ 'ਤੇ ਸਾਰੀ ਦੁਨੀਆਂ 'ਚ ਸਟੀਲ ਦਾ ਕਾਰੋਬਾਰ ਹੈ।

ਸੰਨੀ ਅਨੁਸਾਰ ਰਤਨ ਟਾਟਾ ਬੜਾ ਚੰਗਾ ਤੇ ਖਿਡਾਰੀਆਂ ਦਾ ਖਿਆਲ ਰੱਖਣ ਵਾਲਾ ਦਾਨੀ ਇਨਸਾਨ ਹੈ। ਟਾਟਾ ਅਕੈਡਮੀ ਵਲੋਂ ਫੁੱਟਬਾਲ ਦੇ ਨਾਲ ਨਾਲ ਅਥਲੈਟਿਕਸ, ਕ੍ਰਿਕਟ ਤੇ ਹੋਰ ਗੇਮਾਂ ਦੀਆਂ ਅਕੈਡਮੀਆਂ ਵੀ ਚਲਾਈਆਂ ਜਾਂਦੀਆਂ ਹਨ। ਖਿਡਾਰੀਆਂ ਲਈ ਵੈਸ਼ਨੋ, ਨਾਨ-ਵੈਸ਼ਨੋ ਖਾਣੇ ਦਾ ਵੀ ਪੂਰਾ ਪੂਰਾ ਖਿਆਲ ਰੱਖਿਆ ਜਾਂਦੈ। ਸਵੇਰ, ਦੁਪਹਿਰ, ਸ਼ਾਮ ਦੇ ਸਿਹਤਮੰਦ ਖਾਣੇ ਦਾ ਪੂਰਾ ਮੈਨਯੂ ਪਹਿਲਾਂ ਹੀ ਬਣਾਇਆ ਹੁੰਦੈ। ਖੇਡ ਖੁਰਾਕ ਤੋਂ ਇਲਾਵਾ ਰਿਹਾਇਸ਼, ਗੱਡੀਆਂ ਦਾ ਭਾੜਾ ਤੇ ਕੰਪਿਊਟਰ ਦੀ ਟ੍ਰੇਨਿੰਗ ਤੇ ਜ਼ਿੰਦਗੀ ਦੇ ਆਮ ਵਰਤਾਰੇ 'ਚ ਵਿਚਰਨ ਦੀਆਂ ਕਲਾਸਾਂ ਲਾ ਕੇ ਸਿਖਿਆ ਦਿੱਤੀ ਜਾਂਦੀ ਹੈ।

ਟਾਟਾ ਵਾਲੇ ਨਵੇਂ ਖਿਡਾਰੀਆਂ ਨੂੰ ਚੰਗੀ ਤਰ੍ਹਾਂ ਟਰਾਇਲ ਲੈ ਕੇ ਫਿਰ ਕਲੱਬ ਵਿਚ ਲੈਂਦੇ ਹਨ। ਸੰਨੀ ਨੇ ਟਾਟਾ ਅਕੈਡਮੀ 'ਚ ਜਾਣ ਲਈ ਬੜਾ ਪਸੀਨਾ ਵਹਾਇਆ। ਇਕ ਹਜ਼ਾਰ ਤੋਂ ਵੱਧ ਟਰਾਇਲ ਦੇਣ ਆਏ ਖਿਡਾਰੀਆਂ 'ਚੋਂ ਸਿਰਫ ਚਾਰ ਰੱਖਣੇ ਸਨ। ਇਕ ਹਫਤਾ ਬੜਾ ਜ਼ੋਰ ਲੁਆਇਆ ਤੇ ਚਾਰ ਖਿਡਾਰੀਆਂ 'ਚੋਂ ਇਕ ਗੁਰਜਿੰਦਰ ਸੰਨੀ ਸੀ।

ਸੰਨੀ ਮੁਤਾਬਕ ਖੁਰਾਕ ਵੀ ਚੰਗੀ ਮਿਲਦੀ ਰਹੀ। ਅੰਡਰ-19 ਖੇਡਦੇ ਸਮੇਂ ਸਵੇਰ, ਦੁਪਹਿਰ, ਸ਼ਾਮ ਦਾ ਖਾਣਾ ਅਕੈਡਮੀਆਂ ਵਲੋਂ ਦਿੱਤਾ ਜਾਂਦਾ ਸੀ। ਉਚ ਪੱਧਰ (ਪ੍ਰੋਫੈਨਲ) ਖਿਡਾਰੀ ਬਣਨ 'ਤੇ ਕਮਰਾ ਤੇ ਖਾਣਾ ਬਣਾਉਣ ਲਈ ਰਸੋਈਆ (ਕੁਕ) ਮਿਲ ਗਿਆ। ਮਨ ਮਰਜ਼ੀ ਦਾ ਖਾਣਾ ਬਣਵਾ ਕੇ ਖਾਧਾ। ਟਾਟਾ ਅਕੈਡਮੀ ਵਾਲੇ ਖੁਰਾਕ ਵੀ ਰੂਹ ਨਾਲ ਦਿੰਦੇ ਹਨ ਤੇ ਪੈਸੇ ਵੀ ਦਿਲ ਖੋਲ੍ਹ ਕੇ ਦਿੰਦੇ ਹਨ।

ਪੂਨੇ ਖੇਡਣ ਜਾਣ ਦਾ ਵੀ ਦਿਲਚਸਪ ਕਿੱਸਾ ਹੈ। ਉਹ ਕਲਕੱਤੇ ਮੈਚ ਖੇਡ ਰਿਹਾ ਸੀ। ਖਚਾਖਚ ਭਰੇ ਸਟੇਡੀਅਮ ਵਿਚ ਉਹਦੀ ਖੇਡ ਵੇਖ ਦਰਸ਼ਕਾਂ ਦੀਆਂ ਤਾੜੀਆਂ ਵੱਜ ਰਹੀਆਂ ਸਨ। ਪੂਨੇ ਦਾ ਤਕੜਾ ਪ੍ਰਸਿੱਧ ਗੋਰਾ ਕੋਚ ਟੀ. ਵੀ. ਰਾਹੀਂ ਉਹਨੂੰ ਖੇਡਦੇ ਨੂੰ ਵੇਖ ਰਿਹਾ ਸੀ। ਜੌਹਰੀ ਨੇ ਹੀਰੇ ਦੀ ਪਛਾਣ ਕੀਤੀ। ਸੰਨੀ ਦੀ ਖੇਡ ਦਾ ਕਾਇਲ ਹੋਇਆ ਗੋਰਾ ਕੋਚ ਫਲਾਈਟ ਫੜ੍ਹ ਸਿੱਧਾ ਪੂਨੇ ਤੋਂ ਗੁਰਜਿੰਦਰ ਕੋਲ ਆਇਆ, ਗੱਲਬਾਤ ਕੀਤੀ ਤੇ ਉਹਨੂੰ ਨਾਲ ਲੈ ਗਿਆ। ਉਹਨੇ ਵਧੀਆ ਕੋਚਿੰਗ ਦੇ ਕੇ ਸੰਨੀ ਨੂੰ ਤਰਾਸ਼ਿਆ। ਹੋਰ ਲੋਕਲ ਕਲੱਬਾਂ ਨਾਲ ਉਨ੍ਹਾਂ ਦੇ ਮੈਚ ਅਕਸਰ ਚਲਦੇ ਰਹਿੰਦੇ ਸਨ। ਇਕ ਵਾਰ ਸਿੰਘਾਪੁਰ ਖੇਡਣ ਜਾਣ ਦਾ ਮੌਕਾ ਮਿਲਿਆ। ਪ੍ਰੋਫੈਨਲ ਖਿਡਾਰੀ ਵਜੋਂ ਭਾਰਤ ਦੀ ਸੀਨੀਅਰ ਅੰਡਰ-23 ਟੀਮ ਦਾ ਖਿਡਾਰੀ ਬਣ ਕੇ ਚਾਰ ਸਾਲ ਪੂਨੇ ਖੇਡਿਆ ਤੇ ਪ੍ਰੀ-ਓਲੰਪਿਕਸ ਕਤਰ ਖੇਡਣ ਦਾ ਮੌਕਾ ਮਿਲਿਆ। ਜੇ ਉਹ ਉਥੋਂ ਕੁਆਲੀਫਾਈ ਹੋ ਜਾਂਦਾ ਤਾਂ ਲੰਡਨ ਓਲੰਪਿਕਸ ਵਾਸਤੇ ਚੁਣਿਆ ਜਾਣਾ ਸੀ। ਇਹ ਉਹਦੀ ਖੇਡ ਜ਼ਿੰਦਗੀ 'ਚ ਬਹੁਤ ਵੱਡੀ ਪ੍ਰਾਪਤੀ ਹੋਣੀ ਸੀ।

ਗੁਰਪਾਲ ਫੌਜੀ ਦੇ ਨਾਂ ਨਾਲ ਜਾਣੇ ਜਾਂਦੇ ਗੁਰਜਿੰਦਰ ਦਾ ਪਿਤਾ ਵੀ ਇਲਾਕੇ ਦਾ ਨਾਮਵਰ ਫੁੱਟਬਾਲ ਖਿਡਾਰੀ ਰਹਿ ਚੁਕੈ। ਚਾਰ ਵਾਰ ਉਹ ਨੈਸ਼ਨਲ ਖੇਡਿਆ। ਭਾਰਤੀ ਟੀਮ ਦੀ ਸਿਲੈਕਸ਼ਨ




ਯੰਗ ਪਲੇਅਰ ਸਾਲ 2012-13 ਦਾ ਸਨਮਾਨ ਹਾਸਲ ਕਰਦਾ ਗੁਰਜਿੰਦਰ ਸੰਨੀ

ਵਾਸਤੇ ਮਾਹਿਲਪੁਰ ਵਿੰਗ ਚਲਦੇ ਟਰਾਇਲਾਂ 'ਚ ਕਿਸੇ ਵਿਰੋਧੀ ਖਿਡਾਰੀ ਤੋਂ ਉਹਦੀ ਤਕੜੀ ਗੇਮ ਬਰਦਾਸ਼ਤ ਨਾ ਹੋਣ 'ਤੇ ਯੋਜਨਾ ਤਹਿਤ ਉਹਨੇ ਉਹਦੇ ਪੱਟ 'ਤੇ ਸੱਟ ਮਾਰੀ ਤੇ ਗੁਰਪਾਲ ਉਥੇ ਹੀ ਡਿੱਗ ਪਿਆ। ਜੇ ਸੱਟ ਨਾ ਲੱਗਦੀ ਤਾਂ ਸੰਨੀ ਨੇ ਭਾਰਤੀ ਟੀਮ ਲਈ ਚੁਣਿਆ ਜਾਣਾ ਸੀ।

ਸੰਨੀ ਅੱਜ ਜੋ ਵੀ ਹੈ, ਆਪਣੇ ਖਿਡਾਰੀ ਤੇ ਕੋਚ ਪਿਤਾ ਦੀ ਬਦੌਲਤ ਹੈ। ਗੁਰਪਾਲ ਫੌਜੀ ਦੇ ਨਾਂ ਨਾਲ ਜਾਣਿਆ ਜਾਂਦਾ ਸੰਨੀ ਦਾ ਪਿਤਾ ਸਕੂਲਾਂ 'ਚੋਂ ਹੁੰਦਾ ਹੋਇਆ ਬੰਗਾ ਕਾਲਜ ਦਾ ਤਕੜਾ ਫੁੱਟਬਾਲ ਖਿਡਾਰੀ ਬਣਿਆ। ਲਾਗਲੇ ਪਿੰਡ ਕਾਹਮੇ ਦੇ ਹਾਈ ਸਕੂਲ ਉਹਨੇ 1986 ਤੋਂ ਲੈ ਕੇ ਸੇਵਾ ਮੁਕਤੀ ਹੋਣ ਤੱਕ ਫੁੱਟਬਾਲ ਖਿਡਾਰੀ ਤਿਆਰ ਕੀਤੇ ਤੇ ਨਾਲ ਨਾਲ ਪੜ੍ਹਾਉਂਦਾ ਵੀ ਰਿਹੈ। ਵਿਚਾਲੇ ਜਿਹੇ ਮੂਸਾਪੁਰ ਦੇ ਹਾਈ ਸਕੂਲ ਦੀ ਬਦਲੀ ਹੋ ਗਈ ਸੀ, ਪਰ ਉਹਦੀ ਕਾਬਲੀਅਤ ਨੂੰ ਵੇਖਦਿਆਂ ਕਾਹਮੇ ਵਾਲੇ ਕੁਝ ਕੁ ਮਹੀਨਿਆਂ ਪਿਛੋਂ ਫਿਰ ਉਹਨੂੰ ਵਾਪਸ ਲੈ ਗਏ। ਉਹਦੀ ਚੰਗੀ ਕੋਚਿੰਗ ਨੂੰ ਖਿਡਾਰੀ ਅੱਜ ਵੀ ਯਾਦ ਕਰਦੇ ਨੇ, ਜੋ ਉਹਦੀ ਛਤਰ-ਛਾਇਆ ਹੇਠ ਖੇਡ ਕੇ ਚੰਗੇ ਚੰਗੇ ਅਹੁਦਿਆਂ 'ਤੇ ਬਿਰਾਜਮਾਨ ਹਨ ਤੇ ਕੁਝ ਵਿਦੇਸ਼ਾਂ ਵਿਚ ਵੀ ਬੈਠੇ ਹਨ।

ਗੁਰਜਿੰਦਰ ਨੇ ਲਾਗਲੇ ਪਿੰਡ ਖਟਕੜ ਕਲਾਂ



ਖੇਡ ਮੈਦਾਨ ਵਿਚ ਦੂਜੀ ਧਿਰ ਦੇ ਖਿਡਾਰੀ ਨਾਲ ਜੂਝਦਾ ਸੰਨੀ

ਦੇ ਅਦਰਸ਼ ਸਕੂਲ 'ਚ ਨਰਸਰੀ ਤੋਂ ਪੰਜਵੀਂ ਤੱਕ ਪੜ੍ਹਾਈ ਕੀਤੀ। ਸ਼ੁਰੂ ਸ਼ੁਰੂ ਵਿਚ ਉਹ ਖੋ-ਖੋ ਅਤੇ ਅਥਲੈਟਿਕਸ ਖੇਡਾਂ ਕਰਦਾ ਸੀ, ਪਰ ਭਰਾ ਦੀ ਬੇਵਕਤੀ ਮੌਤ ਨੇ ਉਸ ਨੂੰ ਅਤੇ ਸਾਰੇ ਪਰਿਵਾਰ ਨੂੰ ਹਿਲਾ ਕੇ ਰੱਖ ਦਿਤਾ ਸੀ। ਫਿਰ ਪਰਮਾਤਮਾ ਨੇ ਭਾਣਾ ਮੰਨਣ ਦੀ ਤਾਕਤ ਦਿਤੀ ਤੇ ਹੌਲੀ ਹੌਲੀ ਫੁੱਟਬਾਲ ਵੱਲ ਨੂੰ ਝੁਕਾਅ ਹੋ ਗਿਆ।

ਇਲਾਕੇ ਦਾ ਪ੍ਰਸਿੱਧ ਪਿੰਡ ਮੰਗੂਵਾਲ ਫੁੱਟਬਾਲ ਦੇ ਨਾਮਵਰ ਖਿਡਾਰੀਆਂ ਅਤੇ ਇਨਕਲਾਬੀ ਕਾਰਕੁਨਾਂ ਕਰਕੇ ਜਾਣਿਆ ਜਾਂਦਾ ਹੈ। ਪਿੰਡ ਦਾ ਮੌਜੂਦਾ ਸਰਪੰਚ ਕੇਵਲ ਖਟਕੜ ਹੈ, ਜੋ ਪਿੰਡ ਦੇ ਵਿਕਾਸ ਕਾਰਜਾਂ ਲਈ ਹਰ ਵੇਲੇ ਸਰਗਰਮ ਰਹਿੰਦਾ ਹੈ। ਪਿੰਡ ਨੂੰ ਇਲਾਕੇ ਦਾ ਚੜ੍ਹਦੀ ਕਲਾ ਵਾਲਾ ਅਤੇ ਖੁਸ਼ਹਾਲ ਪਿੰਡ ਬਣਾਉਣ ਲਈ ਹਰ ਵੇਲੇ ਸਰਗਰਮ ਰਹਿੰਦਾ ਹੈ। ਪਿੰਡ ਦੇ ਐਨ. ਆਰ. ਆਈ. ਵੀਰਾਂ ਦਾ ਵੀ ਬੜਾ ਯੋਗਦਾਨ ਸਮਝਦਾ ਹੈ। ਉਹ ਖੁਦ ਕਬੱਡੀ ਖਿਡਾਰੀ ਹੋਣ ਕਰਕੇ 'ਸ਼ਹੀਦ ਭਗਤ ਸਿੰਘ ਕਬੱਡੀ ਅਕੈਡਮੀ' ਦਾ ਕਰਤਾ-ਧਰਤਾ ਰਿਹੈ। ਇਲਾਕੇ ਭਰ 'ਚ ਜਾਣੀ ਜਾਂਦੀ ਅਕੈਡਮੀ ਦੀ ਤਨੋਂ, ਮਨੋਂ ਧਨੋਂ ਸੇਵਾ ਕੀਤੀ। ਪਿੰਡ ਦਾ ਮੋਹਤਬਰ ਹੋਣ ਦੇ ਨਾਤੇ ਹੁਣ ਉਹ ਉਠਦੇ ਖਿਡਾਰੀਆਂ ਨੂੰ ਹਰ ਤਰ੍ਹਾਂ ਨਾਲ ਹੌਸਲਾ ਤੇ ਥਾਪੜਾ ਦੇ ਰਿਹੈ। ਇਸ ਵਕਤ ਉਹ ਐਨ. ਆਰ. ਆਈ. ਸਭਾ, ਨਵਾਂਸ਼ਹਿਰ ਦਾ ਪ੍ਰਧਾਨ ਵੀ ਹੈ।

ਗੁਰਜਿੰਦਰ ਦਾ ਛੋਟਾ ਭਾਈ ਯਾਦਵਿੰਦਰ ਚੰਡੀਗੜ੍ਹ ਅਕੈਡਮੀ 'ਚ ਵੀ ਖੇਡਦਾ ਰਿਹੈ। ਉਹ ਐਸ. ਐਨ. ਕਾਲਜ ਬੰਗਾ ਦਾ ਖਿਡਾਰੀ ਤੇ ਵਿਦਿਆਰਥੀ ਹੈ। ਉਹ ਇੰਟਰ-ਕਾਲਜ ਅਤੇ ਚਾਰ ਵਾਰ ਸਟੇਟ ਖੇਡ ਚੁਕਾ ਹੈ। ਕਦੇ ਕਦੇ ਉਹ ਗੁਰਜਿੰਦਰ ਕੋਲ ਵੀ ਚਲੇ ਜਾਂਦਾ ਹੈ। ਇਕੱਠੇ ਰਹਿੰਦੇ ਦੋਵੇਂ ਭਰਾ ਖੇਡ ਬਾਰੇ ਤੇ ਭਾਰਤੀ ਫੁੱਟਬਾਲ ਦੀ ਚੜ੍ਹਦੀ ਕਲਾ ਬਾਰੇ ਗੱਲਾਂ ਕਰਦੇ ਰਹਿੰਦੇ ਹਨ।

10 ਅਕਤੂਬਰ 1990 ਨੂੰ ਜਨਮੇ ਗੁਰਜਿੰਦਰ ਨੇ ਪਿਤਾ ਦੇ ਅਧੂਰੇ ਸੁਪਨੇ ਸਾਕਾਰ ਕੀਤੇ। ਭਾਰਤੀ ਟੀਮ 'ਚ ਪਿਤਾ ਦੀ ਖੇਡਣ ਦੀ ਦਿਲੀ ਤਮੰਨਾ ਪੁੱਤ ਨੇ ਪੂਰੀ ਕੀਤੀ। ਅਧੂਰੀਆਂ ਸੱਧਰਾਂ ਪੂਰੀਆਂ ਹੋਣ ਨਾਲ ਉਹ ਪਰਮਾਤਮਾ ਦਾ ਲੱਖ ਲੱਖ ਸ਼ੁਕਰ ਮਨਾ ਰਿਹੈ। ਪੰਜਾਬ ਦੇ ਖਿਡਾਰੀਆਂ 'ਤੇ ਗੁਰੂਆਂ, ਪੀਰਾਂ-ਪੈਗੰਬਰਾਂ ਦੀ ਹਮੇਸ਼ਾ ਕਿਰਪਾ ਰਹੀ ਹੈ। ਮੋਹਣ ਬਗਾਨ 'ਚ ਖੇਡਣਾ ਬੜਾ ਔਖਾ ਤੇ ਮਾਣ ਵਾਲੀ ਗੱਲ ਹੈ। ਜਰਨੈਲ ਸਿੰਘ ਪਨਾਮ ਨੇ 1959-1960 'ਚ ਮੋਹਣ ਬਗਾਨ ਦੀ ਸੀਨੀਅਰ ਟੀਮ ਦੀ ਕਪਤਾਨੀ ਕੀਤੀ ਸੀ। ਸੱਠ ਸਾਲਾਂ ਬਾਅਦ 2020 'ਚ ਹੁਣ ਮੋਹਣ ਬਗਾਨ ਦੀ ਜੂਨੀਅਰ ਟੀਮ ਦੀ ਕਪਤਾਨੀ ਪੰਜਾਬ ਦਾ ਹੀਰਾ ਗੁਰਜਿੰਦਰ ਸੰਨੀ ਕਰ ਰਿਹੈ।

ਤਕੜੀ ਖੇਡ ਦਾ ਸਿਹਰਾ ਪਿਤਾ ਗੁਰਪਾਲ ਤੋਂ ਇਲਾਵਾ ਕੋਚਾਂ-ਹਰਜਿੰਦਰ ਸਿੰਘ ਚੰਡੀਗੜ੍ਹ, ਤਜਿੰਦਰ ਕੁਮਾਰ ਤੇ ਜਤਿੰਦਰ ਸ਼ਰਮਾ ਸਿਰ ਵੀ ਬੰਨਦਾ ਹੈ। ਕੋਚ ਹਰਜਿੰਦਰ ਸਿੰਘ ਮੋਹਣ ਬਗਾਨ ਵਿਚ ਇੰਦਰ ਸਿੰਘ, ਗੁਰਦੇਵ ਸਿੰਘ ਗਿੱਲ ਅਤੇ ਪਰਮਿੰਦਰ ਸਿੰਘ ਕੋਚ ਧੱਕੜ ਖਿਡਾਰੀਆਂ ਨਾਲ ਖੇਡਦਾ ਰਿਹੈ, ਜਦੋਂ ਕਿ ਜਤਿੰਦਰ ਸ਼ਰਮਾ ਰੁੜਕਾ ਕਲਾਂ ਦੀ ਫੁੱਟਬਾਲ ਅਕੈਡਮੀ ਦਾ ਕੋਚ ਵੀ ਰਹਿ ਚੁਕੈ। ਭਾਰਤੀ ਟੀਮ ਵਿਚ ਜਿਸ ਸੁਨੀਲ ਸੇਤਰੀ ਦੀ ਕਪਤਾਨੀ ਹੇਠ ਗੁਰਜਿੰਦਰ ਖੇਡਦਾ ਰਿਹਾ, ਹੁਣ ਉਸੇ ਸੁਨੀਲ ਸੇਤਰੀ ਦੇ ਵਿਰੁਧ ਖੇਡ ਰਿਹੈ। ਗੁਰਜਿੰਦਰ ਮੋਹਣ ਬਗਾਨ ਵਲੋਂ ਖੇਡਦਾ ਹੈ ਤੇ ਸੁਨੀਲ ਸੇਤਰੀ ਬੰਗਲੌਰ ਵਲੋਂ।

ਵਧੀਆ ਖੇਡ ਸਦਕਾ ਗੁਰਜਿੰਦਰ ਨੇ ਇੰਗਲੈਂਡ, ਦੁੱਬਈ, ਉਮਾਨ, ਸਿੰਘਾਪੁਰ, ਹਾਂਗਕਾਂਗ, ਨੇਪਾਲ, ਬਰਮਾ, ਤੁਰਕੀ, ਤਾਜ਼ਿਖਸਤਾਨ, ਕਤਰ ਤੇ ਹੋਰ ਮੁਲਕਾਂ 'ਚ ਖੇਡ ਕੇ ਭਾਰਤੀ ਝੰਡੇ ਨੂੰ ਬੁਲੰਦ ਕੀਤਾ।

ਸੋਲੇਕ ਕਲਕੱਤਾ, ਜਵਾਹਰ ਲਾਲ ਨਹਿਰੂ ਸਟੇਡੀਅਮ ਗੋਆ, ਬਾਲੇਬਾੜੀ ਸਟੇਡੀਅਮ ਪੂਨਾ, ਗੁਰੂ ਨਾਨਕ ਸਟੇਡੀਅਮ ਲੁਧਿਆਣਾ ਅਤੇ ਹੋਰ ਸਟੇਡੀਅਮਾਂ ਵਿਚ ਆਪਣੀ ਖੇਡ ਦੇ ਜੌਹਰ ਵਿਖਾਏ ਤੇ ਹਜ਼ਾਰਾਂ ਲੋਕਾਂ ਦੀ ਤਾਦਾਦ ਨਾਲ ਭਰੇ ਸਟੇਡੀਅਮਾਂ ਵਿਚ ਦਰਸ਼ਕਾਂ ਦਾ ਤਾੜੀਆਂ ਨਾਲ ਪਿਆਰ ਖੱਟਿਆ ਅਤੇ ਘਰਾਂ 'ਚ ਬੈਠੇ ਲੱਖਾਂ ਲੋਕਾਂ ਨੇ ਟੀ. ਵੀ. ਉਤੇ ਹੱਲਾ-ਸ਼ੇਰੀ ਨਾਲ ਪਿਆਰ ਦੀਆਂ ਝੋਲੀਆਂ ਭਰੀਆਂ। ਦੁਆ ਕਰਦੇ ਹਾਂ ਕਿ ਗੁਰਜਿੰਦਰ ਦੀ ਖੇਡ ਇਸ ਤਰ੍ਹਾਂ ਹੀ ਉਚਾਈਆਂ ਨੂੰ ਛੂੰਹਦੀ ਰਹੇ ਤੇ ਉਹ ਭਾਰਤ ਦਾ ਨਾਂ ਰੌਸ਼ਨ ਕਰਦਾ ਰਹੇ।

ਖੇਡਾਂ ਨਾਲ ਜਿਨ੍ਹਾਂ ਪਿਆਰ ਕੀਤਾ,
ਖੇਡ ਮੈਦਾਨਾਂ 'ਚ ਜਿੰਦ ਵਾਰਦੇ ਰਹੇ।
ਧੁੱਪਾਂ ਛਾਂਵਾਂ ਦੀ ਨਾ ਪ੍ਰਵਾਹ ਕੀਤੀ,
'ਨ੍ਹੇਰੀਆਂ, ਝੱਖੜਾਂ ਨੂੰ ਪਛਾੜਦੇ ਰਹੇ।
ਦੇਸ਼ ਕੌਮ ਦੀ ਇੱਜਤ ਖਾਤਰ,
ਵਿਰੋਧੀਆਂ ਨੂੰ ਲਲਕਾਰਦੇ ਰਹੇ।
ਖੇਡ ਮੈਦਾਨਾਂ ਦੇ ਸ਼ੇਰ ਖਿਡਾਰੀਆਂ ਲਈ,
ਕਲਮਾਂ ਨਾਲ 'ਜੱਬੋਵਾਲੀਏ' ਸਤਿਕਾਰਦੇ ਰਹੇ।

ਵਿਰਾਸਤ-ਏ-ਸਿਨੇਮਾ

# ਔਰਤ ਦੁਆਲੇ ਬੁਣੇ ਘੇਰੇ : ਸਰਕਲ



ਡਾ. ਕੁਲਦੀਪ ਕੌਰ
ਫੋਨ: +91-98554-04330


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਸਰਕਲ' ਬਾਰੇ ਚਰਚਾ ਕੀਤੀ ਗਈ ਹੈ, ਜੋ ਔਰਤ ਦੀ ਹੋਣੀ ਦਾ ਬਿਆਨ ਹੈ। -ਸੰਪਾਦਕ***

ਜੇ ਕਿਸੇ ਮੁਲਕ ਵਿਚ ਬੋਲਣ, ਲਿਖਣ ਤੇ ਸੋਚਣ ਦੀ ਆਜ਼ਾਦੀ ਦੇ ਮਿਆਰ ਨੂੰ ਸਮਝਣਾ ਹੋਵੇ ਤਾਂ ਉਸ ਮੁਲਕ ਵਿਚ ਪਾਬੰਦੀਸ਼ੁਦਾ ਕਿਤਾਬਾਂ, ਫਿਲਮਾਂ ਅਤੇ ਕਲਾ-ਵਸਤੂਆਂ ਦੀ ਸੂਚੀ ਬਣਾਉ: ਜੇ ਤੁਸੀਂ ਇਹ ਜਾਨਣ ਲਈ ਉਤਸੁਕ ਹੋ ਕਿ ਕੋਈ ਮੁਲਕ ਸਿਆਸੀ, ਸਭਿਆਚਾਰਕ ਤੇ ਜੀਵਨ-ਜਾਚ ਵਜੋਂ ਕਿੰਨਾ ਕੁ ਵਿਕਸਿਤ ਹੈ ਤਾਂ ਉਸ ਮੁਲਕ ਦੀਆਂ ਔਰਤਾਂ ਦੀ ਰੋਜ਼ਮੱਰਾ ਜ਼ਿੰਦਗੀ 'ਤੇ ਝਾਤ ਮਾਰੋ। ਜਿਸ ਵੀ ਰਾਜ ਜਾਂ ਸਮਾਜ ਦੀ ਨੀਂਹ ਵਿਚ ਸਮਾਜਿਕ ਨਿਆਂ, ਮੌਕਿਆਂ ਤੇ ਸਾਧਨਾਂ ਦੀ ਢੁਕਵੀਂ ਵੰਡ ਅਤੇ ਅਣਖ ਦੀ ਜ਼ਿੰਦਗੀ ਜਿਊਣ ਦੇ ਮੌਕੇ ਨਾ ਹੋਣ ਤਾਂ ਉਥੇ ਕਿਸੇ ਵੀ ਤਰ੍ਹਾਂ ਦੀ ਕ੍ਰਾਂਤੀ ਜਾਂ ਜਮਹੂਰੀਅਤ ਉਸ ਮੁਲਕ ਦਾ ਕੁਝ ਨਹੀਂ ਸੰਵਾਰ ਸਕਦੀ।

ਉਪਰੋਕਤ ਟਿੱਪਣੀਆਂ ਪਹਿਲੀ, ਦੂਜੀ ਜਾਂ ਤੀਜੀ ਦੁਨੀਆਂ ਦੇ ਕਿਸੇ ਵੀ ਮੁਲਕ ਦਾ ਸੱਚ ਹੋ ਸਕਦੀਆਂ ਹਨ। ਇਸ ਦੇ ਬਾਵਜੂਦ ਇਹ ਵੀ ਵੱਡਾ ਸੱਚ ਹੈ ਕਿ ਜਫਰ ਪਨਾਹੀ ਦੀ ਫਿਲਮ 'ਦਾਇਰਾ' (ਦਿ ਸਰਕਲ) ਦੇ ਮਾਮਲੇ ਵਿਚ ਪਹਿਲੀ ਟਿੱਪਣੀ ਵਿਚਲਾ ਸ਼ਬਦ 'ਪਾਬੰਦੀਸ਼ੁਦਾ' ਪੂਰੀ ਤਰ੍ਹਾਂ ਰੱਦ ਕੀਤਾ ਜਾ ਸਕਦਾ ਹੈ। ਇਸ ਫਿਲਮ 'ਤੇ ਇਰਾਨੀ ਸਰਕਾਰ ਨੇ ਪਾਬੰਦੀ ਲਗਾਈ ਤਾਂ ਬਹੁਤ ਸਾਰੇ ਸਵਾਲ ਖੜ੍ਹੇ ਹੋ ਗਏ। ਫਿਲਮ ਵਿਚ ਕਿਸੇ ਕਿਸਮ ਦੀ ਅਸ਼ਲੀਲਤਾ ਸੀ? ਨਹੀਂ। ਕੀ ਫਿਲਮ ਵਿਚ ਅਜਿਹੇ ਕਿਰਦਾਰ ਸਨ ਜਿਨ੍ਹਾਂ ਕਾਰਨ ਇਰਾਨੀ ਸਮਾਜ ਵਿਚ ਕਿਸੇ ਕਿਸਮ ਦੀ ਬਦਕਾਰੀ ਜਾਂ ਲਾ-ਕਾਨੂੰਨੀ ਵਾਪਰਨ ਦਾ ਖਤਰਾ ਸੀ? ਨਹੀਂ। ਕੀ ਫਿਲਮ ਵਿਚ ਨੰਗੇਜ਼ ਸੀ? ਨਹੀਂ? ਕੀ ਫਿਲਮ ਮੁਲਕ ਦੇ ਸਿਆਸੀ ਹਾਲਾਤ 'ਤੇ ਕੋਈ ਗੈਰ-ਜ਼ਿੰਮੇਵਾਰ ਟਿੱਪਣੀ ਜਾਂ ਤਬਸਰਾ ਕਰਦੀ ਸੀ? ਨਹੀਂ। ਕੀ ਫਿਲਮ ਨਾਲ ਮੁਲਕ ਦੀ ਸੁਰੱਖਿਆ ਨੂੰ ਕੋਈ ਖਤਰਾ ਦਰਪੇਸ਼ ਸੀ? ਨਹੀਂ। ਫਿਰ ਇਸ ਫਿਲਮ ਵਿਚ ਅਜਿਹਾ ਕੀ ਸੀ ਜਿਸ ਨੇ ਇਰਾਨ ਸਰਕਾਰ ਨੂੰ ਇਸ ਫਿਲਮ 'ਤੇ ਪਾਬੰਦੀ ਲਗਾਉਣ ਲਈ ਉਕਸਾਇਆ।

ਇਸ ਫਿਲਮ 'ਤੇ ਪਾਬੰਦੀ ਇਸ ਲਈ ਲਗਾਈ ਗਈ ਕਿ ਇਹ ਧਾਰਮਿਕ ਫਿਰਕਾਪ੍ਰਸਤੀ ਅਤੇ ਰੂੜੀਵਾਦੀ ਜੜ੍ਹਾਂ ਵਾਲੀ ਪਿੱਤਰ-ਸੱਤਾ ਦੇ ਆਧਾਰ 'ਤੇ ਕਾਇਮ ਹੋਏ ਅਤੇ ਮੁਲਕ ਦੇ ਨਾਗਰਿਕਾਂ, ਖਾਸ ਕਰ ਔਰਤਾਂ ਨੂੰ ਉਨ੍ਹਾਂ ਦੇ ਮੂਲ ਮਨੁੱਖੀ ਹੱਕਾਂ ਤੋਂ ਵਾਂਝਿਆਂ ਕਰਨ ਦੀ ਸਿਆਸਤ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਂਦੀ ਹੈ। ਫਿਲਮ ਬਾਰੇ ਇੰਟਰਵਿਊ ਦੌਰਾਨ ਜਫਰ ਪਨਾਹੀ ਦੱਸਦਾ ਹੈ ਕਿ ਇਸ ਫਿਲਮ ਦਾ ਪਹਿਲਾ ਦ੍ਰਿਸ਼ ਤਿੰਨ ਮਿੰਟ ਤੀਹ ਸੈਕਿੰਡ ਦਾ ਹੈ ਜਿਸ ਵਿਚ ਡਿਲੀਵਰੀ ਰੂਮ ਵਿਚ ਬੱਚੀ ਦਾ ਜਨਮ ਹੁੰਦਾ ਹੈ; ਬਾਕੀ ਸਾਰੀ ਫਿਲਮ ਉਸ ਦੇ ਜਿਊਣ ਦੀਆਂ ਬੇਵਿਸਾਹੀਆਂ, ਖਦਸ਼ਿਆਂ, ਡਰਾਂ, ਅੰਦੇਸ਼ਿਆਂ, ਧਮਕੀਆਂ, ਮਾਨਸਿਕ-ਸਰੀਰਕ ਪਾਬੰਦੀਆਂ, ਸੋਚਣ-ਸਮਝਣ 'ਤੇ ਲਾਗੂ ਅਣਲਿਖਤ ਕਾਨੂੰਨਾਂ ਅਤੇ ਉਸ ਦੇ ਆਪਣੇ-ਆਪ ਨੂੰ ਬਚਾਉਣ ਦੇ ਤਰੱਦਦ 'ਤੇ ਆਧਾਰਿਤ ਹੈ। ਫਿਲਮ ਵਿਚ ਬੱਚੀ ਦੀ ਪੈਦਾਇਸ਼ ਨਵੇਂ ਜਨਮ ਦਾ ਪ੍ਰਤੀਕ ਹੈ ਪਰ ਇਸ ਬੱਚੇ ਦੀ ਜ਼ਿੰਦਗੀ ਦੇ ਸਾਰੇ ਫੈਸਲਿਆਂ, ਅਧਿਕਾਰਾਂ, ਘਟਨਾਵਾਂ, ਸੁਪਨਿਆਂ, ਖਾਹਿਸ਼ਾਂ ਤੇ ਹੋਣੀਆਂ ਦੀ ਇਬਾਰਤ ਮਰਦਾਵੀਂ ਧੌਂਸ ਅਤੇ ਧਾਰਮਿਕ-ਸਭਿਆਚਾਰਕ ਸੱਤਾ ਦੇ ਗਰੂਰ ਵਿਚ ਅੰਨ੍ਹਾ ਹੋਇਆ ਪੁਲਿਸਤੰਤਰ ਦੀ ਜ਼ਾਮਨੀ ਭਰਦਾ ਸਟੇਟ ਲਿਖਦਾ ਹੈ। ਔਰਤ ਦੀ ਦੇਹ ਉਸ ਦੀ ਇਕਲੌਤੀ ਪਛਾਣ ਬਣਾ ਦਿੱਤੀ ਜਾਂਦੀ ਹੈ ਅਤੇ ਉਸ ਨੂੰ ਪਾਲਣ-ਪੋਸ਼ਣ ਦਾ ਸਾਰਾ ਦਾਰੋ-ਮਦਾਰ ਇਸ ਦੇਹ ਨੂੰ ਮਰਦਾਵੀਂ ਸੱਤਾ ਦੀ ਚਾਕਰੀ ਕਰਨ, ਇਸ ਸੱਤਾ ਅੱਗੇ ਸਮਰਪਣ ਕਰਨ ਅਤੇ ਖੁਦ ਦੀ ਹੋਣੀ ਤੇ ਹਸਤੀ ਨੂੰ ਵਿਸਾਰਨ, ਭੁੱਲਣ, ਕੁਰਬਾਨ ਕਰਨਾ ਸਿਖਾਉਣ 'ਤੇ ਕੇਂਦਰਿਤ ਹੋ ਜਾਂਦਾ ਹੈ। ਜਫਰ ਪਨਾਹੀ ਇਸ ਫਿਲਮ ਵਿਚ ਚਾਰ ਕਿਰਦਾਰਾਂ ਦੇ ਮਾਧਿਅਮ ਰਾਹੀ ਔਰਤ ਦੇਹਾਂ ਅਤੇ ਮਨਾਂ 'ਤੇ ਹੁੰਦੀ ਸਮਾਜਿਕ, ਸਭਿਆਚਾਰਕ ਅਤੇ ਮਰਦਾਵੀਂ ਹਿੰਸਾ ਦੀਆਂ ਬਾਰੀਕੀਆਂ ਫੜਦਾ ਹੈ।

ਇਸ ਫਿਲਮ ਦੇ ਨਾਮ ਦਾ ਫਿਲਮ ਦੀ ਬਿਰਤਾਂਤਕ ਸੰਰਚਨਾ ਅਤੇ ਫਿਲਮ ਦੇ ਪਲਾਟ ਦੀਆਂ ਪਰਤਾਂ ਨਾਲ ਗਹਿਰਾ ਨਾਤਾ ਹੈ। ਇਹ ਸਟੇਟ ਅਤੇ ਸਮਾਜ ਦੁਆਰਾ ਔਰਤ ਦੇ ਚਾਰ-ਚੁਫੇਰੇ ਖਿੱਚੇ ਅਣਗਿਣਤ ਕਾਨੂੰਨੀ-ਗੈਰਕਾਨੂੰਨੀ, ਲਿਖਤ-ਅਣਲਿਖਤ, ਮਾਨਸਿਕ-ਸਰੀਰਕ, ਦਿਸਦੇ-ਅਣਦਿਸਦੇ ਘੇਰਿਆਂ ਉਰਫ ਦਾਇਰਿਆਂ ਉਰਫ ਹੱਦਬੰਦੀਆਂ ਦੀ ਫਿਲਮ ਹੈ। ਫਿਲਮ ਦਾ ਸਭ ਤੋਂ ਪਹਿਲਾ ਘੇਰਾ ਉਸ ਦੇ ਜੰਮਣ 'ਤੇ ਹੀ ਸਵਾਲ ਖੜ੍ਹਾ ਕਰਦਾ ਹੈ। ਔਰਤ ਦੇ ਜੰਮਣ ਦੀ ਆਵਾਜ਼ ਦੇ ਨਾਲ ਹੀ ਸੋਗ, ਸ਼ਰਮਿੰਦਗੀ ਅਤੇ ਬੋਝ ਦੀ ਲੰਮੀ ਲਹੂ-ਰੰਗੀ ਚੁੱਪ ਦੀ ਲੀਕ ਡਿਲੀਵਰੀ ਰੂਮ ਤੋਂ ਸੜਕਾਂ ਤੱਕ ਫੈਲਦੀ ਸਾਰੇ ਸਮਾਜਿਕ ਅਕੀਦਿਆਂ, ਸੰਸਕਾਰਾਂ, ਸਭਿਅਤਾ ਦੇ ਤਕਾਜ਼ਿਆਂ ਅਤੇ ਤਹਿਜ਼ੀਬਾਂ 'ਤੇ ਕਾਲਖ ਵਾਂਗ ਪਸਰ ਜਾਂਦੀ ਹੈ। ਔਰਤਾਂ ਅਣਚਾਹੇ ਖੱਬਲ ਵਾਂਗ ਉਗਦੀਆਂ ਹੀ ਕਿਉਂ ਹਨ ਜਦ ਉਨ੍ਹਾਂ ਦੇ ਪੈਰਾਂ ਹੇਠਲੀ ਜ਼ਮੀਨ ਹੀ ਉਨ੍ਹਾਂ ਨੂੰ ਝੱਲਣ ਲਈ ਤਿਆਰ ਨਹੀਂ?




*ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਦਿ ਸਰਕਲ' ਦਾ ਪੋਸਟਰ।*

ਇਸ ਸਵਾਲ ਨਾਲ ਖੁੱਲ੍ਹਦੀ ਇਹ ਫਿਲਮ ਡਿਲੀਵਰੀ ਰੂਮ ਵਿਚ ਪਸਰੀ ਚੁੱਪ ਨੂੰ ਸੜਕ ਦੇ ਅੰਨ੍ਹੇ ਸ਼ੋਰ ਵਿਚ ਲੈ ਆਉਂਦੀ ਹੈ ਜਿਥੇ ਆ ਕੇ ਦਰਸ਼ਕ ਨੂੰ ਸਮਝ ਆਉਂਦੀ ਹੈ ਕਿ ਔਰਤਾਂ ਨਾਲ ਹੁੰਦੀ ਹਿੰਸਾ ਵਿਚ ਚੁੱਪ ਅਤੇ ਸ਼ੋਰ, ਦੋਵੇਂ ਸੰਦ ਸੱਤਾ ਦੇ ਜਬਰ ਦੀ ਹੀ ਗੂੰਜ ਵਿਚ ਢਲੇ ਹੋਏ ਹਨ। ਸ਼ਬਦ ਵੀ ਚੁੱਪ ਵਾਂਗ ਹੀ ਖਾਲੀ ਤੇ ਨਿਰਾਰਥਕ ਹਨ ਜਦੋਂ ਤੱਕ ਔਰਤ ਦੀ ਇਨਸਾਨੀ ਹੋਂਦ ਅਤੇ ਮਨੁੱਖੀ ਅਧਿਕਾਰਾਂ ਵਾਲਾ ਪੰਨਾ ਕੋਰਾ ਹੈ। ਇਰਾਨ ਦੀ ਇਹ ਫਿਲਮ ਵਾਰ-ਵਾਰ ਚੇਤੇ ਕਰਵਾਉਂਦੀ ਹੈ ਕਿ ਵੱਖ-ਵੱਖ ਸਿਆਸੀ ਸਮਾਜਿਕ ਘੇਰਿਆਂ ਅਤੇ ਦਾਇਰਿਆਂ ਵਿਚ ਔਰਤ ਨੂੰ ਉਸ ਦੀ ਦੇਹ ਤੋਂ ਵੀ ਨਿਖੇੜ ਕੇ ਇੱਕ ਅਜਿਹੇ ਜਾਨਵਰ ਵਾਂਗ ਤਸੱਵੁਰ ਕੀਤਾ ਜਾਂਦਾ ਹੈ ਜਿਸ ਦਾ ਕਿਤੇ ਵੀ, ਕਦੇ ਵੀ 'ਸ਼ਿਕਾਰ' ਕੀਤਾ ਜਾ ਸਕਦਾ ਹੈ। ਜ਼ਰੂਰੀ ਨਹੀਂ, ਸ਼ਿਕਾਰੀ ਮਰਦ ਹੀ ਹੋਵੇ, ਇਹ ਸਟੇਟ ਦਾ ਕੋਈ ਅਦਾਰਾ, ਕੋਈ ਕਾਨੂੰਨ, ਕੋਈ ਇਕਾਈ, ਕੋਈ ਨਿਯਮ, ਕੋਈ ਨੇਮ, ਕੋਈ ਰਵਾਇਤ, ਕੋਈ ਰਸਮ; ਕੁਝ ਵੀ ਹੋ ਸਕਦਾ ਹੈ ਜਿਹੜਾ ਔਰਤ ਨੂੰ ਦੁਜੈਲੇਪਣ ਅਤੇ ਮਨੁੱਖ ਦੀ ਥਾਂ 'ਕੋਈ ਹੋਰ' ਦੇ ਹਾਸ਼ੀਏ 'ਤੇ ਸੁੱਟ ਸਕਦਾ ਹੈ।

ਇਸ ਫਿਲਮ ਵਿਚ ਚਾਰ ਔਰਤਾਂ ਹਨ। ਪਹਿਲੀ ਔਰਤ ਕੰਧ 'ਤੇ ਬਣੀ ਛੋਟੀ ਜਿਹੀ ਖਿੜਕੀ ਵਿਚੋਂ ਇੱਕ ਹੋਰ ਔਰਤ ਨਾਲ ਗੱਲ ਕਰ ਰਹੀ ਹੈ ਜਿਹੜੀ ਉਸ ਨੂੰ ਬੱਚੀ ਦੀ ਪੈਦਾਇਸ਼ ਦੀ ਸੂਚਨਾ ਦਿੰਦੀ ਹੈ। ਉਹ ਔਰਤ ਖਬਰ ਸੁਣ ਕੇ ਸੁੰਨ ਹੈ। ਉਸ ਨੂੰ ਪਤਾ ਹੈ ਕਿ ਉਸ ਦੀ ਧੀ ਨੂੰ ਪਹਿਲਾਂ ਹੀ ਧਮਕੀ ਮਿਲ ਚੁੱਕੀ ਹੈ ਕਿ ਜੇ ਕੁੜੀ ਪੈਦਾ ਕੀਤੀ ਤਾਂ ਤਲਾਕ ਪੱਕਾ ਹੈ। ਉਹ ਤੁਰਦੀ ਹੈ ਅਤੇ ਇੱਕ ਹੋਰ ਜਵਾਨ ਔਰਤ ਨੂੰ ਇਹ ਖਬਰ ਦਿੰਦੀ ਹੈ। ਉਹ ਔਰਤ ਗੋਲ ਪੌੜੀਆਂ ਉਤਰਦੀ ਚਲੀ ਜਾਂਦੀ ਹੈ ਅਤੇ ਇਸ ਤਰ੍ਹਾਂ ਪੈਦਾ ਹੋਣ ਵਾਲੀ ਨਵੀਂ ਜਿੰਦ, ਉਸ ਦੀ ਖਬਰ ਸੁਣਾਉਣ ਵਾਲੀ ਨਰਸ, ਖਬਰ ਸੁਣਨ ਵਾਲੀ ਉਸ ਦੀ ਨਾਨੀ, ਨਾਨੀ ਤੋਂ ਸੁਨੇਹਾ ਲੈਣ ਵਾਲੀ ਇਸ ਜਵਾਨ ਕੁੜੀ ਰਾਹੀ ਔਰਤਾਂ ਵਿਚ ਅਣਦਿਸਦੀ ਪਰ ਗਹਿਰੇ ਦਰਦ ਦੀ ਨਿਸ਼ਾਨਦੇਹੀ ਕਰਦੀ ਲਗਾਤਾਰਤਾ ਦੀ ਤੰਦ ਬੁਣੀ ਜਾਂਦੀ ਹੈ।

ਜਿਸ ਨਿੱਕੀ ਜਿੰਦ ਦੇ ਜੰਮਣ ਸਾਰ ਹੀ ਉਸ ਦੇ ਸਵਾਗਤ ਦੀ ਥਾਂ 'ਤਰਸ' ਖਾਧਾ ਗਿਆ ਹੋਵੇ, ਉਸ ਦੇ ਭਵਿਖ ਬਾਰੇ ਕਿੱਦਾਂ ਦੀਆਂ ਉਮੀਦਾਂ ਜਾਂ ਸੁਪਨੇ ਤਰਾਸ਼ੇ ਜਾ ਸਕਦੇ ਹਨ? ਜਫਰ ਪਨਾਹੀ ਦਾ ਕੈਮਰਾ ਜਦੋਂ ਡਿਲਵਰੀ ਰੂਮ ਤੋਂ ਚੱਲ ਕੇ ਜੇਲ੍ਹ ਤੋਂ ਭੱਜੀਆਂ ਤਿੰਨ ਕੁੜੀਆਂ 'ਤੇ ਫੋਕਸ ਹੁੰਦਾ ਹੈ ਤਾਂ ਇਹ ਇੱਕ ਜੇਲ੍ਹ ਤੋਂ ਦੂਜੀ ਜੇਲ੍ਹ ਵਿਚ ਦ੍ਰਿਸ਼-ਤਬਦੀਲੀ ਭਾਸਦੀ ਹੈ। ਜੇਲ੍ਹ ਵਿਚੋਂ ਭੱਜੀਆਂ ਕੁੜੀਆਂ ਦਾ ਜੁਰਮ ਅੰਤ ਤੱਕ ਪਤਾ ਨਹੀਂ ਲੱਗਦਾ; ਤੇ ਦਰਸ਼ਕਾਂ ਨੂੰ ਸਮਝ ਆ ਜਾਂਦੀ ਹੈ ਕਿ ਜ਼ਰੂਰੀ ਨਹੀਂ ਕਸੂਰ ਹੋਵੇ ਹੀ! ਦਰਅਸਲ, ਪੂਰਾ ਮੁਲਕ ਹੀ ਇਨ੍ਹਾਂ ਕੁੜੀਆਂ ਲਈ ਜੇਲ੍ਹ ਹੈ।

ਜੇਲ੍ਹ ਵਿਚੋਂ ਭੱਜੀਆਂ ਕੁੜੀਆਂ ਕਿਸੇ ਸ਼ਹਿਰ ਜਾਂ ਪਿੰਡ ਜਾਣ ਲਈ ਬੱਸ ਦੀ ਟਿਕਟ ਖਰੀਦਣਾ ਚਾਹੁੰਦੀਆਂ ਹਨ ਪਰ ਉਨ੍ਹਾਂ ਕੋਲ ਪੈਸੇ ਨਹੀਂ। ਇਸ ਤੋਂ ਵੀ ਵੱਡੀ ਮੁਸੀਬਤ ਇਹ ਕਿ ਉਨ੍ਹਾਂ ਕੋਲ ਆਪਣੇ ਸ਼ਿਨਾਖਤੀ ਪੱਤਰ ਪੂਰੇ ਨਹੀਂ। ਉਹ ਗਲੀਆਂ-ਬਾਜ਼ਾਰਾਂ ਵਿਚ ਭਟਕਦੀਆਂ ਫਿਰਦੀਆਂ ਹਨ ਅਤੇ ਲਗਾਤਾਰ ਇਸ ਡਰ ਵਿਚ ਜਿਊਂਦੀਆਂ ਹਨ ਕਿ ਉਨ੍ਹਾਂ ਨੂੰ ਪੁਲਿਸ ਕਿਸੇ ਵੀ ਪਲ ਗ੍ਰਿਫਤਾਰ ਕਰ ਸਕਦੀ ਹੈ। ਉਨ੍ਹਾਂ ਵਿਚੋਂ ਇੱਕ ਔਰਤ ਟਿਕਟ ਖਰੀਦਣ ਲਈ ਜਿਸਮ ਤੱਕ ਵੇਚਣ ਲਈ ਤਿਆਰ ਹੈ। ਇਥੇ ਫਿਲਮ ਇਹ ਸਵਾਲ ਪੁੱਛਦੀ ਹੈ ਕਿ ਜੇ ਨਿਆਂ ਅਤੇ ਕਾਨੂੰਨ ਇੰਨੇ ਜ਼ਿਆਦਾ ਨੈਤਿਕ ਅਤੇ ਜ਼ਰੂਰੀ ਹਨ ਕਿ ਕੋਈ ਔਰਤ ਬਿਨਾਂ ਟਿਕਟ ਸਫਰ ਕਰਨ 'ਤੇ ਜੇਲ੍ਹ ਵਿਚ ਸੜਨ ਲਈ ਸੁੱਟੀ ਜਾ ਸਕਦੀ ਹੈ ਤਾਂ ਇਹ ਉਦੋਂ ਕਿਥੇ ਨਾਦਾਰਦ ਹੋ ਜਾਂਦੇ ਹਨ, ਜਦੋਂ ਮਰਦ ਕਿਸੇ ਔਰਤ ਦਾ ਜਿਸਮ ਖਰੀਦਣ ਲਈ ਸਾਰੇ ਕਾਇਦੇ-ਕਾਨੂੰਨਾਂ ਨੂੰ ਤਾਕ 'ਤੇ ਰੱਖ ਕੇ ਇੱਕ-ਦੂਜੇ ਨਾਲ ਮਿਲੀਭੁਗਤ ਕਰਦੇ ਹਨ?

ਸ਼ਨਾਖਤੀ ਪੱਤਰ ਨਾ ਹੋਣ ਦੀ ਸੂਰਤ ਵਿਚ ਤੁਸੀਂ ਸਫਰ ਨਹੀਂ ਕਰ ਸਕਦੇ ਅਤੇ ਨਾ ਹੀ ਸ਼ਹਿਰ ਛੱਡ ਸਕਦੇ ਹੋ। ਸ਼ਨਾਖਤੀ ਪੱਤਰ ਨਾ ਹੋਣ ਦੀ ਸੂਰਤ ਵਿਚ ਤੁਸੀਂ ਸ਼ਹਿਰ ਵਿਚ ਰਹਿ ਵੀ ਨਹੀਂ ਸਕਦੇ। ਜੇ ਔਰਤ ਨਾਲ ਜਾਣ ਲਈ ਕੋਈ ਮਰਦ ਨਹੀਂ ਤਾਂ ਉਹ ਕਿਤੇ ਨਹੀਂ ਜਾ ਸਕਦੀ; ਮਤਲਬ ਤੁਸੀਂ ਅਜਿਹਾ ਅਣਚਾਹਿਆ 'ਬੋਝ' ਹੋ ਜਿਹੜਾ ਮਰਦ ਸੱਤਾ ਦੇ ਘੇਰੇ ਅਤੇ ਉਸ ਦੀ ਮਰਜ਼ੀ ਦੇ ਦਾਇਰੇ ਤੋਂ ਇੱਕ ਇੰਚ ਵੀ ਇਧਰ-ਉਧਰ ਨਹੀਂ ਹਿੱਲ ਸਕਦਾ। ਇਹ ਸਿਆਸੀ ਕੈਦੀ ਹੋਣ ਤੋਂ ਵੀ ਭਿਅੰਕਰ ਤਰਾਸਦੀ ਹੈ।

ਇੱਕ ਹੋਰ ਔਰਤ ਫਿਲਮ ਦੇ ਫਰੇਮ ਵਿਚ ਦਾਖਲ ਹੁੰਦੀ ਹੈ ਜਿਸ ਨੇ ਹੁਣੇ-ਹੁਣੇ ਆਪਣੀ ਧੀ ਨੂੰ ਸੜਕ 'ਤੇ ਛੱਡਿਆ ਹੈ, ਕਿਉਂਕਿ ਉਹ ਗਰੀਬ ਹੋਣ ਕਾਰਨ ਉਸ ਦੀ ਸਾਂਭ-ਸੰਭਾਲ ਨਹੀਂ ਕਰ ਸਕਦੀ। ਇੱਕ ਹੋਰ ਔਰਤ ਕਿਸੇ ਗੈਰ-ਮਰਦ ਨਾਲ ਗੱਡੀ ਵਿਚ ਮਿਲਦੀ ਹੈ ਜਿਸ ਨੂੰ ਸਟੇਟ ਤਰੁੰਤ ਗ੍ਰਿਫਤਾਰ ਕਰ ਲੈਂਦਾ ਹੈ। ਮਰਦ ਦਾ ਕੀ ਬਣਿਆ? ਪਤਾ ਨਹੀਂ ਲੱਗਦਾ। ਇਹ ਸਿਰਫ ਇਰਾਨ ਦਾ ਸੱਚ ਨਹੀਂ; ਬਾਕੀ ਸਮਾਜਾਂ ਵਿਚ ਵੀ ਇਹ ਵਰਤਾਰਾ ਆਮ ਹੈ। ਨੈਤਿਕਤਾ ਅਤੇ ਦੇਹ ਦੀ ਸੁੱਚਤਾ ਦਾ ਸਾਰਾ ਬੋਝ ਔਰਤ ਦੇ ਸਿਰ 'ਤੇ ਪਾ ਦਿੱਤਾ ਗਿਆ ਹੈ। ਸਟੇਟ, ਸਮਾਜ, ਧਰਮ, ਸੱਤਾ ਤੇ ਮਰਦ, ਸਾਰੇ ਬਿਨਾਂ ਕਿਸੇ ਜਵਾਬਦੇਹੀ ਤੋਂ ਬਰੀ ਹਨ। ਜੇ ਕਿਤੇ-ਕਿਤੇ ਕੁਝ ਮਰਦ ਆਵਾਜ਼ਾਂ ਹਨ ਵੀ, ਉਹ ਇਹ ਘੋਖਣਾ ਚਾਹੁੰਦੀਆਂ ਹਨ ਕਿ ਸੜਕ ਜਾਂ ਬਾਜ਼ਾਰ ਵਿਚ ਤੁਰੀ ਜਾਂਦੀ ਇਹ ਔਰਤ ਅੱਜ ਰਾਤ ਮੇਰੇ ਬਿਸਤਰ 'ਤੇ ਹੋ ਸਕਦੀ ਹੈ ਜਾਂ ਨਹੀਂ? ਇਸ ਤੋਂ ਬਿਨਾਂ ਫਿਲਮ ਵਿਚ ਜ਼ਿੰਦਗੀ ਵਾਂਗ ਅਣਗਿਣਤ ਝੂਠ ਹਨ, ਅਫਵਾਹਾਂ ਹਨ, ਧਮਕੀਆਂ ਹਨ ਤੇ ਬੇ-ਸਿਰ ਪੈਰ ਦੇ ਰੁਟੀਨ ਕੰਮ ਹਨ। ਅਜਿਹੇ ਘੜਮੱਸ ਵਿਚ ਫਿਲਮ ਦੀ ਇੱਕ ਕਿਰਦਾਰ, ਪਰੀ ਦੀ ਮਨਪਸੰਦ ਪੇਂਟਿੰਗ ਹੈ ਜਿਸ ਨੂੰ ਉਹ ਆਪਣੀ ਮੁਕਤੀ ਦਾ ਰਸਤਾ ਮੰਨਦੀ ਹੈ। ਇਸ ਫਿਲਮ ਮੁੜ ਤੋਂ ਇੱਕ ਨਵੀਂ ਜੇਲ੍ਹ ਦੇ ਦ੍ਰਿਸ਼ ਨਾਲ ਖਤਮ ਹੋ ਜਾਂਦੀ ਹੈ।

# ਪੰਜਾਬੀ ਸਿਨੇਮਾ 'ਤੇ ਮਾਰੂ ਸੱਟ-2

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਭੀਮ ਰਾਜ ਗਰਗ
ਫੋਨ: +91-98765-45157

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਲਾਹੌਰ ਵਿਚ ਚਾਰ ਸਟੂਡੀਓ ਪੰਜਾਬੀ ਫਿਲਮ ਇੰਡਸਟਰੀ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਸਨ। ਇਨ੍ਹਾਂ ਚਾਰਾਂ ਸਟੂਡੀਓ ਵਿਚੋਂ ਸ਼ੋਰੀ ਸਟੂਡੀਓ ਨੂੰ ਦੰਗਈਆਂ ਨੇ ਸਾੜ ਦਿੱਤਾ, ਇਕ ਨੂੰ ਸੀਲ ਕਰ ਦਿੱਤਾ ਗਿਆ, ਕਿਉਂਕਿ ਇਸ ਦਾ ਹਿੰਦੂ ਮਾਲਕ ਭਾਰਤ ਚਲਿਆ ਗਿਆ ਸੀ। ਦੂਸਰੇ ਦੋ ਸਟੂਡੀਓਜ਼ (ਨੰਬਰ 1 ਤੇ ਨੰਬਰ 2) ਨੂੰ ਦਲਸੁਖ ਪੰਚੋਲੀ ਆਪਣੇ ਭਰੋਸੇਮੰਦ ਸਹਿਯੋਗੀ ਦੀਵਾਨ ਸਰਦਾਰੀ ਲਾਲ ਦੀ ਨਿਗਾਹ ਹੇਠ ਛੱਡ ਗਏ ਸਨ। ਬਾਅਦ ਵਿਚ ਦੀਵਾਨ ਸਰਦਾਰੀ ਲਾਲ ਨੇ ਪੰਚੋਲੀ ਸਟੂਡੀਓਜ਼ ਨੂੰ ਆਪਣੇ ਕਾਬਜ਼ ਕਰ ਕੇ 'ਪੰਜਾਬ ਆਰਟ ਸਟੂਡੀਓ' ਦਾ ਨਾਂ ਦਿੱਤਾ। ਇਸ ਸਟੂਡੀਓ ਵਿਚ ਉਸ ਨੇ ਪਾਕਿਸਤਾਨ ਦੀ ਪਹਿਲੀ ਫਿਲਮ 'ਤੇਰੀ ਯਾਦ' (1948) ਨਾਸਿਰ ਖਾਨ ਅਤੇ ਆਸ਼ਾ ਪੋਸਲੇ ਦੀ ਰੋਮਾਂਟਿਕ ਲੀਡ ਲੈ ਕੇ ਬਣਾਈ ਜਿਹੜੀ ਵੱਡੀ ਫਲਾਪ ਸਾਬਤ ਹੋਈ। ਸ਼ੋਰੀ ਸਟੂਡੀਓ, ਭਾਰਤ ਤੋਂ ਵਾਪਸ ਆਏ ਫਿਲਮਕਾਰ ਸਈਦ ਸ਼ੌਕਤ ਹੁਸੈਨ ਰਿਜ਼ਵੀ ਅਤੇ ਉਨ੍ਹਾਂ ਦੀ ਘਰਵਾਲੀ ਨੂਰਜਹਾਂ ਨੂੰ ਅਲਾਟ ਕਰ ਦਿੱਤਾ ਗਿਆ। ਉਨ੍ਹਾਂ ਸ਼ੋਰੀ ਸਟੂਡੀਓਜ਼ ਦੇ ਭੰਨਤੋੜ ਵਾਲੇ ਖੰਡਰਾਂ ਉਤੇ 'ਸ਼ਾਹਨੂਰ ਸਟੂਡੀਓਜ਼' ਬਣਾਇਆ ਜਿਸ ਵਿਚ ਪਹਿਲੀ ਫਿਲਮ 'ਚੰਨ ਵੇ' (1951) ਬਣਾਈ ਗਈ।

ਹਿੰਦੂ ਸਿੱਖ ਭਾਈਚਾਰੇ ਨੂੰ ਆਪਣੀ ਰਾਜਧਾਨੀ ਲਾਹੌਰ, ਫਿਲਮ ਸਟੂਡੀਓ ਅਤੇ ਨਿਰਮਾਣ ਇਕਾਈਆਂ ਨੂੰ ਪਿੱਛੇ ਛੱਡਣਾ ਪਿਆ ਸੀ। ਲਾਹੌਰ ਦਾ ਨੁਕਸਾਨ ਹੋਣ ਕਰ ਕੇ ਪੰਜਾਬੀ ਫਿਲਮਾਂ ਦਾ ਕੇਂਦਰ ਬਦਲਿਆ ਨਹੀਂ ਜਾ ਸਕਿਆ ਅਤੇ ਪੂਰਬੀ ਪੰਜਾਬ ਕਿਸੇ ਵੀ ਸਫਲ ਸਟੂਡੀਓ ਦੀ ਸਥਾਪਨਾ ਨਹੀਂ ਕਰ ਸਕਿਆ। ਉਜੜ ਚੁੱਕੇ ਬਹੁਤੇ ਪੰਜਾਬੀ ਫਿਲਮ ਨਿਰਮਾਤਾ, ਕਲਾਕਾਰ ਅਤੇ ਸੰਗੀਤਕਾਰ ਜਿਵੇਂ ਰੂਪ ਕੇ. ਸ਼ੋਰੀ, ਡੀ.ਐਮ. ਪੰਚੋਲੀ, ਪ੍ਰਾਣ, ਓਮ ਪ੍ਰਕਾਸ਼, ਵਿਨੋਦ ਅਤੇ ਕੁਲਦੀਪ ਕੌਰ ਖਾਲੀ ਹੱਥ ਬੰਬੇ ਪਹੁੰਚੇ ਪਰ ਉਨ੍ਹਾਂ ਕੋਲ ਫਿਲਮਾਂ ਬਣਾਉਣ ਦੇ ਬਹੁਤ ਤਜਰਬੇ ਸਨ। ਦਲਸੁਖ ਪੰਚੋਲੀ ਆਪਣੀ ਫਿਲਮ ਦੇ ਨੈਗੇਟਿਵ ਵੀ ਨਹੀਂ ਲਿਆ ਸਕਿਆ ਅਤੇ ਉਹ ਆਪਣੇ ਸਾਥੀ ਦੀਵਾਨ ਸਰਦਾਰੀ ਲਾਲ ਦੀ ਦੇਖਭਾਲ ਵਿਚ ਆਪਣੇ ਦੋ ਆਧੁਨਿਕ ਸਟੂਡੀਓ ਅਤੇ ਕਈ ਸਿਨੇਮਾ ਹਾਲਾਂ ਦਾ ਸਾਮਰਾਜ ਛੱਡ ਕੇ ਆਇਆ ਸੀ। ਬਦਲੀ ਹੋਈ ਪੰਜਾਬੀ ਫਿਲਮ ਇੰਡਸਟਰੀ ਨੇ ਬੰਬੇ ਨੂੰ ਇਕ ਹੋਰ ਲਾਹੌਰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਕੀਤੀ। ਵੰਡ ਤੋਂ ਬਾਅਦ ਸੁਤੰਤਰ ਭਾਰਤ ਦੀ ਪਹਿਲੀ ਪੰਜਾਬੀ ਫਿਲਮ 'ਚਮਨ' (1948), ਰੂਪ ਕੇ. ਸ਼ੋਰੀ ਨੇ ਡਾਇਰੈਕਟ ਕੀਤੀ ਸੀ ਜਿਨ੍ਹਾਂ ਦਾ ਲਾਹੌਰ ਸਟੂਡੀਓ ਦੰਗਿਆਂ ਦੌਰਾਨ ਸਾੜ ਦਿੱਤਾ ਗਿਆ ਸੀ। ਉਸ ਵੇਲੇ ਦੀਆਂ ਹੋਰ ਮਹੱਤਵਪੂਰਨ ਅਤੇ ਹਿੱਟ ਫਿਲਮਾਂ 'ਲੱਛੀ', 'ਭਾਈਆ ਜੀ', 'ਛਈ', 'ਪੋਸਤੀ', 'ਭੰਗੜਾ' ਆਦਿ ਸਨ।

ਖੂਨੀ ਬਟਵਾਰੇ ਦੇ ਜ਼ਖਮ ਅਜੇ ਪੰਜਾਬੀ ਫਿਲਮਕਾਰਾਂ ਦੇ ਮਨਾਂ ਵਿਚ ਤਾਜ਼ੇ ਸਨ, ਦੂਸਰਾ ਝਟਕਾ 1952 ਵਿਚ ਪਾਕਿਸਤਾਨ ਦੁਆਰਾ ਭਾਰਤੀ ਫਿਲਮਾਂ 'ਤੇ ਅੰਸ਼ਕ ਪਾਬੰਦੀ ਦੇ ਰੂਪ ਵਿਚ ਆਇਆ। ਇਸ ਕਾਰਨ ਸਾਲ 1952 ਵਿਚ ਪੰਜਾਬੀ ਫਿਲਮਾਂ ਦਾ ਨਿਰਮਾਣ ਨਹੀਂ ਹੋਇਆ, ਬਾਅਦ ਦੇ ਸਾਲਾਂ 1953 ਤੋਂ 1959 ਵਿਚ 'ਜੁਗਨੀ', 'ਕੌਡੇ ਸ਼ਾਹ', 'ਲਾਰਾ ਲੱਪਾ', 'ਅਸ਼ਟੱਲੀ', 'ਸ਼ਾਹ ਜੀ', 'ਵਣਜਾਰਾ', 'ਹੁਲਾਰੇ', 'ਮੁਕਲਾਵਾ', 'ਨਿੱਕੀ', 'ਭੰਗੜਾ' ਸਿਰਫ ਦਸ ਫਿਲਮਾਂ ਬਣੀਆਂ; ਹਾਲਾਂਕਿ 'ਭੰਗੜਾ' (1959) ਦੀ ਸਫਲਤਾ ਨੇ 1960 ਦੇ ਦਹਾਕੇ ਵਿਚ ਕਈ ਹਿੱਟ ਪੰਜਾਬੀ ਫਿਲਮਾਂ ਜਿਵੇਂ 'ਦੋ ਲੱਛੀਆਂ', 'ਗੁੱਡੀ', 'ਜੀਜਾਜੀ', 'ਚੌਧਰੀ ਕਰਨੈਲ ਸਿੰਘ', 'ਪਿੰਡ ਦੀ ਕੁੜੀ', 'ਕਿੱਕਲੀ', 'ਸਤਲੁਜ ਦੇ ਕੰਢੇ' ਆਦਿ ਦਾ ਨਿਰਮਾਣ ਹੋਇਆ ਸੀ। ਭਾਰਤ ਨੇ ਚੀਨ ਨਾਲ 1962 ਦੇ ਯੁੱਧ ਅਤੇ ਪਾਕਿਸਤਾਨ ਨਾਲ 1965 ਤੇ 1971 ਵਿਚ ਹੋਈਆਂ ਦੋ ਲੜਾਈਆਂ ਦਾ ਸਾਹਮਣਾ ਕੀਤਾ ਸੀ, ਫਿਰ ਵੀ ਇਨ੍ਹਾਂ ਦਾ ਪੰਜਾਬੀ ਫਿਲਮਾਂ ਦੇ ਨਿਰਮਾਣ 'ਤੇ ਕੋਈ ਅਸਰ ਨਹੀਂ ਹੋਇਆ, ਬਲਕਿ ਇਨ੍ਹਾਂ ਯੁੱਧਾਂ ਨੇ ਫਿਲਮ ਨਿਰਮਾਤਾਵਾਂ ਨੂੰ 'ਧਰਤੀ ਵੀਰਾਂ ਦੀ' (1965), 'ਇਹ ਧਰਤੀ ਪੰਜਾਬ ਦੀ' (1966) 'ਗੱਭਰੂ ਦੇਸ਼ ਪੰਜਾਬ ਦੇ' (1966) ਵਰਗੀਆਂ ਫਿਲਮਾਂ ਲਈ ਨਵੇਂ ਪਲਾਟ/ਕਹਾਣੀ ਦਿੱਤੇ, ਹਾਲਾਂਕਿ ਸਿਨੇਮਾ ਹਾਲ ਇੱਕ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਬਲੈਕ ਆਊਟ ਦੇ ਦੌਰਾਨ ਸ਼ਾਮ ਅਤੇ ਰਾਤ ਦੇ ਸ਼ੋਅ ਲਈ ਬੰਦ ਕੀਤੇ ਜਾਂਦੇ ਸਨ।

ਪੰਜਾਬੀ ਸਿਨੇਮਾ ਸਮੇਂ-ਸਮੇਂ ਇਸ ਤਰ੍ਹਾਂ ਦੇ ਝਟਕਿਆਂ ਦਾ ਸ਼ਿਕਾਰ ਹੁੰਦਾ ਰਿਹਾ ਹੈ। ਅਗਲਾ ਹਮਲਾ 1980 ਦੇ ਦਹਾਕੇ ਦੇ ਸ਼ੁਰੂ ਤੋਂ 1990 ਦੇ ਦਹਾਕੇ ਦੌਰਾਨ ਹੋਏ ਅਤਿਵਾਦ ਨੇ ਕੀਤਾ ਸੀ। ਫਿਲਮ ਯੂਨਿਟਾਂ 'ਤੇ ਅਤਿਵਾਦੀ ਹਮਲੇ ਕਾਰਨ ਫਿਲਮ ਸ਼ੂਟਿੰਗਾਂ ਦੀ ਕਦੇ-ਕਦਾਈਂ ਰੁਕਾਵਟ ਦੇਖਣ ਨੂੰ ਮਿਲੀ। 1987 ਵਿਚ ਲੁਧਿਆਣਾ ਨੇੜੇ ਫਿਲਮ 'ਜੱਟ ਤੇ ਜ਼ਮੀਨ' ਦੀ ਸ਼ੂਟਿੰਗ ਦੌਰਾਨ ਬੰਦੂਕ ਦੀ ਗੋਲੀ ਨਾਲ ਅਦਾਕਾਰ ਵੀਰੇਂਦਰ ਦੀ ਹੱਤਿਆ ਕਰ ਦਿੱਤੀ ਗਈ। ਇਸ ਕਤਲ ਨੇ ਪੰਜਾਬੀ ਸਿਨੇਮਾ ਨੂੰ ਵੱਡਾ ਧੱਕਾ ਦਿੱਤਾ। ਫਿਲਮ ਨਿਰਮਾਣ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਠੱਲ੍ਹ ਪੈ ਗਈ। 1988 ਵਿਚ ਕੋਈ ਵੱਡੀ ਫਿਲਮ ਰਿਲੀਜ਼ ਨਹੀਂ ਹੋਈ।

ਅਤਿਵਾਦ ਦੇ ਖਾਤਮੇ ਤੋਂ ਬਾਅਦ 1990 ਦੇ ਦਹਾਕੇ ਦੇ ਸ਼ੁਰੂ ਵਿਚ 'ਸ਼ਹੀਦ-ਏ-ਮੁਹੱਬਤ' ਨੇ ਦਰਸ਼ਕਾਂ ਨੂੰ ਸਿਨੇਮਾ ਹਾਲਾਂ ਵਿਚ ਵਾਪਸ ਲਿਆਇਆ। ਮਨਮੋਹਨ ਸਿੰਘ ਵਰਗੇ ਫਿਲਮਸਾਜ਼ਾਂ ਨੇ ਪੰਜਾਬੀ ਸਿਨੇਮਾ ਦਾ ਸਰੂਪ ਬਦਲ ਦਿੱਤਾ। ਚੰਡੀਗੜ੍ਹ ਅਤੇ ਮੁਹਾਲੀ ਵਿਚ ਨਵੀਆਂ ਉਤਪਾਦਨ ਸਹੂਲਤਾਂ ਸਥਾਪਤ ਕੀਤੀਆਂ ਗਈਆਂ। ਪੰਜਾਬੀ ਸਿਨੇਮਾ ਦੀ ਤਰੱਕੀ ਨੂੰ ਚਾਰ ਚੰਨ ਲੱਗ ਗਏ ਪਰ ਕਰੋਨਾ ਵਾਇਰਸ ਨੇ ਪੰਜਾਬੀ ਫਿਲਮ ਇੰਡਸਟਰੀ ਦਾ ਵਾਧਾ ਨੂੰ ਰੋਕ ਦਿੱਤਾ। ਇਹ ਸੰਕਟ ਦਾ ਅਸਰ ਲੰਮੇ ਸਮੇਂ ਤਕ ਹੋਣ ਦਾ ਖਦਸ਼ਾ ਹੈ। ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਪੂਰਾ ਭਾਰਤ ਬਾਕਸ ਆਫਿਸ ਜ਼ੀਰੋ ਹੈ। ਇਸ ਦਾ ਮਤਲਬ ਇਹ ਹੈ ਕਿ ਮਹੀਨਿਆਂ ਤਕ ਸਿਨੇਮਾ ਦੇ ਖਾਤੇ ਕੋਈ ਕਮਾਈ ਨਹੀਂ ਹੋਈ ਪਰ ਫਿਲਮ ਉਦਯੋਗ ਇਸ ਤਰ੍ਹਾਂ ਦੇ ਵਿਨਾਸ਼ਕਾਰੀ ਤੂਫਾਨ ਨੂੰ ਸਹਿਣ ਤੋਂ ਬਾਅਦ ਵਾਪਸ ਉਛਾਲ ਪਾਉਣ ਦੀ ਸਮਰੱਥਾ ਰੱਖਦਾ ਹੈ। ਫਿਲਮ ਨਿਰਮਾਤਾਵਾਂ ਨੂੰ ਨੈੱਟਫਲਿਕਸ, ਐਮਜ਼ਾਨ ਵਰਗੇ ਡਿਜੀਟਲ ਓ.ਟੀ.ਟੀ. ਪਲੇਟਫਾਰਮਾਂ 'ਤੇ ਫਿਲਮਾਂ ਰਿਲੀਜ਼ ਕਰਨ ਦੇ ਬਦਲਾਂ ਦੀ ਪੜਚੋਲ ਕਰਨੀ ਪਈ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਮਲਟੀਪਲੈਕਸ ਸਿਨੇਮਾ ਰਿਲੀਜ਼ਾਂ ਦੁਆਰਾ ਪ੍ਰਾਪਤ ਆਮਦਨੀ ਨਾ ਹੋਵੇ।

ਕਰੋਨਾ ਮਹਾਮਾਰੀ ਤੋਂ ਬਾਅਦ ਸਾਹਮਣੇ ਆਉਣ ਵਾਲੀ ਪੰਜਾਬੀ ਫਿਲਮ ਇੰਡਸਟਰੀ ਜ਼ਰੂਰ ਹੀ ਤਬਦੀਲੀ ਲੈ ਕੇ ਆਵੇਗੀ। ਮਨੋਰੰਜਨ ਤੋਂ ਵਾਂਝੇ ਜਨਤਕ, ਸਿਨੇਮਾਘਰਾਂ ਨੂੰ ਤੁਰੰਤ ਭੰਡਣਾ ਸ਼ੁਰੂ ਨਹੀਂ ਕਰਨਗੇ। ਉਨ੍ਹਾਂ ਦੀਆਂ ਫਿਲਮਾਂ ਦੇਖਣ ਦੀਆਂ ਆਦਤਾਂ ਨੂੰ ਦੁਬਾਰਾ ਜਾਗ੍ਰਿਤ ਕਰਨਾ ਪਵੇਗਾ। ਪੈਂਟ-ਅਪ ਡਿਮਾਂਡ (ਮਨ ਅੰਦਰ ਦੱਬੀ ਹੋਈ ਮੰਗ) ਸੱਚਮੁੱਚ ਵਧੀਆ ਕੰਮ ਕਰਦੀ ਹੈ ਅਤੇ ਜਦੋਂ ਵੀ ਕੋਈ ਵੱਡੀ ਸ਼ਾਹਕਾਰ ਫਿਲਮ ਰਿਲੀਜ਼ ਹੁੰਦੀ ਹੈ ਤਾਂ ਲੋਕ ਇਸ ਨੂੰ ਜ਼ਰੂਰ ਦੇਖਣ ਜਾਣਗੇ। ਜਿਵੇਂ ਹਨੇਰੇ ਬੱਦਲ ਦੀ ਕੁੱਖ ਵਿਚ ਚਾਂਦੀ ਦੀ ਪਰਤ ਹੁੰਦੀ ਹੈ, ਕਰੋਨਾ ਦੇ ਕਾਲੇ ਯੁਗ ਤੋਂ ਬਾਅਦ ਉਮੀਦ, ਮੌਕਿਆਂ ਅਤੇ ਤਰੱਕੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ। ਪੰਜਾਬੀ ਸਿਨੇਮਾ ਇਕ ਵਾਰੀ ਫਿਰ ਤਰੱਕੀ ਦੀਆਂ ਮੰਜ਼ਲਾਂ ਪਾਰ ਕਰਦਾ ਭਾਰਤੀ ਸਿਨੇਮਾ ਦੇ ਸਿਖਰ 'ਤੇ ਪਹੁੰਚੇਗਾ।

# XPressCargo

**Tel.: 317-426-5410**
**Ext 311 or 340**

Cell : 317-701-4230
Fax : 317-308-6424

**Pay Every Week**
**Single upto 42 Cent + Team Upto 50 Cent**

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**
**ਵੀਕਲੀ ਹੋਮ**
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

**Online Application @ www.xpresscargoinc.com**